ਹੱਕ, ਸੱਚ, ਇਨਸਾਫ਼ ਅਤੇ ਮਨੁੱਖਤਾ ਲਈ ਲੜ ਰਹੇ ਲੋਕ ਕਿਤੇ ਵੀ ਹੋਣ ਉਹ ਸਾਡੇ ਲੋਕ ਹਨ

# ਸਾਡੇ ਲੋਕ
SADE LOK
sadelok.com

6-12 ਦਸੰਬਰ 2023

ਸਾਲ 14ਵਾਂ - ਅੰਕ 50
email : info@sadelok.com
Ph. : 510-706-1300
Fax : 925-373-1300

## ਪੰਥ ਤੇਰੇ ਦੀਆਂ ਗੂੰਜਾਂ ਦਿਨੋ ਦਿਨ ਪੈਂਦੀਆਂ ਰਹਿਣਗੀਆਂ



(ਦੇਖੋ ਸਫ਼ਾ 28-29 'ਤੇ)

## ਅਮਰੀਕਾ 'ਚ ਅਗਲੇ ਸਾਲ ਰਾਸ਼ਟਰਪਤੀ ਚੋਣਾਂ, ਬਾਈਡੇਨ ਨੇ ਰਾਜਨੀਤੀ ਤੋਂ ਸੰਨਿਆਸ ਲੈਣ ਦੀ ਕਹੀ ਗੱਲ



10

## ਅਮਰੀਕਾ 'ਚ ਗ੍ਰੀਨ ਕਾਰਡ ਦੇ ਬੈਕਲਾਗ ਨੂੰ ਘੱਟ ਕਰਨ ਲਈ ਬਿੱਲ ਪੇਸ਼




7

# ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਸਮੁੱਚੇ ਭਾਰਤ ਸਮੇਤ ਪੂਰੀ ਦੁਨੀਆ 'ਚ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ



(ਫੋਟੋ : ਧੰਨਵਾਦ ਸਹਿਤ ਸੋਸ਼ਲ ਮੀਡੀਆ)

# ਬਲਵੰਤ ਸਿੰਘ ਰਾਜੋਆਣਾ ਵੱਲੋਂ ਪਟਿਆਲਾ ਜੇਲ੍ਹ 'ਚ ਭੁੱਖ ਹੜਤਾਲ ਸ਼ੁਰੂ

## ਰਾਸ਼ਟਰਪਤੀ ਕੋਲ ਦਾਇਰ ਕੀਤੀ ਰਹਿਮ ਦੀ ਅਪੀਲ ਵਾਪਸ ਕਰਵਾਉਣ 'ਤੇ ਜ਼ੋਰ

ਪਟਿਆਲਾ : ਕੇਂਦਰੀ ਜੇਲ੍ਹ ਪਟਿਆਲਾ ਵਿੱਚ ਸਤਾਈ ਸਾਲਾਂ ਤੋਂ ਬੰਦ ਭਾਈ ਬਲਵੰਤ ਸਿੰਘ ਰਾਜੋਆਣਾ ਨੇ ਅੱਜ ਭੁੱਖ ਹੜਤਾਲ ਸ਼ੁਰੂ ਕਰ ਦਿੱਤੀ ਹੈ। ਰਾਜੋਆਣਾ ਨੇ ਅੱਜ ਸਵੇਰੇ ਜੇਲ੍ਹ ਪ੍ਰਸ਼ਾਸਨ ਤੋਂ ਰੋਟੀ ਲੈਣ ਤੋਂ ਇਨਕਾਰ ਕਰ ਦਿੱਤਾ। ਉਨ੍ਹਾਂ ਦੀ ਮੰਗ ਹੈ ਕਿ 12 ਸਾਲ ਪਹਿਲਾਂ ਰਾਸ਼ਟਰਪਤੀ ਕੋਲ ਦਾਇਰ ਕੀਤੀ ਗਈ ਰਹਿਮ ਦੀ ਅਪੀਲ 'ਤੇ ਆਧਾਰਿਤ ਪਟੀਸ਼ਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਾਪਸ ਲਵੇ। ਉਂਜ ਇਹ ਪਟੀਸ਼ਨ ਵਾਪਸ ਲੈਣ ਤੋਂ ਇਨਕਾਰ ਕਰਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ 20 ਦਸੰਬਰ ਨੂੰ ਦਿੱਲੀ ਵਿੱਚ ਸਿੱਖ ਸੰਸਥਾਵਾਂ ਦੇ ਸਹਿਯੋਗ ਨਾਲ ਰੋਸ ਪ੍ਰਦਰਸ਼ਨ ਕਰਨ ਦਾ ਐਲਾਨ ਵੀ ਕੀਤਾ ਹੈ। ਜ਼ਿਕਰਯੋਗ ਹੈ ਕਿ 31 ਅਗਸਤ 1995




(ਦੇਖੋ ਸਫ਼ਾ 21 'ਤੇ)

### ਸਰਕਾਰਾਂ ਦੇ ਅੜੀਅਲ ਰਵੱਈਏ ਕਾਰਨ ਰਾਜੋਆਣਾ ਭੁੱਖ ਹੜਤਾਲ ਲਈ ਮਜਬੂਰ ਹੋਇਆ: ਐਡਵੋਕੇਟ ਧਾਮੀ

ਚੰਡੀਗੜ੍ਹ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਭਾਈ ਬਲਵੰਤ ਸਿੰਘ ਰਾਜੋਆਣਾ ਵੱਲੋਂ ਭੁੱਖ ਹੜਤਾਲ ਸ਼ੁਰੂ ਕਰਨ 'ਤੇ ਪ੍ਰਤੀਕਿਰਿਆ ਦਿੰਦਿਆਂ ਕਿਹਾ ਕਿ ਇਹ ਕੇਂਦਰ ਸਰਕਾਰ ਦੇ ਅੜੀਅਲ ਅਤੇ ਨਾਂਹ ਪੱਖੀ ਰਵੱਈਏ ਦੇ ਨਾਲ-ਨਾਲ ਪੰਜਾਬ ਸਰਕਾਰ ਦੀ ਤਾਨਾਸ਼ਾਹੀ ਦਾ ਨਤੀਜਾ ਹੈ। ਉਨ੍ਹਾਂ ਕਿਹਾ ਕਿ ਜੇਕਰ ਭਾਰਤ ਸਰਕਾਰ ਨੇ ਸਮਾਂ ਰਹਿੰਦਿਆਂ ਭਾਈ ਰਾਜੋਆਣਾ ਸਬੰਧੀ ਸ਼੍ਰੋਮਣੀ ਕਮੇਟੀ ਦੀ

(ਦੇਖੋ ਸਫ਼ਾ 21 'ਤੇ)

## ਮੌਜੂਦਾ ਦੌਰ ਦੇ ਸੰਘਰਸ਼ 'ਚ ਸਾਰੀ ਜ਼ਿੰਦਗੀ ਜਲਾਵਤਨ ਕੱਟਣ ਵਾਲੇ ਭਾਈ ਲਖਬੀਰ ਸਿੰਘ ਰੋਡੇ ਪਾਕਿਸਤਾਨ 'ਚ ਅਕਾਲ ਚਲਾਣਾ ਕਰ ਗਏ



ਨਵੀਂ ਦਿੱਲੀ : ਭਾਈ ਲਖਵੀਰ ਸਿੰਘ ਜੀ ਰੋਡੇ ਜੋ ਕਿ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂ ਵਾਲਿਆਂ ਦੇ ਭਤੀਜੇ ਅਤੇ ਭਾਈ ਜਸਵੀਰ ਸਿੰਘ ਰੋਡੇ ਸਾਬਕਾ ਜੱਥੇਦਾਰ ਅਕਾਲ ਤਖਤ ਸਾਹਿਬ ਦੇ ਭਰਾਤਾ ਸਨ, ਉਨ੍ਹਾਂ ਦੇ ਅਕਾਲ ਚਲਾਣੇ ਦੀ ਦੁਖਦਾਇਕ ਖ਼ਬਰ ਮਿਲੀ ਹੈ। ਖਾਲਿਸਤਾਨ ਦੇ ਸਿਪਾਹ ਸਲਾਰ ਦੇ ਅਕਾਲ ਚਲਾਣੇ ਦੀ ਇਸ ਅਫਸੋਸਜਨਕ ਖ਼ਬਰ ਨਾਲ ਸਿੱਖ ਪੰਥ ਵਿੱਚ ਸ਼ੋਕ ਦੀ ਲਹਿਰ ਹੈ ।20ਵੀਂ ਸਦੀ ਦੇ ਮਹਾਨ ਸ਼ਹੀਦ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂ ਵਾਲਿਆਂ ਦੇ ਬਹੁਤ ਸਾਰੇ ਪਰਿਵਾਰਕ ਮੈਂਬਰਾਂ ਨੇ ਕੌਮ ਲਈ ਸ਼ਹਾਦਤਾਂ ਪ੍ਰਾਪਤ ਕੀਤੀਆਂ। ਭਾਈ ਲਖਵੀਰ ਸਿੰਘ ਜੀ ਰੋਡੇ ਦੇ ਪਿਤਾ ਜਗੀਰ ਸਿੰਘ ਜੀ ਅਤੇ ਭਰਾ ਸਵਰਨ ਸਿੰਘ ਜੀ ਜੂਨ 84 ਦੇ ਘੱਲੂਘਾਰੇ ਦੌਰਾਨ

(ਦੇਖੋ ਸਫ਼ਾ 26 'ਤੇ)

Khalsa Affairs
ਖਾਲਸਾ ਅਫੇਅਰਜ਼ ਚੈਨਲ 'ਤੇ ਇਸ਼ਤਿਹਾਰ ਦੇਣ ਜਾਂ ਲਾਈਵ ਕਵਰੇਜ਼ ਲਈ ਸੰਪਰਕ ਕਰੋ
www.khalsaaffairs.com
510-706-1300

Jaspreet Singh
Attorney at law
ਅਮਰੀਕਾ 'ਚ ਕਾਨੂੰਨੀ ਸਹਾਇਤਾ ਲਈ ਭਰੋਸੇਮੰਦ ਨਾਮ
ਇਮੀਗ੍ਰੇਸ਼ਨ, ਬੈਂਕਰਪਸੀ, ਫੈਮਿਲੀ ਲਾਅ
Over 18 Years of Legal Experience
Specializes In :
- USA Immigration
- Citizenship
- Green Card
- Deportation Defense
- Political Asylum
- Detentaion Cases
- Artists
- Sin gers P3 Visas
- Priest R1 Visas
- Investors EB 5 Visas
- L1 Business Visas
- Fmily Law
- Criminal Defense Cases
44808 S. Grimmer Vlvd. #208 Fremont, CA 94538 Tel. : 510-657-6444
2951 W. Capital Ave. W. Sacramento CA 95691
4491 West Shaw Ave.# 131 Fresno. CA 93711 Tel : 559-271-5511
37-1873 Street Suite #401. Jackson Heights NY 11372 Tel : 718-533-844

Padam Builders
ਅਸੀਂ ਘਰ, ਗੈਸ ਸਟੇਸ਼ਨ, ਮੌਲ, ਸ਼ੋਮਰੂਮ ਅਤੇ ਹਰ ਤਰ੍ਹਾਂ ਦੀ ਕੰਸਟਰਕਸ਼ਨ ਦਾ ਕੰਮ foundation ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।
ਸਾਡੇ ਕੰਮ ਦੀ 100 ਪ੍ਰਤੀਸ਼ਤ ਗਰੰਟੀ
email:padambuilders@gmail.com
Licensed # 1019803
Bhupinder S. Padam
PH : 510-565-6667

Bhatia & Co, Inc
Certified Public Accountants
AICPA
Our Services :
Business Tax (C crop/S corp/LLC etc)
Individual Tax
Estate Tax
Internation Tax (FBAR/FATCA/5471/5472 etc)
Non-Profit entities
(Formation,IRS,FTB&DOJ approval)
Accounting & Payroll
Sales & Other Taxes
Financial Audit & Review
Tax Audit & Representation (IRS/FTB/BOE etc)
Collection, Lien & Back Taxes
Offer in Compromise
Santa Clara-Pleasanton-Merced
(844) 4USTAX (209)-354-8696
info@bhatiaco.com,www.bhatiaco.com

Bhatia Law Associates
Attorney at Law
Immigration and Business Services
IMMIGRATION
Immigrant Visas (Green Card)
Green Card : Employment based/PERM/NIW
Green Card : Family based
Green Card through refugee or asylee
Green Card : Investor & other categories PERM
Nonimmigrant Visas
Fiancee visas
H1/L1/H4/L2/NAFTA TN/E2/E3
Student Visa
B-1/B-2 Visitor Visas and
Other Categories of nonimmigrant visas
Other Immigrantion Services
Citizenship
e-Verify, 1-9 and
Other Compliance
Other service -B-1/B-2 Visitor Visasextension and other Services
Santa Clara-Pleasanton-Merced
(844) 4USATAX (209)-354-8696
info@bhatiaco.com,www.Smoothimmigration.com

ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ
• ਪੌਲੀਟੀਕਲ ਅਸਾਈਲਮ • ਡਿਪੋਟੇਸ਼ਨ ਡਿਫੈਂਸ
• BIA ਅਪੀਲ • 9 Circuit ਅਪੀਲ
• ਸਿਟੀਜਨਸ਼ਿਪ • ਗਰੀਨਕਾਰਡ
ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕੋ ਛੱਤ ਥੱਲੇ
ਸ. ਹਰਮਿੰਦਰ ਸਿੰਘ ਸਮਾਣਾ
ਆਫਿਸ ਮੈਨੇਜਰ 209-481-7750
Law office of Anthony Nwosu
239 West Yosemite Ave Manteca CA 95336 ਸਾਡਾ ਆਫ਼ਿਸ Oakland ਅਤੇ Sacramento ਵਿਚ ਵੀ ਹੈ
ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।
PH: 209-624-3919
Anthony Nwosu Attorney at Law 510-788-4558

# ਸਿੰਘ ਸਾਹਿਬਾਨ ਵਲੋਂ 5 ਮੈਂਬਰੀ ਕਮੇਟੀ ਦਾ ਗਠਨ

- 31 ਦਸੰਬਰ ਤੱਕ ਕੇਂਦਰ ਸਰਕਾਰ ਨੇ ਭਾਈ ਰਾਜੋਆਣਾ ਬਾਰੇ ਸੁਹਿਰਦਤਾ ਵਾਲਾ ਫੈਸਲਾ ਨਹੀਂ ਲਿਆ ਤਾਂ ਉਸ ਤੋਂ ਬਾਅਦ ਪੈਦਾ ਹੋਣ ਵਾਲੀ ਸਥਿਤੀ ਦੀ ਜ਼ਿੰਮੇਵਾਰ ਸਰਕਾਰ ਹੋਵੇਗੀ : ਜਥੇਦਾਰ ਰਘਬੀਰ ਸਿੰਘ
- ਭਾਈ ਰਾਜੋਆਣਾ ਅਤੇ ਹੋਰ ਬੰਦੀ ਸਿੰਘਾਂ ਦੀ ਰਿਹਾਈ ਬਾਰੇ ਸ੍ਰੀ ਗੁਰੂ ਨਾਨਕ ਸਾਹਿਬ ਦੇ 550 ਸਾਲਾ ਪ੍ਰਕਾਸ਼ ਪੁਰਬ ਸ਼ਤਾਬਦੀ ਮੌਕੇ ਦੇਸ਼ ਦੇ ਪ੍ਰਧਾਨ ਮੰਤਰੀ ਵਲੋਂ ਜਾਰੀ ਨੋਟੀਫਿਕੇਸ਼ਨ ਲਾਗੂ ਕੀਤਾ ਜਾਵੇ
- ਭਾਈ ਰਾਜੋਆਣਾ ਤੇ ਹੋਰ ਬੰਦੀ ਸਿੰਘਾਂ ਦੀ ਰਿਹਾਈ ਸਬੰਧੀ ਕੇਂਦਰ ਨਾਲ ਮੁਲਾਕਾਤ ਕਰਨ ਦੇ ਆਦੇਸ਼

ਮੌਜੂਦਾ ਦੌਰ ਦਾ ਜਿਉਂਦਾ ਸ਼ਹੀਦ



ਜਿਨ੍ਹਾਂ ਨੇ ਕੌਮ ਦੀ ਅਣਖ ਅਤੇ ਗੈਰਤ ਲਈ ਸਾਰੀ ਜ਼ਿੰਦਗੀ ਕਾਲ ਕੋਠੜੀ 'ਚ ਕੱਢ ਦਿੱਤੀ





ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਦੌਰਾਨ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ, ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ, ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਸੁਲਤਾਨ ਸਿੰਘ, ਤਖਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਵਧੀਕ ਮੁੱਖ ਗ੍ਰੰਥੀ ਗਿਆਨੀ ਗੁਰਦਿਆਲ ਸਿੰਘ ਅਤੇ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਗਿਆਨੀ ਬਲਜੀਤ ਸਿੰਘ

ਅੰਮ੍ਰਿਤਸਰ : ਸ੍ਰੀ ਅਕਾਲ ਤਖ਼ਤ ਸਾਹਿਬ ਸਕੱਤਰੇਤ ਵਿਖੇ ਅੱਜ 6 ਦਸੰਬਰ 2023 ਨੂੰ ਪੰਜ ਸਿੰਘ ਸਾਹਿਬਾਨ ਦੀ ਜ਼ਰੂਰੀ ਇਕੱਤਰਤਾ ਹੋਈ। ਜਿਸ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਸੁਲਤਾਨ ਸਿੰਘ, ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ, ਤਖ਼ਤ ਸ੍ਰੀ ਪਟਨਾ ਸਾਹਿਬ ਦੇ ਵਧੀਕ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਗੁਰਦਿਆਲ ਸਿੰਘ ਅਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ ਦੇ ਗ੍ਰੰਥੀ ਸਿੰਘ ਸਾਹਿਬ ਗਿਆਨੀ ਬਲਜੀਤ ਸਿੰਘ ਸ਼ਾਮਲ ਹੋਏ। ਇਸ ਇਕੱਤਰਤਾ ਦੌਰਾਨ ਸਿੱਖ ਕੌਮ ਦੇ ਜ਼ਿੰਦਾ ਸ਼ਹੀਦ ਭਾਈ ਬਲਵੰਤ ਸਿੰਘ ਰਾਜੋਆਣਾ ਵਲੋਂ ਭੇਜੀਆਂ ਪੱਤ੍ਰਿਕਾਵਾਂ ਉੱਤੇ ਗੰਭੀਰ ਵਿਚਾਰ-ਵਟਾਂਦਰਾ ਕੀਤਾ ਗਿਆ ਅਤੇ ਵਿਸ਼ੇਸ਼ ਹੁਕਮ ਜਾਰੀ ਕੀਤੇ ਗਏ।

ਜਿਸ ਅਨੁਸਾਰ ਕੌਮ ਦੇ ਜ਼ਿੰਦਾ ਸ਼ਹੀਦ ਭਾਈ ਬਲਵੰਤ ਸਿੰਘ ਰਾਜੋਆਣਾ ਅਤੇ ਹੋਰ ਬੰਦੀ ਸਿੰਘਾਂ ਦੀ ਰਿਹਾਈ ਬਾਰੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਸ਼ਤਾਬਦੀ ਮੌਕੇ ਦੇਸ਼ ਦੇ ਪ੍ਰਧਾਨ ਮੰਤਰੀ ਵੱਲੋਂ ਨੋਟੀਫਿਕੇਸ਼ਨ ਜਾਰੀ ਕੀਤਾ ਗਿਆ ਸੀ, ਜਿਸ ਨੂੰ ਲਾਗੂ ਕਰਵਾਉਣ ਲਈ ਅਤੇ ਇਨ੍ਹਾਂ ਦੀ ਰਿਹਾਈ ਲਈ ਕੇਂਦਰ ਸਰਕਾਰ ਨਾਲ ਗੱਲਬਾਤ ਕਰਨ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਦੀ ਅਗਵਾਈ ਹੇਠ ਉੱਚ ਪੱਧਰੀ ਵਫਦ ਦਾ ਗਠਨ ਕੀਤਾ ਗਿਆ ਹੈ, ਜੋ ਤੁਰੰਤ ਹੀ ਆਪਣੀ ਕਾਰਵਾਈ ਆਰੰਭ ਕਰੇਗਾ। ਜੇਕਰ ਕੇਂਦਰ ਸਰਕਾਰ ਭਾਈ ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਨੂੰ 31 ਦਸੰਬਰ 2023 ਤੀਕ ਰੱਦ ਨਹੀਂ ਕਰਦੀ ਤਾਂ ਭਾਈ ਬਲਵੰਤ ਸਿੰਘ ਰਾਜੋਆਣਾ ਦੀਆਂ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਵਾਰ-ਵਾਰ ਪੁੱਜੀਆਂ ਪੱਤ੍ਰਿਕਾਵਾਂ ਦੇ ਮੱਦੇਨਜ਼ਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਆਪਣੀ ਪਾਈ ਹੋਈ ਅਪੀਲ 'ਤੇ ਵਿਚਾਰ ਕਰੇ।

ਭਾਈ ਬਲਵੰਤ ਸਿੰਘ ਰਾਜੋਆਣਾ ਕੌਮ ਦੇ ਜ਼ਿੰਦਾ ਸ਼ਹੀਦ ਹਨ, ਜਿਨ੍ਹਾਂ ਨੇ ਬਹਾਦਰੀ, ਦ੍ਰਿੜਤਾ, ਸੂਰਬੀਰਤਾ ਅਤੇ ਨਿਡਰਤਾ ਨਾਲ ਸਰਕਾਰਾਂ ਵੱਲੋਂ ਸਿੱਖਾਂ ਨਾਲ ਕੀਤੇ ਜਬਰ-ਜ਼ੁਲਮ ਅਤੇ ਅੱਤਿਆਚਾਰ ਨੂੰ ਝੱਲਦਿਆਂ ਬਹੁਤ ਵੱਡੀ ਕੁਰਬਾਨੀ ਕੀਤੀ ਹੈ, ਕੌਮ ਨੂੰ ਇਨ੍ਹਾਂ 'ਤੇ ਮਾਣ ਹੈ। ਪੂਰੀ ਸਿੱਖ ਕੌਮ ਇਨ੍ਹਾਂ ਦੀ ਚੜ੍ਹਦੀ ਕਲਾ ਲਈ ਅਰਦਾਸ ਕਰਦੀ ਹੈ। ਇਨ੍ਹਾਂ ਦਾ ਜੀਵਨ ਸਿੱਖ ਕੌਮ ਲਈ ਬਹੁਤ ਕੀਮਤੀ ਹੈ ਅਤੇ ਸਿੱਖ ਕੌਮ ਦੀ ਅਮਾਨਤ ਹੈ, ਇਸ ਲਈ ਭਾਈ ਬਲਵੰਤ ਸਿੰਘ ਜੀ ਰਾਜੋਆਣਾ ਨੂੰ ਪੰਜ ਸਿੰਘ ਸਾਹਿਬਾਨ ਵੱਲੋਂ ਆਦੇਸ਼ ਕੀਤਾ ਜਾਂਦਾ ਹੈ ਕਿ ਉਹ ਕਿਸੇ ਵੀ ਢੰਗ ਨਾਲ ਆਪਣੀ ਸਿਹਤ ਦਾ ਨੁਕਸਾਨ ਨਾ ਕਰਨ, ਤੁਰੰਤ ਆਪਣੀ ਭੁੱਖ ਹੜਤਾਲ ਵਾਪਸ ਲੈ ਕੇ ਆਪਣੀ ਸਿਹਤ ਦਾ ਖਿਆਲ ਰੱਖਣ। ਜੇਕਰ ਦਿੱਤੇ ਸਮੇਂ ਦੇ ਅੰਦਰ-ਅੰਦਰ ਕੇਂਦਰ ਸਰਕਾਰ ਸੁਹਿਰਦਤਾ ਵਾਲਾ ਫੈਸਲਾ ਨਹੀਂ ਲੈਂਦੀ ਤਾਂ ਉਸ ਤੋਂ ਬਾਅਦ ਪੈਦਾ ਹੋਣ ਵਾਲੀ ਸਥਿਤੀ ਦੀ ਜ਼ਿੰਮੇਵਾਰ ਸਰਕਾਰ ਹੋਵੇਗੀ।

## ਹਰਮੀਤ ਸਿੰਘ ਕਾਲਕਾ ਵਲੋਂ ਕਮੇਟੀ 'ਚ ਵਿਰਸਾ ਸਿੰਘ ਵਲਟੋਹਾ ਨੂੰ ਸ਼ਾਮਲ ਕਰਨ ਦਾ ਵਿਰੋਧ

ਨਵੀਂ ਦਿੱਲੀ : ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪੰਜ ਮੈਂਬਰੀ ਕਮੇਟੀ ਵਿੱਚ ਅਕਾਲੀ ਆਗੂ ਵਿਰਸਾ ਸਿੰਘ ਵਲਟੋਹਾ ਨੂੰ ਸ਼ਾਮਲ ਕੀਤੇ ਜਾਣ ਦਾ ਵਿਰੋਧ ਕੀਤਾ ਹੈ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਨੇ ਇੱਕ ਵੀਡੀਓ ਸੰਦੇਸ਼ ਵਿੱਚ ਕਿਹਾ ਕਿ ਵਿਰਸਾ ਸਿੰਘ ਵਲਟੋਹਾ ਇੱਕ ਸਿਆਸੀ ਧਿਰ ਦੇ ਬੁਲਾਰੇ ਹਨ। ਸ੍ਰੀ ਕਾਲਕਾ ਨੇ ਕਿਹਾ ਪਹਿਲਾਂ ਵੀ ਬੰਦੀ ਸਿੰਘਾਂ ਨੂੰ ਛੁਡਵਾਉਣ ਦੀ ਲੜਾਈ ਸਿਆਸੀ ਆਗੂਆਂ ਕਰਕੇ ਹੀ ਤਾਰਪੀਡੋ ਹੁੰਦੀ ਆਈ ਹੈ।



## ਗੱਲ ਸਮਝ ਨਹੀਂ ਆਈ...ਫੈਸਲਾ ਸਰਕਾਰ ਨੇ ਨਹੀਂ ਕੀਤਾ, ਸ਼੍ਰੋਮਣੀ ਕਮੇਟੀ ਤੇ ਕਾਹਦਾ ਗੁੱਸਾ : ਬੀਬੀ ਕਿਰਨਜੋਤ ਕੌਰ

### ਜੇ ਅਪੀਲ ਦਾ ਬੋਝ ਨਹੀਂ ਸਹਾਰ ਹੁੰਦਾ ਤਾਂ ਅਪੀਲ ਵਾਪਸ ਲੈ ਲਓ, ਮੇਰਾ ਭਰਾ ਤਾਂ ਸ਼ਹੀਦ ਹੋਣ ਲਈ ਹੈ : ਬੀਬੀ ਕਮਲਦੀਪ ਕੌਰ

ਅੰਮ੍ਰਿਤਸਰ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਮੈਂਬਰ ਬੀਬੀ ਕਿਰਨਜੋਤ ਕੌਰ ਨੇ ਭਾਈ ਬਲਵੰਤ ਸਿੰਘ ਰਾਜੋਆਣਾ ਦੀ ਭੁੱਖ ਹੜਤਾਲ 'ਤੇ ਸਵਾਲ ਚੁੱਕੇ ਹਨ। ਬੀਬੀ ਕਿਰਨਜੋਤ ਕੌਰ ਨੇ ਫੇਸਬੁੱਕ 'ਤੇ ਪੋਸਟ ਪਾ ਕੇ ਲਿਖਿਆ ਹੈ ਕਿ ਗੱਲ ਸਮਝ ਨਹੀਂ ਆਈ...ਫੈਸਲਾ ਸਰਕਾਰ ਨੇ ਨਹੀਂ ਕੀਤਾ, ਸ਼੍ਰੋਮਣੀ ਕਮੇਟੀ ਤੇ ਕਾਹਦਾ ਗੁੱਸਾ?






ਸ਼੍ਰੋਮਣੀ ਕਮੇਟੀ ਨੇ ਚੜ੍ਹਤ ਦੇ ਲੱਖਾਂ ਰੁਪਏ ਵਕੀਲਾਂ ਦੀ ਫੀਸਾਂ 'ਤੇ ਖਰਚ ਦਿੱਤੇ, ਹੋਰ ਕੀ ਕਰੇ?

ਮੂੰਹ ਬੋਲੀ ਭੈਣ 'ਤੇ ਵੀ ਖਰਚ ਕੀਤਾ। ਸ਼੍ਰੋਮਣੀ ਕਮੇਟੀ ਜੱਜ ਦੀ ਥਾਂ ਬਹਿ ਕੇ ਫੈਸਲਾ ਕਰ ਨਹੀਂ ਸਕਦੀ, ਨਾ ਹੀ ਸ਼੍ਰੋਮਣੀ ਕਮੇਟੀ ਦਾ ਕੰਮ ਧਰਨੇ ਦੇਣਾ ਹੈ। ਆਖਰ ਭਾਈ ਰਾਜੋਆਣਾ ਨੂੰ ਸਲਾਹਾਂ ਕੌਣ ਦੇ ਰਿਹਾ ਹੈ? ਇਸ ਅਕਾਲੀ ਹਮਲੇ ਦਾ ਜਵਾਬ ਤੁਰੰਤ ਦਿੰਦਿਆਂ ਬਾਦਲ ਅਕਾਲੀਆਂ ਦਾ ਇਤਿਹਾਸ ਹੀ ਫਰੋਲ ਵਿਖਾਇਆ ਹੈ ਤੇ ਬੀਬੀ ਕਿਰਨਜੋਤ ਕੌਰ ਨੂੰ ਦਿੱਤਾ ਹੈ। ਭਾਈ ਰਾਜੋਆਣਾ ਦੀ ਭੈਣ ਨੇ ਕਿਹਾ ਹੈ, ਬੀਬੀ ਕੌਰ ਜੀ, ਪਹਿਲੀ ਗੱਲ ਵੀਰ ਜੀ ਸ੍ਰ. ਬਲਵੰਤ ਸਿੰਘ ਰਾਜੋਆਣਾ ਜੀ ਨੇ 2012 'ਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਅਪੀਲ ਪਾਉਣ ਨਹੀਂ ਨਹੀਂ ਸੀ ਕਿਹਾ। ਇਹ ਅਪੀਲ ਸ੍ਰੀ ਅਕਾਲ ਤਖਤ ਸਾਹਬਿ ਦੇ ਆਦੇਸ਼ 'ਤੇ ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਪਾਈ ਗਈ ਸੀ। ਤੁਹਾਡੀ ਜਾਣਕਾਰੀ ਲਈ ਦਸ ਦੇਈਏ ਜਿਸ ਸਰਕਾਰ ਨੇ ਫੈਸਲਾ ਨਹੀਂ ਕੀਤਾ, ਉਸ ਸਰਕਾਰ 'ਚ ਤੁਸੀਂ 2014 ਤੋਂ ਲੈ ਕੇ 2020 ਤੱਕ ਭਾਈਵਾਲ ਤੱਕ ਸੀ ਅਤੇ ਪੰਜਾਬ 'ਚ 2012 ਤੋਂ ਲੈ ਕੇ 2017 ਤੱਕ ਵੀ ਤੁਹਾਡੀ ਹੀ ਸਰਕਾਰ ਸੀ। ਅਪੀਲ ਵੀ ਤੁਹਾਡੀ ਸੀ, ਫੈਸਲਾ ਕਰਵਾਉਣ ਦੀ ਜ਼ਿੰਮੇਵਾਰੀ ਵੀ ਤੁਹਾਡੀ ਸੀ, ਫੈਸਲਾ ਵੀ ਤੁਹਾਡੀ ਭਾਈਵਾਲ ਸਰਕਾਰ ਨੇ ਹੀ ਕਰਨਾ ਸੀ। ਤੁਹਾਨੂੰ ਲੱਖਾਂ ਰੁਪਏ ਵਕੀਲਾਂ ਤੇ ਇਸ ਲਈ ਖਰਚਣੇ ਪਏ ਕਿਉਂਕਿ ਤੁਸੀਂ ਇਸ ਮਾਮਲੇ 'ਚ ਆਪਣੇ ਬਣਦੇ ਕੌਮੀ ਫਰਜ਼ ਨਹੀਂ ਨਿਭਾਅ ਸਕੇ।


ਵੀਰ ਜੀ ਰਾਜੋਆਣਾ ਜੀ ਤਾਂ ਆਪਣੇ ਕੌਮੀ ਫਰਜ਼ ਅਦਾ ਕਰਦੇ ਹੋਏ 28 ਸਾਲਾਂ ਤੋਂ ਜੇਲ੍ਹ 'ਚ ਅਤੇ 17 ਸਾਲਾਂ ਤੋਂ ਫਾਂਸੀ ਚੱਕੀ 'ਚ ਬੰਦ ਹਨ। ਬੀਬਾ ਜੀ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪਰਿਵਾਰ ਦੀ ਮਦਦ ਕਰ ਦਿੱਤੀ ਤਾਂ ਕੀ ਤੁਸੀਂ ਬਦਲੇ 'ਚ ਹਿਹ ਚਾਹੁੰਦੇ ਹੋ ਕਿ ਵੀਰ ਜੀ ਰਾਜੋਆਣਾ ਜੀ ਨਾਲ ਹੋ ਰਹੀ ਬੇਇਨਸਾਫ਼ੀ ਦੇ ਖਿਲਾਫ਼ ਅਸੀਂ ਆਵਾਜ਼ ਨਾ ਉਠਾਈਏ? ਵੀਰ ਜੀ ਰਾਜੋਆਣਾ ਜੀ ਨੂੰ ਫਾਂਸੀ ਚੱਕੀ 'ਚ ਤਿਲ ਤਿਲ ਕਰ ਕੇ ਮਰਨ ਲਈ ਛੱਡ ਦੇਈਏ? ਜਿੰਨੀ ਤੁਸੀਂ ਪਰਿਵਾਰ ਦੀ ਮਦਦ ਕੀਤੀ ਹੈ, ਤੁਸੀਂ ਕਦੇ 28 ਸਾਲਾਂ ਦੀਆਂ ਮੁਲਾਕਾਤਾਂ ਦਾ ਹਿਸਾਬ ਨਾ ਲੈਣਾ, ਤੁਹਾਡੀ ਮਦਦ ਤਿਣਕਾ ਮਾਤਰ ਨਜ਼ਰ ਆਵੇਗੀ। ਹੁਣ ਤੁਸੀਂ ਇਹ ਵੀ ਦਸ ਦੇਵੋ ਡੇਰਬਾ ਮੁਖੀ ਦੀ ਮੁਆਫ਼ੀ ਨੂੰ ਠੀਕ ਠਹਿਰਾਉਣ ਲਈ ਖਰਚੇ 90 ਲੱਖ ਤੁਸੀਂ ਕਿਹੜੇ ਖਾਤੇ 'ਤੇ ਪਾਉਗੇ।

ਬੀਬਾ ਜੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਵੀਰ ਜੀ ਰਾਜੋਆਣਾ ਜੀ ਨੇ ਕਦੇ ਵੀ ਧਰਨਾ ਦੇਣ ਨਹੀਂ ਨਹੀਂ ਕਿਹਾ, ਉਹ ਤਾਂ ਹਰ ਤਾ ਹਰ ਰੋਜ਼ ਧਰਨੇ ਦਿੰਦੇ ਹੋ, ਅੱਜ ਵੀ ਧਰਨੇ 'ਤੇ ਬੈਠੇ ਆ ਸੁਲਤਾਨਪੁਰ ਲੋਧੀ 'ਚ। ਜੇ ਇਹ ਅਪੀਲ ਤੁਹਾਡੇ ਲਈ ਏਨੀ ਬੋਝ ਹੋਈ ਹੈ, ਇਸ ਅਪੀਲ ਨੂੰ ਵਾਪਸ ਲੈ ਕੇ ਬੋਝ ਮੁਕਤ ਹੋ ਜਾਵੋ। ਬਾਕੀ ਕੰਮ ਖਾਲਸਾ ਪੰਥ ਕਰ ਦੇਵੇਗਾ।


ਬੀਬਾ ਜੀ ਵੀਰ ਜੀ ਰਾਜੋਆਣਾ ਜੀ ਨੂੰ ਸਲਾਹਾਂ ਕੋਈ ਵਿਅਕਤੀ ਨਹੀਂ ਦੇ ਰਿਹਾ, 28 ਸਾਲਾਂ ਦੀ ਜੇਲ੍ਹ, 17 ਸਾਲ ਫਾਂਸੀ ਚੱਕੀ ਦਾ ਅਤੇ ਸਾਡੇ ਆਗੂਆਂ ਦੀਆਂ ਅਕਾਲ ਤਖਤ ਸਾਹਬਿ ਨੂੰ ਢਹਿ ਢੇਰੀ ਕਰਨ ਵਾਲੇ ਹਜ਼ਾਰਾਂ ਨਿਰਦੋਸ਼ ਸਿੱਖਾਂ ਦੀ ਕਾਤਲ ਕਾਂਗਰਸ ਦੇ ਆਗੂਆਂ ਨਾਲ ਸਾਂਝਾ ਦਾ ਵਰਤਾਰਾ ਉਨ੍ਹਾਂ ਨੂੰ ਸਲਾਹਾਂ ਦੇ ਰਿਹਾ ਹੈ।




ਐਡਵੋਕੇਟ ਹਰਜਿੰਦਰ ਸਿੰਘ ਧਾਮੀ




ਡਾ. ਬਰਜਿੰਦਰ ਸਿੰਘ ਹਮਦਰਦ



ਸ. ਹਰਮੀਤ ਸਿੰਘ ਕਾਲਕਾ



ਪ੍ਰੋ. ਵਿਰਸਾ ਸਿੰਘ ਵਲਟੋਹਾ



ਬੀਬੀ ਕਮਲਦੀਪ ਕੌਰ

# ਜੀ. ਐਚ. ਜੀ. ਅਕੈਡਮੀ ਦੀ ਭੰਗੜਾ ਟੀਮ ਨੇ ਬ੍ਰਸਟਨ ਭੰਗੜਾ ਮੁਕਾਬਲੇ ਵਿੱਚ ਪ੍ਰਾਪਤ ਕੀਤਾ ਪਹਿਲਾ ਸਥਾਨ



ਫਰਿਜ਼ਨੋ, ਕੈਲੇਫੋਰਨੀਆਂ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ): ਕੈਲੇਫੋਰਨੀਆਂ ਦੇ ਸ਼ਹਿਰ ਫਰਿਜ਼ਨੋ ਵਿੱਚ ਪੰਜਾਬੀ ਭਾਈਚਾਰੇ ਦੀ ਸੰਘਣੀ ਵੱਸੋਂ ਹੈ। ਜਿੱਥੇ ਪਿੱਛਲੇ ਦੋ ਦਹਾਕਿਆਂ ਤੋਂ ਵੱਧ ਸਮੇਂ ਤੋਂ ਜੀ. ਐਚ. ਜੀ. ਅਕੈਡਮੀਂ ਬੱਚਿਆਂ ਨੂੰ ਆਪਣੇ ਸੱਭਿਆਚਾਰਕ ਵਿਰਸੇ ਨਾਲ ਜੋੜਨ ਲਈ ਸਲਾਘਾਯੋਗ ਉਪਰਾਲੇ ਕਰ ਰਹੀ ਹੈ। ਇੰਨ੍ਹਾਂ ਦੀ ਸਮੁੱਚੀ ਟੀਮ ਦੇ ਯਤਨਾਂ ਸਦਕਾ ਬੱਚਿਆਂ ਲਈ ਸਲਾਨਾ ਸਿਖਲਾਈ ਕੈਂਪ ਅਤੇ ਅੰਤਰ-ਰਾਸ਼ਟਰੀ ਭੰਗੜਾ ਮੁਕਾਬਲੇ ਵੀ ਕਰਵਾਏ ਜਾਂਦੇ ਹਨ। ਜਿੱਥੇ ਹਜ਼ਾਰਾਂ ਬੱਚੇ ਵਿਦੇਸ਼ਾਂ ਵਿੱਚ ਰਹਿੰਦਿਆਂ ਵੀ ਆਪਣੇ ਮਾਣ-ਮੱਤੇ ਸੱਭਿਆਚਾਰ ਨਾਲ ਜੁੜਦੇ ਹਨ।

ਇਸੇ ਲੜੀ ਤਹਿਤ ਅਮਰੀਕਾ ਦੇ ਸ਼ਹਿਰ ਬੂਸਟਨ ਵਿਖੇ ਉੱਥੋਂ ਦੇ ਸਥਾਨਿਕ ਪ੍ਰਬੰਧਕਾਂ ਵੱਲੋਂ ਕਰਵਾਏ ਗਏ "ਬੂਸਟਨ ਭੰਗੜਾ ਮੁਕਾਬਲੇ" ਵਿੱਚ ਹਿੱਸਾ ਲੈਣ ਪਹੁੰਚੀ ਜੀ. ਐਚ. ਜੀ. ਅਕੈਡਮੀ ਫਰਿਜ਼ਨੋ, ਕੈਲੇਫੋਰਨੀਆਂ ਦੀ ਟੀਮ "ਚੜਦੀ ਜਵਾਨੀ"ਨੇ ਪਹਿਲਾ ਸਥਾਨ ਪ੍ਰਾਪਤ ਕਰਦੇ ਹੋਏ ਫਰਿਜ਼ਨੋ ਦੇ ਪੰਜਾਬੀ ਭਾਈਚਾਰੇ ਦਾ ਮਾਣ ਵਧਾਇਆ। ਇਸ ਮੁਕਾਬਲੇ ਸੰਬੰਧੀ ਲਿਖਤੀ ਰੂਪ ਵਿੱਚ ਜਾਣਕਾਰੀ ਸਾਂਝੀ ਕਰਦੇ ਹੋਏ ਫਰਿਜ਼ਨੋ ਦੇ ਮੁੱਖ ਪ੍ਰਬੰਧਕਾਂ ਵਿੱਚੋਂ ਪਰਮਜੀਤ ਸਿੰਘ ਧਾਲੀਵਾਲ ਅਤੇ ਉਦੇਦੀਪ ਸਿੰਘ ਸਿੱਧੂ ਨੇ ਦੱਸਿਆ ਕਿ ਇਸ ਮੁਕਾਬਲੇ ਵਿੱਚ ਅੰਤਰ-ਰਾਸ਼ਟਰੀ ਪੱਧਰ 'ਤੇ ਕਨੇਡਾ ਅਤੇ ਅਮਰੀਕਾ ਵਿੱਚੋਂ 200 ਤੋਂ ਵੱਧ ਵਿਦਿਆਰਥੀ ਸਾਮਲ ਸਨ। ਜਿੰਨ੍ਹਾਂ ਨੇ ਬਹੁਤ ਜੋਸ਼ ਅਤੇ ਖੂਬਸੂਰਤੀ ਨਾਲ ਆਪਣੀ-ਆਪਣੀ ਕਲਾ ਦਾ ਪ੍ਰਦਰਸ਼ਨ ਕੀਤਾ। ਹਰ ਟੀਮ ਦੀ ਪੇਸ਼ਕਾਰੀ ਬਾ-ਕਮਾਲ ਅਤੇ ਦੇਖਣਯੋਗ ਸੀ। ਇਉਂ ਲੱਗ ਰਿਹਾ ਸੀ ਜਿਵੇਂ ਕਿ ਪੰਜਾਬ ਦੀ ਕਿਸੇ ਯੂਨੀਵਰਸਿਟੀ ਵਿੱਚ ਯੂਥ ਫਿਸ਼ਟੀਵਲ ਚੱਲ ਰਿਹਾ ਹੋਵੇ। ਦਰਸ਼ਕਾਂ ਵਿੱਚ ਵੀ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਸੀ। ਸਾਰੀਆਂ ਟੀਮਾਂ ਥੋੜੇ-ਥੋੜੇ ਫ਼ਰਕ ਨਾਲ ਅੱਗੇ-ਪਿੱਛੇ ਰਹੀਆਂ। ਜਦ ਵਧੀਆਂ ਪੇਸ਼ਕਾਰੀ ਕਰਕੇ ਇਸ ਮੁਕਾਬਲੇ ਦੀ ਜਿੱਤ ਵਿੱਚ ਪਹਿਲੇ ਸਥਾਨ ਦੀ ਟਰਾਫੀ ਜੀ. ਐਚ. ਜੀ. ਅਕੈਡਮੀ ਫਰਿਜ਼ਨੋ ਦੇ ਗੱਭਰੂਆਂ ਨੂੰ ਪ੍ਰਾਪਤ ਹੋਈ।

ਇਨ੍ਹਾਂ ਭੰਗੜਾ ਮੁਕਾਬਲਿਆਂ ਨੂੰ ਕਰਵਾਉਣ ਵਿੱਚ ਜਿੱਥੇ ਬੂਸਟਨ ਦੇ ਸਮੂੰਹ ਪ੍ਰਬੰਧਕ ਵਧਾਈ ਦੇ ਪਾਤਰ ਹਨ, ਉੱਥੇ ਫਰਿਜ਼ਨੋ ਦੀ ਟੀਮ ਦੀ ਸਲਾਘਾਯੋਗ ਪੇਸ਼ਕਾਰੀ ਅਤੇ ਪਹਿਲੇ ਸਥਾਨ ਦੀ ਪੇਸ਼ਕਾਰੀ ਨੇ ਜੀ.ਐਚ.ਜੀ. ਅਕੈਡਮੀਂ ਦਾ ਬਹੁਤ ਮਾਣ ਵਧਾਇਆ। ਯਾਦ ਰਹੇ ਕਿ ਇਹ ਜੀ.ਐਚ.ਜੀ. ਅਕੈਡਮੀ ਬੱਚਿਆਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਅਤੇ ਹੋਰ ਜਾਣਕਾਰੀ ਵਧਾਉਣ ਲਈ ਵੀ ਸੈਮੀਨਾਰ ਕਰਵਾਉਂਦੀ ਰਹਿੰਦੀ ਹੈ। ਇਹ ਸਾਰੇ ਕਾਰਜ਼ ਮੁਫਤ ਵਿੱਚ ਸਮੁੱਚੇ ਭਾਈਚਾਰੇ ਦੇ ਸਹਿਯੋਗ ਨਾਲ ਕੀਤੇ ਜਾਂਦੇ ਹਨ। ਬੂਸਟਨ ਭੰਗੜਾ ਮੁਕਾਬਲੇ ਦੇ ਪਹਿਲੇ ਸਥਾਨ ਦੀ ਜਿੱਤ ਲਈ ਜੀ.ਐਚ.ਜੀ. ਅਕੈਡਮੀਂ ਦੇ ਸਾਰੇ ਬੱਚੇ, ਪ੍ਰਬੰਧਕ ਅਤੇ ਮਾਪੇ ਵੀ ਵਧਾਈ ਦੇ ਪਾਤਰ ਹਨ। ਜੋ ਸਾਰਾ ਸਾਰਾ ਸਾਲ ਆਪਣੇ ਸੱਭਿਆਚਾਰ ਨੂੰ ਵਿਦੇਸ਼ਾ ਵਿੱਚ ਪ੍ਰਫੁੱਲਤ ਕਰਨ ਵਿੱਚ ਉਪਰਾਲੇ ਕਰਦੇ ਰਹਿੰਦੇ ਹਨ।

ਰੱਖੜਾ ਇਨਕਮ ਟੈਕਸ ਅਤੇ ਇਮੀਗ੍ਰੇਸ਼ਨ

ਇੱਕੋ ਜਗ੍ਹਾ ਅਤੇ ਇੱਕੋ ਛੱਤ ਹੇਠ ਆਪ ਜੀ ਹੇਠ ਲਿਖੀਆਂ ਸੇਵਾਵਾਂ ਪ੍ਰਾਪਤ ਕਰ ਸਕਦੇ ਹੋ ਜਿਵੇਂ ਕਿ ਇਨਕਮ ਟੈਕਸ (ਕਾਰਪੋਰੇਸ਼ਨ, ਬਿਜਨਸ, ਪਰਸਨਲ), ਰੀਅਲ ਅਸਟੇਟ, ਲਾਈਫ ਇੰਸ਼ੋਰੈਂਸ, ਉਬਾਮਾ ਕੇਅਰ, ਮੈਡੀਕੇਅਰ, ਪਾਸਪੋਰਟ ਰਿਨਿਊ, ਵੀਜਾ, ਸਿਟੀਜ਼ਨਸ਼ਿਪ, ਗਰੀਨ ਕਾਰਡ, ਵਰਕ ਪਰਮਿਟ, R-1 ਵੀਜ਼ਾ, ਫੈਮਿਲੀ ਪਟੀਸ਼ਨ ਫਾਈਲਿੰਗਜ਼ ਜਾਂ ਫਿਰ IRS ਨਾਲ ਕੋਈ ਵੀ ਮਸਲਾ।

ਹੁਣ ਤੁਸੀਂ ਇਥੇ MEDICARE BENEFITS ਲਈ ਅਪਲਾਈ ਕਰਦੇ ਹੋ। ਅਤੇ ਮੈਡੀਕੇਅਰ ਸਹੂਲਤਾਂ ਲਈ ਹੋਰ ਵਧੇਰੇ ਜਾਣਕਾਰੀ ਲੈ ਸਕਦੇ ਹੋ ਜੀ

State of California Benefits Identification Card

STATE OF CALIFORNIA BENEFITS IDENTIFICATION CARD

Get more BENEFITS at No Cost $0 Premium



Rakhra Tax & Immigration
3073 W Ashlan Ave <> Fresno, CA 93722
Ph. (559) 243-9200,
Fax (559) 549-6211
or visit
www.rakhrataxservice.com
or avtar06@gmail.com

American Freight Corp.

ਡਰਾਈਵਰਾਂ ਅਤੇ ਆਨਰ ਅਪ੍ਰੇਟਰਾਂ (Owner-Operator) ਦੀ ਜ਼ਰੂਰਤ ਹੈ

ਕੈਲੀਫੋਰਨੀਆ ਤੋਂ ਮਿਡਵੈਸਟ, ਕੈਲੀਫੋਰਨੀਆ ਤੋਂ ਈਸਟ ਕੋਸਟ, ਕੈਲੀਫੋਰਨੀਆ ਤੋਂ ਟੈਕਸਸ (Texas)

ਡਰਾਈਵਰ ਦਾ ਘੱਟੋ ਘੱਟ ਦੋ ਸਾਲ ਦਾ ਤਜਰਬਾ ਹੋਵੇ

ਡਰਾਈਵਰਾਂ ਦੀ ਜ਼ਰੂਰਤ ਹੈ
Need Team & Solo Driver
With 2 Year Experience

AMERICAN Freight Corp.

(209) 405-1544

127 Darcy Parkway, Lathrop, CA 95330

# ਇੰਡੋ ਅਮੈਰਿਕਨ ਹੈਰੀਟੇਜ਼ ਫੋਰਮ ਵਲੋਂ ਫਰਿਜਨੋ ਵਿਖੇ ਸ਼ਹੀਦ ਕਰਤਾਰ ਸਿੰਘ ਸਰਾਭਾ ਅਤੇ ਸਾਥੀਆਂ ਦੇ ਸ਼ਹੀਦੀ ਦਿਹਾੜੇ ਤੇ ਪ੍ਰੋਗਰਾਮ



ਫਰਿਜਨੋ (ਕੈਲੀਫੋਰਨੀਆਂ) (ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ) : ਸਥਾਨਿਕ ਗਦਰੀ ਬਾਬਿਆਂ ਦੀ ਸੋਚ ਨੂੰ ਪ੍ਰਣਾਈ ਸੰਸਥਾ ਇੰਡੋ ਅਮੈਰਿਕਨ ਹੈਰੀਟੇਜ ਫੋਰਮ ਵੱਲੋਂ ਲੰਘੇ ਐਤਵਾਰ ਸ਼ਹੀਦ ਕਰਤਾਰ ਸਿੰਘ ਸਰਾਭਾ ਅਤੇ ਉਹਨਾਂ ਦੇ ਛੇ ਹੋਰ ਸਾਥੀਆਂ ਸ੍ਰ ਬਖਸ਼ੀਸ਼ ਸਿੰਘ ਗਿੱਲਵਾਲੀ, ਸ੍ਰੀ ਵਿਸ਼ਣੂ ਗਣੇਸ਼ ਪਿੰਗਲੇ, ਸ੍ਰ ਹਰਨਾਮ ਸਿੰਘ, ਸ੍ਰ ਜਗਤ ਸਿੰਘ ਸੁਰਸਿੰਘਵਾਲਾ, ਸ੍ਰ ਸਰੈਣ ਸਿੰਘ ਵੱਡਾ ਗਿੱਲਵਾਲੀ ਅਤੇ ਸ੍ਰ ਸਰੈਣ ਸਿੰਘ ਛੋਟਾ ਪਿੰਡ ਗਿੱਲਵਾਲੀ ਦਾ 108ਵਾਂ ਸ਼ਹੀਦੀ ਦਿਹਾੜਾ ਫਰਿਜਨੋ ਦੇ ਇੰਡੀਆ ਓਵਨ ਰੈਸਟੋਰੈਂਟ ਵਿੱਚ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਇਸ ਮੌਕੇ ਸਟੇਜ ਦੀ ਸ਼ੁਰੂਆਤ ਸੰਸਥਾ ਵਲੋਂ ਸੁਰਿੰਦਰ ਮੰਡਾਲੀ ਨੇ ਸਭਨਾਂ ਨੂੰ ਨਿੱਘੀ ਜੀ ਆਇਆ ਆਖਕੇ ਕੀਤੀ। ਸੰਸਥਾ ਦੀਆਂ ਇਸਤਰੀ ਵਿੰਗ ਦੀਆਂ ਸਰਗਰਮ ਮੈਂਬਰ ਸ਼ਰਨਜੀਤ ਧਾਲੀਵਾਲ ਅਤੇ ਅਰਸ਼ ਸੰਧੂ ਨੇ ਸਟੇਜ ਦੀ ਕਾਰਵਾਈ ਬਾਖੂਬੀ ਸ਼ਾਇਰਾਨਾਂ ਅੰਦਾਜ਼ ਵਿੱਚ ਇਨਕਲਾਬੀ ਸ਼ੇਅਰਾਂ ਅਤੇ ਕਵਿਤਾਵਾਂ ਨਾਲ ਨਿਭਾਈ। ਰਾਜ ਬਰਾੜ ਨੇ ਇਨਕਲਾਬੀ ਗੀਤਾਂ ਨਾਲ ਚੰਗਾ ਸਮਾਂ ਬੰਨਿਆ, ਉਪਰੰਤ ਬੁਲਾਰਿਆਂ ਵਿੱਚ ਸੰਤੋਖ ਸਿੰਘ ਮਨਿਹਾਸ, ਗੁਰਨਾਮ ਸਿੰਘ, ਹੈਰੀ ਮਾਨ, ਨੀਟਾ ਮਾਛੀਕੇ, ਸਾਧੂ ਸਿੰਘ ਸੰਘਾ, ਪਰਮਪਾਲ ਸਿੰਘ ਅਤੇ ਹਰਜਿੰਦਰ ਢੇਸੀ ਨੇ ਆਪੋ ਆਪਣੇ ਸ਼ਬਦਾਂ ਰਾਹੀਂ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੱਤੀ। ਬੋਲਣ ਵਾਲੇ ਬੁਲਾਰਿਆਂ ਨੇ ਕਿਹਾ ਕਿ ਸ਼ਹੀਦ ਕਰਤਾਰ ਸਿੰਘ ਸਰਾਭਾ ਅਤੇ ਸਾਥੀ ਸਾਡੇ ਸਭਨਾਂ ਲਈ ਅਜ਼ਾਦੀ ਦੇ ਨਾਇਕ ਹਨ ਅਤੇ ਸਾਨੂੰ ਉਨਾਂ ਮਹਾਨ ਸ਼ਹੀਦਾ ਵਲੋਂ ਸਾਂਝੀਵਾਲਤਾ ਦੇ ਰਾਹ ਤੇ ਚੱਲਦਿਆ ਲੋਕਾਂ ਦੇ ਸਾਂਝੇ ਮਸਲਿਆ ਲਈ ਇਕੱਠਿਆਂ ਹੋ ਕੇ ਸਘੰਰਸ਼ ਕਰਨ ਦੀ ਪਿਰਤ ਨੂੰ ਵਿਸਾਰਨਾ ਨਹੀਂ ਚਾਹੀਦਾ ਸਗੋਂ ਆਉਣ ਵਾਲੀ ਪੀੜੀ ਨੂੰ ਉਨਾਂ ਸ਼ਹੀਦਾ ਦੀ ਪੂਰੀ ਮਨੁੱਖਤਾ ਨੂੰ ਕਲਾਵੇ ਵਿਚ ਲੈਣ ਵਾਲੀ ਸੋਚ ਤੋਂ ਜਾਣੂ ਕਰਵਾਉਣ ਲਈ ਇਹੋ ਜਿਹੇ ਸਮਾਗਮਾ ਵਿਚ ਆਪਣੇ ਬੱਚਿਆਂ ਨੂੰ ਨਾਲ ਲੈਕੇ ਆਉਣਾ ਚਾਹੀਦਾ ਹੈ। ਅਖੀਰ ਵਿੱਚ ਸੰਸਥਾ ਦੇ ਮੋਢੀ ਮੈਂਬਰ ਜਸਵੰਤ ਸਿੰਘ ਮਾਨ ਨੇ ਇਸ ਪ੍ਰੋਗਰਾਮ ਵਿਚ ਸ਼ਾਮਲ ਹੋਏ ਸਭਨਾਂ ਲੋਕਾਂ ਦਾ ਧੰਨਵਾਦ ਕੀਤਾ। ਅਖੀਰ ਅਮਿੱਟ ਪੈੜ੍ਹਾਂ ਛੱਡਦਾ ਇਹ ਸਮਾਗਮ ਯਾਦਗਾਰੀ ਹੋ ਨਿੱਬੜਿਆ।

# ਈਕੋਸਿੱਖ ਦੁਬਈ 'ਚ ਧਰਤੀ ਦੇ ਤਾਪਮਾਨ ਬਾਰੇ ਮੀਟਿੰਗ 'ਚ ਸ਼ਾਮਿਲ



ਵਾਸ਼ਿੰਗਟਨ : ਅਮਰੀਕਾ ਦੇ ਵਾਸ਼ਿੰਗਟਨ ਵਿਚ ਸਥਿਤ ਵਾਤਾਵਰਣ ਜਥੇਬੰਦੀ ਈਕੋਸਿੱਖ ਦੁਬਈ ਵਿੱਚ ਹੋ ਰਹੀ ਸੰਸਾਰ ਪੱਧਰ 'ਤੇ ਧਰਤੀ ਨੂੰ ਬਚਾਉਣ ਲਈ ਸੱਦੀ ਗਈ ਮੀਟਿੰਗ ਸੀ.ਓ.ਪੀ 28 ਵਿੱਚ ਪੰਜਾਬ ਅਤੇ ਭਾਰਤ ਚ ਯੋਗਦਾਨ ਨੂੰ ਪੇਸ਼ ਕਰੇਗੀ। ਇਸ ਮੀਟਿੰਗ ਤੋਂ ਪਹਿਲਾਂ ਜਥੇਬੰਦੀ ਨੇ 850 ਪਵਿੱਤਰ ਜੰਗਲਾਂ ਨੂੰ ਲਗਾਉਣ ਦਾ ਕੰਮ ਸਫਲਤਾਪੂਰਵਕ ਪੂਰਾ ਕੀਤਾ। ਸੋਮਵਾਰ ਨੂੰ ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ 'ਤੇ ਈਕੋਸਿੱਖ ਨੇ ਲੁਧਿਆਣਾ ਦੇ ਕੇਂਦਰ ਵਿੱਚ 1313 ਰੁੱਖਾਂ ਦਾ ਆਪਣਾ 850ਵਾਂ ਪਵਿੱਤਰ ਜੰਗਲ ਲਗਾਇਆ। ਇਹ ਇੱਕਠ ਦੁਬਈ, ਸੰਯੁਕਤ ਅਰਬ ਅਮੀਰਾਤ ਵਿੱਚ ਹੋ ਰਿਹਾ ਹੈ ਜਿਸ ਵਿੱਚ 60,000 - 80,000 ਡੈਲੀਗੇਟਾਂ ਅਤੇ 140 ਤੋਂ ਵੱਧ ਦੇਸ਼ਾਂ ਦੇ ਮੁਖੀ ਵੀ ਸ਼ਾਮਿਲ ਹੋ ਰਹੇ ਹਨ। ਈਕੋਸਿੱਖ ਦੇ ਗਲੋਬਲ ਪ੍ਰਧਾਨ, ਡਾਕਟਰ ਰਾਜਵੰਤ ਸਿੰਘ ਨੂੰ ਕਾਨਫਰੰਸ ਦੇ ਮੁੱਖੀ ਵੱਲੋਂ ਖਾਸ ਸੱਦਿਆ ਗਿਆ ਹੈ। ਸ਼ਹਿਰਾਂ ਦੇ ਵਿਗੜ ਰਹੇ ਵਾਤਾਵਰਨ ਨੂੰ ਬਚਾਉਣ ਲਈ ਇੱਕ ਖਾਸ ਗੱਲਬਾਤ ਦੌਰਾਨ ਡਾ ਸਿੰਘ ਈਕੋਸਿੱਖ ਵੱਲੋਂ ਲਾਏ ਜਾ ਰਹੇ ਗੁਰੂ ਨਾਨਕ ਪਵਿੱਤਰ ਜੰਗਲ ਦੇ ਫਾਇਦੇ ਪੇਸ਼ ਕਰਨਗੇ। ਈਕੋ ਸਿੱਖ ਨੇ ਮੀਆਵਾਕੀ ਵਿਧੀ ਦੀ ਵਰਤੋਂ ਕਰਦੇ ਹੋਏ ਪੂਰੇ ਭਾਰਤ ਵਿੱਚ ਪਵਿੱਤਰ ਜੰਗਲ ਲਗਾਏ ਹਨ। ਇਨ੍ਹਾਂ ਪਵਿੱਤਰ ਜੰਗਲਾਂ ਦਾ ਨਾਂ 'ਗੁਰੂ ਨਾਨਕ' ਦੇ ਨਾਮ ਨਾਲ ਰੱਖਿਆ ਜਾਂਦਾ ਹੈ। ਉਹ ਮਹੀਨਿਆਂ ਦੇ ਅੰਦਰ ਜੈਵ ਵਿਭਿੰਨਤਾ ਨੂੰ ਆਕਰਸ਼ਿਤ ਕਰਦੇ ਹਨ ਅਤੇ ਸ਼ਹਿਰਾਂ ਅਤੇ ਸ਼ਹਿਰੀ ਖੇਤਰਾਂ ਵਿੱਚ ਸਥਾਨਕ ਵਾਤਾਵਰਣ ਅਸੰਤੁਲਨ ਨੂੰ ਬਹਾਲ ਕਰਨ ਵਿੱਚ ਮਦਦ ਕਰਦੇ ਹਨ। ਹੁਣ ਤੱਕ 850 ਗੁਰੂ ਨਾਨਕ ਪਵਿੱਤਰ ਵਣ ਲਗਾਏ ਜਾ ਚੁੱਕੇ ਹਨ ਅਤੇ ਹਰੇਕ ਜੰਗਲ ਵਿੱਚ ਦੇਸੀ ਪ੍ਰਜਾਤੀਆਂ ਦੇ 550 ਰੁੱਖ ਹਨ। ਈਕੋਸਿੱਖ ਨੂੰ ਦਿੱਤੇ ਸੱਦੇ 'ਤੇ ਅਮੀਨ ਨੇ ਕਿਹਾ, 'ਅਸੀਂ ਜਲਵਾਯੂ ਪਰਿਵਰਤਨ ਦਾ ਮੁਕਾਬਲਾ ਕਰਨ ਲਈ ਕਾਰਵਾਈ ਦੇ ਇਸ ਮਹੱਤਵਪੂਰਨ ਮੌਕੇ ਵਿੱਚ ਯੋਗਦਾਨ ਪਾਉਣ ਲਈ ਯੂ.ਏ.ਈ ਵਿੱਚ ਤੁਹਾਡਾ ਸੁਆਗਤ ਕਰਦੇ ਹਾਂ।' ਡਾ. ਰਾਜਵੰਤ ਸਿੰਘ ਨੇ ਕਿਹਾ, 'ਸਾਨੂੰ ਸਭ ਨੂੰ ਵਿਨਾਸ਼ਕਾਰੀ ਵੱਧ ਰਹੇ ਤਾਪਮਾਨ ਦੇ ਜਵਾਬ ਵਿੱਚ ਤੁਰੰਤ ਕਾਰਵਾਈ ਕਰਨ ਦੀ ਲੋੜ ਹੈ। ਅਸੀਂ ਹੁਣ ਸਾਡੇ ਆਲੇ ਦੁਆਲੇ ਵਾਤਾਵਰਣਕ ਤਬਾਹੀਆਂ ਦਾ ਸਾਹਮਣਾ ਕਰ ਰਹੇ ਹਾਂ, ਜਿਸ ਦਾ ਹੱਲ ਲੱਭਣ ਲਈ ਅਸੀਂ ਕਿਸੇ ਇਕਾਈ ਜਾਂ ਸਰਕਾਰ ਦੀ ਉਡੀਕ ਨਹੀਂ ਕਰ ਸਕਦੇ ਹਾਂ। ਬਹੁਤ ਸਾਰੇ ਭਾਈਚਾਰੇ ਆਪਣੇ ਪੁਰਖਿਆਂ ਦੇ ਜ਼ਮੀਨ ਗੁਆ ਰਹੇ ਹਨ। ਕਈ ਵਾਤਾਵਰਣਕ ਕਾਰਕਾਂ ਕਰਕੇ ਜ਼ਮੀਨਾਂ ਤੇ ਤਬਾਹੀ ਹੋ ਰਹੀ ਹੈ। ਅਸੀਂ ਬੈਠ ਕੇ ਨਹੀਂ ਦੇਖ ਸਕਦੇ ਜਦੋਂ ਲੋਕ ਤਬਾਹੀ ਦੇ ਕਾਰਨ ਦੁਖੀ ਹੋ ਰਹੇ ਹਨ।"

ਉਹਨਾਂ ਨੇ ਅੱਗੇ ਕਿਹਾ, "ਸਾਡੇ 'ਤੇ ਆਉਣ ਵਾਲੀ ਕੁਦਰਤੀ ਆਫ਼ਤ ਨੂੰ ਟਾਲਣ ਦਾ ਕੋਈ ਹੋਰ ਮੌਕਾ ਨਹੀਂ ਹੋ ਸਕਦਾ ਹੈ।" ਹੁਣ ਤੱਕ ਈਕੋਸਿੱਖ ਨੇ ਭਾਰਤ ਵਿੱਚ 500,000 ਤੋਂ ਵੱਧ ਰੁੱਖ ਅਤੇ ਵਿਸ਼ਵ ਭਰ ਵਿੱਚ 25,000 ਰੁੱਖ ਲਗਾਏ। ਈਕੋਸਿੱਖ ਦੇ ਜੰਗਲਾਤ ਕਨਵੀਨਰ ਚਰਨ ਸਿੰਘ ਵੀ ਸੀਓਪੀ28 ਵਿੱਚ ਸ਼ਾਮਲ ਹੋ ਰਹੇ ਹਨ ਅਤੇ ਵੱਖ-ਵੱਖ ਸਰਕਾਰੀ ਅਤੇ ਗੈਰ-ਸਰਕਾਰੀ ਸੰਸਥਾਵਾਂ ਨਾਲ ਸਾਂਝੇਦਾਰੀ ਦੀ ਖੋਜ ਕਰਨਗੇ। ਉਨ੍ਹਾਂ ਕਿਹਾ, "ਜਲਵਾਯੂ ਪਰਿਵਰਤਨ ਨਾਲ ਲੜਨ ਦੀ ਸਾਡੀ ਰਣਨੀਤੀ ਸਿਰਫ ਕਾਰਬਨ ਦੀ ਨਿਕਾਸੀ ਘਟਾਉਣ 'ਤੇ ਕੇਂਦਰਿਤ ਨਹੀਂ ਹੋਣੀ ਚਾਹੀਦੀ। ਸਾਨੂੰ ਵਾਯੂਮੰਡਲ ਵਿੱਚੋਂ ਕਾਰਬਨ ਕੱਢਣ ਦੀ ਲੋੜ ਹੈ। ਪਵਿੱਤਰ ਜੰਗਲ ਉਸ ਟੀਚੇ ਨੂੰ ਪ੍ਰਾਪਤ ਕਰਨ ਦਾ ਇੱਕ ਪ੍ਰਭਾਵਸ਼ਾਲੀ ਤਰੀਕਾ ਹੈ। ਇਸ ਤਰ੍ਹਾਂ ਦੀ ਮਾਸ ਐਕਸ਼ਨ ਵਧਦੇ ਤਾਪਮਾਨ ਨੂੰ ਕੰਟਰੋਲ ਕਰਨ ਵਿੱਚ ਮਦਦ ਕਰ ਸਕਦੀ ਹੈ।" ਉਹਨਾਂ ਕਿਹਾ, "ਈਕੋਸਿੱਖ ਨੌਜਵਾਨਾਂ ਨੂੰ ਜੰਗਲ ਬਣਾਉਣ ਵਾਲੇ ਬਣਨ ਲਈ ਸਿਖਲਾਈ ਦੇ ਰਿਹਾ ਹੈ। ਸਾਡੇ ਪ੍ਰੋਜੈਕਟ ਨੇ ਪੰਜਾਬ, ਭਾਰਤ ਦੇ ਨੌਜਵਾਨਾਂ ਨੂੰ ਉਤਸ਼ਾਹਿਤ ਕੀਤਾ ਹੈ ਅਤੇ ਜ਼ਮੀਨੀ ਪੱਧਰ 'ਤੇ ਵਲੰਟੀਅਰ ਹਰ ਦਿਨ ਵਧ ਰਹੇ ਹਨ ਅਤੇ ਲੋਕ ਤਾਕਤਵਰ ਮਹਿਸੂਸ ਕਰ ਰਹੇ ਹਨ ਕਿ ਉਹ ਇੱਕ ਫਰਕ ਲਿਆ ਸਕਦੇ ਹਨ।

# ਬੇਕਰਸਫੀਲਡ ਵਿੱਚ ਪ੍ਰਸਿੱਧ ਗੀਤਕਾਰ ਅਤੇ ਨਾਵਲਕਾਰ ਮੰਗਲ ਹਠੂਰ ਦਾ ਪ੍ਰੋਗਰਾਮ ਯਾਦਗਾਰੀ ਹੋ ਨਿੱਬੜਿਆ



ਬੇਕਰਸਫੀਲਡ, (ਨੀਟਾ ਮਾਛੀਕੇ/ਕੁਲਵੰਤ ਧਾਲੀਆਂ): 2 ਦਸੰਬਰ ਨੂੰ ਬੇਕਰਸਫੀਲਡ ਨਿਊ ਤਾਜ਼ ਪੈਲਿਸ ਵਿੱਚ ਪ੍ਰਸਿੱਧ ਰਿਐਲਟਰ ਜਤਿੰਦਰ ਸਿੰਘ ਤੂਰ, ਗੋਪੀ ਤੂਰ, ਗੁਰਤੇਜ ਖੋਸਾ, ਗੁਰਮੀਤ ਤੂਰ, ਜਰਨੈਲ ਸਿੰਘ ਬਰਾੜ ਅਤੇ ਉਹਨਾਂ ਦੇ ਸੱਜਣਾਂ ਮਿੱਤਰਾਂ ਵੱਲੋਂ ਪ੍ਰਸਿੱਧ ਗੀਤਕਾਰ ਅਤੇ ਨਾਵਲਕਾਰ ਮੰਗਲ ਹਠੂਰ ਦਾ ਪ੍ਰੋਗਰਾਮ ਰੱਖਿਆ ਗਿਆ ਜੋ ਯਾਦਗਾਰੀ ਹੋ ਨਿੱਬੜਿਆ। ਮਹਿਫ਼ਲ ਦੀ ਸ਼ੁਰੂਆਤ ਆਪਣੇ ਵਿਚਾਰਾਂ ਨਾਲ ਜਤਿੰਦਰ ਸਿੰਘ ਤੂਰ ਵੱਲੋਂ ਕੀਤੀ ਗਈ ਉਹਨਾਂ ਨੇ ਆਏ ਹੋਏ ਸਾਰੇ ਸੱਜਣਾਂ ਦਾ ਧੰਨਵਾਦ ਕੀਤਾ। ਰਾਤ ਦੇਰ ਤੱਕ ਚੱਲੀ ਸ਼ਇਰੋ ਸ਼ਾਇਰੀ ਦੀ ਮਹਿਫ਼ਲ ਵਿੱਚ ਪੱਪੀ ਭਦੌੜ, ਗੋਗੀ ਸੰਧੂ, ਜਰਨੈਲ ਘੋਲੀਆ, ਸੰਨੀ ਬੱਬਰ ਅਤੇ ਹੋਰ ਗਾਇਕਾਂ ਅਤੇ ਲੇਖਕਾਂ ਨੇ ਵੀ ਆਪਣੀ ਕਲਾ ਦੇ ਜੌਹਰ ਵਿਖਾਏ।

ਮਹਿਫ਼ਲ ਤੋਂ ਬਾਅਦ 'ਪਿੰਡ ਦਾ ਗੇੜਾ' ਕਿਤਾਬ ਵੀ ਰੂਬਰੂ ਕੀਤੀ ਗਈ। ਇਸ ਪ੍ਰੋਗਰਾਮ ਵਿੱਚ ਬੇਕਰਸਫੀਲਡ ਦੀਆਂ ਉੱਘੀਆਂ ਹਸਤੀਆਂ ਨੇ ਹਿੱਸਾ ਲਿਆ।

ਜਿਹਨਾਂ ਵਿੱਚ ਜਤਿੰਦਰ ਸਿੰਘ ਤੂਰ, ਗੋਪੀ ਤੂਰ, ਗੁਰਮੀਤ ਸਿੰਘ ਤੂਰ, ਗੁਰਤੇਜ ਸਿੰਘ ਖੋਸਾ, ਜਰਨੈਲ ਸਿੰਘ ਬਰਾੜ, ਜਰਨੈਲ ਸਿੰਘ ਘੋਲੀਆ, ਕਰਨਲ ਨਵਤੇਜ ਸਿੰਘ ਨਿੱਝਰ, ਇੰਦਰਜੀਤ ਸਿੰਘ ਨਾਗਰਾ,ਰਾਜ ਧਾਲੀਵਾਲ, ਗੁਰਪ੍ਰੀਤ ਸਿੰਘ ਤੂਰ, ਸੋਨੀ ਬੁੱਟਰ, ਜਗਮੀਤ ਬਰਾੜ, ਕੁਲਵੰਤ ਸੁੰਨੜ,ਸਨੀ ਬੱਬਰ, ਜਗਤਾਰ ਸਿੰਘ ਨੰਬਰਦਾਰ, ਪੱਪੀ ਭਦੌੜ, ਗੋਗੀ ਸੰਧੂ ਅਤੇ ਬੇਕਰਸਫੀਲਡ ਦੇ ਹੋਰ ਪਤਵੰਤੇ ਸੱਜਣ ਹਾਜ਼ਰ ਸਨ।

# ਅਮਰੀਕਾ ਦੇ ਨੇਵਾਡਾ ਰਾਜ ਵਿਚ ਅਣਪਛਾਤੇ ਵਿਅਕਤੀ ਵੱਲੋਂ ਕੀਤੀ ਗੋਲੀਬਾਰੀ ਵਿਚ 1 ਮੌਤ ਤੇ 4 ਹੋਰ ਜ਼ਖਮੀ

## *ਲਾਸ ਏਂਜਲਸ ਵਿਚ ਮਾਰੇ ਗਏ 3 ਬੇਘਰਿਆਂ ਦੇ ਮਾਮਲੇ ਵਿਚ ਇਕ ਸ਼ੱਕੀ ਗ੍ਰਿਫਤਾਰ*

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ): ਅਮਰੀਕਾ ਦੇ ਨੇਵਾਡਾ ਰਾਜ ਦੇ ਸ਼ਹਿਰ ਪੂਰਬੀ ਲਾਸ ਵੇਗਾਸ ਵਿਚ ਬੇਘਰਿਆਂ ਦੇ ਬਸੇਰੇ ਵਿਖੇ ਅਣਪਛਾਤੇ ਵਿਅਕਤੀ ਵੱਲੋਂ ਕੀਤੀ ਗੋਲੀਬਾਰੀ ਵਿਚ ਇਕ ਵਿਅਕਤੀ ਦੇ ਮਾਰੇ ਜਾਣ ਤੇ 4 ਹੋਰਨਾਂ ਦੇ ਜ਼ਖਮੀ ਹੋ ਜਾਣ ਦੀ ਖਬਰ ਹੈ। ਲਾਸ ਵੇਗਾਸ ਪੁਲਿਸ ਦੇ ਲੈਫਟੀਨੈਂਟ ਜੈਸਨ ਜੌਹਨਸਨ ਨੇ ਇਕ ਪ੍ਰੈਸ ਬਿਆਨ ਵਿਚ ਕਿਹਾ ਹੈ ਕਿ ਗੋਲੀਬਾਰੀ ਦੀ ਘਟਨਾ ਸ਼ਾਮ 5.35 ਵਜੇ ਦੇ ਕਰੀਬ ਚਾਰਲਸਟਨ ਬੋਲੇਵਾਰਡ ਅਤੇ ਹੋਨੋਲੂਲੂ ਸਟਰੀਟ ਦੇ ਚੁਰਾਹੇ ਨੇੜੇ ਵਾਪਰੀ। ਸ਼ੁਰੂ ਵਿਚ ਪੁਲਿਸ ਨੇ ਕਿਹਾ ਸੀ ਕਿ 2 ਲੋਕ ਮਾਰੇ ਗਏ ਹਨ ਤੇ 3 ਹੋਰ ਜ਼ਖਮੀ ਹੋਏ ਹਨ ਅਤੇ ਸਾਰੇ ਪੀੜਤ ਬੇਘਰੇ ਹਨ। ਜੌਹਨਸਨ ਨੇ ਕਿਹਾ ਕਿ ਉਹ ਨਹੀਂ ਕਹਿ ਸਕਦਾ ਕਿ ਗੋਲੀਬਾਰੀ ਤੋਂ ਪੀੜਤ ਸਾਰੇ 5 ਜਣੇ ਬੇਘਰੇ ਸਨ। ਇਸ ਬਾਰੇ ਅਜੇ ਕੁਝ ਨਹੀਂ ਕਿਹਾ ਜਾ ਸਕਦਾ। ਜੌਹਨਸਨ ਨੇ ਕਿਹਾ ਕਿ ਗੋਲੀਬਾਰੀ ਵਿਚ ਮਾਰੇ ਗਏ ਵਿਅਕਤੀ ਦੀ ਉਮਰ 50 ਸਾਲ ਦੇ ਕਰੀਬ ਹੈ ਤੇ ਬਾਕੀ 4 ਜ਼ਖਮੀਆਂ ਵਿਚੋਂ ਤਿੰਨ ਤੀਹਵਿਆਂ ਵਿਚ ਹਨ ਜਿਨਾਂ ਵਿਚੋਂ ਇਕ ਦੀ ਹਾਲਤ ਗੰਭੀਰ ਹੈ। ਪੁਲਿਸ ਨੇ ਮ੍ਰਿਤਕ ਤੇ ਜ਼ਖਮੀਆਂ ਦੇ ਨਾਂ ਅਜੇ ਜਾਰੀ ਨਹੀਂ ਕੀਤੇ ਹਨ। ਜੌਹਨਸਨ ਨੇ ਕਿਹਾ ਕਿ ਮੌਕੇ ਦੇ ਗਵਾਹਾਂ ਅਨੁਸਾਰ ਉਨਾਂ ਨੇ ਗੋਲੀਬਾਰੀ ਤੋਂ ਬਾਅਦ ਇਕ ਵਿਅਕਤੀ ਨੂੰ ਹਨੇਰੇ ਦੀ ਓਟ ਲੈ ਕੇ ਫਰਾਰ ਹੁੰਦਾ ਵੇਖਿਆ ਹੈ ਪਰੰਤੂ ਜਾਂਚਕਾਰਾਂ ਦਾ ਕਹਿਣਾ ਹੈ ਕਿ ਉਹ ਨਹੀਂ ਜਾਣਦੇ ਕਿ ਫਰਾਰ ਹੋਇਆ ਵਿਅਕਤੀ ਗੋਲੀਬਾਰੀ ਵਿਚ ਸ਼ਾਮਲ ਹੈ ਜਾਂ ਨਹੀਂ। ਇਥੇ ਜਿਕਰਯੋਗ ਹੈ ਕਿ ਲਾਸ ਵੇਗਾਸ ਪੁਲਿਸ ਵਿਭਾਗ ਨੇ ਲੰਘੇ ਸ਼ੁੱਕਰਵਾਰ ਸੇਫਟੀ ਬੁਲੇਟਿਨ ਜਾਰੀ ਕੀਤਾ ਸੀ ਜਿਸ ਵਿਚ ਬੇਘਰੇ ਲੋਕਾਂ ਨੂੰ ਕਿਹਾ ਗਿਆ ਸੀ ਕਿ ਉਹ ਖੁਲੇ ਵਿਚ ਸੜਕਾਂ ਉਪਰ ਸੌਣ ਦੀ ਬਜਾਏ ਰੈਣ ਬਸੇਰਿਆਂ ਵਿਚ ਸੌਣ।



ਲਾਸ ਏਂਜਲਸ ਵਿਚ ਅਧਿਕਾਰੀ 3 ਬੇਘਰਿਆਂ ਦੀ ਹੋਈ ਹੱਤਿਆ ਦੇ ਮਾਮਲੇ ਵਿਚ ਸ਼ੱਕੀ ਦੋਸ਼ੀ ਦੀ ਗ੍ਰਿਫਤਾਰੀ ਬਾਰੇ ਜਾਣਕਾਰੀ ਦਿੰਦੇ ਹੋਏ

**3 ਬੇਘਰਿਆਂ ਦੀ ਹੱਤਿਆ ਦੇ ਮਾਮਲੇ ਵਿਚ ਇਕ ਸ਼ੱਕੀ ਗ੍ਰਿਫਤਾਰ** - ਇਸੇ ਹਫਤੇ ਲਾਸ ਏਂਜਲਸ (ਕੈਲੀਫੋਰਨੀਆ) ਵਿਚ ਵੱਖ ਵੱਖ ਥਾਵਾਂ 'ਤੇ ਗੋਲੀਆਂ ਮਾਰ ਕੇ 3 ਬੇਘਰਿਆਂ ਦੀ ਹੱਤਿਆ ਕਰ ਦੇਣ ਦੇ ਮਾਮਲੇ ਵਿਚ ਪੁਲਿਸ ਨੇ ਇਕ ਸ਼ੱਕੀ ਨੂੰ ਗ੍ਰਿਫਤਾਰ ਕੀਤਾ ਹੈ। ਲਾਸ ਏਂਜਲਸ ਪੁਲਿਸ ਦਾ ਵਿਸ਼ਵਾਸ਼ ਹੈ ਕਿ ਇਨਾਂ ਨੂੰ ਉਸ ਵੇਲੇ ਗੋਲੀ ਮਾਰੀ ਗਈ ਜਦੋਂ ਉਹ ਇਕੱਲੇ ਸੁੱਤੇ ਪਏ ਸਨ। ਲਾਸ ਏਂਜਲਸ ਪੁਲਿਸ ਮੁਖੀ ਮੀਸ਼ੈਲ ਮੂਰ ਨੇ ਕਿਹਾ ਕਿ ਸ਼ੱਕੀ ਦੀ ਪਛਾਣ ਜੈਰਿਡ ਜੋਸਫ ਪਾਵੇਲ (33) ਵਜੋਂ ਹੋਈ ਹੈ ਜੋ ਇਕ ਕਾਲਾ ਹੈ ਤੇ ਲਾਸ ਏਂਜਲਸ ਦਾ ਹੀ ਵਸਨੀਕ ਹੈ। ਲਾਸ ਏਂਜਲਸ ਕਾਊਂਟੀ ਸ਼ੈਰਿਫ ਵਿਭਾਗ ਅਨੁਸਾਰ ਉਸ ਨੂੰ ਵਾਹਣਾਂ ਦੀ ਤਲਾਸ਼ ਦੌਰਾਨ ਉਸੇ ਦਿਨ ਗ੍ਰਿਫਤਾਰ ਕੀਤਾ ਗਿਆ ਜਿਸ ਦਿਨ ਤੀਸਰੇ ਬੇਘਰੇ ਵਿਅਕਤੀ ਦੀ ਹੱਤਿਆ ਹੋਈ ਸੀ।

# ਜੇ ਟਰੰਪ ਮੈਦਾਨ 'ਚ ਨਾ ਹੁੰਦਾ ਤਾਂ ਮੈਂ ਵੀ ਮੁੜ ਚੋਣ ਨਾ ਲੜਦਾ: ਬਾਇਡਨ

ਬੌਸਟਨ (ਅਮਰੀਕਾ) : ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਨੇ ਅੱਜ ਚੋਣ ਮੁਹਿੰਮ ਦੇ ਦਾਨੀਆਂ ਨੂੰ ਕਿਹਾ ਕਿ ਜੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਰਾਸ਼ਟਰਪਤੀ ਅਹੁਦੇ ਦੀ ਦੌੜ ਵਿੱਚ ਨਾ ਹੁੰਦੇ ਤਾਂ ਸ਼ਾਇਦ ਉਹ ਦੁਬਾਰਾ ਇਸ ਅਹੁਦੇ ਲਈ ਚੋਣ ਨਾ ਲੜਦੇ। ਯਕੀਨੀ ਤੌਰ 'ਤੇ ਅਸੀਂ ਉਸ ਨੂੰ ਜਿੱਤਣ ਨਹੀਂ ਦੇ ਸਕਦੇ। ਉਨ੍ਹਾਂ ਚਿਤਾਵਨੀ ਦਿੱਤੀ ਕਿ '2024 ਵਿੱਚ ਲੋਕਤੰਤਰ ਵਧੇਰੇ ਖ਼ਤਰੇ ਵਿੱਚ ਹੈ' ਅਤੇ ਟਰੰਪ ਅਤੇ ਉਸ ਦੇ ਸਹਿਯੋਗੀ ਲੋਕਤੰਤਰੀ ਸੰਸਥਾਵਾਂ ਨੂੰ ਤਬਾਹ ਕਰਨ 'ਤੇ ਤੁਲੇ ਹੋਏ ਹਨ। ਰਾਸ਼ਟਰਪਤੀ ਨੇ ਫੰਡ ਇਕੱਠਾ ਕਰਨ ਵਾਲੇ ਸਮਾਗਮ ਨੂੰ ਸੰਬੋਧਨ ਕਰਦਿਆਂ ਲੋਕਾਂ ਨੂੰ ਚਿਤਾਵਨੀ ਦਿੱਤੀ ਕਿ ਜੇ ਸਾਬਕਾ ਰਾਸ਼ਟਰਪਤੀ ਨੇ ਮੁੜ ਵ੍ਹਾਈਟ ਹਾਊਸ 'ਤੇ ਕੰਟਰੋਲ ਦਾ ਦਾਅਵਾ ਕੀਤਾ ਤਾਂ ਕੀ ਹੋ ਸਕਦਾ ਹੈ।

# Valley Real Estate Center



Better Deal will be given from New Builders to Book New home in Mountain House, Tracy, Manteca and lathrop

For agriculture and almond Farm, office building, Farm House and for Truck Yard in Tracy, Manteca, Lathrop and Stockton

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

## Listing

Total 35.5 Young Three Years old Tree Padre and Nonpareil Variety. With Riparian Right From the San Joaquin River. With a Single Family Small Home, IT's Very Desirable Property





Property Address : 27022 River Roadm, Newman CA 95260.

## RANJIT SINGH

VALLEY REAL ESTATE CENTER (OFFICE LIC.: 01392267)

68 E 11TH STREET STE 109, TRACY, CA 95376

OFFICE : 209-956-1000 CELL : 408-355-5700, GBSINGH84@GMAIL.COM

# BASRA
## Heating & Air Conditioning

### ਗਰਮੀਆਂ ਵਿੱਚ ਠੰਡ ਤੇ ਸਰਦੀਆ ਵਿੱਚ ਨਿੱਘ ਦਾ ਦੂਜਾ ਨਾਮ ਹੈ
## ਬਸਰਾ ਹੀਟਿੰਗ ਅਤੇ ਏਅਰ ਕੰਡੀਸ਼ਨਿੰਗ

ਤੁਸੀ ਆਪਣੇ ਸੁਪਨਿਆ ਦੇ ਮਹਿਲ ਆਪਣੇ ਘਰ ਜਾ ਆਪਣੇ ਕਾਰੋਬਾਰ ਉਪਰ ਨਵਾਂ ਹੀਟਿੰਗ ਜਾ ਏਅਰ ਕੰਡੀਸ਼ਨਿੰਗ ਜਾ ਦੋਵੇ ਤਾ ਬਸ ਇਕੋ ਨਾਮ ਯਾਦ ਰੱਖੋ

ਤੁਸੀਂ ਸਾਨੂੰ ਇੱਕ ਕਾਲ ਕਰੋ ਇੱਕ ਕਾਲ ਹੀ ਬਚਾ ਸਕਦੀ ਹੈ

**ਤੁਹਾਡੇ ਢੇਰ ਸਾਰੇ ਪੈਸੇ**




Reasonable price first class work ਅਤੇ

100% ਗਰੰਟੀ

**Basra Heating & Air Conditioning has trained technicians and the right equipment to solve the problem fast and at a reasonable price.**

### AC REPAIR

**Common Air Conditioner Problems Requiring Repair**
**Low or Leaking Refrigerant**
**Broken Belt**
**Compressor Failure**
**Coil Issues**

### Thermostat Concerns

- Repair leaks
- Clean dirty coils or drain lines
- Replace filters
- Refresh refrigerant
- Seal ductwork
- Replace faulty belts, coils, or compressors
- •Secure electrical connections
- Provide general maintenance
- And more



### From Basra Heating & Air Conditioning

"Basra Heating and Air Conditioning have been providing, installing and servicing home and commercial heat systems, air conditioners & ducting and repair for both residential and commercial customers in the Bay Area since 2012. Our team of trained service professionals has extensive experience installing and servicing home and commercial heat systems, air conditioners, & ducting. Regardless of the project, Basra Heating and Air Conditioning have quickly and professionally served the needs of Bay Area & Central Valley. We pride ourselves in offering a unique combination of skilled service technicians and great customer service. Our team is ready to help you with your heating, air conditioning needs."

## ਹੋਰ ਜਾਣਕਾਰੀ ਲਈ ਕਾਲ ਕਰੋ

## ਸ. ਰਜਿੰਦਰ ਸਿੰਘ ਬਸਰਾ (209) 834-6188

## Address: 231 Portico Ln, Tracy, CA 95377

# ਨਾਸਾ ਦੇ ਸਪੇਸ ਸ਼ਟਲ ਤੇ ਉੱਡਣ ਵਾਲੀ ਪਹਿਲੀ ਔਰਤ ਮੈਰੀ ਕਲੀਵ ਦੀ ਹੋਈ ਮੌਤ



ਨਿਊਯਾਰਕ : ਨਾਸਾ ਦੀ ਪੁਲਾੜ ਯਾਤਰੀ ਮੈਰੀ ਕਲੀਵ, ਜੋ 1989 ਵਿੱਚ ਚੈਲੇਂਜਰ ਆਫ਼ਤ ਤੋਂ ਬਾਅਦ ਪੁਲਾੜ ਸ਼ਟਲ ਮਿਸ਼ਨ ’ਤੇ ਉੱਡਣ ਵਾਲੀ ਪਹਿਲੀ ਔਰਤ ਬਣੀ ਸੀ, ਦੀ ਬੀਤੇ ਦਿਨ 76 ਸਾਲ ਦੀ ਉਮਰ ਵਿੱਚ ਮੌਤ ਹੋ ਗਈ। ਮੌਤ ਦਾ ਕਾਰਨ ਫਿਲਹਾਲ ਨਹੀਂ ਦੱਸਿਆ ਗਿਆ। ਨਾਸਾ ਦੇ ਐਸੋਸੀਏਟ ਪ੍ਰਸ਼ਾਸਕ ਬੌਬ ਕੈਬਾਨਾ ਨੇ ਇੱਕ ਬਿਆਨ ਵਿੱਚ ਕਿਹਾ, ‘ਮੈਂ ਦੁਖੀ ਹਾਂ ਕਿ ਅਸੀਂ ਟ੍ਰੇਲ ਬਲੇਜ਼ਰ ਡਾ. ਮੈਰੀ ਕਲੀਵ, ਸ਼ਟਲ ਪੁਲਾੜ ਯਾਤਰੀ, ਦੋ ਪੁਲਾੜ ਉਡਾਣਾਂ ਦੀ ਅਨੁਭਵੀ ਅਤੇ ਵਿਗਿਆਨ ਮਿਸ਼ਨ ਡਾਇਰੈਕਟੋਰੇਟ ਦੀ ਸਹਾਇਕ ਪ੍ਰਸ਼ਾਸਕ ਵਜੋਂ ਅਗਵਾਈ ਕਰਨ ਵਾਲੀ ਪਹਿਲੀ ਔਰਤ ਨੂੰ ਗੁਆ ਦਿੱਤਾ ਹੈ।’ ਉਹਨਾਂ ਅੱਗੇ ਕਿਹਾ, ‘ਮੈਰੀ ਵਿਗਿਆਨ, ਖੋਜ ਅਤੇ ਸਾਡੇ ਗ੍ਰਹਿ ਗ੍ਰਹਿ ਦੀ ਦੇਖਭਾਲ ਲਈ ਜਨੂੰਨ ਵਾਲੀ ਔਰਤ ਸੀ। ਉਸ ਨੂੰ ਹਮੇਸ਼ਾ ਹੀ ਯਾਦ ਰੱਖਿਆ ਜਾਵੇਗਾ।

ਕਲੀਵ ਦੇ ਬਿਆਨ ਅਨੁਸਾਰ -ਉਹ ਗ੍ਰੇਟ ਨੇਕ, ਨਿਊਯਾਰਕ ਦੀ ਵਸਨੀਕ ਸੀ। ਉਸਨੇ ਮਾਈਕ੍ਰੋਬਾਇਲ ਈਕੋਲੋਜੀ ਵਿੱਚ ਮਾਸਟਰ ਅਤੇ ਯੂਟਾਹ ਸਟੇਟ ਯੂਨੀਵਰਸਿਟੀ ਤੋਂ ਸਿਵਲ ਅਤੇ ਵਾਤਾਵਰਣ ਇੰਜੀਨੀਅਰਿੰਗ ਵਿੱਚ ਡਾਕਟਰੇਟ ਹਾਸਲ ਕਰਨ ਤੋਂ ਪਹਿਲਾਂ ਕੋਲੋਰਾਡੋ ਸਟੇਟ ਯੂਨੀਵਰਸਿਟੀ ਵਿੱਚ ਜੀਵ ਵਿਗਿਆਨ ਦਾ ਅਧਿਐਨ ਕੀਤਾ ਸੀ। ਉਸਨੇ 2002 ਵਿੱਚ ਨਾਸਾ ਦੇ ਓਰਲ ਹਿਸਟਰੀ ਪ੍ਰੋਜੈਕਟ ਨੂੰ ਦੱਸਿਆ ਕਿ ਉਹ ਵੱਡੇ ਹੋ ਕੇ ਉੱਡਦੇ ਹਵਾਈ ਜਹਾਜ਼ਾਂ ਨਾਲ ਮੋਹਿਤ ਸੀ ਅਤੇ ਉਸਨੇ ਆਪਣੇ ਡਰਾਈਵਰ ਲਾਇਸੈਂਸ ਤੋਂ ਪਹਿਲਾਂ ਪਾਇਲਟ ਦਾ ਲਾਇਸੈਂਸ ਹਾਸਲ ਕੀਤਾ ਸੀ। ਇੱਕ ਬਿੰਦੂ ’ਤੇ, ਕਲੀਵ ਨੇ ਕਿਹਾ, ਉਹ ਇੱਕ ਫਲਾਈਟ ਅਟੈਂਡੈਂਟ ਬਣਨਾ ਚਾਹੁੰਦੀ ਸੀ, ਪਰ ਉਸਨੇ ਪਾਇਆ ਕਿ 5-ਫੁੱਟ-2 ’ਤੇ, ਉਹ ਉਸ ਸਮੇਂ ਏਅਰਲਾਈਨ ਨਿਯਮਾਂ ਦੇ ਤਹਿਤ ਭੂਮਿਕਾ ਲਈ ਬਹੁਤ ਛੋਟੀ ਸੀ।

ਕਲੀਵ ਨੇ ਕਿਹਾ ਕਿ ਸਕਾਰਾਤਮਕ ਕਾਰਵਾਈ ਨੇ ਉਸ ਦੇ ਜਨੂੰਨ ਲਈ ਰਾਹ ਪੱਧਰਾ ਕਰਨ ਵਿੱਚ ਮਦਦ ਕੀਤੀ, ਜਿਸ ਨਾਲ ਉਸਨੂੰ “-38 ਵਜੋਂ ਜਾਣੇ ਜਾਂਦੇ ਸੁਪਰਸੋਨਿਕ ਜੈੱਟ ਉਡਾਉਣ ਦਾ ਮੌਕਾ ਮਿਲਿਆ। ਉਹ ਇੱਕ ਖੋਜ ਲੈਬ ਵਿੱਚ ਕੰਮ ਕਰ ਰਹੀ ਸੀ ਅਤੇ ਉਟਾਹ ਵਿੱਚ ਆਪਣੀ ਡਾਕਟਰੀ ਪੜ੍ਹਾਈ ਪੂਰੀ ਕਰ ਰਹੀ ਸੀ ਜਦੋਂ ਉਸਨੇ ਇੱਕ ਸਥਾਨਕ ਪੋਸਟ ਆਫਿਸ ਵਿੱਚ ਇੱਕ ਵਿਗਿਆਪਨ ਦੇਖਿਆ ਜਿਸ ਵਿੱਚ ਕਿਹਾ ਗਿਆ ਸੀ ਕਿ ਨਾਸਾ ਪੁਲਾੜ ਯਾਤਰੀ ਕੋਰ ਵਿੱਚ ਸ਼ਾਮਲ ਹੋਣ ਲਈ ਵਿਗਿਆਨੀਆਂ ਦੀ ਖੋਜ ਕਰ ਰਿਹਾ ਹੈ। ਉਸਨੇ ਅਪਲਾਈ ਕੀਤਾ ਅਤੇ 1980 ਵਿੱਚ ਉਸ ਨੂੰ ਚੁਣਿਆ ਗਿਆ ਸੀ। ਉਸ ਨੇ ਆਪਣੇ ਪਹਿਲੇ ਮਿਸ਼ਨ ’ਤੇ, 1985 ਵਿੱਚ ਨਾਸਾ ਦੀ ਸਪੇਸ ਸ਼ਟਲ ਐਟਲਾਂਟਿਸ ’ਤੇ ਉਡਾਣ ਭਰੀ, ਕਲੀਵ ਪੁਲਾੜ ਵਿੱਚ ਯਾਤਰਾ ਕਰਨ ਵਾਲੀ 10ਵੀਂ ਔਰਤ ਬਣ ਗਈ।

# ਅਮਰੀਕਾ ’ਚ ਗ੍ਰੀਨ ਕਾਰਡ ਦੇ ਬੈਕਲਾਗ ਨੂੰ ਘੱਟ ਕਰਨ ਲਈ ਬਿੱਲ ਪੇਸ਼

ਵਾਸ਼ਿੰਗਟਨ : ਅਮਰੀਕਾ ਦੇ ਗ੍ਰੀਨ ਕਾਰਡ ਦਾ ਇੰਤਜ਼ਾਰ ਕਰ ਰਹੇ ਭਾਰਤੀਆਂ ਲਈ ਚੰਗੀ ਖ਼ਬਰ ਹੈ। ਸੰਯੁਕਤ ਰਾਜ ਦੀ ਪ੍ਰਤੀਨਿਧੀ ਪ੍ਰਮਿਲਾ ਜੈਪਾਲ ਦੀ ਅਗਵਾਈ ਵਿੱਚ ਰਿਚ ਮੈਕਕਾਰਮਿਕ ਅਤੇ ਰਾਜਾ ਕ੍ਰਿਸ਼ਣਮੋ ਨਾਲ ਸੰਸਦ ਮੈਂਬਰਾਂ ਦੇ ਇੱਕ ਦੋ-ਪੱਖੀ ਸਮੂਹ ਨੇ ਅਮਰੀਕੀ ਪ੍ਰਤੀਨਿਧੀ ਸਭਾ ਵਿੱਚ ਇੱਕ ਬਿੱਲ ਪੇਸ਼ ਕੀਤਾ ਹੈ, ਜੋ ਰੁਜ਼ਗਾਰ-ਅਧਾਰਤ ਗ੍ਰੀਨ ਕਾਰਡਾਂ ’ਤੇ ਪ੍ਰਤੀ-ਦੇਸ਼ ਦੀ ਸੀਮਾ ਨੂੰ ਖ਼ਤਮ ਕਰੇਗਾ ਅਤੇ ਪਰਿਵਾਰ-ਆਧਾਰਿਤ ਗ੍ਰੀਨ ਕਾਰਡ ਸੀਮਾ ਵਿਚ ਵਾਧਾ ਕਰੇਗਾ। HR6542 ਐਕਟ ਨਾਮਕ ਇਸ ਬਿੱਲ ਦਾ ਉਦੇਸ਼ ਗ੍ਰੀਨ ਕਾਰਡ ਬਿਨੈਕਾਰਾਂ ਦੇ ਲੰਬੇ ਸਮੇਂ ਤੋਂ ਰੁਕੇ ਬੈਕਲਾਗ ਨੂੰ ਹੱਲ ਕਰਨਾ ਹੈ, ਖਾਸ ਤੌਰ ’ਤੇ ਭਾਰਤ ਅਤੇ ਚੀਨ ਵਰਗੇ ਦੇਸ਼ਾਂ ਤੋਂ, ਜਿਨ੍ਹਾਂ ਨੂੰ ਸੰਯੁਕਤ ਰਾਜ ਵਿੱਚ ਸਥਾਈ ਨਿਵਾਸ ਪ੍ਰਾਪਤ ਕਰਨ ਲਈ ਦਹਾਕਿਆਂ ਤੋਂ ਉਡੀਕ ਕਰਨੀ ਪੈਂਦੀ ਹੈ।

ਜੈਪਾਲ ਨੇ ਇਮੀਗ੍ਰੇਸ਼ਨ ਵੌਇਸ ਦੀ ਇੱਕ ਟੈਗ ਕੀਤੀ ਪੋਸਟ ਨਾਲ ਲਿਖਿਆ, ਸਾਡੀ ਇਮੀਗ੍ਰੇਸ਼ਨ ਵੀਜ਼ਾ ਪ੍ਰਣਾਲੀ ਵਿੱਚ ਸੁਧਾਰ ਕਰਨ ਅਤੇ ਇਮੀਗ੍ਰੇਸ਼ਨ ਵੀਜ਼ਾ ਬੈਕਲਾਗ ਦੇ ਸਖ਼ਤ ਪ੍ਰਭਾਵਾਂ ਨੂੰ ਘੱਟ ਕਰਨ ਲਈ @RepMcCormick ਅਤੇ @CongressmanRaja ਨਾਲ ਇਸ ਮਹੱਤਵਪੂਰਨ ਦੋ-ਪੱਖੀ ਬਿੱਲ ਦੀ ਅਗਵਾਈ ਕਰਨ ਵਿੱਚ ਮਦਦ ਕਰਨ ’ਤੇ ਮਾਣ ਮਹਿਸੂਸ ਕਰ ਰਹੀ ਹਾਂ। ਅਸੀਂ ਇਸ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਅਗਲੇ ਹਫ਼ਤੇ ਹਿੱਲ ਦਾ ਦੌਰਾ ਕਰਨ ਦੀ ਉਮੀਦ ਕਰਦੇ ਹਾਂ ਅਤੇ ਦੱਸਾਂਗੇ ਕਿ ਇਹ ਦੋ-ਪੱਖੀ ਬਿੱਲ ਇਸ ਕਾਂਗਰਸ ਨੂੰ ਪਾਸ ਕਰਨਾ ਕਿਉਂ ਜ਼ਰੂਰੀ ਹੈ। ਹਾਲੀਆ ਯੂ.ਐੱਸ ਜੀਡੀਪੀ ਅਨੁਸਾਰ ਭਾਰਤੀ ਪ੍ਰਵਾਸੀਆਂ ਦਾ 1% ਅਮਰੀਕੀ ਅਰਥਵਿਵਸਥਾ ਵਿੱਚ 6% ਯੋਗਦਾਨ ਪਾਉਂਦਾ ਹੈ।




ਜੈਪਾਲ ਦੇ ਇੱਕ ਟਵੀਟ ਦੇ ਅਨੁਸਾਰ ਬਿੱਲ ਪੱਖਪਾਤੀ ਪ੍ਰਤੀ-ਦੇਸ਼ ਸੀਮਾ ਨੂੰ ਖ਼ਤਮ ਕਰੇਗਾ, ਜਿਸ ਨੇ ਸੈਂਕੜੇ ਹਜ਼ਾਰਾਂ ਭਾਰਤੀ ਅਤੇ ਚੀਨੀ ਪ੍ਰਵਾਸੀਆਂ ਨੂੰ ਸਾਲਾਂ ਤੋਂ ਇੰਤਜ਼ਾਰ ਕਰਨ ਲਈ ਮਜਬੂਰ ਕੀਤਾ ਹੈ। ਇਸ ਸਾਰੇ ਆਪਣੇ ਪਰਿਵਾਰਾਂ ਨਾਲ ਦੁਬਾਰਾ ਮਿਲਣ ਜਾਂ ਆਪਣੇ ਭਵਿੱਖ ਦੀ ਯੋਜਨਾ ਬਣਾਉਣ ਵਿੱਚ ਅਸਮਰੱਥ ਹਨ। ਉਸਨੇ ਅੱਗੇ ਕਿਹਾ ਕਿ ਬਿੱਲ ‘ਅਮਰੀਕੀ ਕਾਰੋਬਾਰਾਂ ਨੂੰ ਵਿਸ਼ਵ ਆਰਥਿਕਤਾ ਵਿੱਚ ਮੁਕਾਬਲਾ ਕਰਨ ਅਤੇ ਨਵੀਨਤਾ ਲਿਆਉਣ ਲਈ ਲੋੜੀਂਦੀ ਪ੍ਰਤਿਭਾ ਨੂੰ ਬਰਕਰਾਰ ਰੱਖਣ ਵਿੱਚ ਵੀ ਮਦਦ ਕਰੇਗਾ।’ ਚੰਗੀ ਗੱਲ ਇਹ ਹੈ ਕਿ ਬਿੱਲ ਨੂੰ ਵੱਖ-ਵੱਖ ਇਮੀਗ੍ਰੇਸ਼ਨ ਐਡਵੋਕੇਸੀ ਗਰੁੱਪਾਂ ਤੋਂ ਸਮਰਥਨ ਪ੍ਰਾਪਤ ਹੋਇਆ ਹੈ, ਜਿਵੇਂ ਕਿ ਇਮੀਗ੍ਰੇਸ਼ਨ ਵਾਇਸ, ਜਿਸ ਨੇ ਟਵੀਟ ਕੀਤਾ ਕਿ ਇਹ ਬਿੱਲ ÷ਗਰੀਨ ਕਾਰਡ ਬੈਕਲਾਗ ਵਿੱਚ ਫਸੇ 1.2 ਮਿਲੀਅਨ ਤੋਂ ਵੱਧ ਉੱਚ-ਹੁਨਰਮੰਦ ਪ੍ਰਵਾਸੀਆਂ ਨੂੰ ਰਾਹਤ ਪ੍ਰਦਾਨ ਕਰੇਗਾ, ਜਿਨ੍ਹਾਂ ਵਿੱਚੋਂ ਕੁਝ ਨੂੰ ਉਨ੍ਹਾਂ ਦੇ ਗ੍ਰੀਨ ਕਾਰਡ ਪ੍ਰਾਪਤ ਕਰਨ ਲਈ 134 ਸਾਲ ਤੱਕ ਉਡੀਕ ਕਰਨੀ ਪਵੇਗੀ।

ਯੂ.ਐੱਸ ਸਿਟੀਜ਼ਨਸ਼ਿਪ ਐਂਡ ਇਮੀਗ੍ਰੇਸ਼ਨ ਸਰਵਿਸਿਜ਼ (ਯੂ.ਐਸ.ਸੀ.ਆਈ.ਐਸ.) ਅਨੁਸਾਰ ਰੁਜ਼ਗਾਰ ਅਧਾਰਤ ਗ੍ਰੀਨ ਕਾਰਡ ਬੈਕਲਾਗ ਇਸ ਸਾਲ 1.8 ਮਿਲੀਅਨ ਮਾਮਲਿਆਂ ਦੇ ਨਵੇਂ ਰਿਕਾਰਡ ’ਤੇ ਪਹੁੰਚ ਗਿਆ ਹੈ। ਬੈਕਲਾਗ ਵਿੱਚ ਉਹ ਪ੍ਰਵਾਸੀ ਸ਼ਾਮਲ ਹੁੰਦੇ ਹਨ ਜੋ ਗ੍ਰੀਨ ਕਾਰਡ ਪ੍ਰਾਪਤ ਕਰਨ ਦੀ ਉਡੀਕ ਕਰ ਰਹੇ ਹਨ।

ਈਗਲ (Equal Access to Green Cards for Legal Employment), ਕਾਨੂੰਨੀ ਰੁਜ਼ਗਾਰ ਲਈ ਗ੍ਰੀਨ ਕਾਰਡਾਂ ਦੀ ਬਰਾਬਰ ਪਹੁੰਚ) ਐਕਟ ਨੌਂ ਸਾਲਾਂ ਦੀ ਮਿਆਦ ਵਿੱਚ ਰੁਜ਼ਗਾਰ-ਅਧਾਰਤ ਗ੍ਰੀਨ ਕਾਰਡਾਂ ’ਤੇ ਪ੍ਰਤੀ-ਦੇਸ਼ ਦੀ 7% ਸੀਮਾ ਨੂੰ ਪੜਾਅਵਾਰ ਖ਼ਤਮ ਕਰੇਗਾ ਅਤੇ ਪਰਿਵਾਰ ਦੁਆਰਾ ਸਪਾਂਸਰ ਕੀਤੇ ਗ੍ਰੀਨ ਕਾਰਡਾਂ ’ਤੇ ਪ੍ਰਤੀ-ਦੇਸ਼ ਸੀਮਾ 7% ਤੋਂ 15% ਤੱਕ ਵਧਾ ਦੇਵੇਗਾ। ਈਗਲ ਐਕਟ ਦੇ ਮੌਜੂਦਾ ਕਾਂਗਰਸ ਵਿੱਚ ਪਾਸ ਹੋਣ ਦੀ ਇੱਕ ਬਿਹਤਰ ਸੰਭਾਵਨਾ ਹੈ, ਕਿਉਂਕਿ ਇਸ ਵਿੱਚ ਦੋ-ਪੱਖੀ ਸਹਿ-ਪ੍ਰਾਯੋਜਕ ਅਤੇ ਬਾਈਡੇਨ ਪ੍ਰਸ਼ਾਸਨ ਦਾ ਸਮਰਥਨ ਹੈ। ਬਿੱਲ ਵਿਭਿੰਨਤਾ ਵੀਜ਼ਾ ਪ੍ਰੋਗਰਾਮ ਦੀ ਵੀ ਸੁਰੱਖਿਆ ਕਰੇਗਾ, ਜੋ ਸੰਯੁਕਤ ਰਾਜ ਅਮਰੀਕਾ ਵਿੱਚ ਘੱਟ ਦਰਾਂ ਵਾਲੇ ਇਮੀਗ੍ਰੇਸ਼ਨ ਵਾਲੇ ਦੇਸ਼ਾਂ ਦੇ ਬਿਨੈਕਾਰਾਂ ਨੂੰ ਸਾਲਾਨਾ 50,000 ਗ੍ਰੀਨ ਕਾਰਡ ਅਲਾਟ ਕਰਦਾ ਹੈ। HRFEDB ਬਿੱਲ ਉੱਚ-ਹੁਨਰਮੰਦ ਇਮੀਗ੍ਰੈਂਟਸ ਐਕਟ ਲਈ ਨਿਰਪੱਖਤਾ ਦੇ ਸਮਾਨ ਜਾਪਦਾ ਹੈ, ਜੋ ਕਿ 2019 ਵਿੱਚ ਸਦਨ ਵਿੱਚ ਪਾਸ ਹੋਇਆ ਸੀ ਪਰ ਕੁਝ ਸੈਨੇਟਰਾਂ ਦੇ ਵਿਰੋਧ ਕਾਰਨ ਸੈਨੇਟ ਵਿੱਚ ਰੁਕ ਗਿਆ ਸੀ ਜੋ ਅਮਰੀਕੀ ਕਰਮਚਾਰੀਆਂ ਦੀ ਸੁਰੱਖਿਆ ਅਤੇ ਸਮੁੱਚੇ ਇਮੀਗ੍ਰੇਸ਼ਨ ਪੱਧਰਾਂ ਨੂੰ ਘਟਾਉਣ ਲਈ ਪ੍ਰਬੰਧ ਸ਼ਾਮਲ ਕਰਨਾ ਚਾਹੁੰਦੇ ਸਨ।



# ਵਿਕਾਸ ਪ੍ਰਾਜੈਕਟ ਅਤੇ ਸੁਰੰਗ ਹਾਦਸੇ ਦੇ ਸਬਕ

ਉਤਰਕਾਸ਼ੀ ਵਿਚ ਬਚਾਓ ਅਪਰੇਸ਼ਨ ਸਫ਼ਲਤਾਪੂਰਬਕ ਖਤਮ ਹੋ ਗਿਆ ਹੈ। ਸੁਰੰਗ ਦਾ ਇਕ ਹਿੱਸਾ ਢਹਿ ਜਾਣ ਨਾਲ ਇਸ ਅੰਦਰ ਫਸੇ ਸਾਰੇ ਮਜ਼ਦੂਰਾਂ ਨੂੰ ਭਾਰਤੀ ਅਤੇ ਵਿਦੇਸ਼ੀ ਮਾਹਿਰਾਂ ਨੇ ਸਹੀ ਸਲਾਮਤ ਬਾਹਰ ਕੱਢ ਲਿਆ ਹੈ। ਹਿਮਾਲਿਆਈ ਖਿੱਤੇ ਅੰਦਰ ਵਿਕਾਸ ਦੇ ਕਿਸੇ ਪ੍ਰਾਜੈਕਟ ਨਾਲ ਵਾਪਰਿਆ ਇਹ ਕੋਈ ਪਹਿਲਾ ਹਾਦਸਾ ਨਹੀਂ ਹੈ। ਸਿਲਕਿਆਰਾ ਸੁਰੰਗ ਹਾਦਸੇ ਨਾਲ ਇਸ ਸੰਵੇਦਨਸ਼ੀਲ ਖੇਤਰ ਅੰਦਰ ਚੱਲ ਰਹੇ ਵੱਡੇ ਪ੍ਰਾਜੈਕਟਾਂ ਅਤੇ ਨਾਲ ਹੀ ਅਜਿਹੇ ਪ੍ਰਾਜੈਕਟਾਂ ਦੌਰਾਨ ਹੁੰਦੇ ਹਾਦਸਿਆਂ ਅਪਰੇਸ਼ਨਾਂ ਦੀ ਸੁਰੱਖਿਆ ਦੀ ਤਿਆਰੀ ਨੂੰ ਲੈ ਕੇ ਕਈ ਸਵਾਲ ਖੜ੍ਹੇ ਹੋ ਗਏ ਹਨ।

ਇਹ ਸੁਰੰਗ ਉਸ ਚਾਰ ਧਾਮ ਪ੍ਰਾਜੈਕਟ ਦੀ ਕੜੀ ਹੈ ਜਿਸ ਤਹਿਤ ਬਦਰੀਨਾਥ ਅਤੇ ਕੇਦਾਰਨਾਥ ਜਿਹੇ ਅਹਿਮ ਧਾਰਮਿਕ ਸਥਾਨਾਂ ਨੂੰ ਆਪੋ ਵਿਚ ਜੋੜਨ ਲਈ ਹਰ ਮੌਸਮ ਵਿਚ ਖੁੱਲ੍ਹੇ ਰਹਿਣ ਵਾਲੇ ਚਾਰ ਲੇਨ ਰਾਜਮਾਰਗਾਂ ਦੀ ਉਸਾਰੀ ਕੀਤੀ ਜਾ ਰਹੀ ਹੈ। ਵਾਤਾਵਰਨ ਲਈ ਕੰਮ ਕਰਦੇ ਗਰੁੱਪਾਂ ਵਲੋਂ ਇਸ ਪ੍ਰਾਜੈਕਟ ਦੀ ਆਲੋਚਨਾ ਕੀਤੀ ਜਾਂਦੀ ਰਹੀ ਹੈ ਅਤੇ ਇਸ ਦੇ ਖਿਲਾਫ਼ ਸੁਪਰੀਮ ਕੋਰਟ ਵਿਚ ਕਈ ਜਨ ਹਿੱਤ ਪਟੀਸ਼ਨਾਂ ਦਾਇਰ ਹੋ ਚੁੱਕੀਆਂ ਹਨ। ਕਈ ਸਰਕਾਰੀ ਕਮੇਟੀਆਂ ਇਸ ਪ੍ਰਾਜੈਕਟ ਦੇ ਵੱਖ ਵੱਖ ਪਹਿਲੂਆਂ ਦੀ ਘੋਖ ਕਰਨ ਤੋਂ ਬਾਅਦ ਹਰੀ ਝੰਡੀ ਦਿਖਾ ਚੁੱਕੀਆਂ ਹਨ ਪਰ ਸੁਰੰਗ ਦੇ ਨਿਰਮਾਣ ਦੌਰਾਨ ਵਾਪਰੇ ਹਾਦਸੇ ਨਾਲ ਪੁਰਾਣੇ ਸਾਰੇ ਸ਼ੰਕੇ ਅਤੇ ਤੌਖਲੇ ਇਕ ਵਾਰ ਫਿਰ ਉਭਰ ਕੇ ਸਾਹਮਣੇ ਆ ਗਏ ਹਨ।

ਅਜਿਹਾ ਨਜ਼ਰ ਪੈਂਦਾ ਹੈ ਕਿ ਸੁਰੰਗਸਾਜ਼ੀ ਜੰਗਲਾਂ ਦੀ ਕਟਾਈ ਅਤੇ ਵਾਤਾਵਰਨ ਦੇ ਨੁਕਸਾਨ ਤੋਂ ਬਚਾਓ ਦਾ ਚੰਗਾ ਬਦਲ ਹੈ ਪਰ ਸੁਰੰਗ ਦਾ ਆਕਾਰ ਬਹੁਤ ਅਹਿਮੀਅਤ ਰੱਖਦਾ ਹੈ। ਕੀ ਪਹਾੜੀਆਂ ਲੰਮੀਆਂ ਸੁਰੰਗਾਂ ਕਾਰਨ ਹੋਣ ਵਾਲੇ ਨੁਕਸਾਨ ਨੂੰ ਝੱਲ ਸਕਦੀਆਂ ਹਨ। ਸੰਭਵ ਹੈ ਕਿ ਪ੍ਰਾਜੈਕਟ ਨਾਲ ਜੁੜੀਆਂ ਟੀਮਾਂ ਨੂੰ ਛੋਟੀਆਂ ਸੁਰੰਗਾਂ ਬਣਾਉਣ ਬਾਰੇ ਸੋਚਣਾ ਪੈ ਸਕਦਾ ਹੈ। ਰਾਜਮਾਰਗ ਹੋਣ ਜਾਂ ਫਿਰ ਪਣ ਬਿਜਲੀ ਪ੍ਰਾਜੈਕਟ - ਵੱਡੇ ਢਾਂਚਿਆਂ ਦਾ ਨਿਰਮਾਣ ਕਰਨ ਤੋਂ ਪਹਿਲਾਂ ਸੁਰੰਗਾਂ ਦੇ ਵਾਤਾਵਰਨ ਉਪਰ ਪੈਣ ਵਾਲੇ ਅਸਰਾਂ ਬਾਰੇ ਨਿੱਠ ਕੇ ਅਧਿਐਨ ਕਰਨ ਦੀ ਲੋੜ ਹੈ। ਗ਼ਲਤ ਢੰਗ ਨਾਲ ਸੁਰੰਗਾਂ ਦੇ ਨਿਰਮਾਣ ਦਾ ਜ਼ਮੀਨ ਸਤਹਿ ਹੇਠਲੇ ਜਲ ਸਰੋਤਾਂ ਉਪਰ ਮਾੜਾ ਅਸਰ ਪੈਂਦਾ ਹੈ ਅਤੇ ਇਸ ਨਾਲ ਢਿੱਗਾਂ ਖਿਸਕਣ ਦੀ ਸਮੱਸਿਆ ਪੈਦਾ ਹੁੰਦੀ ਹੈ। ਸੁਰੰਗਾਂ ਕੱਢਣ ਲਈ ਧਮਾਕਾਖੇਜ਼ ਸਮੱਗਰੀ ਦੇ ਇਸਤੇਮਾਲ ਵੀ ਵਾਤਾਵਰਨ ਲਈ ਨੁਕਸਾਨਦਾਇਕ ਹੁੰਦਾ ਹੈ। ਇਸ ਤੋਂ ਇਲਾਵਾ ਹਾਦਸਿਆਂ ਨਾਲ ਨਜਿੱਠਣ ਅਤੇ ਨਿਰਮਾਣ ਕੰਪਨੀਆਂ ਵਲੋਂ ਚੁੱਕੇ ਜਾਂਦੇ ਸੁਰੱਖਿਆ ਕਦਮਾਂ ਨਾਲ ਜੁੜੇ ਸਵਾਲ ਦਾ ਵੀ ਜਵਾਬ ਨਹੀਂ ਮਿਲਦਾ। ਇਕ ਪੂਰੀ ਸੂਰੀ ਜਾਂਚ ਕਰਵਾਉਣ ਤੋਂ ਹੀ ਪਤਾ ਲੱਗ ਸਕੇਗਾ ਕਿ ਕੀ ਸਿਲਕਿਆਰਾ ਪ੍ਰਾਜੈਕਟ ਨਾਲ ਜੁੜੀਆਂ ਕੰਪਨੀਆਂ ਅਤੇ ਸਰਕਾਰੀ ਏਜੰਸੀਆਂ ਦੇ ਕਾਰ ਵਿਹਾਰ 'ਚ ਕਿਸੇ ਤਰ੍ਹਾਂ ਦੀ ਕੋਈ ਉਕਾਈ ਹੋਈ ਸੀ। ਪਹਾੜੀ ਖੇਤਰਾਂ ਵਿਚ ਵੱਡੇ ਪਣ ਬਿਜਲੀ ਪ੍ਰਾਜੈਕਟਾਂ, ਰਾਜਮਾਰਗਾਂ ਅਤੇ ਸੈਰ-ਸਪਾਟੇ ਨਾਲ ਜੁੜੇ ਸਹਾਇਕ ਢਾਂਚੇ ਦੇ ਵਿਕਾਸ ਨਾਲ ਜੁੜੇ ਮੁੱਦੇ ਉਪਰ ਲਗਭਗ ਦੋ ਦਹਾਕਿਆਂ ਤੋਂ ਸੋਚ ਵਿਚਾਰ ਹੋ ਰਹੀ ਹੈ। ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦੇ ਕਾਰਜਕਾਲ ਦੌਰਾਨ ਵਾਤਾਵਰਨ ਦੀ ਰਾਖੀ ਲਈ ਸਰਗਰਮ ਗਰੁਪਾਂ ਵਲੋਂ ਕੀਤੇ ਅੰਦੋਲਨ ਤੋਂ ਬਾਅਦ ਕੁਝ ਵੱਡੇ ਪ੍ਰਾਜੈਕਟਾਂ ਨੂੰ ਠੱਪ ਕਰ ਦਿੱਤਾ ਗਿਆ ਸੀ ਪਰ ਪਿਛਲੇ ਇਕ ਦਹਾਕੇ ਦੌਰਾਨ ਸੁਰੱਖਿਆ ਨੇਮਾਂ ਅਤੇ ਵਾਤਾਵਰਨ ਦੇ ਸਾਰੇ ਸਰੋਕਾਰਾਂ ਨੂੰ ਨਜ਼ਰਅੰਦਾਜ਼ ਕਰਦੇ ਹੋਏ ਪਹਾੜੀ ਖੇਤਰਾਂ ਵਿਚ ਨਿਰਮਾਣ ਸਰਗਰਮੀ ਮੁੜ ਜ਼ੋਰ ਫੜ ਗਈ ਹੈ। ਵਾਤਾਵਰਨਕ ਅਸਰ ਦੇ ਲਾਜ਼ਮੀ ਨਿਰੀਖਣ ਸਮੇਤ ਵੱਖ ਵੱਖ ਕਾਨੂੰਨਾਂ ਅਤੇ ਨੇਮਾਂ ਨੂੰ ਜਾਂ ਤਾਂ ਪੇਤਲਾ ਕਰ ਦਿੱਤਾ ਗਿਆ ਜਾਂ ਫਿਰ ਸਬੰਧਿਤ ਸਰਕਾਰਾਂ ਅਤੇ ਏਜੰਸੀਆਂ ਵਲੋਂ ਇਨ੍ਹਾਂ ਦਾ ਉੱਕਾ ਹੀ ਪਾਲਣ ਨਹੀਂ ਕੀਤਾ ਜਾਂਦਾ।

ਇਸ ਦੌਰਾਨ ਜਲਵਾਯੂ ਤਬਦੀਲੀ ਕਰ ਕੇ ਵਾਤਾਵਰਨ ਵਿਚ ਹੋ ਰਹੀ ਟੁੱਟ-ਭੱਜ ਬਹੁਤ ਜ਼ਿਆਦਾ ਵਧ ਗਈ ਹੈ ਜਿਸ ਕਰ ਕੇ ਮੀਂਹ ਤੇ ਸੋਕੇ ਜਿਹੀਆਂ ਹੱਦ ਦਰਜੇ ਦੀਆਂ ਘਟਨਾਵਾਂ ਅਤੇ ਇਨ੍ਹਾਂ ਨਾਲ ਜੁੜੀਆਂ ਆਫ਼ਤਾਂ ਆਮ ਹੋ ਰਹੀਆਂ ਹਨ। ਇਸ ਤੋਂ ਇਲਾਵਾ ਇਕ ਹੋਰ ਮੁੱਦਾ ਜਿਸ ਨੂੰ ਪੂਰੀ ਤਰ੍ਹਾਂ ਮੁਖ਼ਾਤਬ ਹੋਣ ਦੀ ਲੋੜ ਹੈ, ਉਹ ਹੈ ਪਹਾੜਾਂ ਵਿਚਲੇ ਵਿਕਾਸ ਦੇ ਪ੍ਰਾਜੈਕਟਾਂ ਲਈ ਸੁਰੱਖਿਆ ਅਤੇ ਆਫ਼ਤ ਨਾਲ ਸਿੱਝਣ ਦੀ ਤਿਆਰੀ। ਸੁਰੰਗ ਹਾਦਸਿਆਂ ਦੇ ਕਾਰਨਾਂ ਵੱਲ ਧਿਆਨ ਦੇਣ ਅਤੇ ਨਿਰਮਾਣ ਥਾਵਾਂ 'ਤੇ ਸੁਰੱਖਿਆ ਯਕੀਨੀ ਬਣਾਉਣਾ ਬਹੁਤ ਅਹਿਮ ਕੰਮ ਹੁੰਦਾ ਹੈ। ਬੀਤੇ ਸਮਿਆਂ ਵਿਚ ਉਤਰਾਖੰਡ ਵਿਚ ਵਾਪਰੀਆਂ ਘਟਨਾਵਾਂ ਅਤੇ ਹਾਲ ਹੀ ਵਿਚ ਸਿੱਕਿਮ ਵਿਚ ਗਲੇਸ਼ੀਅਰ ਝੀਲ ਫਟਣ ਕਾਰਨ ਆਏ ਹੜ੍ਹ (ਗਲੋਫ) ਤੋਂ ਇਹ ਗੱਲ ਸਾਫ਼ ਜ਼ਾਹਿਰ ਹੁੰਦੀ ਹੈ। ਆਮ ਤੌਰ 'ਤੇ ਤਕਨੀਕੀ ਮਿਆਰਾਂ ਵਿਚ ਘਾਟ ਅਤੇ ਇਸ ਦੇ ਨਾਲ ਹੀ ਬੱਦਲ ਫਟਣ, ਢਿੱਗਾਂ ਖਿਸਕਣ ਜਿਹੀਆਂ ਕੁਦਰਤੀ ਆਫ਼ਤਾਂ ਕਰ ਕੇ ਹਾਦਸੇ ਵਾਪਰਦੇ ਹਨ। ਸਾਰੇ ਪੱਧਰਾਂ 'ਤੇ ਸਿਖਲਾਈ ਅਤੇ ਸੁਰੱਖਿਆ ਪ੍ਰਬੰਧਾਂ ਵੱਲ ਢੁਕਵਾਂ ਧਿਆਨ ਦੇਣਾ ਪਵੇਗਾ।

ਲੋੜ ਹੈ ਕਿ ਯੋਜਨਾਬੰਦੀ ਦੇ ਪੜਾਅ 'ਤੇ ਹੀ ਬਹੁਤ ਸਾਰੇ ਤਕਨੀਕੀ ਅਤੇ ਵਿਗਿਆਨਕ ਮੁੱਦਿਆਂ ਦਾ ਅਧਿਐਨ ਕਰ ਕੇ ਉਨ੍ਹਾਂ ਨੂੰ ਮੁਖ਼ਾਤਬ ਹੋਇਆ ਜਾਵੇ। ਸਿਲਕਿਆਰਾ ਬਾਰਕੋਟ ਸੁਰੰਗ ਲਈ ਯੋਜਨਾਬੰਦੀ ਅਤੇ ਕਨਸਲਟੈਂਸੀ ਸੇਵਾਵਾਂ ਦੇਣ ਵਾਲੇ ਯੂਰੋਪ ਦੇ ਬਰਨਾਰਡ ਗਰੁਪ ਨੇ ਕਿਹਾ ਸੀ- "ਟੈਂਡਰ ਦੇ ਦਸਤਾਵੇਜ਼ਾਂ ਵਿਚ ਭੂਗੋਲਕ ਸਥਿਤੀਆਂ ਬਾਰੇ ਜੋ ਪੇਸ਼ੀਨਗੋਈ ਕੀਤੀ ਗਈ ਸੀ, ਸੁਰੰਗ ਦੇ ਸੰਚਾਲਨ ਆਰੰਭਤਾ ਤੋਂ ਹੀ ਕਿਤੇ ਵੱਧ ਚੁਣੌਤੀਪੂਰਨ ਸਾਬਿਤ ਹੋ ਰਹੀਆਂ ਹਨ ਜਿਸ ਤੋਂ ਇਨ੍ਹਾਂ ਸਿੱਟਿਆਂ ਦੀ ਪ੍ਰੋੜਤਾ ਹੁੰਦੀ ਹੈ ਕਿ ਖੁਦਾਈ ਦਾ ਪੜਾਅ ਸ਼ੁਰੂ ਕਰਨ ਤੋਂ ਪਹਿਲਾਂ ਹੋਰ ਜ਼ਿਆਦਾ ਪੁਣ-ਛਾਣ ਦੇ ਉਪਰਾਲੇ ਕਰਨ ਦੀ ਲੋੜ ਹੈ।" ਇਸ ਤੋਂ ਸਾਫ਼ ਪਤਾ ਚਲਦਾ ਹੈ ਕਿ ਅਜਿਹੇ ਪ੍ਰਾਜੈਕਟਾਂ ਦੀ ਪ੍ਰਵਾਨਗੀ ਤੋਂ ਪਹਿਲਾਂ ਵਿਆਪਕ ਭੂਗੋਲਕ ਅਧਿਐਨ ਕਰਾਉਣ ਦੀ ਲੋੜ ਹੁੰਦੀ ਹੈ।

ਜੇ ਨਿਰਮਾਣ ਏਜੰਸੀਆਂ ਵਲੋਂ ਸੁਰੱਖਿਆ ਸਬੰਧਾਂ ਨੇਮਾਂ ਜਿਵੇਂ ਬਚਾਓ ਸੁਰੰਗ ਦੀ ਵਿਵਸਥਾ ਆਦਿ ਦਾ ਖਿਆਲ ਰੱਖਿਆ ਹੁੰਦਾ ਤਾਂ ਸੁਰੰਗ ਵਿਚ ਫਸੇ ਮਜ਼ਦੂਰਾਂ ਨੂੰ ਕਾਫ਼ੀ ਸਮਾਂ ਪਹਿਲਾਂ ਹੀ ਸਹੀ ਸਲਾਮਤ ਬਾਹਰ ਕੱਢਿਆ ਜਾ ਸਕਦਾ ਸੀ। ਹੁਣ ਜਦੋਂ ਇਹੋ ਜਿਹਾ ਹਾਦਸਾ ਵਾਪਰ ਚੁੱਕਿਆ ਹੈ ਤਾਂ ਤੇਜ਼ੀ ਨਾਲ ਬਚਾਓ ਕਾਰਜ ਕਰਨ ਦਾ ਸੁਚੱਜਾ ਪ੍ਰਬੰਧ ਕੀਤਾ ਜਾਣਾ ਚਾਹੀਦਾ ਹੈ, ਖ਼ਾਸ ਕਰ ਉਦੋਂ ਜਦੋਂ ਉਤਰਾਖੰਡ ਨੂੰ ਹਾਲੀਆ ਸਾਲਾਂ ਦੌਰਾਨ ਬਹੁਤ ਸਾਰੀਆਂ ਆਫ਼ਤਾਂ ਦਾ ਸਾਹਮਣਾ ਕਰਨਾ ਪਿਆ ਹੈ। ਸਾਰੀਆਂ ਸਬੰਧਿਤ ਏਜੰਸੀਆਂ ਨੂੰ ਇਸ ਕਿਸਮ ਦੀਆਂ ਸਥਿਤੀਆਂ ਨਾਲ ਨਜਿੱਠਣ ਲਈ ਆਪੋ-ਆਪਣੇ ਤਜਰਬੇ ਅਤੇ ਗਿਆਨ ਇਕ ਦੂਜੇ ਨਾਲ ਸਾਂਝੇ ਕਰਨੇ ਚਾਹੀਦੇ ਹਨ।

ਸਿਲਕਿਆਰਾ ਸੁਰੰਗ ਹਾਦਸੇ ਨੂੰ ਇਕਹਿਰੀ ਘਟਨਾ ਸਮਝ ਕੇ ਹਿਮਾਲਿਆ ਵਿਚ ਆਪਣੇ ਕੰਮ ਕਾਰ ਪਹਿਲਾਂ ਵਾਂਗ ਚਲਦੇ ਰੱਖਣਾ ਗ਼ਲਤ ਹੋਵੇਗਾ। ਹਿਮਾਲਿਆਈ ਚੌਗਿਰਦੇ ਨੂੰ ਨਾ ਪੂਰੇ ਹੋ ਸਕਣ ਵਾਲੇ ਨੁਕਸਾਨ ਤੋਂ ਬਚਾਉਣ ਲਈ ਇਹ ਇਕ ਹੋਰ ਪੁਕਾਰ ਹੈ। ਸਾਨੂੰ ਖੇਤਰ ਵਿਚ ਅਖੌਤੀ ਵਿਕਾਸ ਪ੍ਰਾਜੈਕਟਾਂ ਬਾਬਤ ਅਸੁਖਾਵੇਂ ਸਵਾਲ ਪੁੱਛਣ ਦੀ ਲੋੜ ਹੈ। 900 ਕਿਲੋਮੀਟਰ ਲੰਮੇ ਐਕਸਪ੍ਰੈੱਸ ਰਾਜਮਾਰਗ, ਖੇਤਰ ਵਿਚਲੇ ਰੇਲਵੇ ਪ੍ਰਾਜੈਕਟਾਂ (ਜਿਨ੍ਹਾਂ ਲਈ ਘੱਟੋ-ਘੱਟ ਦਰਜਨ ਭਰ ਸੁਰੰਗਾਂ ਦੇ ਨਿਰਮਾਣ ਦੀ ਲੋੜ ਹੈ), ਸੈਰ ਸਪਾਟੇ ਨੂੰ ਬੇਤਹਾਸ਼ਾ ਹੱਲਾਸ਼ੇਰੀ (ਜਿਨ੍ਹਾਂ ਦਾ ਭਾਰ ਪਹਾੜੀਆਂ ਝੱਲਣ ਦੇ ਸਮੱਰਥ ਨਹੀਂ ਹਨ), ਵੱਡੇ ਵੱਡੇ ਪਣ ਬਿਜਲੀ ਪ੍ਰਾਜੈਕਟਾਂ ਆਦਿ ਸਭਨਾਂ ਉਪਰ ਮੁੜ ਵਿਚਾਰ ਕਰਨ ਦੀ ਲੋੜ ਹੈ। ਇਸ ਦਾ ਹਰਗਿਜ਼ ਇਹ ਮਤਲਬ ਨਹੀਂ ਹੈ ਕਿ ਪਹਾੜੀ ਖੇਤਰਾਂ ਦੇ ਲੋਕਾਂ ਨੂੰ ਬਿਜਲੀ, ਰੁਜ਼ਗਾਰ ਜਾਂ ਸ਼ਹਿਰੀ ਖੇਤਰਾਂ ਵਿਚ ਉਪਲਬਧ ਹੋਰ ਸਹੂਲਤਾਂ ਤੋਂ ਵਾਂਝੇ ਰਹਿਣਾ ਪਵੇਗਾ। ਸਵਾਲ ਸਿਰਫ਼ ਇੰਨਾ ਹੈ ਕਿ ਵਾਤਾਵਰਨ ਨੂੰ ਨੁਕਸਾਨ ਪਹੁੰਚਾਏ ਬਗ਼ੈਰ ਅਤੇ ਜਲਵਾਯੂ ਤਬਦੀਲੀ ਵਲੋਂ ਦਰਪੇਸ਼ ਚੁਣੌਤੀ ਨਾਲ ਸਿੱਝਦੇ ਹੋਏ ਇਹ ਸਭ ਕੁਝ ਅਸੀਂ ਕਿਵੇਂ ਹਾਸਲ ਕਰ ਸਕਦੇ ਹਾਂ। ਸਿਲਕਿਆਰਾ ਕਾਂਡ ਜਿਹੇ ਹਾਦਸਿਆਂ ਪ੍ਰਤੀ ਟੁੱਟਵੀਂ ਪਹੁੰਚ ਸਾਨੂੰ ਕਿਤੇ ਨਹੀਂ ਲਿਜਾਵੇਗੀ।

-ਦਿਨੇਸ਼ ਸੀ ਸ਼ਰਮਾ

# ਭਾਜਪਾ ਦੀ ਜਿੱਤ ਦੇ ਮਾਇਨੇ

**ਰਾਧਿਕਾ ਰਾਮਾਸੇਸ਼ਨ**



ਭਾਜਪਾ ਦੀ ਇਹ ਜੇਤੂ ਤਰਜ਼ ਲੰਮੇ ਸਮੇਂ ਤੱਕ ਚੱਲ ਸਕਦੀ ਹੈ। ਕਲਿਆਣਕਾਰੀ ਰਿਆਇਤਾਂ ਅਤੇ ਸਕੀਮਾਂ ਦੇ ਧਰਾਤਲ 'ਤੇ ਹਿੰਦੂ ਅਸਮਿਤਾ/ਮਾਣ ਦਾ ਜਿਹੜਾ ਪੈਕੇਜ 2022 ਵਿਚ ਉੱਤਰ ਪ੍ਰਦੇਸ਼ ਦੀਆਂ ਵਿਧਾਨ ਸਭਾ ਚੋਣਾਂ ਵਿਚ ਕਾਰਗਰ ਸਾਬਿਤ ਹੋਇਆ ਸੀ, ਉਸ ਨੇ ਇਕ ਵਾਰ ਫਿਰ ਮੱਧ ਪ੍ਰਦੇਸ਼, ਛੱਤੀਸਗੜ੍ਹ ਅਤੇ ਰਾਜਸਥਾਨ ਦੀਆਂ ਚੋਣਾਂ ਵਿਚ ਰੰਗ ਦਿਖਾਇਆ ਹੈ; ਸੰਭਵ ਹੈ ਕਿ ਆਉਣ ਵਾਲੀਆਂ ਲੜਾਈਆਂ ਵਿਚ ਪਾਰਟੀ ਦੀ ਟੇਕ ਇਸੇ ਫਾਰਮੂਲੇ 'ਤੇ ਰਹੇਗੀ। ਇਸ ਤੋਂ ਇਲਾਵਾ ਇਸ ਵਿਚ ਵਿਰੋਧੀ ਪਾਰਟੀਆਂ ਦੇ ਮੁੱਖ ਮੰਤਰੀਆਂ ਖਿਲਾਫ਼ ਦੁਰਾਚਾਰ ਦੇ ਦੋਸ਼ਾਂ ਦਾ ਤੜਕਾ ਵੀ ਲਾਇਆ ਜਿਨ੍ਹਾਂ ਇੰਨੇ ਅਸਰਦਾਰ ਢੰਗ ਨਾਲ ਕੰਮ ਕੀਤਾ ਕਿ ਉਹ (ਮੁੱਖ ਮੰਤਰੀ) ਆਪਣੇ ਹਮਰੁਤਬਾ ਭਾਜਪਾ ਆਗੂਆਂ ਨੂੰ ਘੇਰਨ ਦੀ ਬਜਾਇ ਇਨ੍ਹਾਂ ਦੋਸ਼ਾਂ ਦਾ ਜਵਾਬ ਦੇਣ ਵਿਚ ਹੀ ਉਲਝ ਕੇ ਰਹਿ ਗਏ।

ਇਸ ਤੋਂ ਕੀ ਸਾਬਿਤ ਹੁੰਦਾ ਹੈ? ਬਹੁਗਿਣਤੀ ਦੇ ਮਨਮਸਤਕ ਵਿਚ ਇਹ ਹੈ ਕਿ ਭਾਜਪਾ ਕੋਈ ਗ਼ਲਤ ਕੰਮ ਕਰ ਨਹੀਂ ਸਕਦੀ ਅਤੇ ਵਿਰੋਧੀ ਪਾਰਟੀਆਂ ਕੋਈ ਕੰਮ ਵੀ ਠੀਕ ਨਹੀਂ ਕਰਦੀਆਂ। ਹਿੰਦੀ ਪੱਟੀ ਦੇ ਇਨ੍ਹਾਂ ਤਿੰਨ ਅਹਿਮ ਸੂਬਿਆਂ ਵਿਚ ਭਾਜਪਾ ਦੀ ਹੂੰਝਾ ਫੇਰੂ ਜਿੱਤ ਦਾ ਕੇਂਦਰੀ ਸੰਦੇਸ਼ ਇਹੀ ਜਾਪਦਾ ਹੈ। ਇਨ੍ਹਾਂ ਚੋਣ ਨਤੀਜਿਆਂ ਤੋਂ ਇਕ ਵਾਰ ਫਿਰ ਬਹੁਤ ਹੀ ਅਹਿਮ ਇਸ ਪੱਟੀ ਉਪਰ ਭਾਜਪਾ ਦੇ ਦਬਦਬੇ ਦੀ ਪ੍ਰੋੜਤਾ ਹੁੰਦੀ ਹੈ ਅਤੇ ਇਸ ਨਾਲ ਲੋਕ ਸਭਾ ਚੋਣਾਂ ਵਿਚ ਸਿਆਸੀ ਪਾਰਟੀਆਂ ਦੀ ਹੋਣੀ ਤੈਅ ਹੁੰਦੀ ਹੈ।

ਕਾਂਗਰਸ ਲਈ ਇਕਮਾਤਰ ਧਰਵਾਸ ਵਾਲੀ ਗੱਲ ਇਹ ਰਹੀ ਹੈ ਕਿ ਇਸ ਨੇ ਤਿਲੰਗਾਨਾ ਵਿਚ ਭਾਰਤ ਰਾਸ਼ਟਰ ਸਮਿਤੀ (ਬੀਆਰਐੱਸ) ਨੂੰ ਪਛਾੜ ਕੇ ਸੱਤਾ ਹਾਸਲ ਕਰ ਲਈ ਹੈ ਪਰ ਬੀਆਰਐੱਸ ਖੇਤਰੀ ਪਾਰਟੀ ਹੈ ਜਿਸ ਦਾ ਕੱਦ ਬੁੱਤ ਭਾਜਪਾ ਜਿੱਡਾ ਬਿਲਕੁੱਲ ਵੀ ਨਹੀਂ ਹੈ। ਹਿੰਦੀ ਪੱਟੀ ਵਿਚ ਕਾਂਗਰਸ ਦੀ ਹਾਰ ਨਾਲ ਇਸ ਦਾ ਇਹ ਦਾਅਵਾ ਕਮਜ਼ੋਰ ਪੈਂਦਾ ਹੈ ਕਿ ਇਹ ਦੇਸ਼ ਦੇ ਪ੍ਰਮੁੱਖ ਖੇਤਰਾਂ ਵਿਚ ਭਾਜਪਾ ਨੂੰ ਟੱਕਰ ਦੇਣ ਵਾਲੀ ਇਕਲੌਤੀ ਧਿਰ ਹੈ। ਇਸ ਦਾ ਨਰਿੰਦਰ ਮੋਦੀ ਦੀ ਅਗਵਾਈ ਹੇਠਲੇ ਜੰਗੀ ਬੇੜੇ ਨਾਲ ਕੋਈ ਮੁਕਾਬਲਾ ਨਜ਼ਰ ਨਹੀਂ ਆਉਂਦਾ।

ਕਾਂਗਰਸ ਨੇ ਕਲਿਆਣਕਾਰੀ ਪਿੱਚ ਉਪਰ ਭਾਜਪਾ ਨਾਲ ਮੁਕਾਬਲਾ ਕਰਨ ਦੀ ਕੋਸ਼ਿਸ਼ ਕੀਤੀ ਹੈ। ਰਾਜਸਥਾਨ ਅਤੇ ਛੱਤੀਸਗੜ੍ਹ ਵਿਚ ਇਸ ਨੇ ਪ੍ਰੋਗਰਾਮ ਦੇ ਮੁਕਾਬਲੇ ਪ੍ਰੋਗਰਾਮ, ਵਾਅਦੇ ਦੇ ਮੁਕਾਬਲੇ ਵਾਅਦਾ ਪੇਸ਼ ਕਰ ਕੇ ਆਪਣੀ ਵਿਰੋਧੀ ਧਿਰ ਦੇ ਹਾਣ ਦਾ ਬਣਨ ਦੀ ਕੋਸ਼ਿਸ਼ ਕੀਤੀ ਹੈ। ਕਰਨਾਟਕ ਵਿਚ ਆਪਣੇ ਚੋਣ ਮਨੋਰਥ ਪੱਤਰ ਵਿਚ ਦਿੱਤੀਆਂ ਗਾਰੰਟੀਆਂ ਦੀ ਸਫ਼ਲਤਾ ਤੋਂ ਹੌਸਲਾ ਪਾ ਕੇ ਕਾਂਗਰਸ ਨੇ ਆਪਣੀ ਸੱਤਾ ਵਾਲੇ ਦੋ ਸੂਬਿਆਂ ਵਿਚ ਇਸ ਉਪਰ ਅਮਲ ਕੀਤਾ ਅਤੇ ਮੱਧ ਪ੍ਰਦੇਸ਼ ਵਿਚ ਲਾਗੂ ਕਰਨ ਦਾ ਵਾਅਦਾ ਕੀਤਾ ਸੀ। ਕਾਂਗਰਸ ਦੀ ਪ੍ਰਤੱਖ ਨਾਕਾਮੀ ਇਸ ਗੱਲ ਵਿਚ ਰਹੀ ਕਿ ਇਹ ਵੋਟਰਾਂ ਨੂੰ ਇਹ ਜਚਾ ਨਹੀਂ ਸਕੀ ਕਿ ਇਹ ਸਮਤਾਵਾਦੀ ਕਲਿਆਣਕਾਰੀ ਮਾਡਲ ਦੀ ਪੈਰਵੀ ਕਰਦੀ ਹੈ ਜਿਸ ਕਰ ਕੇ ਸੱਤਾ ਵਿਰੋਧੀ ਭਾਵਨਾਵਾਂ ਦੇ ਸਵਾਲਾਂ ਨੇ ਸਿਰ ਚੁੱਕ ਲਿਆ। ਚੋਣਾਂ ਤੋਂ ਪਹਿਲਾਂ ਕੀਤੇ ਕੁਝ ਵਾਅਦਿਆਂ ਉਪਰ ਅਮਲ ਕਰਨ ਨਾਲ ਤੁਹਾਨੂੰ ਇਕ ਵਾਰ ਫਿਰ ਸੱਤਾ ਹਾਸਲ ਹੋਣ ਦੀ ਗਾਰੰਟੀ ਨਹੀਂ ਹੁੰਦੀ; ਇਸੇ ਤਰ੍ਹਾਂ ਭਰੋਸੇ 'ਤੇ ਪੂਰੇ ਨਾ ਉਤਰ ਸਕਣ ਦੀ ਕਿਸੇ ਕਮੀ ਦਾ ਮਤਲਬ ਇਹ ਨਹੀਂ ਹੈ ਕਿ ਵੋਟਰਾਂ ਨੇ ਉਸ ਨੂੰ ਰੱਦ ਕਰ ਦਿੱਤਾ ਹੈ।

ਤਿੰਨ ਸੂਬਿਆਂ ਦੇ ਚੁਣਾਵੀ ਫ਼ਤਵੇ ਹਾਲੀਆ ਭਾਰਤੀ ਰਾਜਨੀਤੀ ਦੀਆਂ ਮਾਨਤਾਵਾਂ ਨੂੰ ਉਲਟਾਅ ਦਿੱਤਾ ਹੈ। ਕਾਂਗਰਸ ਇਸ ਗੱਲ ਦੀ ਕਾਇਲ ਸੀ ਕਿ ਰਾਜਸਥਾਨ ਤੇ ਛੱਤੀਸਗੜ੍ਹ ਵਿਚ ਮੌਜੂਦਾ ਮੁੱਖ ਮੰਤਰੀਆਂ ਅਸ਼ੋਕ ਗਹਿਲੋਤ ਤੇ ਭੁਪੇਸ਼ ਬਘੇਲ ਅਤੇ ਮੱਧ ਪ੍ਰਦੇਸ਼ ਵਿਚ ਕਮਲ ਨਾਥ ਨੂੰ ਮੁੱਖ ਮੰਤਰੀ ਦੇ ਅਹੁਦੇ ਲਈ ਉਮੀਦਵਾਰ ਵਜੋਂ ਉਭਾਰਨ ਨਾਲ ਇਸ ਨੂੰ ਫ਼ਾਇਦਾ ਮਿਲੇਗਾ; ਭਾਜਪਾ ਨੇ ਇਨ੍ਹਾਂ ਸੂਬਿਆਂ ਵਿਚ ਕਿਸੇ ਵੀ ਆਗੂ ਨੂੰ ਮੁੱਖ ਮੰਤਰੀ ਵਜੋਂ ਨਾ ਉਭਾਰਨ ਦਾ ਫ਼ੈਸਲਾ ਕੀਤਾ ਸੀ। ਭਾਜਪਾ ਦੀ ਇਹ ਪਹਿਲਕਦਮੀ ਪਾਰਟੀ ਦੀ ਕੇਂਦਰੀ ਕਮਾਂਡ ਅਤੇ ਰਾਜਸਥਾਨ ਤੇ ਮੱਧ ਪ੍ਰਦੇਸ਼ ਵਿਚ ਵਸੁੰਧਰਾ ਰਾਜੇ ਤੇ ਸ਼ਿਵਰਾਜ ਸਿੰਘ ਚੌਹਾਨ ਵਿਚਕਾਰ ਦੇਖੇ ਜਾ ਰਹੇ ਤਣਾਅ ਦੀ ਪੈਦਾਵਾਰ ਸੀ। ਛੱਤੀਸਗੜ੍ਹ ਵਿਚ ਇਹ ਸੰਕੇਤ ਦਿੱਤੇ ਜਾ ਰਹੇ ਸਨ ਕਿ 2018 ਦੀਆਂ ਚੋਣਾਂ ਵਿਚ ਹਾਰ ਤੋਂ ਬਾਅਦ ਭਾਜਪਾ ਨੇ ਰਮਨ ਸਿੰਘ ਨੂੰ ਕਿਨਾਰੇ ਕਰ ਦਿੱਤਾ ਹੈ।

ਇਸ ਲਈ ਅਜਿਹਾ ਕੀ ਸੀ ਜੋ ਭਾਜਪਾ ਦੇ ਹੱਕ ਵਿਚ ਭੁਗਤਿਆ ਅਤੇ ਉਹ ਕਾਂਗਰਸ ਲਈ ਕਾਰਆਮਦ ਨਹੀਂ ਹੋ ਸਕਿਆ? ਮੱਧ ਪ੍ਰਦੇਸ਼ ਨੂੰ 'ਚੌਹਾਨ ਦਾ ਥਕੇਵਾਂ' ਮਹਿਸੂਸ ਹੋ ਰਿਹਾ ਸੀ ਜਿੱਥੇ ਉਹ 2005 ਤੋਂ ਲਗਭਗ ਲਗਾਤਾਰ ਸੱਤਾ ਮਾਣਦੇ ਰਹੇ ਹਨ ਜਿਸ ਦੌਰਾਨ ਕਰੀਬ ਸਾਲ ਕੁ ਵਾਸਤੇ ਕਾਂਗਰਸ ਨੂੰ ਸੱਤਾ ਵਿਚ ਪਰਤਣ ਦਾ ਮੌਕਾ ਮਿਲਿਆ ਸੀ। ਮਾਰਚ 2020 ਵਿਚ ਕਾਂਗਰਸ ਦੇ ਕਈ ਵਿਧਾਇਕ ਭਾਜਪਾ ਦੇ ਖੇਮੇ ਵਿਚ ਸ਼ਾਮਲ ਹੋ ਗਏ ਸਨ ਤੇ ਇੰਝ ਫਿਰ ਚੌਹਾਨ ਦੀ ਸਰਕਾਰ ਬਣ ਗਈ ਸੀ। ਬਿਨਾਂ ਕਿਸੇ ਆਗੂ ਤੋਂ ਚੋਣਾਂ ਵਿਚ ਜਾਣ ਦਾ ਫ਼ੈਸਲਾ ਇਕ ਹੋਰ ਕਾਰਨ ਕਰ ਕੇ ਜੋਖ਼ਮ ਭਰਿਆ ਹੋ ਸਕਦਾ ਸੀ। ਚੌਹਾਨ ਅਤੇ ਵਸੁੰਧਰਾ ਦੀਆਂ ਆਪੋ-ਆਪਣੇ ਸਿਆਸੀ ਖੇਤਰ ਵਿਚ ਗਹਿਰੀਆਂ ਜੜ੍ਹਾਂ ਹਨ ਅਤੇ ਫਿਰ ਭਾਵੇਂ ਉਹ ਸੱਤਾ ਵਿਚ ਹੋਣ ਜਾਂ ਸੱਤਾ ਤੋਂ ਬਾਹਰ ਹੋਣ, ਉਨ੍ਹਾਂ ਦੀਆਂ ਜੜ੍ਹਾਂ ਨੂੰ ਹਿਲਾਉਣਾ ਐਨਾ ਸੌਖਾ ਕੰਮ ਨਹੀਂ ਹੈ। ਵਸੁੰਧਰਾ ਦੀ ਪੁਜੀਸ਼ਨ ਨੂੰ ਭਾਜਪਾ ਦੀਆਂ ਪਹਿਲੀਆਂ ਸਰਕਾਰਾਂ ਵੇਲੇ ਵੀ ਚੁਣੌਤੀ ਦਿੱਤੀ ਜਾ ਚੁੱਕੀ ਹੈ ਪਰ ਉਨ੍ਹਾਂ ਨੇ ਆਪਣੇ ਹਮਾਇਤੀ ਵਿਧਾਇਕਾਂ ਦੀ ਸੰਖਿਆ ਜੁਟਾ ਕੇ ਹਾਈ ਕਮਾਂਡ ਨੂੰ ਸੋਚੀਂ ਪਾ ਦਿੱਤਾ ਸੀ। ਜ਼ਾਹਿਰ ਹੈ ਕਿ ਇਸ ਵੇਲੇ ਪਾਰਟੀ ਹਾਈ ਕਮਾਂਡ ਨੂੰ ਇਸ ਦੀ ਕੋਈ ਖਾਸ ਚਿੰਤਾ ਨਹੀਂ ਹੈ, ਫਿਰ ਵੀ ਇਨ੍ਹਾਂ ਦੋਵੇਂ ਆਗੂਆਂ ਵਲੋਂ ਪਾਰਟੀ ਅੰਦਰ ਨਾਰਾਜ਼ਗੀ ਨੂੰ ਹਵਾ ਦੇਣ ਦੀਆਂ ਕੁਝ ਰਿਪੋਰਟਾਂ ਆਈਆਂ ਸਨ। ਇਵੇਂ ਲਗਦਾ ਹੈ ਕਿ ਚੌਹਾਨ ਆਪਣੇ ਵਾਪਸੀ ਦੇ ਆਸਾਰ ਨੂੰ ਕਿਸੇ ਤਰ੍ਹਾਂ ਵਿਗਾੜਨ ਤੋਂ ਬਚ ਕੇ ਚੱਲ ਰਹੇ ਹਨ; ਵਸੁੰਧਰਾ ਨੂੰ ਆਪਣੇ ਪੁੱਤਰ ਅਤੇ ਲੋਕ ਸਭਾ ਦੇ ਸੰਸਦ ਮੈਂਬਰ ਦੁਸ਼ਿਅੰਤ ਸਿੰਘ ਦੇ ਭਵਿੱਖ ਬਾਰੇ ਵੀ ਸੋਚਣਾ ਪਵੇਗਾ।

ਦੂਜੇ ਪਾਸੇ, ਕਾਂਗਰਸ ਵਿਚ ਰਾਜਸਥਾਨ 'ਚ ਅਸ਼ੋਕ ਗਹਿਲੋਤ ਤੇ ਸਚਿਨ ਪਾਇਲਟ ਵਿਚਕਾਰ ਅਤੇ ਛੱਤੀਸਗੜ੍ਹ 'ਚ ਭੁਪੇਸ਼ ਬਘੇਲ ਤੇ ਟੀਐੱਸ ਸਿੰਘਦਿਓ ਵਿਚਕਾਰ ਖਹਿਬਾਜ਼ੀ ਹੈ। ਉਂਝ, ਮੱਧ ਪ੍ਰਦੇਸ਼ ਵਿਚ ਕਮਲ ਨਾਥ ਅਤੇ ਉਨ੍ਹਾਂ ਦੇ ਹਮਦਰਦ ਦਿਗਵਿਜੈ ਸਿੰਘ ਵਿਚਕਾਰ ਬਾਹਰੀ ਤੌਰ 'ਤੇ ਦੋਸਤਾਨਾ ਰਿਸ਼ਤੇ ਨਜ਼ਰ ਆ ਰਹੇ ਹਨ, ਅੰਦਰੂਨੀ ਤੌਰ 'ਤੇ ਖਿੱਚੋਤਾਣ ਹੈ। ਸਭ ਤੋਂ ਵਧ ਕੇ ਇਹ ਗੱਲ ਹੈ ਕਿ ਇਸ ਚੋਣ ਨਤੀਜਿਆਂ ਨੇ ਅਸਲ ਅਤੇ ਨਕਲ ਵਿਚਕਾਰ ਨਿਖੇੜਾ ਕਰ ਦਿੱਤਾ ਹੈ। ਮੱਧ ਪ੍ਰਦੇਸ਼ ਵਿਚ ਕਾਂਗਰਸ ਨੇ ਭਾਜਪਾ ਨੂੰ 'ਹਿੰਦੂਤਵ ਦੀ ਖੇਡ' ਵਿਚ ਪਟਕਣੀ ਦੇਣ ਦੀ ਕੋਸ਼ਿਸ਼ ਕੀਤੀ ਸੀ। ਪਾਰਟੀ ਦੀ ਇਹ ਰੀਤ ਉਦੋਂ ਤੋਂ ਹੈ ਜਦੋਂ ਕਮਲ ਨਾਥ ਗੁਜਰਾਤ ਵਿਚ ਪਾਰਟੀ ਦੀ ਚੋਣ ਪ੍ਰਚਾਰ ਮੁਹਿੰਮ ਦੀ ਦੇਖ ਰੇਖ ਕਰ ਰਹੇ ਸਨ। ਛੱਤੀਸਗੜ੍ਹ ਵਿਚ ਬਘੇਲ ਨੇ ਵੀ ਕਈ ਮੰਚਾਂ 'ਤੇ ਰਾਮ ਮੰਤਰ ਅਪਣਾਉਣ ਦਾ ਜਿ ?ਕਰ ਕੀਤਾ ਸੀ। ਸਿਰਫ਼ ਗਹਿਲੋਤ ਨੇ ਆਪਣੇ ਕਲਿਆਣਕਾਰੀ ਏਜੰਡੇ ਉਪਰ ਨੀਝ ਲਾਈ। ਕੀ ਕੋਈ ਪਾਰਟੀ ਹਿੰਦੂਤਵ ਦਾ ਚੋਗਾ ਪਹਿਨ ਕੇ ਇਸ ਦੀ ਅਲੰਬਰਦਾਰ ਪਾਰਟੀ ਨੂੰ ਪਛਾੜ ਦੇਣ ਦੀ ਆਸ ਕਰ ਸਕਦੀ ਸੀ? ਬਘੇਲ ਨੂੰ ਇਸ ਦੁਚਿੱਤੀ ਦਾ ਖਮਿਆਜ਼ਾ ਭੁਗਤਣਾ ਪਿਆ।

ਭਾਜਪਾ ਨੇ ਚਰਚ ਵਲੋਂ ਆਦਿਵਾਸੀਆਂ ਦਾ ਧਰਮ ਪਰਿਵਰਤਨ ਕਰਵਾਉਣ ਦੇ ਦੋਸ਼ ਲਾਏ ਸਨ ਜੋ ਉਹ ਕਦੇ ਸਿੱਧ ਤਾਂ ਨਾ ਕਰ ਸਕੀ ਪਰ ਬਘੇਲ ਇਨ੍ਹਾਂ ਦਾ ਜਵਾਬ ਨਾ ਦੇ ਸਕੇ। ਜਦੋਂ ਸਰਗੁਜਾ ਅਤੇ ਬਸਤਰ ਦੇ ਆਦਿਵਾਸੀ ਬਹੁਗਿਣਤੀ ਖੇਤਰ ਵਿਚ ਫਿਰਕੂ ਹਿੰਸਾ ਭੜਕੀ ਤਾਂ ਈਸਾਈਆਂ ਨੇ ਕਾਂਗਰਸ ਸਰਕਾਰ 'ਤੇ ਉਨ੍ਹਾਂ ਦੀ ਸੁਰੱਖਿਆ ਕਰਨ ਵਿਚ ਨਾਕਾਮ ਰਹਿਣ ਦਾ ਦੋਸ਼ ਲਾਇਆ ਅਤੇ ਇਹ ਵੀ ਕਿਹਾ ਕਿ ਪ੍ਰਸ਼ਾਸਨ ਜਨਜਾਤੀ ਸੁਰਕਸ਼ਾ ਮੰਚ ਜਿਹੀਆਂ ਆਰਐੱਸਐੱਸ ਨਾਲ ਜੁੜੀਆਂ ਜਥੇਬੰਦੀਆਂ ਦੇ ਇਸ਼ਾਰੇ 'ਤੇ ਚੱਲ ਰਿਹਾ ਹੈ। ਕਾਂਗਰਸ ਦੇ ਇਸ ਧਰਮ ਸੰਕਟ ਦਾ ਭਾਜਪਾ ਨੇ ਖ਼ੂਬ ਲਾਹਾ ਲਿਆ ਤੇ ਹਿੰਦੂਆਂ ਨਾਲ ਹਮਦਰਦੀ ਜਤਾਈ ਅਤੇ ਅਪਰੈਲ ਮਹੀਨੇ ਹੋਈ ਫਿਰਕੂ ਹਿੰਸਾ ਵਿਚ ਮਾਰੇ ਗਏ ਨੌਜਵਾਨ ਦੇ ਪਿਤਾ ਈਸ਼ਵਰ ਸਾਹੂ ਨੂੰ ਚੋਣਾਂ ਵਿਚ ਟਿਕਟ ਦਿੱਤੀ।

ਕਾਂਗਰਸ ਲਈ ਤਿਲੰਗਾਨਾ ਇਕਮਾਤਰ ਧਰਵਾਸ ਦਾ ਟਿਕਾਣਾ ਬਣ ਕੇ ਆਇਆ ਜਿੱਥੇ ਇਸ ਨੇ ਰੇਵੰਤ ਰੈਡੀ ਨੂੰ ਵਾਗਡੋਰ ਸੌਂਪੀ ਅਤੇ ਵਧੀਆ ਚੋਣ ਨਤੀਜਾ ਹਾਸਲ ਕੀਤਾ। ਰੈਡੀ ਤੇਲਗੂ ਦੇਸਮ ਪਾਰਟੀ ਤੋਂ ਟੁੱਟ ਕੇ ਕਾਂਗਰਸ ਵਿਚ ਆਏ ਸਨ। ਕਾਂਗਰਸ ਅੰਦਰ ਨਵੀਂ ਰੂਹ ਫੂਕਣ ਦੇ ਅਮਲ ਦੀ ਸ਼ੁਰੂਆਤ ਸੂਬਾਈ ਆਗੂਆਂ ਨੂੰ ਉਭਾਰਨ ਨਾਲ ਹੋਣੀ ਹੈ ਪਰ ਇਹ ਜਿੱਡਾ ਵੱਡਾ ਕਾਰਜ ਹੈ, ਉਸ ਹਿਸਾਬ ਨਾਲ ਇਸ ਗੱਲ ਦੇ ਆਸਾਰ ਘੱਟ ਹਨ ਕਿ ਪਾਰਟੀ ਨਵੀਆਂ ਪ੍ਰਤਿਭਾਵਾਂ ਨੂੰ ਆਪਣੇ ਵੱਲ ਖਿੱਚ ਸਕੇਗੀ। ਲੋਕ ਸਭਾ ਚੋਣਾਂ ਲਈ ਕੁਝ ਮਹੀਨੇ ਹੀ ਬਾਕੀ ਹਨ ਅਤੇ ਵਿਰੋਧੀ ਧਿਰ ਲਈ ਫੌਰੀ ਚੁਣੌਤੀ ਇਹ ਹੈ ਕਿ 'ਇੰਡੀਆ' ਗੱਠਜੋੜ ਨੂੰ ਮਜ਼ਬੂਤ ਕੀਤਾ ਜਾਵੇ। ਕਾਂਗਰਸ ਨੂੰ ਆਸ ਸੀ ਕਿ ਪੰਜਾਂ 'ਚੋਂ ਤਿੰਨ ਸੂਬਿਆਂ ਵਿਚ ਜਿੱਤ ਦਰਜ ਕਰਨ ਨਾਲ ਦੂਜੀਆਂ ਖੇਤਰੀ ਪਾਰਟੀਆਂ ਦੇ ਸਾਹਮਣੇ ਉਸ ਦੀ ਪੁਜ਼ੀਸ਼ਨ ਮਜ਼ਬੂਤ ਬਣ ਜਾਵੇਗੀ ਪਰ ਹੁਣ ਮਾਤਰ ਇਕ ਸੂਬੇ ਵਿਚ ਜਿੱਤ ਨਾਲ ਇਸ ਦਾ ਕੰਮ ਕਾਫ਼ੀ ਔਖਾ ਹੋ ਗਿਆ ਜਾਪਦਾ ਹੈ।

ਮੁੱਖ ਸੰਪਾਦਕ: **ਸਤਨਾਮ ਸਿੰਘ ਖਾਲਸਾ**, ਸਟੂਡੈਂਟ ਐਡੀਟਰ: **ਹਰਕਰਨ ਸਿੰਘ**,
ਅਸਿਸਟੈਂਟ ਸੰਪਾਦਕ: **ਰਵਿੰਦਰ ਸਿੰਘ ਟਾਂਡਾ**, ਜਨਰਲ ਮੈਨੇਜਰ: **ਹਰਪਾਲ ਸਿੰਘ**

ਸਾਡੇ ਲੋਕ SADE LOK

**Office : (925) 243-1300 | Cell : (510) 706-1300 | Fax : (925) 373-1300 | India : 783 706 1300**
**1406 Janis CT Livermore CA 94551**

Disclaimer : Sade Lok Weekly Punjabi Newspaper and People associated with it are not responsible are any chaims made advertisers and do not endorse any product or services advertised in the Sade Lok weekly Punjabi Newspaper. Printing in California and Distributed all over the USA. Please Consult your lawyer before buying-hiring-contracting throgh the advertisement. Publish in Sade Lok Weekly Newspaper. In the Business of selling Space and claims made by the advertiser are not tested.

ALL DISPUTES SUBJECTED TO THE COUNTY OF ALAMEDA CALIFORINA. ਲੇਖਕ ਦੇ ਵਿਚਾਰਾਂ ਨਾਲ ਸੰਪਾਦਕ ਦਾ ਅਤੇ ਅਦਾਰਾ ਸਾਡੇ ਲੋਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।



**Gurdip Singh Sandhu** Homeopathic Consultant

Experienced since 1973 as prof principal chief medical office in homeopathic medical college in india. Host various news papers tv and radio station all over world for "SEHAT VIGYAN" a lecture series of creation of "life from life" and it's health problems/ diseases begining to end of life.

**Dublin ca 94568 Ph. : (408) 687-1899**
**Email: homeomedicine@yahoo.com**
**http://www.homeomedicineatoz.com**

ਸਿਹਤ ਵਿਗਿਆਨ
ਡਾ. ਗੁਰਦੀਪ ਸਿੰਘ ਸੰਧੂ




**ਮੈਂ ਗੁਰਦੀਪ ਸਿੰਘ ਸੰਧੂ ਸਿਹਤ ਵਿਗਿਆਨ ਦੇ ਲੈਕਚਰਾਂ ਦੀ ਅਗਲੀ ਕਿਸ਼ਤ ਲੈ ਕੇ ਹਾਜ਼ਰ ਹਾਂ**

# ਜੀਵਨ ਤੋਂ ਜੀਵਨ ਦੀ ਉਤਪਤੀ ਦਾ ਵਿਸਥਾਰ-96

ਰੇਡੀਏਸਨ ਤੇ ਅਲਨਾ ਦੋ ਹੱਡੀਆਂ ਸਾਡੀ ਅਰਕ ਤੋ ਅੱਗੇ ਤੇ ਗੁੱਟ ਤੋਂ ਪਿਛਲੇ ਬਾਂਹ ਦੇ ਹਿੱਸੇ ਵਿੱਚ ਹੁੰਦੀਆਂ ਹਨ। ਰੇਡੀਅਸ ਦਾ ਉਪਰਲਾ ਸਿਰਾ ਛੋਟਾ ਤੇ ਗੋਲ ਹੁੰਦਾ ਹੈ ਜੋ ਡੌਲੇ ਦੀ ਹੱਡੀ ਹਿਊਮਰਸ ਦੇ ਹੇਠਾਂ ਆਕੇ ਲਗਦਾ ਹੈ ਤੇ ਅਰਕ ਯਾਨੀ ਐਲਬੋ ਦੇ ਜੋੜ ਦਾ ਹਿੱਸਾ ਬਣਦਾ ਹੈ ਅਤੇ ਰੇਡੀਅਸ ਦਾ ਗੋਲ ਸਿਰ ਜਿਥੇ ਨਾਲ ਦੀ ਹੱਡੀ ਅੱਲਣਾਂ ਨਾਲ ਮਿਲਦਾ ਹੈ ਉੱਥੇ ਅਲਣਾ ਦੇ ਉਪਰਲੇ ਸਿਰ 'ਤੇ ਨਿਸ਼ਾਨ ਬਣਿਆ ਹੋਇਆ ਹੈ ਜਿਵੇਂ ਖ਼ੁਰਚਿਆ ਹੋਵੇ ਜਿਸ ਨੂੰ ਰੇਡੀਅਲ ਨੌਚ ਕਹਿੰਦੇ ਹਨ।

ਰੇਡੀਅਸ ਦਾ ਹੇਠਲਾ ਸਿਰਾ ਇਕ ਪਲੇਟ ਦੀ ਸ਼ਕਲ ਵਰਗਾ ਪਲੇਟ ਦੀ ਡੂੰਘਾਈ ਕੁ ਜਿੰਨਾ ਹੀ ਡੂੰਘਾ ਹੁੰਦਾ ਹੈ ਅਤੇ ਇਸ ਦੇ ਬਾਹਰਲੇ ਪਾਸੇ ਯਾਨੀ ਸੱਜੀ ਬਾਂਹ ਦੀ ਰੇਡੀਅਸ ਦੇ ਸੱਜੇ ਪਾਸੇ ਤੇ ਖੱਬੀ ਬਾਂਹ ਦੀ ਰੇਡੀਅਸ ਦੇ ਖੱਬੇ ਪਾਸੇ ਇਕ ਉੱਭਰਿਆ ਹੋਇਆ। ਟਿੱਬਾ ਜਿਹਾ ਹੁੰਦਾ ਹੈ ਜਿਸ ਨੂੰ ਸਟੀਲੋਆਇਡ ਪਰੌਸਿਸ ਕਹਿੰਦੇ ਹਨ ਤੇ ਇਹ ਸਾਡੇ ਹੱਥਾ ਦੇ ਗੁੱਟਾਂ ਦੇ ਬਾਹਰਲੇ ਪਾਸੇ ਚਮੜੀ ਦੇ ਉੱਪਰੋ ਉੱਭਰਿਆ ਹੋਇਆ ਦਿਸਦਾ ਹੈ। ਰੇਡੀਅਸ ਦਾ ਹੇਠਲਾ ਸਿਰਾ ਯਾਨੀ ਗੁੱਟ ਦੀਆਂ ਹੱਡੀਆਂ ਨਾਲ ਜੁੜਨ ਵਾਲਾ ਹਿੱਸਾ ਉਪਰ ਵਾਲੇ ਹਿੱਸੇ ਨਾਲੋਂ ਵੀਤੇ ਨਾਲ ਦੀ ਹੱਡੀ ਅਲਣਾ ਦੇ ਹੇਠਲੇ ਹਿੱਸੇ ਨਾਲੋਂ ਵੀ ਜ਼ਿਆਦਾ ਚੌੜਾ ਹੁੰਦਾ ਹੈ।

ਬਾਂਹ ਦੀ ਦੂਜੀ ਹੱਡੀ ਯਾਨੀ ਅਲਨਾ ਦਾ ਉੱਪਰ ਵਾਲਾ ਸਿਰਾ ਕਿਸੇ ਕੁਤੇ ਦੇ ਖੁੱਲ੍ਹੇ ਮੂੰਹ ਵਰਗਾ ਹੁੰਦਾ ਹੈ। ਜਿਸ ਦੇ ਸਿਰ ਦੀ ਚੋਟੀ ਤੇ ਹੱਡੀ ਦਾ ਇਕ ਉੱਚਾ ਹਿੱਸਾ ਹੁੰਦਾ ਹੈ। ਊਠ ਦੀ ਪਿੱਠ ਤੇ ਉੱਭਰੇ ਹਿੱਸੇ ਵਾਂਗ ਹੀ ਉਸਨੂੰ ਉਲੈਕਰੇਨਨ ਪਰੌਸਿਸ ਕਹਿੰਦੇ ਹਨ ਜੋ ਬਾਂਹ ਨੂੰ ਅਰਕ ਤੋਂ ਇਕੱਠੀ ਕਰਨ ਸਮੇਂ ਉੱਭਰ ਕੇ ਚਮੜੀ ਤੋਂ ਬਾਹਰ ਦਿਖਾਈ ਦਿੰਦਾ ਹੈ ਅਤੇ ਇਹ ਬਾਂਹ ਨੂੰ ਪਿਛਲੇ ਪਾਸੇ 90 ਡਿਗਰੀ ਤੋਂ ਜ਼ਿਆਦਾ ਜਾਣ ਤੋਂ ਰੋਕਦਾ ਹੈ। ਜਦੋਂਕਿ ਅਗਲੇ ਪਾਸੇ ਬਾਂਹ ਪੂਰੀ 180 ਡਿਗਰੀ ਤੱਕ ਜਾ ਕੇ ਡੌਲੇ ਵਾਲੇ ਹਿੱਸੇ ਨਾਲ ਲੱਗ ਸਕਦੀ ਹੈ। ਸੋ ਅਲਣਾ ਦੇ ਉਪਰਲੇ ਸਿਰੇ ਤੇ ਖੁੱਲ੍ਹੇ ਮੂੰਹ ਦੇ ਉਪਰਲੇ ਬੁਲ੍ਹ ਨੂੰ ਜੋ ਸਾਹਮਣੇ ਤੋਂ ਸੱਪ ਦੀ ਫ਼ਨ ਵਰਗਾ ਲਗਦਾ ਹੈ ਉਲੈਕਨੇਨਨ ਪਰੋਸਿਸ ਕਹਿੰਦੇ ਹਨ ਤੇ ਇਸ ਖੁੱਲ੍ਹੇ ਮੂੰਹ ਦੇ ਹੇਠਲੇ ਬੁੱਲ੍ਹ ਨੂੰ ਕੋਰੋਨੋਆਇਡ ਪਰੌਸਿਸ ਕਹਿੰਦੇ ਹਨ। ਇਹ ਦੋਵੇ ਬੁੱਲ੍ਹ ਮਿਲਕੇ ਜੋ ਖੁੱਲ੍ਹੇ ਮੂੰਹ ਵਾਲੀ ਸ਼ਕਲ ਬਣਾਉਣੇ ਹਨ ਉਸਨੂੰ ਟਰੌਕਿਲੀਅਰ ਨੌਚ ਕਹਿੰਦੇ ਹਨ। ਜਿਸ ਵਿੱਚ ਡੌਲੇ ਦੀ ਹੱਡੀ ਦੇ ਹੇਠਲੇ ਸਿਰੇ ਤੇ ਬਣੀ ਟਰੌਕਿਲੀਆ ਯਾਨੀ ਫਿਰਕੀ ਵਿੱਚ ਫਿੱਟ ਹੁੰਦੀ ਹੈ ਤੇ ਬਾਂਹ ਨੂੰ ਅੱਗੇ ਤੇ ਸਾਹਮਣੇ ਪਾਸੇ ਫੈਲਾਅ ਸਕਦੀ ਹੈ ਜਿਸ ਨੂੰ ਐਕਸਟੈਨਸ਼ਨ ਕਹਿੰਦੇ ਹਨ ਤੇ ਅੱਗੇ ਡੌਲੇ ਨਾਲ ਜੁੜਨ ਲਈ ਅਸਾਨੀ ਹੁੰਦੀ ਹੈ ਯਾਨੀ ਜਿਸ ਨੂੰ ਐਡਕਸਨ ਯਾਨੀ ਬਾਂਹ ਦਾ ਡੌਲੇ ਨਾਲ ਇਕੱਠਾ ਹੋਣਾ ਭਾਵ ਫਲੈਕਸ਼ਨ ਕਹਿੰਦੇ ਹਨ। ਅਲਣਾ ਦੇ ਹੇਠਲੇ ਸਿਰੇ ਤੇ ਵੀ ਇਕ ਉੱਭਰਿਆ ਹੋਇਆ ਹੱਡੀ ਦਾ ਟਿੱਬਾ ਜਿਹਾ ਹੈ ਅਲਨਾ ਵਾਂਗ ਹੀ ਇਸਨੂੰ ਵੀ ਰੇਡੀਅਸ ਦੇ ਸਟੀਲੋਆਇਡਪਰੌਸਿਸ ਵਾਂਗ ਅਲਨਾ ਦਾ ਸਟੀਲੋਆਇਡ ਪਰੌਸਿਸ ਕਹਿੰਦੇ ਹਨ।

ਗੁੱਟ ਦੀਆਂ ਹੱਡੀਆਂ ਨਾਲ ਹੇਠਲੇ ਪਾਸੇ ਸਿੱਧੇ ਤੌਰ ਤੇ ਕੇਵਲ ਰੇਡੀਅਸ ਹੀ ਜੁੜਦੀ ਹੈ। ਅਲਣਾ ਹੱਡੀ ਕੇਵਲ ਰੇਡੀਅਸ ਨਾਲ ਹੀ ਜੁੜਦੀ ਹੈ।

ਗੁੱਟ ਦੀਆ ਅੱਠ ਹੱਡੀਆਂ ਵਿੰਗੇ ਟੇਢੇ ਢੰਗ ਨਾਲ ਇਕ ਦੂਜੀ ਨਾਲ ਜੁੜਦੀਆਂ ਹਨ ਤੇ ਉੱਪਰ ਵਾਲੇ ਪਾਸੇ ਇਹ ਰੇਡੀਅਸ ਨਾਲ ਜੁੜਕੇ ਗੁੱਟ ਦਾ ਜੋੜ ਬਣਾਉਂਦੀਆਂ ਹਨ। ਇਹਨਾਂ ਨੂੰ ਕਾਰਪਲ ਹੱਡੀਆਂ ਕਹਿੰਦੇ ਹਨ ਅਤੇ ਹੇਠਲੇ ਪਾਸੇ ਇਹ ਕਾਰਪਲ ਹੱਡੀਆਂ ਉਂਗਲਾਂ ਦੀਆਂ ਹੱਡੀਆਂ ਯਾਨੀ ਫਲੈਂਜਿਜ ਨਾਲ ਜੁੜਦੀਆਂ ਹਨ।

ਗੁਟ ਦੀਆਂ ਹੱਡੀਆਂ ਦੋ ਵਿੰਗੀਆਂ ਟੇਢੀਆਂ ਲਾਈਨਾਂ ਵਿੱਚ ਇੰਜ ਜੁੜਦੀਆਂ ਹਨ ਕਿ ਰੇਡੀਓ ਕਾਰਪਲ ਜੁਆਇੰਟ ਬਣਨ ਵਾਸਤੇ ਸਕੈਫੁਆਇਡ ਤੇ ਲੂਨੇਟ ਹੱਡੀਆਂ ਹੀ ਸਿੱਧੇ ਤੌਰ 'ਤੇ ਰੇਡੀਅਸ ਨਾਲ ਜੁੜਦੀਆਂ ਹਨ। ਲੂਨੇਟ ਹੱਡੀ ਅੱਗੋਂ ਟਰਾਈਕੁਏਟਰਮ ਤੇ ਕੈਪੀਟੇਟਨਾਲ ਮਿਲਦੀਆਂ ਹਨ ਟਰਾਈਕੁਏਟਰ ਪਿਸੀਫਾਰਮ ਤੇ ਹੈਮੇਟ ਨਾਲ ਮਿਲਦੀ ਹੈ ਅਤੇ ਟਰਾਈਕੁਏਟਰਮ ਦੇ ਉਪਰ ਇਕ ਛੋਟੀ ਹੱਡੀ ਪਿਸੀਫੌਰਮ ਮਿਲਦੀ ਹੈ। ਸਕੇਫੋਓਆਂਇਡ ਦੂਸਰੀ ਲਾਈਨ ਵਿੱਚ ਟਰੈਪੀਜੀਅਸ ਟਰੈਪੀਜੋਆਇਡ ਤੇ ਕੈਪੀਟੇਟ ਨਾਲ ਮਿਲਦੀ ਹੈ। ਇੰਜਗੁੱਟ ਦੀਆ ਅੱਠ ਹੱਡੀਆਂ ਰੇਡੀਅਸ ਤੇ ਮੈਟਾਕਾਰਪਲ ਨਾਲ ਮਿਲ ਕੇ ਗੁੱਟ ਬਣਾਉਂਦੀਆਂ ਹਨ।

ਯਾਦ ਰਹੇ ਇਹਨਾਂ ਉਗੜ ਦੁਗੜ ਹੱਡੀਆਂ ਦੇ ਮਿਲਾਣ ਕਰਨ ਤੇ ਵੀ ਇਹ ਗੁੱਟ ਦਾ ਜੋੜ ਪੂਰੀ ਤਰ੍ਹਾਂ ਲਚਕਦਾਰ ਹੈ ਕਿਉਂਕਿ ਇਹਨਾਂ ਨੂੰ ਬਨਣ ਵਾਲੇ ਲਿਗਾਮੈਂਟ ਕਾਫੀ ਮਜ਼ਬੂਤ ਹਨ ਬਲਕਿ ਮਜ਼ਬੂਤ ਬਣ ਜਾਂਦੇ ਹਨ ਕਿਉਂਕਿ ਹੱਥ ਦੀ ਤੇ ਗੁੱਟ ਦੀ ਹਮੇਸ਼ਾ ਹੀ ਹਰ ਅੰਗ ਨਾਲੋਂ ਜ਼ਿਆਦਾ ਲਚਕ ਕਰਕੇ ਇਹ ਮਾਸਪੇਸ਼ੀਆ ਜ਼ਿਆਦਾ ਮਜ਼ਬੂਤ ਹੋ ਜਾਂਦੀਆਂ ਹਨ।

**ਮੈਟਾਕਾਰਪਲ ਹੱਥ ਦੀਆਂ ਹੱਡੀਆਂ**

ਇਹ ਵੀ ਉੱਪਰ ਵਾਲੀ ਤਸਵੀਰ ਵਿੱਚ ਸਪਸ਼ਟ ਦਿਖਾਈ ਦੇ ਰਹੀਆਂ ਹਨ। ਇਹ ਗਿਣਤੀ ਵਿੱਚ ਇਕ ਹੱਥ ਵਿੱਚ ਪੰਜ ਹੁੰਦੀਆਂ ਹਨ। ਜੋ ਅੱਗੇ ਹੱਥ ਦੀਆਂ ਪੰਜਾਂ ਉਂਗਲਾਂ ਲਈ ਹੀ ਇਕ ਇਕ ਰਾਖਵੀਂ ਰਹਿੰਦੀ ਹੈ। ਮੈਟਾਕਾਰਪਲ ਹੱਡੀਆਂ ਦਾ ਗੁੱਟ ਵਾਲੇ ਪਾਸੇ ਇਕ ਅਧਾਰ ਹੁੰਦਾ ਹੈ ਜੋ ਗੁੱਟ ਦੀਆਂ ਕਾਰਪਲ ਹੱਡੀਆਂ ਨਾਲ ਜੁੜਦਾ ਹੈ। ਉਸ ਤੋਂ ਬਾਅਦ ਇਹਨਾਂ ਵਿਚੋਂ ਹਰੇਕ ਦੀ ਇਕ ਫਿਕਸ ਲੰਬਾਈ ਹੁੰਦੀ ਹੈ ਤੇ ਜਿਥੇ ਇਹ ਹਰੇਕ ਮੈਟਾਕਾਰਪਲ ਹੱਡੀ ਅੱਗੇ ਉਂਗਲੀ ਦੀਆਂ ਹੱਡੀਆਂ ਨਾਲ ਜੁੜਦੀਆਂ ਹਨ ਉਸਨੂੰ ਇਹਨਾਂ ਦਾ ਸਿਰ ਕਹਿੰਦੇ ਹਾਂ। ਯਾਨੀ ਸਿਰ ਬਾਡੀ ਤੇ ਬੇਸ ਯਾਨੀ ਅਧਾਰ। ਸੋ ਹਰੇਕ ਉਂਗਲੀ ਤੋਂ ਪਹਿਲਾ ਇਕ ਮੈਟਾਕਾਰਪਲ ਹੱਡੀ ਇਹਨਾਂ ਨਾਲ ਜੁੜਦੀ ਹੈ।

**ਹੱਥ ਦੀਆਂ ਉਂਗਲਾ ਦੀਆਂ ਹੱਡੀਆਂ**

ਹੱਥ ਦੀਆਂ ਅੰਗੂਠੇ ਸਮੇਤ ਪੰਜਾ ਉਂਗਲੀਆਂ ਦੀਆਂ ਹੱਡੀਆਂ ਨੂੰ ਫੈਲੇਕਸ ਜਾ ਫਲਿੰਜਿਜ ਕਹਿੰਦੇ ਹਨ ਤੇ ਹਰੇਕ ਫਲੈਜਿਜ ਹੱਡੀ ਦੇ ਤਿੰਨ ਟੁਕੜੇ ਹੁੰਦੇ ਹਨ। ਇਹਨਾਂ ਵਿਚੋਂ ਜਿਹੜਾ ਟੁਕੜਾ ਮੈਟਾਕਾਰਪਲ ਯਾਨੀ ਹਥੇਲੀ ਦੀਆਂ ਹੱਡੀਆਂ ਨਾਲ ਜੁੜਦਾ ਹੈ ਉਸਨੂੰ ਪ੍ਰੌਕਸੀਮਲ ਯਾਨੀ ਪਹਿਲਾ ਸਿਰਾ ਕਹਿੰਦੇ ਹਨ ਤੇ ਉਸ ਤੋ ਬਾਅਦ ਵਾਲੇ ਵਿਚਕਾਰਲੇ ਹਿੱਸੇ ਨੂੰ ਵਿਚਕਾਰਲੀ ਫਲਿੰਜਿਜ ਤੇ ਉਂਗਲੀਆਂ ਦੇ ਅਗਲੇ ਸਿਰੇ ਵਿਚਲੀ ਹੱਡੀ ਨੂੰ ਡਿਸਟਲ ਯਾਨੀ ਦੂਰ ਦੀ ਫਲੈਜਿਜ ਹੱਡੀ ਕਹਿੰਦੇ ਹਨ।

(ਚੱਲਦਾ)


HOMEOPATHIC NATURAL MEDICINES

When Tired of All Treatments, For any Disease, At any Age
Try Alternative Treatment
Safe and Effective Medicines without any Side Effects



Consultant/Physician
Since 1973
DHMS-Gold Medalist,
BAMS, MDEH
Ex Prof, Principal, &
CMO Medical
Colleges/Hospitals in
India

GURDIP S SANDHU

(408) 687-1899 (925) 999-8278
7021 Village Parkway, Dublin, CA 94568
PRACTICE UNDER PROVISION OF ACT SB_-577 STATE OF CA



CAPITAL ACCOUNTING & TAX SERVICES



Kuldip Singh Kang



Sewa Singh Bhinder



HELPING PEOPLE FOR THEIR TRUCKING NEEDS

(IRP) Plates-48 States-Same Day

ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।

ਟਰੱਕਿੰਗ ਦੀ ਦੁਨੀਆ ਵਿਚ ਨਵਾਂ ਕਦਮ

- ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।
- ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।

ਸਾਨੂੰ 16 ਸਾਲਾਂ ਦਾ ਤਰਜਬਾ ਹੈ।

Same Day Plates Same Day Plates Same Day Plates

PH : 530-669-5780 Fax : 530-669-5775,
Cell : 530-908-9386 Cell : 530-405-6020

Tax Returns- Corporations, LLC, Non-Profits, Small Business and Individuals

ਇਹ ਦਫ਼ਤਰ ਡੀ.ਐਮ.ਵੀ. ਸ਼ਾਪਿੰਗ ਸੈਂਟਰ ਵਿਚ ਹੈ।
825 East Street, Suite 110 Woodland, CA 95776
440 N Palora Ave, Suite c Yuba City Ca. 95991

TRUCKING SERVICES AVAILABLE
- IRP License Plates
- IFTA-Fuel Tax Returns
- MC (ICC) Authority, US DOT #
- UCR Permits, BOC-3 Filing
- CA#, MCP, EPN Enrollment
- BIT-Enrollment
- NM Permit, KYU#, NY HUT Permit
- Oregon Permit, Oregon Bonds
- Highway Use Tax (2290)
- Trailer Plates, Title Transfer
- Tax Exemption

BUSINESS SERVICES AVAILABLE
- Tax Services : Individual, Small Business
- Computerized Accounting
- Financial Statement
- Monthly Sales Tax Reports
- Payroll Services

CALIFORNIA DMV LIV. # 40524

# ਅਮਰੀਕਾ 'ਚ ਅਗਲੇ ਸਾਲ ਰਾਸ਼ਟਰਪਤੀ ਚੋਣਾਂ, ਬਾਈਡੇਨ ਨੇ ਰਾਜਨੀਤੀ ਤੋਂ ਸੰਨਿਆਸ ਲੈਣ ਦੀ ਕਹੀ ਗੱਲ



ਵਾਸ਼ਿੰਗਟਨ : ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਈਡੇਨ ਨੇ ਕਿਹਾ ਕਿ ਜੇਕਰ ਡੋਨਾਲਡ ਟਰੰਪ ਅਗਲੇ ਸਾਲ 2024 ਵਿੱਚ ਹੋਣ ਵਾਲੀਆਂ ਰਾਸ਼ਟਰਪਤੀ ਚੋਣਾਂ 'ਚ ਨਾ ਖੜ੍ਹੇ ਹੁੰਦੇ ਤਾਂ ਉਹ ਸੰਨਿਆਸ ਲੈ ਚੁੱਕੇ ਹੁੰਦੇ। ਅਤੇ ਸਿਰਫ ਇਕ ਕਾਰਜਕਾਲ ਹੀ ਕਾਫੀ ਹੁੰਦਾ। ਅਮਰੀਕਾ ਦੇ ਬੋਸਟਨ ਵਿੱਚ ਡੈਮੋਕਰੇਟਿਕ ਦਾਨੀਆਂ ਦੀ ਇੱਕ ਸਮੂਹ ਮੀਟਿੰਗ ਵਿੱਚ ਬੋਲਦਿਆਂ ਜੋਅ ਬਾਈਡੇਨ ਨੇ ਕਿਹਾ, 'ਅਸੀ ਟਰੰਪ ਨੂੰ ਜਿੱਤਣ ਨਹੀਂ ਦੇਣਾ। ਜ਼ਿਕਰਯੋਗ ਹੈ ਕਿ 81 ਸਾਲਾ ਬਾਈਡੇਨ ਹੁਣ ਤੱਕ ਅਮਰੀਕਾ ਦੇ ਸਭ ਤੋਂ ਬਜ਼ੁਰਗ ਰਾਸ਼ਟਰਪਤੀ ਹਨ। ਜੇਕਰ ਉਹ ਇਸ ਵਾਰ ਜਨਵਰੀ '24 'ਚ ਚੋਣ ਜਿੱਤ ਜਾਂਦੇ ਹਨ ਤਾਂ ਰਾਸ਼ਟਰਪਤੀ ਵਜੋਂ ਉਨ੍ਹਾਂ ਦਾ ਕਾਰਜਕਾਲ ਖ਼ਤਮ ਹੋਣ 'ਤੇ ਉਹ 86 ਸਾਲ ਦੇ ਹੋ ਜਾਣਗੇ।

ਮੁਸ਼ਕਲ ਇਹ ਹੈ, ਬਾਈਡੇਨ ਹੁਣ ਉਮਰ ਦੇ ਸਪੱਸ਼ਟ ਪ੍ਰਭਾਵ ਦਿਖਾ ਰਹੇ ਹਨ। ਉਹ ਅਕਸਰ ਆਪਣੇ ਭਾਸ਼ਣ ਨੂੰ ਗੰਧਲਾ ਕਰਦੇ ਹਨ। ਅਕਸਰ ਬਹੁਤ ਕੁਝ ਭੁੱਲ ਜਾਂਦੇ ਹਨ। ਜਨਤਕ ਇਕੱਠਾਂ ਨੂੰ ਸੰਬੋਧਨ ਕਰਦੇ ਹੋਏ ਵੀ ਅਜਿਹਾ ਕਰਦੇ ਹਨ। ਕਈ ਆਲੋਚਕ ਇਸ ਦਾ ਕਾਰਨ ਉਸਦੀ ਵਧਦੀ ਉਮਰ ਨੂੰ ਹੀ ਮੰਨਦੇ ਹਨ। ਡੈਮੋਕ੍ਰੇਟਿਕ ਪਾਰਟੀ ਦੇ ਨੇਤਾ (ਬਾਈਡੇਨ ਦੀ ਪਾਰਟੀ) ਅਤੇ ਬੇਨ, ਓਹੀਓ ਦੇ ਰਾਜ ਦੇ ਸੰਸਦ ਮੈਂਬਰ ਸ਼ੈਰੋਨ ਸ਼ਵੇਡਾ ਨੇ ਖੁੱਲ੍ਹ ਕੇ ਕਿਹਾ ਹੈ ਕਿ ਬਾਈਡੇਨ ਜ਼ਿੰਦਗੀ ਦੇ ਅਜਿਹੇ ਪੜਾਅ ਵਿੱਚੋਂ ਗੁਜ਼ਰ ਰਿਹਾ ਹੈ ਜਿੱਥੇ ਮੌਤ ਨੇੜੇ ਹੈ। ਵਾਸ਼ਿੰਗਟਨ ਪੋਸਟ ਨਾਲ ਇੱਕ ਇੰਟਰਵਿਊ ਵਿੱਚ ਉਸਨੇ ਅੱਗੇ ਕਿਹਾ ਕਿ ਅਸੀਂ ਅਕਸਰ ਡੈਮੋਕਰੇਟਿਕ ਵੋਟਰਾਂ ਨੂੰ ਬਾਈਡੇਨ ਦੀ ਸਿਹਤ ਬਾਰੇ ਚਿੰਤਾ ਪ੍ਰਗਟ ਕਰਦੇ ਸੁਣਦੇ ਹਾਂ। ਵੋਟਰ ਇਸ ਗੱਲ ਦਾ ਧਿਆਨ ਰੱਖਦੇ ਹਨ।

ਹੋਰ ਡੈਮੋਕਰੇਟ ਪਾਰਟੀ ਦੇ ਸੰਸਦ ਮੈਂਬਰਾਂ ਦਾ ਮੰਨਣਾ ਹੈ ਕਿ ਬਾਈਡੇਨ ਨੂੰ ਨਾਮਜ਼ਦਗੀ ਮਿਲੇਗੀ, ਪਰ ਉਹ ਜਲਦੀ ਹੀ ਸੇਵਾਮੁਕਤ ਹੋ ਜਾਣਗੇ। ਚੋਣ ਨਹੀਂ ਲੜਨਗੇ। ਇਸ ਦੌਰਾਨ ਕਈ ਪ੍ਰੀ-ਪੋਲ ਸਰਵੇਖਣਾਂ ਤੋਂ ਪਤਾ ਚੱਲਦਾ ਹੈ ਕਿ 77 ਸਾਲਾ ਟਰੰਪ ਪ੍ਰੀ-ਪੋਲ ਸਰਵੇਖਣਾਂ ਵਿੱਚ ਬਾਈਡੇਨ ਤੋਂ ਬਹੁਤ ਅੱਗੇ ਹਨ। ਟਰੰਪ ਨੂੰ 46.7 ਫੀਸਦੀ ਵੋਟਰਾਂ ਦਾ ਸਮਰਥਨ ਹਾਸਲ ਹੈ। ਜਦਕਿ ਬਾਈਡੇਨ ਨੂੰ 44.7 ਫੀਸਦੀ ਵੋਟਰਾਂ ਦਾ ਸਮਰਥਨ ਹਾਸਲ ਹੈ। ਇਹ ਜਾਣਕਾਰੀ ਦਿੰਦੇ ਹੋਏ ਨਿਊਯਾਰਕ ਟਾਈਮਜ਼ ਦਾ ਕਹਿਣਾ ਹੈ ਕਿ ਟਰੰਪ ਅਹਿਮ ਰਾਜਾਂ ਐਰੀਜ਼ੋਨਾ, ਜਾਰਜੀਆ ਅਤੇ ਪੈਨਸਿਲਵੇਨੀਆ 'ਚ ਬਾਈਡੇਨ ਤੋਂ ਅੱਗੇ ਹਨ। ਨਿਊਯਾਰਕ ਟਾਈਮਜ਼ ਨੇ ਰਿਪੋਰਟ ਦਿੱਤੀ ਹੈ ਕਿ ਟਰੰਪ ਰਾਸ਼ਟਰਪਤੀ ਲਈ ਚੋਣ ਲੜਨ ਲਈ ਤਿਆਰ ਹਨ ਭਾਵੇਂ ਕਿ ਉਹ ਕਈ ਅਪਰਾਧਿਕ ਦੋਸ਼ਾਂ ਦਾ ਸਾਹਮਣਾ ਕਰ ਰਹੇ ਹਨ।

# ਭਾਰਤੀ ਸਿੱਖ ਪਰਿਵਾਰ ਨੂੰ ਲੁੱਟਣ ਵਾਲੇ ਗਿਰੋਹ ਦੇ ਮੁਖੀ ਨੂੰ ਪੁਲਸ ਨੇ ਕੀਤਾ ਗ੍ਰਿਫ਼ਤਾਰ

ਲਾਹੌਰ (ਭਾਸ਼ਾ): ਪਾਕਿਸਤਾਨ ਦੇ ਪੰਜਾਬ ਸੂਬੇ ਦੀ ਰਾਜਧਾਨੀ ਲਾਹੌਰ ਵਿਚ ਪੁਲਸ ਦੀ ਵਰਦੀ ਪਾ ਕੇ ਲੁਟੇਰਿਆਂ ਵਲੋਂ ਇਕ ਭਾਰਤੀ ਸਿੱਖ ਪਰਿਵਾਰ ਨੂੰ ਲੁੱਟਣ ਦੇ ਮਾਮਲੇ ਵਿਚ ਪੁਲਸ ਨੇ ਗਿਰੋਹ ਦੇ ਮੁਖੀ ਨੂੰ ਗ੍ਰਿਫ਼ਤਾਰ ਕੀਤਾ ਹੈ। ਇਹ ਜਾਣਕਾਰੀ ਸੋਮਵਾਰ ਨੂੰ ਪ੍ਰਕਾਸ਼ਿਤ ਇਕ ਮੀਡੀਆ ਖ਼ਬਰ 'ਚ ਦਿੱਤੀ ਗਈ। ਪਿਛਲੇ ਹਫ਼ਤੇ ਲੁਟੇਰਿਆਂ ਨੇ ਇੱਕ ਸਿੱਖ ਪਰਿਵਾਰ ਤੋਂ ਗਹਿਣਿਆਂ ਤੋਂ ਇਲਾਵਾ 2,50,000 ਭਾਰਤੀ ਰੁਪਏ ਅਤੇ 1,50,000 ਪਾਕਿਸਤਾਨੀ ਰੁਪਏ ਲੁੱਟ ਲਏ ਸਨ। ਕੰਵਲਜੀਤ ਸਿੰਘ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਸਮਾਗਮਾਂ ਵਿੱਚ ਸ਼ਾਮਲ ਹੋਣ ਲਈ ਭਾਰਤ ਤੋਂ ਇੱਥੇ ਪੁੱਜੇ ਸਨ। ਸਿੱਖ ਪਰਿਵਾਰ 29 ਨਵੰਬਰ ਨੂੰ ਲਾਹੌਰ ਦੇ ਗੁਲਬਰਗ ਇਲਾਕੇ ਦੀ ਲਿਬਰਟੀ ਮਾਰਕੀਟ 'ਚ ਖਰੀਦਦਾਰੀ ਕਰਨ ਗਿਆ ਸੀ। ਉਸ ਸਮੇਂ ਸੁਰੱਖਿਆ ਕਲੀਅਰੈਂਸ ਦੇ ਨਾਂ 'ਤੇ ਪੁਲਸ ਦੇ ਭੇਸ 'ਚ ਆਏ



ਲੁਟੇਰਿਆਂ ਨੇ ਉਨ੍ਹਾਂ ਨੂੰ ਰੋਕ ਲਿਆ ਅਤੇ ਗਹਿਣਿਆਂ ਤੋਂ ਇਲਾਵਾ 250,000 ਭਾਰਤੀ ਰੁਪਏ ਅਤੇ 150,000 ਪਾਕਿਸਤਾਨੀ ਰੁਪਏ ਲੁੱਟ ਲਏ।

'ਡਾਨ' ਅਖ਼ਬਾਰ ਦੀ ਖ਼ਬਰ ਮੁਤਾਬਕ ਸੋਮਵਾਰ ਨੂੰ ਪੁਲਸ ਨੇ ਦਾਅਵਾ ਕੀਤਾ ਕਿ ਗਿਰੋਹ ਦੇ ਨੇਤਾ ਅਹਿਮਦ ਰਜ਼ਾ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਖ਼ਬਰਾਂ ਵਿੱਚ ਕਿਹਾ ਗਿਆ ਹੈ ਕਿ ਗਿਰੋਹ ਦੇ ਹੋਰ ਮੈਂਬਰਾਂ ਨੂੰ ਫੜਨ ਲਈ ਵੀ ਛਾਪੇਮਾਰੀ ਕੀਤੀ ਜਾ ਰਹੀ ਹੈ। ਪੰਜਾਬ ਦੇ ਕਾਰਜਕਾਰੀ ਮੁੱਖ ਮੰਤਰੀ ਮੋਹਸਿਨ ਨਕਵੀ ਨੇ ਵੀ ਤੀਰਥ ਯਾਤਰਾ 'ਤੇ ਆਏ ਸਿੱਖ ਪਰਿਵਾਰ ਨੂੰ ਲੁੱਟਣ ਦੀ ਘਟਨਾ ਦਾ ਨੋਟਿਸ ਲਿਆ ਅਤੇ ਲਾਹੌਰ ਪੁਲਸ ਮੁਖੀ ਨੂੰ ਰਿਪੋਰਟ ਸੌਂਪਣ ਲਈ ਕਿਹਾ ਹੈ। ਦੋਸ਼ੀਆਂ ਨੂੰ 48 ਘੰਟਿਆਂ ਦੇ ਅੰਦਰ-ਅੰਦਰ ਨਿਆਂ ਦੇ ਕਟਹਿਰੇ 'ਚ ਲਿਆਉਣ ਦਾ ਸੱਦਾ ਦਿੰਦਿਆਂ ਨਕਵੀ ਨੇ ਕਿਹਾ ਕਿ ਗੁਲਬਰਗ ਵਰਗੇ ਇਲਾਕੇ 'ਚ ਸਿੱਖ ਪਰਿਵਾਰ ਨੂੰ ਲੁੱਟਣਾ ਸੁਰੱਖਿਆ 'ਚ ਗੰਭੀਰ ਕਮੀ ਹੈ। ਇਸ ਸਮੇਂ 2500 ਤੋਂ ਵੱਧ ਭਾਰਤੀ ਸਿੱਖ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਸਮਾਗਮਾਂ ਲਈ ਪਾਕਿਸਤਾਨ ਵਿੱਚ ਹਨ।

# ਅਮਰੀਕਾ ਵਿਚ ਇਸਰਾਈਲ ਦੇ ਕੌਂਸਲਖਾਨੇ ਅੱਗੇ ਇਕ ਵਿਅਕਤੀ ਵੱਲੋਂ ਆਤਮਦਾਹ ਦੀ ਕੋਸ਼ਿਸ਼

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ) : ਅਮਰੀਕਾ ਦੇ ਜਾਰਜੀਆ ਰਾਜ ਵਿਚ ਐਟਲਾਂਟਾ ਵਿਖੇ ਇਸਰਾਈਲ ਕੌਂਸਲੇਟ ਦੇ ਬਾਹਰਵਾਰ ਇਕ ਵਿਅਕਤੀ ਵੱਲੋਂ ਆਪਣੇ ਆਪ ਨੂੰ ਅੱਗ ਲਾ ਕੇ ਆਤਮਦਾਹ ਦੀ ਕੋਸ਼ਿਸ਼ ਕੀਤੀ ਗਈ। ਇਸ ਘਟਨਾ ਵਿਚ ਉਹ ਗੰਭੀਰ ਜਖਮੀ ਹੋ ਗਿਆ। ਐਟਲਾਂਟਾ ਪੁਲਿਸ ਮੁਖੀ ਡਰੇਨ ਸ਼ੀਰਬੌਮ ਨੇ ਇਸ ਘਟਨਾ ਨੂੰ ਸਿਰੇ ਦਾ ਰਾਜਸੀ ਕਦਮ ਕਰਾਰ ਦਿੱਤਾ ਹੈ। ਪੁਲਿਸ ਮੁੱਖੀ ਅਨੁਸਾਰ ਇਹ ਘਟਨਾ ਕੌਂਸਲੇਟ ਜਨਰਲ ਆਫ ਇਸਰਾਈਲ ਦਫਤਰ ਦੇ ਬਾਹਰਵਾਰ ਦੁਪਹਿਰ ਵੇਲੇ ਵਾਪਰੀ। ਉਨ੍ਹਾਂ ਕਿਹਾ ਜਾਂਚਕਾਰਾਂ ਦਾ ਵਿਸ਼ਵਾਸ ਹੈ ਕਿ ਇਸ ਘਟਨਾ ਦਾ ਅੱਤਵਾਦ ਨਾਲ ਕੋਈ ਸਬੰਧ ਨਹੀਂ ਹੈ। ਕੌਂਸਲੇਟ ਵਿਖੇ ਤਾਇਨਾਤ ਸੁਰੱਖਿਆ ਗਾਰਡਾਂ ਨੇ ਪ੍ਰਦਰਸ਼ਨਕਾਰੀ ਨੂੰ ਅੱਗ ਲਾਉਣ ਤੋਂ ਰੋਕਣ ਦੀ ਕੋਸ਼ਿਸ਼ ਕੀਤੀ ਜਿਸ ਦੌਰਾਨ ਇਕ ਸੁਰੱਖਿਆ ਗਾਰਡ ਵੀ ਜ਼ਖਮੀ ਹੋ ਗਿਆ। ਮੌਕੇ ਤੋਂ ਇਕ ਫਲਸਤੀਨੀ ਝੰਡਾ ਵੀ ਬਰਾਮਦ ਹੋਇਆ ਹੈ।



ਆਤਮਦਾਹ ਦੀ ਕੋਸ਼ਿਸ਼ ਉਪਰੰਤ ਇਸਰਾਈਲੀ ਕੌਂਸਲਖਾਨੇ ਅੱਗੇ ਪੁਲਿਸ ਵੱਲੋਂ ਕੀਤੀ ਨਾਕਾਬੰਦੀ




ਕੈਪਟਨ ਅਮਰਜੀਤ ਸਿੰਘ ਕਾਲੇਕਾ ਸਿੱਖ ਕੌਮ ਵਿੱਚ ਇੱਕ ਜਾਣਿਆ ਪਹਿਚਾਣਿਆ ਕੁਰਬਾਨੀ ਵਾਲਾ ਪ੍ਰਵਾਰ ਹੈ। ਪਟਿਆਲਾ ਰਿਆਸਤ ਦੇ ਨਾਮੀ ਪਰਿਵਾਰ ਵਿਚ ਜਨਮ ਅਤੇ ਪਰਵਿਰਸ਼ ਪਾਉਣ ਉਪਰੰਤ ਇਨ੍ਹਾਂ ਨੇ ਫੌਜ ਦੇ ਵਿਚ ਬੜੀ ਦਲੇਰੀ ਨਾਲ ਸਰਵਿਸ ਕੀਤੀ। ਉਸ ਤੋਂ ਬਾਅਦ ਬਤੌਰ ਲੈਕਚਰਾਰ ਸਰਕਾਰੀ ਕਾਲਜ ਵਿਚ ਇਮਾਨਦਾਰੀ ਨਾਲ ਸੇਵਾ ਨਿਭਾਈ, ਜਿਸ ਵੇਲੇ ਬਤੌਰ ਉਪ ਆਬਕਾਰੀ ਤੇ ਕਰ ਕਮਿਸ਼ਨਰ ਆਪਣੇ ਕੈਰੀਅਰ ਦੀਆਂ ਉਚਾਈਆਂ 'ਤੇ ਸਨ, ਪੰਜ ਸਾਲਾਂ ਦੀ ਛੁੱਟੀ ਲੈ ਕੇ ਆਪਣੀ ਜਾਇਦਾਦ ਵੇਚ ਕੇ, ਪਰਿਵਾਰ ਸਮੇਤ ਅਮਰੀਕਾ ਆ ਗਏ, ਜਿਥੇ ਜਾ ਕੇ ਮੁੜ ਤੋਂ ਸੰਘਰਸ਼ ਕਰਦੇ ਹੋਏ ਪ੍ਰਾਪਤੀਆਂ ਕੀਤੀਆਂ ਅਤੇ ਦੋਵੇਂ ਬੇਟਿਆਂ ਨੂੰ ਉਚੇਰੀ ਸਿੱਖਿਆ ਦਿਵਾਉਣ ਉਪਰੰਤ ਇਸ ਕਾਬਲ ਬਣਾਇਆ ਕਿ ਉਹ ਅੱਜ ਆਪਣੇ ਪਰਿਵਾਰਾਂ ਸਮੇਤ ਅਮਰੀਕਾ ਵਿਚ ਬਹੁਤ ਮਾਣ ਵਾਲੀਆਂ ਥਾਵਾ 'ਤੇ ਸੈਟਲ ਹਨ। ਇਹ ਸਭ ਕੁਝ ਹਾਸਲ ਕਰਨ ਉਪਰੰਤ ਮੁੜ ਭਾਰਤ ਪਰਤ ਕੇ ਬਤੌਰ ਐਡੀਸ਼ਨਲ ਆਬਕਾਰੀ ਤੇ ਕਰ ਕਮਿਸ਼ਨਰ ਪੰਜਾਬ ਰਿਟਾਇਰ ਹੋਏ। ਕੈਪਟਨ ਅਮਰਜੀਤ ਸਿੰਘ ਕਾਲੇਕਾ ਓਕ ਕਰੀਕ ਵਿਸਕਾਸਨ ਦੇ ਗੁਰਦੁਆਰਾ ਸਾਹਿਬ ਵਿਖੇ ਸ਼ਹੀਦ ਹੋਏ ਸ੍ਰ. ਸਤਵੰਤ ਸਿੰਘ ਕਾਲੇਕਾ ਦੇ ਵੱਡੇ ਭਰਾ ਹਨ। ਕਾਲੇਕਾ ਪ੍ਰਵਾਰ ਪੁਸ਼ਤਾਂ ਤੋਂ ਪੰਥ ਦੀ ਨਿਸ਼ਕਾਮ ਸੇਵਾ ਕਰਦੇ ਆ ਰਹੇ ਹਨ ਜਿਥੇ ਓਕ ਕਰੀਕ ਵਿਸਕਾਸਨ ਦੇ ਗੁਰਦੁਆਰਾ ਸਾਹਿਬ ਚ ਵਾਪਰੀ ਘਟਨਾ ਨੇ ਪੂਰੇ ਅਮਰੀਕਾ ਸਮੇਤ ਸਾਰੀ ਦੂਨੀਆ ਦੇ ਸਿੱਖਾਂ ਉਪਰ ਗਹਿਰਾ ਪ੍ਰਭਾਵ ਛੱਡਿਆ ਉਥੇ ਕੈਪਟਨ ਅਮਰਜੀਤ ਸਿੰਘ ਕਾਲੇਕਾ ਨੇ ਇਸ ਸ਼ਹਾਦਤ ਨੂੰ ਕਲਮਬੰਦ ਕਰਨ ਲਈ ਕੋਸਿਸ਼ ਅਰੰਭ ਕਰ ਦਿੱਤੀ। ਭਾਵੇਂ ਸਤਵੰਤ ਸਿੰਘ ਦੀ ਸ਼ਹੀਦੀ, ਉਨ੍ਹਾਂ ਦੇ ਪਰਿਵਾਰ, ਪਿੰਡ ਵਾਸੀਆਂ, ਸੱਜਣਾਂ-ਮਿੱਤਰਾਂ ਅਤੇ ਵਿਸ਼ੇਸ਼ ਕਰਕੇ ਸਮੂਹ ਨਾਨਕ ਨਾਮ ਲੇਵਾ ਮਨੁੱਖਾਂ ਲਈ ਇਕ ਨਾ-ਭੁਲਾਇਆ ਜਾਣ ਵਾਲਾ ਵਾਕਿਆ ਹੈ। ਪ੍ਰੰਤੂ ਫਿਰ ਵੀ ਉਨ੍ਹਾਂ ਦੇ ਮਨ ਵਿਚ ਇਹ ਇੱਛਾ ਸੀ ਕਿ ਉਨਾ ਤੋਂ 5 ਵਰ੍ਹੇ ਛੋਟੇ ਵੀਰ ਸਤਵੰਤ ਸਿੰਘ ਕਾਲੇਕਾ ਦੀ ਸ਼ਹੀਦੀ ਦੀ ਗੌਰਵਗਾਥਾ ਨੂੰ ਸ਼ਬਦਾਂ ਵਿਚ ਕਾਨੀਬੱਧ ਕੀਤਾ ਜਾਵੇ ਅਤੇ ਇਸ ਘਟਨਾ ਦੀ ਯਾਦ ਨੂੰ ਇਤਿਹਾਸਕ ਦਸਤਾਵੇਜ਼ ਦੇ ਰੂਪ ਵਿਚ ਸੰਭਾਲ ਕੇ ਰੱਖਿਆ ਜਾਵੇ ਕਿਉਂਕਿ ਆਮ ਕਹਾਵਤ ਹੈ ਕਿ ਸੀਨਾ-ਬਸੀਨਾ ਤੁਰਦੀਆਂ ਗਾਥਾਵਾਂ ਸਮਾਂ ਪਾ ਕੇ ਜਨ-ਚੇਤਨਾ ਵਿਚੋਂ ਲੁਪਤ ਹੋ ਜਾਂਦੀਆਂ ਹਨ ਪ੍ਰੰਤੂ ਸ਼ਾਬਦਿਕ ਰੂਪ ਵਿਚ ਚਿੱਤਰੀਆਂ ਵੀਰ-ਗਾਥਾਵਾਂ ਇਤਿਹਾਸ ਦਾ ਸਥਾਈ ਹਿੱਸਾ ਬਣ ਜਾਂਦੀਆਂ ਹਨ। ਇਸ ਪੁਸਤਕ ਦੀ ਰਚਨਾ ਕਰਦਿਆਂ ਉਨਾ ਕਿਸੇ ਇਤਿਹਾਸ, ਮਿਥਿਹਾਸ ਜਾਂ ਕਲਪਨਾ ਦਾ ਸਹਾਰਾ ਨਹੀਂ ਲਿਆ। ਉਨ੍ਹਾਂ ਦਾ ਜ਼ਿਆਦਾ ਧਿਆਨ ਸ੍ਰ. ਸਤਵੰਤ ਸਿੰਘ ਅਤੇ ਉਸ ਦੇ ਜੀਵਨ ਨਾਲ ਸਬੰਧਤ ਵਾਸਤਵਿਕ ਘਟਨਾਵਾਂ ਨੂੰ ਚਿੱਤਰਣ 'ਤੇ ਹੀ ਕੇਂਦਰਤ ਰਿਹਾ ਹੈ। ਇਸ ਪੁਸਤਕ ਦੀ ਰਚਨਾ ਪ੍ਰਕਿਰਿਆ ਅਤੇ ਸੰਪੂਰਨਤਾ ਵਿਚ ਵੀ ਆਮ ਵਾਂਗ ਉਨ੍ਹਾਂ ਦੀ ਸੁਪਤਨੀ ਸਰਦਾਰਨੀ ਜਸਮਿੰਦਰ ਕੌਰ ਦਾ ਮਹੱਤਵਪੂਰਨ ਯੋਗਦਾਨ ਰਿਹਾ ਹੈ। ਅਸੀਂ ਉਨ੍ਹਾਂ ਦੀ ਲਿਖੀ ਇਤਿਹਾਸਕ ਕਿਤਾਬ ਸ਼ਹੀਦ ਸਤਵੰਤ ਸਿੰਘ ਕਾਲੇਕੇ ਜਨਮ ਤੋਂ ਸ਼ਹੀਦੀ ਤੱਕ 'ਸਾਡੇ ਲੋਕ' ਅਖਬਾਰ ਵਿੱਚ ਲੜੀਵਾਰ ਛਾਪਕੇ ਮਾਣ ਮਹਿਸੂਸ ਕਰ ਰਹੇ ਹਾਂ : ਸਤਨਾਮ ਸਿੰਘ ਖਾਲਸਾ



ਕੈਪਟਨ ਅਮਰਜੀਤ ਸਿੰਘ ਕਾਲੇਕਾ

# ਬਚਪਨ ਤੋਂ ਸ਼ਹੀਦੀ ਤੱਕ ਦਾ ਸਫ਼ਰ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਸਾਲ ਦੋ ਸਾਲ ਬਾਅਦ ਇਕ ਪਾਰਕ ਕਿਰਾਏ ਤੇ ਲੈ ਲਿਆ। ਕੁਝ ਸਾਲ ਇਕ ਪੁਰਾਣੀ ਬਿਲਡਿੰਗ ਖ਼ਰੀਦ ਕੇ ਡਾਊਨ ਟਾਊਨ ਮਿਲਵਾਕੀ ਵਿਚ ਗੁਰਦੁਆਰਾ ਚਲਾਇਆ। ਅੰਤ ਵਿਚ ਉਸ ਨੇ ਓਕਰੀਕ ਸ਼ਹਿਰ ਵਿਚ 13 ਏਕੜ ਜਗ੍ਹਾ ਲੈ ਕੇ ਗੁਰਦੁਆਰਾ ਬਣਾਇਆ। ਗੁਰਦੁਆਰੇ ਦੇ ਉਦਘਾਟਨ ਵਾਲੇ ਦਿਨ ਕਾਫ਼ੀ ਸੰਗਤ ਸ਼ਿਕਾਗੋ ਅਤੇ ਹੋਰ ਸ਼ਹਿਰਾਂ ਵਿਚੋਂ ਵੀ ਇਕੱਤਰ ਹੋਈ ਸੀ। ਸਤਵੰਤ ਨੇ ਇੱਕ-ਇੱਕ ਪੈਸਾ ਵਪਾਰ ਵਿਚੋਂ ਬਚਾ ਕੇ ਗੁਰਦੁਆਰੇ ਤੇ ਲਗਾਉਂਦਾ ਤੇ ਆਪਣਾ 70% ਸਮਾਂ ਗੁਰਦੁਆਰਾ ਵਿਚ ਹੀ ਬਿਤਾਉਂਦਾ।

ਮੈਨੂੰ ਹਾਲੇ ਵੀ ਯਾਦ ਹੈ ਕਿ ਸ. ਦਰਸ਼ਨ ਸਿੰਘ ਧਾਲੀਵਾਲ ਦੇ ਘਰ ਇਕ ਪਾਰਟੀ ਹੋਈ। ਸ. ਦਰਸ਼ਨ ਸਿੰਘ ਧਾਲੀਵਾਲ ਮੇਰੀ ਸਭ ਤੋਂ ਛੋਟੀ ਭੈਣ ਹਰਿੰਦਰ ਕੌਰ ਦੇ ਜੇਠ ਹਨ। ਇਸ ਪਾਰਟੀ ਵਿਚ ਕਾਫੀ ਮਹਿਮਾਨ ਆਏ ਹੋਏ ਸਨ। ਸਾਡੇ ਕਾਫੀ ਰਿਸ਼ਤੇਦਾਰ ਜਿਹਨਾਂ ਵਿਚ ਸਤਵੰਤ ਵੀ ਸ਼ਾਮਿਲ ਸੀ, ਉਥੇ ਹੀ ਸੀ। ਸ. ਦਰਸ਼ਨ ਸਿੰਘ 1972 ਤੋਂ ਅਮਰੀਕਾ ਵਿਚ ਰਹਿ ਰਹੇ ਹਨ ਅਤੇ ਹੁਣ ਤੱਕ ਕਾਫੀ ਵੱਡੇ ਵਪਾਰੀ ਬਣ ਚੁੱਕੇ ਸਨ। ਇਹਨਾਂ ਦੇ ਅਮਰੀਕਾ ਵਿਚ ਕਈ ਸਿਆਸਤਦਾਨਾਂ ਨਾਲ ਅੱਛੇ ਸਬੰਧ ਸਨ। ਅਮਰੀਕਾ ਦਾ ਸਿਹਤ ਮੰਤਰੀ ਟੌਮੀ ਟਾਮਸਨ ਜੋ ਕਿ ਸਾਡੀ ਵਿਸਕਾਨਸਿਨ ਸਟੇਟ ਦਾ 9 ਵਾਰ ਗਵਰਨਰ ਰਹਿ ਚੁੱਕਿਆ ਸੀ, ਉਹ ਵੀ ਪਾਰਟੀ ਵਿਚ ਆਇਆ ਹੋਇਆ ਸੀ। ਗਰਮੀਆਂ ਦੇ ਦਿਨ ਸਨ ਅਤੇ ਜ਼ਿਆਦਾਤਰ ਲੋਕਾਂ ਨੇ ਸ਼ਰਟ ਜਾਂ ਟੀ-ਸ਼ਰਟ ਨਾਲ ਪੈਂਟਾਂ ਪਾਈਆਂ ਸਨ। ਟੌਮੀ ਟਾਮਸਨ ਦਾ ਮੋਟਾਪੇ ਕਾਰਨ ਢਿੱਡ ਬੈਲਟ ਵਿਚੋਂ ਬਾਹਰ ਆ ਰਿਹਾ ਸੀ। ਸਤਵੰਤ ਟੌਮਸਨ ਕੋਲ ਗਿਆ ਅਤੇ ਢਿੱਡ ਫੜ ਕੇ ਕਹਿਣ ਲੱਗਾ ਕਿ ਇਹ ਅਮਰੀਕਾ ਦੇ ਸਿਹਤ ਮੰਤਰੀ ਦਾ ਹਾਲ ਹੈ। ਉਸ ਦੀ ਪਤਨੀ ਕੋਲ ਹੀ ਖੜ੍ਹੀ ਸੀ। ਉਸ ਨੇ ਹੱਸਦੇ ਹੋਏ ਕਿਹਾ, "ਸਤਵੰਤ ਤੂੰ ਹੀ ਟੌਮਸਨ ਨੂੰ ਇਹੋ ਜਿਹੀ ਗੱਲ ਕਹਿ ਸਕਦਾ ਹੈ।"




ਸਤਵੰਤ ਦੇ ਕਾਰੋਬਾਰ: ਸਤਵੰਤ ਕਾਰੋਬਾਰਾਂ ਵਿਚ ਬਹੁਤ ਭਾਗਸ਼ਾਲੀ ਸੀ। ਸਤਵੰਤ ਨੇ ਆਪਣੇ ਜੀਵਨਕਾਲ ਵਿਚ ਦੋ ਮਕਾਨ ਬਣਾਏ। ਇਕ ਵੱਡਾ ਪਲਾਟ ਲਿਆ ਤੇ ਹੋਰ 8 ਵਪਾਰ ਖ਼ਰੀਦੇ ਅਤੇ ਕੀਤੇ। ਉਸ ਦਾ ਤਰੀਕਾ ਬਹੁਤ ਸਰਲ ਸੀ। ਉਹ ਕੋਈ ਪੁਰਾਣੀ ਟੁੱਟੀ-ਫੁੱਟੀ ਬਿਲਡਿੰਗ ਲੈ ਕੇ ਆਪਣੇ ਹਿਸਾਬ ਨਾਲ ਉਸ ਦੀ ਜ਼ੋਨਿੰਗ ਕਰਵਾ ਕੇ ਉਸ ਨੂੰ ਕਿਰਾਏ ਤੇ ਦੇ ਦਿੰਦਾ ਸੀ। ਪਹਿਲਾ ਗੈਸ ਸਟੇਸ਼ਨ ਉਸ ਨੇ 65,000 ਡਾਲਰ ਵਿਚ ਲਿਆ। ਉਹ ਕਾਮਯਾਬੀ ਨਾਲ ਕਈ ਸਾਲ ਚਲਾਇਆ ਤੇ ਫਿਰ ਉਸ ਨੂੰ ਕਿਸੇ ਰਿਸ਼ਤੇਦਾਰ ਨੂੰ 6500 ਡਾਲਰ ਪ੍ਰਤੀ ਮਹੀਨੇ ਕਿਰਾਏ 'ਤੇ ਦੇ ਦਿੱਤਾ। ਇਸੇ ਤਰ੍ਹਾਂ ਉਸ ਨੇ ਕੁਝ ਅਪਾਰਟਮੈਂਟਾਂ ਬਿਲਡਿੰਗਾਂ ਲਈਆਂ ਅਤੇ ਕਿਰਾਏ ਤੇ ਚੜ੍ਹਾ ਦਿੱਤੀਆਂ। 2008 ਤੱਕ ਉਸ ਦੇ ਵਪਾਰ ਦਾ ਕਿਰਾਇਆ 30,000 ਡਾਲਰ ਮਹੀਨੇ ਤੋਂ ਉਤੇ ਸੀ। ਇਕ ਦੋ ਕਾਰੋਬਾਰ ਉਹ ਆਪ ਵੀ ਚਲਾਉਂਦਾ ਸੀ, ਪਰ ਵਪਾਰ ਕਰਨ ਦਾ ਉਸ ਦਾ ਆਪਣਾ ਹੀ ਇਕ ਅਲੱਗ ਤਰੀਕਾ ਸੀ। ਮੈਨੂੰ ਯਾਦ ਹੈ ਕਿ ਕਿਸੇ ਕੀਰਤਨੀਏ ਨੇ ਸ਼ਿਕਾਗੋ ਤੋਂ ਟੈਲੀਫੋਨ ਕੀਤਾ ਤੇ ਕਿਹਾ, "ਗਿਆਨੀ ਜੀ ਮੈਂ ਏਅਰਪੋਰਟ ਤੇ ਖੜ੍ਹਾ ਹਾਂ ਮੈਨੂੰ ਲਿਜਾਉਣ ਵਾਲਾ ਕੋਈ ਨਹੀਂ ਹੈ।" ਉਸ ਨੇ ਗੈਸ ਸਟੇਸ਼ਨ ਨੂੰ ਤਾਲਾ ਲਾਇਆ ਤੇ ਸ਼ਿਕਾਗੋ ਉਸ ਨੂੰ ਲੈਣ ਚਲਾ ਗਿਆ। ਰਸਤੇ ਵਿਚ ਉਸ ਨੇ ਆਪਣੀ ਪਤਨੀ ਸਤਪਾਲ ਨੂੰ ਫੋਨ ਕੀਤਾ ਤੇ ਕਿਹਾ ਕਿ ਮੈਂ ਸਿੰਘ ਸਾਹਿਬ ਨੂੰ ਲੈਣ ਸ਼ਿਕਾਗੋ ਜਾ ਰਿਹਾ ਹਾਂ। ਵਪਾਰ ਨੂੰ ਤਾਲਾ ਲੱਗਾ ਹੈ, ਫਲਾਣੀ ਜਗ੍ਹਾ ਚਾਬੀ ਪਈ ਹੈ ਤੇ ਉਸ ਨੂੰ ਵਪਾਰ ਖੋਲ੍ਹਣ ਲਈ ਆਖ ਦਿੱਤਾ। ਪਰ ਜਿਵੇਂ ਮੈਂ ਪਹਿਲਾਂ ਕਿਹਾ ਹੈ ਕਿ ਉਹ ਇਕ ਭਾਗਸ਼ਾਲੀ ਵਪਾਰੀ ਸੀ ਜਿਥੇ ਮਿੱਟੀ ਖਰੀਦੀ ਉਹ ਸੋਨਾ ਹੋ ਗਈ। ਅਕਸਰ ਲੋਕ ਗੁਰਦੁਆਰਾ ਸਾਹਿਬ ਵਿਚ ਸਤਵੰਤ ਨੂੰ ਕਹਿੰਦੇ ਸਨ, ਗਿਆਨੀ ਜੀ ਤੁਹਾਡਾ ਕੰਮ ਬਹੁਤ ਚੰਗਾ ਚਲਦਾ ਹੈ। ਉਸ ਦਾ ਇਕੋ ਜਵਾਬ ਹੁੰਦਾ ਸੀ, "ਮੈਂ ਗੁਰੂ ਸਾਹਿਬ ਦੀ ਸੇਵਾ ਕਰਦਾ ਹਾਂ ਤੇ ਗੁਰੂ ਸਾਹਿਬ ਮੇਰੀ।"

ਸਤਵੰਤ ਨੂੰ ਅਪਾਰਟਮੈਂਟ ਦਾ ਜੋ ਕੋਈ ਵੀ ਕਿਰਾਏਦਾਰ ਮਿਲਦਾ ਸੀ ਤਾਂ ਸਤਵੰਤ ਉਸ ਨੂੰ ਪਹਿਲਾਂ ਹੀ ਕਹਿ ਦਿੰਦਾ ਸੀ ਕਿ ਜੇਕਰ ਗੁਰਦੁਆਰਾ ਸਾਹਿਬ ਆਉਣਾ ਹੈ ਤਾਂ ਕਿਰਾਇਆ ਹੋਰ ਹੈ ਅਤੇ ਜੇ ਨਹੀਂ ਆਉਣਾ ਤਾਂ ਹੋਰ। ਜੇਕਰ ਗੁਰਦੁਆਰੇ ਆਉਣਾ ਹੈ ਤਾਂ 300 ਡਾਲਰ ਕਿਰਾਇਆ ਸੀ, ਅਤੇ ਜੇਕਰ ਗੁਰਦੁਆਰੇ ਨਹੀਂ ਆਉਣਾ ਤਾਂ 400 ਡਾਲਰ। ਉਹ ਕਿਰਾਏਦਾਰਾਂ ਨੂੰ ਕਹਿੰਦਾ ਕਿ ਐਤਵਾਰ ਨੂੰ ਗੁਰਦੁਆਰੇ ਆਓ, ਪ੍ਰਸ਼ਾਦਾ ਛੱਕੋ ਤੇ ਦੋ ਤਿੰਨ ਦਿਨਾਂ ਦੇ ਪ੍ਰਸ਼ਾਦੇ ਵੀ ਗੁਰਦੁਆਰੇ ਤੋਂ ਲੈ ਜਾਓ ਤੇ ਘਰੇ ਗਰਮ ਕਰ ਕੇ ਖਾਓ। ਇਸ ਤਰ੍ਹਾਂ ਜੋ ਲੋਕ ਮਿਲਵਾਕੀ ਆਉਂਦੇ ਸੀ, ਸਤਵੰਤ ਕਾਫ਼ੀ ਲੋਕਾਂ ਨੂੰ ਗੁਰਦੁਆਰੇ ਜਾਣਾ ਲਾਇਆ ਅਤੇ ਉਹਨਾਂ ਦੀ ਮਦਦ ਕੀਤੀ। ਜੇ ਕੋਈ ਵਿਦਿਆਰਥੀ ਹੁੰਦਾ, ਬਿਨਾਂ ਜਾਣ ਪਛਾਣ ਉਸ ਦੀ ਗਾਰੰਟੀ ਵੀ ਦੇ ਦਿੰਦਾ ਸੀ। ਇਹ ਪਤਾ ਨਹੀਂ ਲੱਗਿਆ ਕਿ ਉਸ ਦੇ ਪੈਸੇ ਵਿਚ ਕਿੰਨੀ ਬਰਕਤ ਸੀ। ਜੇ ਕੋਈ ਪੈਸੇ ਮੋੜ ਗਿਆ ਤਾਂ ਚੰਗੀ ਗੱਲ ਜੇ ਨਹੀਂ ਮੋੜੇ ਤਾਂ ਉਸ ਨੇ ਕਦੇ ਯਾਦ ਵੀ ਨਹੀਂ ਕੀਤੇ।

(ਚਲਦਾ)




ਸ੍ਰ. ਗੁਰਚਰਨਜੀਤ ਸਿੰਘ ਲਾਂਬਾ

ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਪੰਥਕ ਸਫ਼ਾਂ ਦੇ ਅੰਦਰ ਇਕ ਉਘੇ ਸਿੱਖ ਚਿੰਤਕ ਅਤੇ ਵਿਦਵਾਨ ਵਜੋਂ ਜਾਣੇ ਜਾਂਦੇ ਹਨ। ਆਪ ਨੇ ਪੰਥਕ ਤੇ ਧਾਰਮਿਕ ਸੂਝ-ਸਮਝ ਆਪਣੇ ਮਾਤਾ ਪਿਤਾ ਤੋਂ ਹੀ ਪ੍ਰਾਪਤ ਕੀਤੀ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਇੱਕ ਅੰਮ੍ਰਿਤਧਾਰੀ ਗੁਰੂ ਕੇ ਸਿੱਖ ਹਨ ਅਤੇ ਪੂਰੀ ਦੁਨੀਆ ਵਿੱਚ ਸਿੱਖ ਪੰਥ ਦੀ ਨਿਧੱੜਕ ਅਵਾਜ਼ ਹਨ। ਉਨ੍ਹਾਂ ਨੇ 1973 ਵਿਚ ਪਟਨਾ ਸਾਹਿਬ ਵਿਖੇ ਹੀ ਪਟਨਾ ਯੂਨੀਵਰਸਿਟੀ ਤੋਂ ਐਲ.ਐਲ.ਬੀ. ਦੀ ਡਿਗਰੀ ਹਾਸਲ ਕਰਕੇ ਵਕਾਲਤ ਦੇ ਨਾਲ ਨਾਲ ਟੀ.ਵੀ. ਪੱਤਰਕਾਰ ਦੇ ਪੇਸ਼ੇ ਨੂੰ ਅਪਣਾਇਆ। ਆਪ 2003 ਤੋਂ 2011 ਈ. ਤੱਕ ਸੰਤ ਸਿਪਾਹੀ ਰਸਾਲੇ ਦੇ ਐਡੀਟਰ ਰਹੇ। ਆਪ ਪੰਥਕ, ਧਾਰਮਿਕ ਤੇ ਕਾਨੂੰਨੀ ਮਸਲਿਆਂ, ਗੁਰਦੁਆਰਾ ਐਕਟ ਪੈਨਲ ਅਤੇ ਧਰਮਾਂ ਦੇ ਤੁਲਨਾਤਮਿਕ ਅਧਿਐਨ ਵਰਗੇ ਵਿਸ਼ਿਆਂ ਦੇ ਗਹਿਰ-ਗੰਭੀਰ ਖੋਜੀ ਬਣਕੇ ਪੰਥ ਦੇ ਵਡੇਰੇ ਹਿਤਾਂ ਲਈ ਯੋਗਦਾਨ ਪਾਉਂਦੇ ਰਹੇ। ਕਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੈਮੀਨਾਰਾਂ ਵਿਚ ਖੋਜ ਭਰਪੂਰ ਪਰਚੇ ਪੜ੍ਹੇ। "ਇਕ ਖਤ ਭਾਈ ਤਾਰੂ ਸਿੰਘ ਜੀ ਦੇ ਨਾਮ" ਅਤੇ "ਦਸਤਾਰ ਕਿ ਟੋਪੀ" ਆਪ ਦੀਆਂ ਇਨ੍ਹਾਂ ਪੁਸਤਕਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਧਰਮ ਪ੍ਰਚਾਰ ਲਈ ਛਾਪਿਆ। ਆਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਪੰਥਕ ਮਸਲਿਆਂ ਦੇ ਹੱਲ ਲਈ ਬਣਾਈਆਂ ਕਈ ਸਬ ਕਮੇਟੀਆਂ ਦੇ ਮੈਂਬਰ ਵਜੋਂ ਵੀ ਕਾਰਜਸ਼ੀਲ ਰਹੇ। ਆਪ ਦੀ ਲਿਖੀ ਇਹ ਹੱਥੀ ਪੁਸਤਕ "ਸਾਖੀ ਸਿੱਖ ਰਹਿਤ ਮਰਯਾਦਾ ਜੀ ਕੀ" ਸਿੱਖ ਰਹਿਤ ਮਰਯਾਦਾ ਦੀ ਜਾਣਕਾਰੀ ਦੇਣ ਦੇ ਨਾਲ ਨਾਲ ਪੰਥ ਵਿਚ ਇਸ ਦੀ ਅਹਿਮੀਅਤ ਨੂੰ ਵੀ ਬਿਆਨ ਕਰਦੀ ਹੈ। ਆਪਜੀ ਦੀ ਕਿਤਾਬ ਪੰਥਕ ਨਜ਼ਰ ਇੱਕ ਇਤਿਹਾਸਕ ਦਸਤਾਵੇਜ਼ ਹੈ ਜੋ ਸਮੇਂ-ਸਮੇਂ ਵਰਤੇ ਇਤਿਹਾਸ ਦੀ ਗਵਾਹੀ ਭਰਦਾ ਹੈ। ਆਪ ਸ੍ਰੀ ਅਕਾਲ ਤਖਤ ਸਾਹਿਬ ਅਤੇ ਇਥੋਂ ਪੰਥ ਲਈ ਜਾਰੀ ਸਿੱਖ ਰਹਿਤ ਮਰਯਾਦਾ ਨੂੰ ਸਮਰਪਿਤ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਕੌਮ ਨੂੰ ਆ ਰਹੀਆਂ ਦਰਪੇਸ਼ ਖਤਰਿਆਂ ਉਪਰ ਬੇਬਾਕੀ ਦੇ ਨਾਲ ਬੋਲਦੇ ਅਤੇ ਕੌਮ ਨੂੰ ਅਗਾਹ ਕਰਦੇ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਪਿਛਲੇ ਲੰਬੇ ਸਮੇ ਤੋਂ 'ਸਾਡੇ ਲੋਕ' ਅਖਬਾਰ ਲਈ ਪੰਥ ਅਤੇ ਪੰਜਾਬ ਦੇ ਭਲੇ ਲਈ ਲਗਾਤਾਰ ਲਿਖ ਰਹੇ ਹਨ। ਅਸੀਂ ਉਨ੍ਹਾਂ ਦੀ ਇਤਿਹਾਸਕ ਕਿਤਾਬ ਪੰਥਕ ਨਜ਼ਰ ਨੂੰ ਲਗਾਤਰ ਹਫਤਾਵਾਰੀ ਛਾਪ ਰਹੇ ਹਾਂ। ਇਸ ਹਫਤੇ ਤੋਂ ਉਨ੍ਹਾਂ ਦੀ ਕੌਮ ਨੂੰ ਵੱਡੀ ਦੇਣ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਸ਼ੁਰੂ ਕਰ ਰਹੇ ਹਾਂ। ਇਥੇ ਇਹ ਜ਼ਿਕਰਯੋਗ ਹੈ ਕੀ ਇਸ ਕਿਤਾਬ ਨੂੰ ਲਿਖਣ ਲਈ ਦਹਾਕਿਆਂ ਦਾ ਸਮਾਂ ਲੱਗਾ ਹੈ ਅਤੇ ਆਸ ਹੈ ਕੀ ਪਾਠਕ ਇਸ ਇਤਿਹਾਸਕ ਦਸਤਾਵੇਜ਼ ਤੋਂ ਜ਼ਰੂਰ ਲਾਭ ਉਠਾਉਣਗੇ। ਅਸੀਂ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਛਾਪਕੇ ਖੁਸ਼ੀ ਮਹਿਸੂਸ ਕਰ ਰਹੇ ਹਾਂ :- ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

*ਇਤਿਹਾਸ ਦੇ ਝਰੋਖੇ ਵਿਚੋਂ*

# ਸਿੱਖ ਰਹਿਤ ਮਰਯਾਦਾ ਦਾ ਖਰੜੇ ਤੋਂ ਪੰਥ ਪ੍ਰਵਾਨਤ ਹੋਣ ਦਾ ਸਫ਼ਰ

## ਪਹਿਲਾ ਪੜਾਅ ਸ਼੍ਰੋਮਣੀ ਗੁਰਦਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦੀ ਕਾਇਮੀ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਸ੍ਰੀ ਅੰਮ੍ਰਿਤਸਰ ਜੀ ਦੇ ਇਸ਼ਨਾਨ -ਹਰ ਸਿੱਖ ਦੀ ਨਿਤਾਪ੍ਰਤਿ ਦੀ ਅਰਦਾਸ ਹੈ ਸਚਿਖੰਡ ਸ੍ਰੀ ਅੰਮ੍ਰਿਤਸਰ ਜੀ ਦੇ ਇਸ਼ਨਾਨ ਦੀ। ਇਤਿਹਾਸ ਨੇ ਵੀ ਸਾਬਤ ਕਰ ਦਿੱਤਾ ਹੈ ਕਿ ਸ੍ਰੀ ਅੰਮ੍ਰਿਤਸਰ ਸਾਹਿਬ ਜੀ ਦੇ ਇਸ਼ਨਾਨ ਨਾਲ ਪੰਥ ਵਿਚ ਅਗੰਮੀ ਸ਼ਕਤੀ ਦਾ ਸੰਚਾਰ ਹੁੰਦਾ ਹੈ ਇਸ ਲਈ ਜਿਤਨੀਆਂ ਕੁਰਬਾਨੀਆਂ ਪੰਥ ਨੇ ਕੀਤੀਆਂ ਹਨ ਉਤਨੀਆਂ ਸ਼ਾਇਦ ਪਰਿਕਰਮਾਂ ਵਿਚ ਸਿਲਾਂ ਵੀ ਨਹੀਂ ਹਨ। ਅਠਾਰ੍ਹਵੀਂ ਸਦੀ ਵਿਚ ਜਦੋਂ ਹਰਿਮੰਦਰ ਸਾਹਿਬ ਨੂੰ ਪੂਰੀ ਤਰ੍ਹਾਂ ਘੇਰਾ ਪਿਆ ਸੀ, ਉਸ ਸਮੇਂ ਵੀ ਸੇਵਾ ਪੰਥੀ ਭਾਈ ਮਨਸਾ ਸਿੰਘ ਜੀ ਸਰੋਵਰ ਵਿਚ ਠਿਲ੍ਹ ਕੇ ਅੰਦਰ ਜੋਤਿ ਜਗਾ ਆਂਦੇ ਸਨ। ਇਕ ਵਾਰ ਵਾਪਸ ਆਉਂਦਿਆਂ ਆਪ ਜੀ ਨੂੰ ਗੋਲੀ ਲੱਗੀ ਅਤੇ ਸ਼ਹੀਦ ਹੋ ਗਏ ਪਰ ਜੋਤਿ ਜਗਾ ਆਏ।

ਨਾਦਰ ਸ਼ਾਹ ਵੀ ਪ੍ਰੇਸ਼ਾਨ ਸੀ ਕਿ ਗੰਗਾ ਜਮਨਾ ਨਿਕਟ ਨਾ ਜਾਵੈ। ਆਪਨੇ ਗੁਰ ਕੀ ਛਪੜੀ ਨ੍ਹਾਵੈ। ਪਰ ਉਸ ਨੂੰ ਅਤੇ ਉਸ ਵਰਗਿਆਂ ਨੂੰ ਛੇਤੀ ਸਮਝ ਆ ਗਈ ਕਿ ਇਸ ਪਾਵਨ ਸਰੋਵਰ ਵਿਚ ਕੀਤੇ ਇਸ਼ਨਾਨ ਸਿੱਖੀ ਦਾ ਬੂਟਾ ਹਰਿਆ ਹੋ ਜਾਂਦਾ ਹੈ। ਪਰ ਹੈਰਾਨੀ ਹੈ ਕਿ ਇਸ ਪਾਵਨ ਸਰੋਵਰ ਪ੍ਰਤੀ ਨਿੰਦਾ ਦਾ ਕ੍ਰਮ ਜਾਰੀ ਹੈ। ਅਲਬੱਤਾ ਹੁਣ ਪਾਤਰ ਸਿੱਖੀ ਸਰੂਪ ਵਿਚ ਵੀ ਨਜ਼ਰ ਆਉਂਦੇ ਹਨ।

ਜਿਨ ਹਰਿਮੰਦਰ ਕੀ ਨਿੰਦਾ ਕਰੀ ਤਿਨ ਘੋਰ ਪਾਪ ਕੀਏ ਨ ਕੀਏ।
ਜਿਨ ਸੁਧਾਸਰ ਕੋ ਵਿਅਰਥ ਕਹਾ,
ਤਿਨ ਘੋਰ ਨਰਕ ਇਕਤ੍ਰ ਕੀਏ ਨ ਕੀਏ।
ਜਿਨ ਚਰਨ ਗੰਗਾ ਕਾ ਖੰਡਨ ਕੀਆਂ,
ਤਿਨ ਜੀਵਨ ਜਲ ਗੰਧਲੇ ਕੀਏਨ ਕੀਏ।
ਜਿਨ ਹਰਿ ਕੀ ਪਉੜੀ ਕਾ ਚੂਲਾ ਨ ਲੀਆ,
ਤਿਨ ਵਿਸ਼ਟਾ ਕਿਰਮ ਥੀਆ ਨ ਥੀਆ।
ਜਿਨ ਰਾਮਦਾਸ ਦੇ ਦਰ ਮਸਤਕ ਨ ਧਰਾ,
ਤਿਨ ਪਸ਼ੂ ਜੂਨ ਪੜਾ ਨ ਪੜਾ।
ਜਿਨ ਦੁਖਭੰਜਨੀ ਵਿਖੇ ਇਸ਼ਨਾਨ ਨ ਕੀਆ,
ਤਿਨ ਜੀਵਨ ਵਿਅਰਥ ਕੀਆ ਨ ਕੀਆ।
(ਗੁਰਚਰਨਜੀਤ ਸਿੰਘ ਲਾਂਬਾ)


ਸ਼ਹੀਦਾਂ ਦੇ ਸਿਰਤਾਜ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਪਾਸ ਭਾਈ ਪੈੜਾ ਅਤੇ ਭਾਈ ਕੰਦੂ ਆਏ ਤੇ ਪੁੱਛਿਆ ਕਿ ਉਨ੍ਹਾਂ ਦਾ ਉਧਾਰ ਕਿਵੇਂ ਹੋਵੇ। ਸੱਚੇ ਪਾਤਸ਼ਾਹ ਜੀ ਨੇ ਜਵਾਬ ਦਿੱਤਾ : ਭਾਈ ਪੈੜਾ ਛਜਲੁ ਜਾਤ ਦਾ ਤੇ ਕੰਦੂ ਜਾਤ ਦਾ ਸੰਘਰੁ ਗੁਰੂ ਅਰਜਨ ਜੀ ਦੀ ਸਰਨਿ ਆਏ। ਜੋ ਅਸਾਡਾ ਉਦਾਰੁ ਕਿਉਂ ਕਰਿ ਹੋਵੈ ਜੀ? ਤਾਂ ਬਚਨੁ ਹੋਇਆ : ਜੋ ਅੰਮ੍ਰਿਤਸਰ ਜੀ ਕਾ ਇਸਨਾਨੁ ਕੀਤਾ ਕਰੋ ਤੇ ਸਬਦ ਦਾ ਵੀਚਾਰੁ ਕੀਤਾ ਕਰੋ, ਤੇ ਸਿਖਾਂ ਦੀ ਟਹਿਲ ਕੀਤਾ ਕਰੋ। (ਸਿੱਖਾਂ ਦੀ ਭਗਤ ਮਾਲਾ, ਸਾਖੀ ੫੭, ਪੰਨਾ ੮੬)

ਇਸ ਦੇ ਬਾਅਦ ਚੌਂਕੀਆਂ, ਝੰਡਿਆਂ ਅਤੇ ਬੁੰਗਿਆਂ ਦੇ ਜੁਗੋ ਜੁਗ ਅਟੱਲ ਹੋਣ ਦੀ ਕਾਮਨਾ ਹੈ। ਨਿਰਾਕਾਰ ਨਿਸ਼ਾਨਾ ਹੈ ਪਰ ਇਸ ਲਈ ਕੁਝ ਆਕਾਰ ਸਿਰਜਣੇ ਪੈਂਦੇ ਹਨ। ਜਿਵੇਂ ਹਰਿਮੰਦਰ ਸਾਹਿਬ, ਚੌਰ, ਮੰਜੀ ਸਾਹਿਬ, ਨਿਸ਼ਾਨ ਸਾਹਿਬ ਆਦਿ ਆਦਿ ਆਕਾਰ ਹਨ ਜੋ ਉਸ ਨਿਰਾਕਾਰ ਵਲ ਲੈ ਕੇ ਜਾਂਦੇ ਹਨ। ਇਸੇ ਤਰ੍ਹਾਂ ਇਹ ਚੌਂਕੀਆਂ, ਝੰਡੇ ਅਤੇ ਬੁੰਗੇ ਧਰਮ ਦੀ ਜੈਕਾਰ ਹਾਸਲ ਕਰਨ ਲਈ ਪੰਥ ਨੇ ਸਿਰਜੇ ਹਨ। ਇਨ੍ਹਾਂ ਦੀ ਕਾਇਮੀ ਟਤੇ ਬੁਲੰਦੀ ਖਾਲਸੇ ਦੀ ਚੜ੍ਹਦੀ ਕਲਾ ਦੇ ਲਖਾਇਕ ਹਨ ਅਤੇ ਇਸ ਨਾਲ ਹੀ ਧਰਮ ਕਾ ਜੈਕਾਰ ਗਜਾਇਆ ਜਾ ਸਕਦਾ ਹੈ।

(7) ਸਿੱਖਾਂ ਦਾ ਮਨ ਨੀਵਾਂ, ਮਤ ਉੱਚੀ,
ਮਤ ਦਾ ਰਾਖੀ ਆਪਿ ਵਾਹਿਗੁਰੂ।
(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨ ੧੧)

ਅਰਦਾਸ ਦੀ ਇਸ ਛੋਟੀ ਜਿਹੀ ਸਤਰ ਵਿਚ ਬਹੁਤ ਵੱਡੀ ਮੰਗ ਹੈ। ਇਸ ਵਿਚ ਮਨ ਨੂੰ ਨੀਵਾਂ ਅਤੇ ਮਤ ਉੱਚੀ ਰੱਖਣ ਦੀ ਅਰਦਾਸ ਹੈ। ਨਾਲ ਹੀ ਵਾਹਿਗੁਰੂ ਨੂੰ ਮਤ ਦਾ ਰਾਖਾ ਹੋਣ ਦੀ ਅਰਦਾਸ ਹੈ। ਸਿੱਖ ਰਹਿਤ ਮਰਯਾਦਾ ਵਿਚ ਲਫ਼ਜ਼ ਮਤਾ ਦਾ ਰਾਖਾ ਹਨ ਪਰ ਸਚਿਖੰਡ ਸ੍ਰੀ ਹਰਿਮੰਦਰ ਸਾਹਿਬ ਵਿਚ ਮਤ ਪਤ ਦਾ ਰਾਖਾ ਬੋਲੇ ਜਾਂਦੇ ਹਨ। ਜੇਕਰ ਮਤ ਉੱਚੀ ਹੋ ਕੇ ਮਨ ਨੀਵਾਂ ਹੋ ਜਾਏ ਤਾਂ ਫਿਰ ਦੁਨਿਆਵੀਪਤ, ਲੋਕ ਲਾਜ ਨਿਰਰਥਕ ਹੋ ਜਾਂਦੇ ਹਨ।

(8) ਹੇ ਅਕਾਲ ਪੁਰਖ! ਆਪਣੇ ਪੰਥ ਦੇ ਸਦਾ ਸਹਾਈ ਦਾਤਾਰ ਜੀਓ! ਸ੍ਰੀ ਨਨਕਾਣਾ ਸਾਹਿਬ ਤੇ ਹੋਰ ਗੁਰਦੁਆਰਿਆਂ ਗੁਰਧਾਮਾਂ ਦੇ, ਜਿਨ੍ਹਾਂ ਤੋਂ ਪੰਥ ਨੂੰ ਵਿਛੋੜਿਆ ਗਿਆ ਹੈ, ਖੁੱਲ੍ਹੇ ਦਰਸ਼ਨ ਦੀਦਾਰ ਤੇ ਸੇਵਾ ਸੰਭਾਲ ਦਾ ਦਾਨ ਖਾਲਸਾ ਜੀ ਨੂੰ ਬਖਸ਼ੋ।
(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੬, ਪੰਨਾ ੧੧)




1947 ਦੇ ਘੱਲੂਘਾਰੇ ਨੇ ਪੰਥ ਨੂੰ ਬਹੁਤ ਡੂੰਘੇ ਜ਼ਖ਼ਮ ਦਿੱਤੇ ਹਨ ਜਿਸ ਦੀ ਭਰਪਾਈ ਦੂਰ ਭਵਿੱਖ ਤੱਕ ਨਜ਼ਰ ਨਹੀਂ ਆ ਰਹੀ। ਇਸ ਵਿਚ ਸ੍ਰੀ ਨਨਕਾਣਾ ਸਾਹਿਬ ਅਤੇ ਅਣਗਿਣਤ ਗੁਰਦੁਆਰੇ ਅਤੇ ਗੁਰਧਾਮ ਪੰਥ ਤੋਂ ਵਿਛੋੜ ਦਿੱਤੇ ਗਏ ਹਨ। ਅਰਦਾਸ ਵਿਚ ਖਾਲਸਾ ਜੀ ਨੂੰ ਉਨ੍ਹਾਂ ਗੁਰਧਾਮਾਂ ਦੇ ਖੁੱਲ੍ਹੇ ਦਰਸ਼ਨ ਦੀਦਾਰ ਤੇ ਸੇਵਾ ਸੰਭਾਲ ਦੀ ਯਾਚਨਾ ਕੀਤੀ ਗਈ ਹੈ। ਇਸ ਵਿਚ ਪਹਿਲੀ ਅਰਦਾਸ ਹੈ ਖੁੱਲ੍ਹੇ ਦਰਸ਼ਨ ਦੀਦਾਰ ਦੀ। ਕੁਝ ਪਤਵੰਡੇ ਵਿਅਕਤੀਆਂ ਅਤੇ ਸਰਕਾਰੇ ਦਰਬਾਰੇ ਅਸਰ ਰਸੂਖ ਰੱਖਣ ਵਾਲਿਆਂ ਨੂੰ ਖੁੱਲ੍ਹੀ ਆਵਾਜਾਈ ਮਿਲ ਜਾਣੀ ਜਾਂ ਕਦੇ ਕਦਾਈਂ ਕੁਝ ਜਥਿਆਂ ਨੂੰ ਗੁਰਧਾਮਾਂ ਦੇ ਦਰਸ਼ਨ ਨੂੰ ਖੁੱਲ੍ਹੇ ਦਰਸ਼ਨ ਦੀਦਾਰ ਨਹੀਂ ਕਿਹਾ ਜਾ ਸਕਦਾ। ਇਕਬਾਲ ਦਾ ਕਥਨ ਹੈ,
ਮੁਲਾਂ ਕੋ ਜੋ ਹੈ ਮਸਜਿਦ ਮੇਂ ਜਾਨੇ ਕੀ ਇਜਾਜ਼ਤ ਹੈ।
ਨਾਦਾਂ ਯੇਹ ਸਮਝਤਾ ਹੈ ਕਿ ਇਸਲਾਮ ਹੈ ਆਜ਼ਾਦ।

ਇਸ ਵਿਚ ਦੂਜੀ ਜੋਦੜੀ ਹੈ ਵਿਛੜੇ ਹੋਏ ਗੁਰਦੁਆਰਿਆਂ ਅਤੇ ਗੁਰਧਾਮਾਂ ਦੀ ਸੇਵਾ ਸੰਭਾਲ ਦਾ ਦਾਨ ਖਾਲਸਾ ਜੀ ਨੂੰ ਮਿਲਣ ਦੀ। ਇਤਿਹਾਸ ਗਵਾਹ ਹੈ ਕਿ ਗੁਰਦੁਆਰਿਆਂ ਦੀ ਸੇਵਾ ਸੰਭਾਲ ਖਾਲਸਾ ਜੀ ਹੀ ਕਰ ਸਕਦਾ ਹੈ। ਪਾਕਿਸਤਾਨ ਵਿਚ ਕਿਤਨੇ ਹੀ ਇਤਿਹਾਸਕ ਗੁਰਦੁਆਰੇ ਹਨ ਪਰ ਬੰਦ ਯਾ ਬੰਦ ਵਰਗੇ ਹਨ। ਜਦੋਂ ਸੰਗਤਾਂ ਦੀ ਆਮਦ ਹੁੰਦੀ ਹੈ ਤਾਂ ਦੀਵਾਨ ਲੱਗਦੇ ਹਨ। ਸੋ ਅਰਦਾਸ ਤਾਂ ਨਿਰੰਤਰ ਜਾਰੀ ਹੈ ਪਰ ਅਜੇ ਤੜਪ ਨਹੀਂ ਪਰਗਟ ਹੋਈ। ਜਿਸ ਦਿਨ ਇਹ ਹੋ ਗਈ, ਹੋ ਸਕਦਾ ਗੁਰੂ ਨਾਨਕ ਦੇਵ ਜੀ ਤਰੁੱਠ ਕੇ ਕਿਰਪਾ ਕਰ ਦੇਣ।

(9) ਹੇ ਨਿਮਾਣਿਆਂ ਦੇ ਮਾਣ, ਨਿਤਾਣਿਆਂ ਦੇ ਤਾਦ, ਨਿਓਟਿਆਂ ਦੀ ਓਟ, ਸੱਚੇ ਪਿਤਾ ਵਾਹਿਗੁਰੂ! ਆਪ ਦੇ ਹਜ਼ੂਰ....ਦੀ ਅਰਦਾਸ ਹੈ ਜੀ। ਅੱਖਰ ਵਾਧਾ ਘਾਟਾ ਭੁੱਲ ਚੁੱਕ ਮਾਫ਼ ਕਰਨੀ। ਸਰਬੱਤ ਦੇ ਕਾਰਜ ਰਾਸ ਕਰਨੇ। ਸੇਈ ਪਿਆਰੇ ਮੇਲ, ਜਿਨ੍ਹਾਂ ਮਿਲਿਆ ਤੇਰਾ ਨਾਮ ਚਿਤ ਆਵੈ।
(ਫੁਟ ਨੋਟ-ਇਥੇ ਉਸ ਬਾਣੀ ਦਾ ਨਾਮ ਲਵੋ, ਜੋ ਪੜ੍ਹੀ ਹੈ, ਜਾਂ ਜਿਸ ਕਾਰਜ ਲਈ ਇਕੱਤ੍ਰਤਾ ਜਾਂ ਸੰਗਤ ਜੁੜੀ ਹੋਵੇ, ਉਸ ਦਾ ਜ਼ਿਕਰ ਯੋਗ ਸ਼ਬਦਾਂ ਵਿਚ ਕਰੋ।)
(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੧੧)

ਇਸ ਪੈਸੇ ਵਿਚ ਪੂਰੀ ਦੀਨਤਾ ਅਤੇ ਅਧੀਨਤਾ ਨਾਲ ਜਿਸ ਕਾਰਜ ਲਈ ਸੰਗਤ ਜੁੜੀ ਹੈ ਉਸਦੇ ਲਈ ਵਾਹਿਗੁਰੂ ਅੱਗੇ ਜੋਦੜੀ ਕੀਤੀ ਜਾਂਦੀ ਹੈ। ਨਾਲ ਹੀ ਭੁੱਲਾਂ ਦੀ ਖਿਮਾ ਅਤੇ ਅਰਦਾਸ ਕੀਤੀ ਜਾਂਦੀ ਹੈ ਕਿ ਜੁੜਿਆਂ ਦਾ ਮੇਲ ਹੋਏ ਤਾਂ ਕਿ ਵਾਹਿਗੁਰੂ ਚਿਤ ਆਵੇ।

(10)
ਨਾਨਕ ਨਾਮ ਚੜ੍ਹਦੀ ਕਲਾ,
ਤੇਰੇ ਭਾਣੇ ਸਬੱਤ ਦਾ ਭਲਾ।
(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੧੧)

ਵਿਆਖਿਆ

ਅਰਦਾਸ ਦਾ ਇਹ ਅਖੀਰਲਾ ਬੰਦ ਹੈ। ਇਸ ਵਿਚ ਨਾਮ ਦੇ ਆਸਰੇ ਚੜ੍ਹਦੀ ਕਲਾ ਅਤੇ ਸਰਬੱਤ ਦੇ ਭਲੇ ਦੀ ਅਰਦਾਸ ਹੈ।

(ਚਲਦਾ)

# ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਅਮਰੀਕਾ ਦੇ ਯਤਨਾਂ ਸਦਕਾ ਕੈਲੇਫੋਰਨੀਆਂ ਸਟੇਟ ਸੈਨੇਟ ਵਲੋਂ ਪਿਛਲੇ ਦਿਨੀਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਜਾਗਤ ਜੋਤ ਗੁਰੂ ਅਤੇ ਸਿੱਖ ਕੌਮ ਨੂੰ ਇੱਕ ਵੱਖਰੀ ਕੌਮ ਵਜੋਂ ਮਾਨਤਾ ਦੇਣ ਦੇ ਮਤੇ ਪਾਸ ਕੀਤੇ ਗਏ ਹਨ

ਨਿਊਯਾਰਕ : ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਅਮਰੀਕਾ ਦੇ ਯਤਨਾਂ ਸਦਕਾ ਪਿੱਛਲੇ ਦਿਨੀਂ ਕੈਲੇਫੋਰਨੀਆਂ ਸਟੇਟ ਸੈਨੇਟ ਵਲੋਂ ਆਮ ਸਹਿਮਤੀ ਨਾਲ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਜਾਗਤ ਜੋਤ ਗੁਰੂ ਅਤੇ ਸਿੱਖ ਕੌਮ ਨੂੰ ਇੱਕ ਵੱਖਰੀ ਕੌਮ ਵਜੋਂ ਮਾਨਤਾ ਦੇਣ ਦੇ ਮਤੇ ਪਾਸ ਕੀਤੇ ਗਏ ਹਨ। ਇਸ ਕਾਰਜ ਨੂੰ ਸਿਰੇ ਚੜਾਉਣ ਵਾਸਤੇ ਕਾਫੀ ਲੰਬੇ ਸਮੇਂ ਤੋਂ ਸ੍ਰ ਬੂਟਾ ਸਿੰਘ ਖੜੌਦ ਤੇ ਸ੍ਰ ਭੁਪਿੰਦਰ ਸਿੰਘ ਹੁਰੀਂ ਕੈਲੇਫੋਰਨੀਆ ਸਟੇਟ ਨਾਲ ਕੰਮ ਕਰ ਰਹੇ ਸਨ। ਅਖੀਰ ਉਨਾਂ ਵਲੋਂ ਕੀਤੀ ਜਾ ਰਹੀ ਮਿਹਨਤ ਨੂੰ ਬੂਰ ਪਿਆ ਜੋ ਪਿੱਛਲੇ ਦਿਨੀਂ ਇਹ ਪਾਸ ਕੀਤਾ ਗਿਆ ਹੈ। ਉਸ ਮਤਾ ਦਾ ਨੰਬਰ sr27 ਹੈ। ਇਸ ਪਾਸ ਕੀਤੇ ਗਏ ਮਤੇ ਨੂੰ ਕੋਈ ਵੀ ਸੱਜਣ ਕੈਲੇਫੋਰਨੀਆਂ ਸਟੇਟ ਦੀ ਵੈਬਸਾਈਟ ਤੇ ਜਾ ਕੇ ਦੇਖ ਸਕਦਾ ਹੈ। ਇਸ ਤੋਂ ਇਲਾਵਾ ਪਹਿਲਾਂ ਵੀ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਅਮਰੀਕਾ ਵਲੋਂ ਦੋ ਹੋਰ ਸਟੇਟਾਂ ਨਿਊਜਰਸੀ ਤੇ ਪੈਨਸਿਲਵੇਨੀਆ ਵਿੱਚ ਵੀ ਇਹ ਮਤੇ ਪਾਸ ਕਰਵਾਏ ਜਾ ਚੁੱਕੇ ਹਨ ਤੇ ਕੁਝ ਹੋਰ ਸਟੇਟਾਂ ਵਿੱਚ ਵੀ ਕਾਰਜ ਚਲ ਰਹੇ ਹਨ। ਜਿੱਥੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸ੍ਰ ਸਿਮਰਨਜੀਤ ਸਿੰਘ ਮਾਨ ਅਤੇ ਅਮਰੀਕਾ ਯੂਨਿਟ ਦੇ ਮੈਂਬਰ ਸ੍ਰ. ਸੁਰਜੀਤ ਸਿੰਘ ਕੁਲਾਰ, ਸ੍ਰ. ਬੂਟਾ ਸਿੰਘ ਖੜੌਦ, ਜੀਤ ਸਿੰਘ ਆਲੋਅਰਖ, ਸ੍ਰ. ਰੁਪਿੰਦਰ ਸਿੰਘ ਬਾਠ, ਸ੍ਰ. ਮੱਖਣ ਸਿੰਘ ਕਲੇਰ, ਸ੍ਰ. ਤਰਸੇਮ ਸਿੰਘ, ਸ੍ਰ. ਦਲਬੀਰ ਸਿੰਘ ਚੀਮਾ, ਸ੍ਰ. ਜੋਗਾ ਸਿੰਘ, ਸ੍ਰ. ਦੀਪਇੰਦਰ ਸਿੰਘ ਮਾਨ, ਸ੍ਰ. ਸੁਰਿੰਦਰ ਸਿੰਘ ਸ੍ਰ. ਲਖਵਿੰਦਰ ਸਿੰਘ ਤੇ ਬਾਕੀ ਅਹੁਦੇਦਾਰਾਂ ਵਲੋਂ ਸਾਂਝੇ ਤੌਰ 'ਤੇ ਮੀਡੀਆ ਨੂੰ ਭੇਜੇ ਪੱਤਰ ਰਾਹੀਂ ਕੈਲੇਫੋਰਨੀਆਂ ਸਟੇਟ ਸੈਨੇਟ ਦਾ ਧੰਨਵਾਦ ਕੀਤਾ ਗਿਆ ਤੇ ਉਥੇ ਹੀ ਸਮੁੱਚੀ ਸਿੱਖ ਕੌਮ ਨੂੰ ਇਨਾਂ ਕਾਰਜਾਂ ਦੀ ਵਧਾਈ ਦਿੱਤੀ ਗਈ ਹੈ।


CALIFORNIA LEGISLATURE— 2023–2024 REGULAR SESSION

SENATE RESOLUTION NO. 27

Introduced by Senator Cortese

April 12, 2023

Relative to Sikhism.

LEGISLATIVE COUNSEL'S DIGEST

SR 27, as introduced, Cortese.

Digest Key

Bill Text

WHEREAS, California is home to a diverse population with a rich cultural heritage of various ethnic groups that contribute to the richness and diversity of the state; and

WHEREAS, According to founder Guru Nanak in 15th century Punjab, the Sikh monotheistic tradition teaches its adherents to practice the universal principles of truthful living, service to humanity, and devotion to God; and

WHEREAS, The Sikh community began immigrating to the United States in the late 1800s and has played an important role in developing this country and the State of California while enriching American culture, history, economy, and diversity; and

WHEREAS, Sikhism is the fifth largest religion in the world with more than 25,000,000 Sikhs worldwide, including more than 750,000 in the United States; and

WHEREAS, Sikhism places a primary focus on equality and the oneness of humanity and encourages those to practice "seva," meaning self-service, such as providing free food to the less fortunate in the community, or helping at the Gurdwara, including cleaning, washing dishes, or serving in the "langar," meaning the kitchen, where all are welcome to sit and eat together; and

WHEREAS, According to Sikhism, the 10th Sikh Guru, Guru Gobind Singh Ji, left the world and indicated to the generations ahead to avoid idol worship and recognize the Shri Guru Granth Sahib Ji, the principal scripture of Sikhism, as the "Living and Eleventh Guru" of the Sikh religion; and

WHEREAS, Although Sikhs have made immense contributions throughout history, they have long faced oppression and discrimination throughout the world; and

WHEREAS, The Shri Guru Granth Sahib Ji is written in Gurmukhi, commonly referred to as Sikh Script; and

WHEREAS, The United Nations Office of the High Commissioner for Human Rights document entitled 18 Commitments on "Faith for Rights" included teaching and scripture from the Shri Guru Granth Sahib Ji meant to promote interfaith and interreligious harmony, peace, and human rights; and

WHEREAS, According to Sikh religion and history, Sikhs share a unique set of beliefs, practices, and ancestry that are altogether different from other existing religions; and

WHEREAS, The values of tolerance and religious diversity grounded in the First Amendment to the United States Constitution, the state's promotion of a culture of mutual understanding, and the importance of reducing violence are all consistent with Sikhism and the teachings of the Shri Guru Granth Sahib Ji; now, therefore, be it

Resolved by the Senate of the State of California, That the Senate seeks to further the diversity of the state and afford all residents the opportunity to better understand, recognize, and appreciate the rich history and shared experiences of Sikhs; and be it further

Resolved, That the Senate recognizes the cultural, religious, and interfaith importance of the Shri Guru Granth Sahib Ji as the "Living Guru" of Sikhs in promoting peace and declaring Sikhs as a distinct ethnic and religious minority; and be it further

# ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਬੰਦੀ ਸਿੰਘਾਂ ਦੀ ਰਿਹਾਈ ਲਈ ਅਰਦਾਸ ਸਮਾਗਮ

## *ਅੰਮ੍ਰਿਤਪਾਲ ਸਿੰਘ ਤੇ ਸਮੂਹ ਬੰਦੀ ਸਿੰਘਾਂ ਦੇ ਪਰਿਵਾਰਕ ਮੈਂਬਰ ਹੋਏ ਸ਼ਾਮਲ; ਅਗਲੀ ਅਰਦਾਸ 17 ਨੂੰ ਤਖ਼ਤ ਪਟਨਾ ਸਾਹਿਬ ਵਿਖੇ ਹੋਵੇਗੀ*



ਤਲਵੰਡੀ ਸਾਬੋ : ਕੌਮੀ ਸੁਰੱਖਿਆ ਐਕਟ ਤਹਿਤ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਵਿੱਚ ਬੰਦ 'ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਸਿੰਘ ਅਤੇ ਹੋਰ ਵੱਖ-ਵੱਖ ਜੇਲ੍ਹਾਂ ਵਿੱਚ ਨਜ਼ਰਬੰਦ ਸਮੂਹ ਬੰਦੀ ਸਿੰਘਾਂ ਦੀ ਰਿਹਾਈ ਲਈ ਪੰਜ ਤਖ਼ਤ ਸਾਹਿਬਾਨ 'ਤੇ ਸ਼ੁਰੂ ਕੀਤੀ ਗਈ ਅਰਦਾਸ ਸਮਾਗਮਾਂ ਦੀ ਲੜੀ ਤਹਿਤ ਅੱਜ ਤੀਜਾ ਅਰਦਾਸ ਸਮਾਗਮ ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਵਿਖੇ ਕੀਤਾ ਗਿਆ। ਇਸ ਅਰਦਾਸ ਸਮਾਗਮ ਵਿੱਚ ਅੰਮ੍ਰਿਤਪਾਲ ਸਿੰਘ ਦੇ ਪਿਤਾ ਤਰਸੇਮ ਸਿੰਘ, ਮਾਤਾ ਬਲਵਿੰਦਰ ਕੌਰ, ਹੋਰਨਾਂ ਬੰਦੀ ਸਿੰਘਾਂ ਦੇ ਪਰਿਵਾਰ, ਸਿੱਖ ਜਥੇਬੰਦੀਆਂ ਦੇ ਨੁਮਾਇੰਦੇ ਅਤੇ ਵੱਡੀ ਗਿਣਤੀ ਵਿੱਚ ਸੰਗਤ ਨੇ ਸ਼ਿਰਕਤ ਕੀਤੀ। ਇਸ ਮੌਕੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਹਰਪ੍ਰੀਤ ਸਿੰਘ ਵੀ ਵਿਸ਼ੇਸ ਤੌਰ 'ਤੇ ਸ਼ਾਮਲ ਹੋਏ।

ਸਭ ਤੋਂ ਪਹਿਲਾਂ ਅੱਜ ਤਖ਼ਤ ਸਾਹਿਬ ਦੇ ਗੁਰਦੁਆਰਾ ਬਾਬਾ ਬੀਰ ਸਿੰਘ ਬਾਬਾ ਧੀਰ ਸਿੰਘ ਵਿੱਚ ਸ੍ਰੀ ਅਖੰਡ ਪਾਠ ਦੇ ਭੋਗ ਪਾਏ ਗਏ। ਉਪਰੰਤ ਤਖ਼ਤ ਸਾਹਿਬ ਦੀ ਫਸੀਲ ਅੱਗੇ ਵਧੀਕ ਮੁੱਖ ਗ੍ਰੰਥੀ ਗਿਆਨੀ ਗੁਰਜੰਟ ਸਿੰਘ ਨੇ ਬੰਦੀ ਸਿੰਘਾਂ ਦੀ ਰਿਹਾਈ ਲਈ ਅਰਦਾਸ ਕੀਤੀ। ਅਰਦਾਸ ਸਮਾਗਮ ਮਗਰੋਂ ਅੰਮ੍ਰਿਤਪਾਲ ਸਿੰਘ ਦੇ ਮਾਪਿਆਂ ਨੇ ਕਿਹਾ ਕਿ ਅੰਮ੍ਰਿਤਪਾਲ ਸਿੰਘ ਵੱਲੋਂ ਸ਼ੁਰੂ ਕੀਤੀ ਗਈ ਖਾਲਸਾ ਵਹੀਰ ਨੇ ਨੌਜਵਾਨੀ ਨੂੰ ਧਰਮ ਨਾਲ ਜੋੜ ਕੇ ਨਸ਼ਿਆਂ ਦੀ ਦਲਦਲ 'ਚੋਂ ਕੱਢਿਆ ਅਤੇ ਸਰਕਾਰਾਂ ਵੱਲੋਂ ਦਹਾਕਿਆਂ ਤੋਂ ਸਿੱਖ ਨੌਜਵਾਨਾਂ ਨੂੰ ਬਰਬਾਦ ਕਰਨ ਲਈ ਬੁਣੇ ਗਏ ਨਸ਼ਿਆਂ ਦੇ ਜਾਲ ਨੂੰ ਖ਼ਾਲਸਾ ਵਹੀਰ ਨੇ ਐਸਾ ਕੱਟਿਆ ਕਿ ਇਸ ਤੋਂ ਘਬਰਾ ਕੇ ਸਰਕਾਰ ਨੇ ਅੰਮ੍ਰਿਤਪਾਲ ਸਿੰਘ ਤੇ ਉਸ ਦੇ ਸਾਥੀਆਂ ਨੂੰ ਐੱਨਐੱਸਏ ਲਗਾ ਕੇ ਪੰਜਾਬ ਤੋਂ ਹਜ਼ਾਰਾਂ ਮੀਲ ਦੂਰ ਡਿਬਰੂਗੜ ਦੀ ਜੇਲ੍ਹ ਵਿੱਚ ਕੈਦ ਕਰ ਦਿੱਤਾ। ਉਨ੍ਹਾਂ ਕਿਹਾ ਕਿ ਬੰਦੀ ਸਿੰਘਾਂ ਦੀ ਰਿਹਾਈ ਲਈ ਸਿੱਖ ਕੌਮ ਨੂੰ ਇੱਕ ਪਲੈਟਫਾਰਮ 'ਤੇ ਇਕੱਠੇ ਹੋਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਅਗਲਾ ਅਰਦਾਸ ਸਮਾਗਮ 17 ਦਸੰਬਰ ਨੂੰ ਤਖ਼ਤ ਸ੍ਰੀ ਪਟਨਾ ਸਾਹਿਬ ਵਿਖੇ ਹੋਵੇਗਾ। ਅੱਜ ਦੇ ਸਮਾਗਮਾਂ ਦੇ ਮੱਦੇਨਜ਼ਰ ਇੱਥੇ ਭਾਰੀ ਪੁਲੀਸ ਬਲ ਤਾਇਨਾਤ ਕੀਤਾ ਗਿਆ ਸੀ। 'ਅਰਦਾਸ ਸਮਾਗਮ' ਮਗਰੋਂ ਕੁਝ ਸਿੱਖ ਨੌਜਵਾਨਾਂ ਨੇ ਖਾਲਿਸਤਾਨ ਪੱਖੀ ਨਾਅਰੇ ਲਗਾਉਣੇ ਸ਼ੁਰੂ ਕਰ ਦਿੱਤੇ। ਇਨ੍ਹਾਂ ਨਾਅਰਿਆਂ ਦੀ ਗੂੰਜ ਸੁਣ ਕੇ ਇੱਥੇ ਤਾਇਨਾਤ ਭਾਰੀ ਪੁਲੀਸ ਬਲ ਨੂੰ ਹੱਥਾਂ-ਪੈਰਾਂ ਦੀ ਪੈ ਗਈ। ਜ਼ਿਕਰਯੋਗ ਹੈ ਕਿ ਅੱਜ ਦੇ ਅਰਦਾਸ ਸਮਾਗਮ ਦੇ ਮੱਦੇਨਜ਼ਰ ਤਖ਼ਤ ਸਾਹਿਬ ਕੰਪਲੈਕਸ 'ਚ ਵੱਡੀ ਗਿਣਤੀ ਵਿੱਚ ਪੁਲੀਸ ਮੁਲਾਜ਼ਮ ਤੇ ਅਧਿਕਾਰੀ ਸਾਦੇ ਕੱਪੜਿਆਂ ਵਿੱਚ ਤਾਇਨਾਤ ਰਹੇ।

### ਸਿੱਖਾਂ ਖ਼ਿਲਾਫ਼ ਭੇਦਭਾਵ ਵਾਲਾ ਮਾਹੌਲ ਸਿਰਜਿਆ ਜਾ ਰਿਹੈ: ਗਿਆਨੀ ਹਰਪ੍ਰੀਤ ਸਿੰਘ

ਤਲਵੰਡੀ ਸਾਬੋ : ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਹਰਪ੍ਰੀਤ ਸਿੰਘ ਨੇ ਅੱਜ ਇੱਥੇ ਕਿਹਾ ਕਿ ਪਿਛਲੇ ਲੰਬੇ ਸਮੇਂ ਤੋਂ ਦੇਸ਼ ਭਰ ਵਿੱਚ ਸਿੱਖਾਂ ਖ਼ਿਲਾਫ਼ ਭੇਦਭਾਵ ਵਾਲਾ ਮਾਹੌਲ ਸਿਰਜਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਇੱਕ ਪਾਸੇ ਹਰਿਆਣਾ ਦੇ ਨੂਹ ਵਿੱਚ ਥਾਣੇ ਨੂੰ ਅੱਗ ਲਗਾ ਕੇ ਦੰਗਾ ਕਰਨ ਵਾਲਿਆਂ ਖ਼ਿਲਾਫ਼ ਦਰਜ ਕੇਸ ਰੱਦ ਕਰਨੇ ਅਤੇ ਦੂਜੇ ਪਾਸੇ ਸਿੱਖ ਨੌਜਵਾਨਾਂ ਨੂੰ ਐੱਨਐੱਸਏ ਤਹਿਤ ਜੇਲ੍ਹਾਂ ਵਿੱਚ ਡੱਕਣਾ ਸਰਾਸਰ ਧੱਕਾ ਹੈ। ਉਨ੍ਹਾਂ ਕਿਹਾ ਕਿ ਜੇਕਰ ਨੂਹ ਵਿੱਚ ਘਟਨਾ ਮਗਰੋਂ ਦਰਜ ਕੀਤੇ ਗਏ ਕੇਸ ਰੱਦ ਹੋ ਸਕਦੇ ਹਨ ਤਾਂ ਸਿੱਖ ਨੌਜਵਾਨਾਂ ਖ਼ਿਲਾਫ਼ ਦਰਜ ਕੇਸ ਰੱਦ ਕਿਉਂ ਨਹੀਂ ਕੀਤੇ ਜਾਂਦੇ। ਤਖ਼ਤ ਸਾਹਿਬ ਵਿਖੇ ਕਰਵਾਏ ਗਏ ਅਰਦਾਸ ਸਮਾਗਮ ਵਿੱਚ ਸ਼ਾਮਲ ਹੋਣ ਮਗਰੋਂ ਮੀਡੀਆ ਨਾਲ ਗੱਲਬਾਤ ਦੌਰਾਨ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਸਿੱਖਾਂ ਖ਼ਿਲਾਫ਼ ਇੱਕ ਖਾਸ ਸਾਜਿਸ਼ ਤਹਿਤ ਭੜਕਾਹਟ ਪੈਦਾ ਕੀਤੀ ਜਾ ਰਹੀ ਹੈ। ਉਨ੍ਹਾਂ ਮੰਗ ਕੀਤੀ ਕਿ ਜਿਵੇਂ ਨੂਹ ਵਿੱਚ ਦੰਗਾ ਫਸਾਦ ਕਰਨ ਵਾਲਿਆਂ ਦੇ ਕੇਸ ਰੱਦ ਕੀਤੇ ਗਏ ਹਨ, ਉਸੇ ਤਰ੍ਹਾਂ ਸਰਕਾਰ ਸਿੱਖ ਨੌਜਵਾਨਾਂ 'ਤੇ ਦਰਜ ਪਰਚੇ ਵੀ ਰੱਦ ਕਰੇ ਅਤੇ ਲੰਬੇ ਸਮੇਂ ਤੋਂ ਜੇਲ੍ਹਾਂ ਵਿੱਚ ਬੰਦ ਸਿੱਖਾਂ ਨੂੰ ਤੁਰੰਤ ਰਿਹਾਅ ਕਰੇ।

### ਭਾਈ ਗੁਰਸੇਵਕ ਸਿੰਘ ਜਵਾਹਰਕੇ ਨੂੰ ਵੀ ਨਜ਼ਰਬੰਦ ਕੀਤਾ

ਮਾਨਸਾ : ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਕਰਵਾਏ ਗਏ ਅਰਦਾਸ ਸਮਾਗਮ ਵਿੱਚ ਸ਼ਾਮਲ ਹੋਣ ਤੋਂ ਪਹਿਲਾਂ ਹੀ ਅੱਜ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਜਨਰਲ ਸਕੱਤਰ ਭਾਈ ਗੁਰਸੇਵਕ ਸਿੰਘ ਜਵਾਹਰਕੇ ਨੂੰ ਪੁਲੀਸ ਨੇ ਘਰ ਵਿੱਚ ਨਜ਼ਰਬੰਦ ਕਰ ਦਿੱਤਾ। ਸ਼ਾਮ ਤੱਕ ਉਹ ਪੁਲੀਸ ਦੇ ਘੇਰੇ ਵਿੱਚ ਘਰ ਦੇ ਅੰਦਰ ਹੀ ਬੈਠੇ ਰਹੇ ਅਤੇ ਉਨ੍ਹਾਂ ਨੂੰ ਕਿਤੇ ਨਹੀਂ ਜਾਣ ਦਿੱਤਾ ਗਿਆ। ਭਾਈ ਜਵਾਹਰਕੇ ਨੇ ਦੱਸਿਆ ਕਿ ਡੀਐੱਸਪੀ ਪ੍ਰਿਤਪਾਲ ਸਿੰਘ ਦੀ ਅਗਵਾਈ ਹੇਠ ਪੁਲੀਸ ਟੀਮ ਨੇ ਸਵੇਰੇ ਹੀ ਉਨ੍ਹਾਂ ਦੇ ਘਰ ਨੂੰ ਘੇਰਾ ਪਾ ਲਿਆ ਸੀ ਤੇ ਕਿਤੇ ਆਉਣ-ਜਾਣ ਨਹੀਂ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਬਿਨਾਂ ਵਜ੍ਹਾ ਘਰ ਵਿੱਚ ਬੰਦੀ ਬਣਾ ਕੇ ਰੱਖਿਆ ਗਿਆ, ਜਦਕਿ ਉਨ੍ਹਾਂ ਸਿਰਫ਼ ਸ਼ਾਂਤੀਪੂਰਨ ਢੰਗ ਨਾਲ ਕੀਤੇ ਗਏ ਅਰਦਾਸ ਸਮਾਗਮ ਵਿੱਚ ਸ਼ਾਮਲ ਹੋਣਾ ਸੀ।

# ਅਮਰੀਕਾ ਦੇ ਚੋਟੀ ਦੇ ਸੁਰੱਖਿਆ ਅਧਿਕਾਰੀ ਵੱਲੋਂ ਜੈਸ਼ੰਕਰ ਨਾਲ ਮੁਲਾਕਾਤ

## *ਦੋਸ਼ਾਂ ਬਾਰੇ ਕੋਈ ਚਰਚਾ ਹੋਣ ਦੀ ਅਧਿਕਾਰਤ ਪੁਸ਼ਟੀ ਨਹੀਂ; ਕੀਨੀਆ ਦੇ ਰਾਸ਼ਟਰਪਤੀ ਨੂੰ ਵੀ ਮਿਲੇ ਵਿਦੇਸ਼ ਮੰਤਰੀ*

ਨਵੀਂ ਦਿੱਲੀ : ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਨੇ ਇੱਥੇ ਅਮਰੀਕਾ ਦੇ ਮੁੱਖ ਡਿਪਟੀ ਐੱਨਐੱਸਏ ਜੋਨ ਫਾਈਨਰ ਨਾਲ ਮੁਲਾਕਾਤ ਕੀਤੀ। ਦੋਵਾਂ ਨੇ ਇਸ ਮੌਕੇ ਕਈ ਦੁਵੱਲੇ ਤੇ ਆਲਮੀ ਮੁੱਦਿਆਂ ਉਤੇ ਵਿਚਾਰ-ਵਟਾਂਦਰਾ ਕੀਤਾ। ਜ਼ਿਕਰਯੋਗ ਹੈ ਕਿ ਹਾਲ ਹੀ ਵਿਚ ਅਮਰੀਕਾ



ਨੇ ਆਪਣੀ ਧਰਤੀ 'ਤੇ ਇਕ ਸਿੱਖ ਵੱਖਵਾਦੀ ਦੀ ਹੱਤਿਆ ਦੀ ਸਾਜ਼ਿਸ਼ ਨਾਕਾਮ ਹੋਣ ਦਾ ਦਾਅਵਾ ਕੀਤਾ ਸੀ। ਉਨ੍ਹਾਂ ਇਸ ਕੇਸ ਵਿਚ ਇਕ ਭਾਰਤੀ ਨਾਗਰਿਕ 'ਤੇ ਦੋਸ਼ ਤੈਅ ਕੀਤੇ ਹਨ। ਇਨ੍ਹਾਂ ਦੋਸ਼ਾਂ ਤੋਂ ਬਾਅਦ ਕਿਸੇ ਅਮਰੀਕੀ ਸੁਰੱਖਿਆ ਅਧਿਕਾਰੀ ਨਾਲ ਭਾਰਤੀ ਆਗੂ ਦੀ ਇਹ ਪਹਿਲੀ ਜਨਤਕ ਮੁਲਾਕਾਤ ਹੈ। ਦੱਸਣਯੋਗ ਹੈ ਕਿ ਅਮਰੀਕੀ ਜਾਂਚਕਰਤਾਵਾਂ ਨੇ ਦੋਸ਼ ਲਾਇਆ ਸੀ ਕਿ ਜਿਸ ਵਿਅਕਤੀ ਨੂੰ ਸਿੱਖ ਵੱਖਵਾਦੀ ਗੁਰਪਤਵੰਤ ਸਿੰਘ ਪੰਨੂ ਦੀ ਹੱਤਿਆ ਦੀ ਸਾਜ਼ਿਸ਼ ਲਈ ਮੁਲਜ਼ਮ ਵਜੋਂ ਕੇਸ ਵਿਚ ਸ਼ਾਮਲ ਕੀਤਾ ਗਿਆ ਹੈ, ਉਹ ਇਕ ਭਾਰਤੀ ਅਧਿਕਾਰੀ ਦੇ ਸੰਪਰਕ ਵਿਚ ਸੀ। ਮੰਨਿਆ ਜਾ ਰਿਹਾ ਹੈ ਕਿ ਇਹ ਮੁੱਦਾ ਜੈਸ਼ੰਕਰ ਤੇ ਫਾਈਨਰ ਦੀ ਮੀਟਿੰਗ ਵਿਚ ਉੱਭਰਿਆ ਹੈ ਹਾਲਾਂਕਿ ਇਸ ਬਾਰੇ ਕੋਈ ਅਧਿਕਾਰਤ ਪੁਸ਼ਟੀ ਨਹੀਂ ਕੀਤੀ ਗਈ। ਜੈਸ਼ੰਕਰ ਨੇ 'ਐਕਸ' ਉਤੇ ਮੁਲਾਕਾਤ ਬਾਰੇ ਜਾਣਕਾਰੀ ਦਿੱਤੀ।

ਉਨ੍ਹਾਂ ਕਿਹਾ ਕਿ ਪ੍ਰਿੰਸੀਪਲ ਡਿਪਟੀ ਐੱਨਐੱਸਏ ਨਾਲ ਆਲਮੀ ਸਥਿਤੀ 'ਤੇ ਲਾਭਕਾਰੀ ਵਿਚਾਰ-ਵਟਾਂਦਰਾ ਹੋਇਆ ਹੈ। ਜ਼ਿਕਰਯੋਗ ਹੈ ਕਿ ਅਮਰੀਕਾ ਵੱਲੋਂ ਲਾਏ ਦੋਸ਼ਾਂ ਨੂੰ ਭਾਰਤ ਨੇ 30 ਨਵੰਬਰ ਨੂੰ 'ਚਿੰਤਾ ਦਾ ਵਿਸ਼ਾ' ਕਰਾਰ ਦਿੱਤਾ ਸੀ। ਭਾਰਤੀ ਅਧਿਕਾਰੀ ਦੀ ਸ਼ਮੂਲੀਅਤ ਦੇ ਦੋਸ਼ਾਂ ਦੀ ਜਾਂਚ ਲਈ ਇਕ ਉੱਚ ਪੱਧਰੀ ਜਾਂਚ ਕਮੇਟੀ ਦਾ ਗਠਨ ਵੀ ਕੀਤਾ ਗਿਆ ਹੈ। ਪਿਛਲੇ ਹਫ਼ਤੇ ਅਮਰੀਕਾ ਦੇ ਵਿਦੇਸ਼ ਮੰਤਰੀ ਐਂਟਨੀ ਬਲਿੰਕਨ ਨੇ ਕਮੇਟੀ ਦੇ ਗਠਨ ਸਬੰਧੀ ਭਾਰਤ ਦੇ ਫੈਸਲੇ ਨੂੰ 'ਚੰਗਾ ਤੇ ਢੁੱਕਵਾਂ' ਕਰਾਰ ਦਿੱਤਾ ਸੀ। ਉਨ੍ਹਾਂ ਕਿਹਾ ਸੀ ਕਿ ਉਹ ਸਿੱਟਿਆਂ ਦੀ ਉਡੀਕ ਕਰਨਗੇ। ਇਸੇ ਦੌਰਾਨ ਵਿਦੇਸ਼ ਮੰਤਰੀ ਜੈਸ਼ੰਕਰ ਨੇ ਅੱਜ ਭਾਰਤ ਦੇ ਦੌਰੇ ਉਤੇ ਆਏ ਕੀਨੀਆ ਦੇ ਰਾਸ਼ਟਰਪਤੀ ਵਿਲੀਅਮ ਸਮੋਈ ਰੂਟੋ ਨਾਲ ਵੀ ਮੁਲਾਕਾਤ ਕੀਤੀ। ਇਸ ਮੌਕੇ ਦੁਵੱਲੇ ਰਿਸ਼ਤੇ ਮਜ਼ਬੂਤ ਕਰਨ 'ਤੇ ਚਰਚਾ ਹੋਈ। ਕੀਨੀਆ ਦੇ ਆਗੂ ਆਪਣੀ ਭਾਰਤੀ ਹਮਰੁਤਬਾ ਦਰੋਪਦੀ ਮੁਰਮੂ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਵੀ ਮੁਲਾਕਾਤ ਕਰਨਗੇ।

# ਵੱਡੀ ਗਿਣਤੀ ਸਿੱਖ ਆਗੂ ਘਰਾਂ 'ਚ ਨਜ਼ਰਬੰਦ ਕੀਤੇ



ਤਲਵੰਡੀ ਸਾਬੋ ਵਿੱਚ ਸਿੱਖ ਜਥੇਬੰਦੀਆਂ ਦੇ ਧਰਨੇ ਨੂੰ ਸਬੋਧਨ ਕਰਦਾ ਹੋਇਆ ਬੁਲਾਰਾ।

ਤਲਵੰਡੀ ਸਾਬੋ: ਬੰਦੀ ਸਿੰਘਾਂ ਦੀ ਰਿਹਾਈ ਲਈ ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਕੀਤੇ ਗਏ ਅਰਦਾਸ ਸਮਾਗਮ ਵਿੱਚ ਸ਼ਾਮਲ ਹੋਣ ਤੋਂ ਰੋਕਣ ਲਈ ਅੱਜ ਪੁਲੀਸ ਨੇ ਕਈ ਸਿੱਖ ਆਗੂਆਂ ਨੂੰ ਉਨ੍ਹਾਂ ਦੇ ਘਰਾਂ ਵਿੱਚ ਹੀ ਨਜ਼ਰਬੰਦ ਕਰ ਦਿੱਤਾ। ਇਸ ਕਾਰਵਾਈ ਦੇ ਵਿਰੋਧ ਵਿੱਚ ਕਈ ਸਿੱਖ ਜਥੇਬੰਦੀਆਂ ਨੇ ਸਥਾਨਕ ਖੰਡਾ ਚੌਕ ਵਿੱਚ ਧਰਨਾ ਲਗਾ ਕੇ ਪੰਜਾਬ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਕੀਤੀ। ਧਰਨੇ ਨੂੰ ਸੰਬੋਧਨ ਕਰਦਿਆਂ ਨਸ਼ਾ ਰੋਕੂ ਐਕਸ਼ਨ ਮੁਹਿੰਮ ਦੇ ਆਗੂ ਪਰਮਿੰਦਰ ਸਿੰਘ ਝੋਟਾ ਦੇ ਪਿਤਾ ਭੀਮ ਸਿੰਘ, ਨਿਹੰਗ ਸਿੰਘ ਆਗੂ ਜਬਰਜੰਗ ਸਿੰਘ, ਅਕਾਲੀ ਦਲ (ਅ) ਦੇ ਗੁਰਚਰਨ ਸਿੰਘ ਕੋਟਲੀ ਤੇ ਯਾਦਵਿੰਦਰ ਸਿੰਘ ਭਾਗੀਵਾਂਦਰ ਨੇ ਕਿਹਾ ਕਿ ਬੰਦੀ ਸਿੰਘਾਂ ਦੀ ਰਿਹਾਈ ਲਈ ਅਰਦਾਸ ਕਰਨੀ ਜਾਂ ਇਸ ਅਰਦਾਸ ਵਿੱਚ ਸ਼ਾਮਲ ਹੋਣਾ ਕੋਈ ਜੁਰਮ ਨਹੀਂ ਹੈ ਪਰ ਪੰਜਾਬ ਸਰਕਾਰ ਨੇ ਅਕਾਲੀ ਦਲ (ਅ) ਦੇ ਜਨਰਲ ਸਕੱਤਰ ਭਾਈ ਗੁਰਸੇਵਕ ਸਿੰਘ ਜਵਾਹਰਕੇ, ਜ਼ਿਲ੍ਹਾ ਪ੍ਰਧਾਨ ਪਰਮਿੰਦਰ ਸਿੰਘ ਬਾਲਿਆਂਵਾਲੀ, ਨਸ਼ਾ ਰੋਕੂ ਮੁਹਿੰਮ ਦੇ ਆਗੂ ਪਰਮਿੰਦਰ ਸਿੰਘ ਝੋਟਾ ਸਣੇ ਕਈ ਹੋਰ ਆਗੂਆਂ ਨੂੰ ਅੱਜ ਦੇ ਅਰਦਾਸ ਸਮਾਗਮ ਵਿੱਚ ਸ਼ਾਮਲ ਹੋਣ ਤੋਂ ਰੋਕਣ ਲਈ ਘਰਾਂ ਵਿੱਚ ਨਜ਼ਰਬੰਦ ਕਰਵਾ ਦਿੱਤਾ ਹੈ। ਪੰਜਾਬ ਪੁਲੀਸ ਦੀ ਇਸ ਕਾਰਵਾਈ ਦੀ ਨਿਖੇਧੀ ਕਰਦਿਆਂ ਆਗੂਆਂ ਨੇ ਕਿਹਾ ਕਿ ਸਜ਼ਾਵਾਂ ਪੂਰੀਆਂ ਹੋਣ ਦੇ ਬਾਵਜੂਦ ਸਿੱਖ ਬੰਦੀ ਲੰਬੇ ਸਮੇਂ ਤੋਂ ਜੇਲ੍ਹਾਂ ਵਿੱਚ ਬੰਦ ਹਨ। ਅਜਿਹਾ ਕਰ ਕੇ ਸਰਕਾਰਾਂ ਉਨ੍ਹਾਂ ਨੂੰ ਗੁਲਾਮੀ ਦਾ ਅਹਿਸਾਸ ਕਰਵਾ ਰਹੀਆਂ ਹਨ।

# ਮੱਧ ਪ੍ਰਦੇਸ਼, ਰਾਜਸਥਾਨ ਅਤੇ ਛੱਤੀਸਗੜ੍ਹ ’ਚ ਖਿੜਿਆ ਕਮਲ; ਤਿਲੰਗਾਨਾ ਵਿੱਚ ਕਾਂਗਰਸ ਜਿੱਤੀ

ਨਵੀਂ ਦਿੱਲੀ : ਚਾਰ ਰਾਜਾਂ ਦੀਆਂ ਵਿਧਾਨ ਸਭਾਵਾਂ ਲਈ ਪਈਆਂ ਵੋਟਾਂ ਦੇ ਆਏ ਨਤੀਜਿਆਂ ’ਚ ਭਾਜਪਾ ਨੇ ਤਿੰਨ ਸੂਬਿਆਂ ਮੱਧ ਪ੍ਰਦੇਸ਼, ਰਾਜਸਥਾਨ ਅਤੇ ਛੱਤੀਸਗੜ੍ਹ ’ਚ ਜਿੱਤ ਦਰਜ ਕੀਤੀ ਹੈ ਜਦਕਿ ਤਿਲੰਗਾਨਾ ਵਿੱਚ ਕਾਂਗਰਸ ਨੇ ਬੀਆਰਐੱਸ ਨੂੰ ਸੱਤਾ ’ਚੋਂ ਬਾਹਰ ਕਰ ਦਿੱਤਾ ਹੈ। ਅੱਜ ਸਵੇਰੇ ਜਿਵੇਂ ਹੀ ਚਾਰ ਵਿਧਾਨ ਸਭਾਵਾਂ ਦੀਆਂ ਚੋਣਾਂ ਲਈ ਪਈਆਂ ਵੋਟਾਂ ਦੀ ਗਿਣਤੀ ਸ਼ੁਰੂ ਹੋਈ ਤਾਂ ਰੁਝਾਨਾਂ ਤੇ ਜਿੱਤ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਛਾਪ ਦੇ ਨਾਲ ਭਾਜਪਾ ਦੀ ਹਕੂਮਤ ਵਾਲੀ ਚੋਣ ਤਸਵੀਰ ਪੇਸ਼ ਕੀਤੀ। ਚੋਣ ਨਤੀਜੇ ਸਾਹਮਣੇ ਆਉਣ ਮਗਰੋਂ ਰਾਜਸਥਾਨ ਦੇ ਮੁੱਖ ਮੰਤਰੀ ਅਸ਼ੋਕ ਗਹਿਲੋਤ, ਤਿਲੰਗਾਨਾ ਦੇ ਮੁੱਖ ਮੰਤਰੀ ਕੇ ਚੰਦਰਸ਼ੇਖਰ ਰਾਓ ਤੇ ਛੱਤੀਸਗੜ੍ਹ ਦੇ ਮੁੱਖ ਮੰਤਰੀ ਭੁਪੇਸ਼ ਬਘੇਲ ਨੇ ਅਸਤੀਫੇ ਸੂਬਿਆਂ ਦੇ ਰਾਜਪਾਲਾਂ ਨੂੰ ਸੌਂਪ ਦਿੱਤੇ ਹਨ।

ਅੱਜ ਦੇ ਚੋਣ ਨਤੀਜਿਆਂ ’ਚ ਭਾਜਪਾ ਨੇ ਜਿੱਥੇ ਮੱਧ ਪ੍ਰਦੇਸ਼ ’ਚ ਆਪਣੀ ਸਰਕਾਰ ਕਾਇਮ ਰੱਖੀ ਹੈ ਉੱਥੇ ਹੀ ਦੋ ਸੂਬਿਆਂ ਰਾਜਸਥਾਨ ਤੇ ਛੱਤੀਸਗੜ੍ਹ ਦੀ ਸੱਤਾ ਕਾਂਗਰਸ ਤੋਂ ਖੋਹ ਲਈ ਹੈ। ਕਾਂਗਰਸ ਦੋ ਸੂਬੇ ਹਾਰ ਗਈ ਪਰ ਭਾਰਤ ਰਾਸ਼ਟਰ ਸਮਿਤੀ (ਬੀਆਰਐੱਸ) ਤੋਂ ਤਿਲੰਗਾਨਾ ਜਿੱਤ ਗਈ। ਇਸ ਦੱਖਣੀ ਸੂਬੇ ’ਚ ਮਿਲੀ ਜਿੱਤ ਨੇ ਹੀ ਦੇਸ਼ ਦੀ ਸਭ ਤੋਂ ਪੁਰਾਣੀ ਪਾਰਟੀ ਨੂੰ ਜਸ਼ਨ ਮਨਾਉਣ ਦਾ ਮੌਕਾ ਦਿੱਤਾ ਹੈ ਅਤੇ ਕੇ ਚੰਦਰਸ਼ੇਖਰ ਰਾਓ ਦੀ ਲੀਡਰਸ਼ਿਪ ਵਾਲੀ ਬੀਆਰਐੱਸ, ਜਿਸ ਨੂੰ ਲਗਾਤਾਰ ਤੀਜੀ ਵਾਰ ਜਿੱਤਣ ਦੀ ਉਮੀਦ ਸੀ, ਨੂੰ ਆਤਮ ਚਿੰਤਨ ਲਈ ਮਜਬੂਰ ਕਰ ਦਿੱਤਾ ਹੈ। ਚੋਣ ਕਮਿਸ਼ਨ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਮੱਧ ਪ੍ਰਦੇਸ਼ ਵਿਧਾਨ ਸਭਾ ਦੀਆਂ 230 ਸੀਟਾਂ ’ਚੋਂ ਭਾਜਪਾ ਨੇ 163 ਸੀਟਾਂ ’ਤੇ ਜਿੱਤ ਦਰਜ ਕਰ ਲਈ ਹੈ ਜਾਂ ਲੀਡ ਹਾਸਲ ਕੀਤੀ ਹੋਈ ਜਦਕਿ ਕਾਂਗਰਸ 66 ਸੀਟਾਂ ਹਾਸਲ ਕਰ ਚੁੱਕੀ ਹੈ। ਗੁਆਂਢੀ ਸੂਬੇ ਰਾਜਸਥਾਨ ਵਿੱਚ ਲੋਕਾਂ ਨੇ



**ਮੱਧ ਪ੍ਰਦੇਸ਼** — ਸੀਟਾਂ 230

| | |
|---|---|
| ਭਾਜਪਾ | 163 |
| ਕਾਂਗਰਸ | 66 |
| ਹੋਰ | 01 |

**ਛੱਤੀਸਗੜ੍ਹ** — ਸੀਟਾਂ 90

| | |
|---|---|
| ਭਾਜਪਾ | 54 |
| ਕਾਂਗਰਸ | 35 |
| ਹੋਰ | 01 |

**ਰਾਜਸਥਾਨ** — ਸੀਟਾਂ 199

| | |
|---|---|
| ਭਾਜਪਾ | 115 |
| ਕਾਂਗਰਸ | 69 |
| ਆਜ਼ਾਦ | 08 |
| ਹੋਰ | 07 |

**ਤਿਲੰਗਾਨਾ** — ਸੀਟਾਂ 119

| | |
|---|---|
| ਕਾਂਗਰਸ | 64 |
| ਬੀਆਰਐੱਸ | 39 |
| ਭਾਜਪਾ | 08 |
| ਏਆਈਐੱਮਆਈਐੱਮ ਤੇ ਹੋਰ | 7+1 |

ਹਰ ਪੰਜ ਸਾਲ ਮਗਰੋਂ ਸਰਕਾਰ ਬਦਲਣ ਦੀ ਰਵਾਇਤ ਕਾਇਮ ਰੱਖੀ ਹੈ ਅਤੇ ਇੱਥੋਂ ਦੀਆਂ 199 ਵਿਧਾਨ ਸਭਾ ਸੀਟਾਂ ’ਚੋਂ ਭਾਜਪਾ ਨੇ 115 ਜਦਕਿ ਕਾਂਗਰਸ ਨੇ 69 ਸੀਟਾਂ ਜਿੱਤੀਆਂ ਹਨ। ਉੱਧਰ ਛੱਤੀਸਗੜ੍ਹ ਵਿਚਲੀਆਂ 90 ਸੀਟਾਂ ’ਚੋਂ ਭਾਜਪਾ ਨੇ 54 ਤੇ ਕਾਂਗਰਸ ਨੇ 35 ਸੀਟਾਂ ਜਿੱਤੀਆਂ ਹਨ। ਤਿਲੰਗਾਨਾ ਦੀਆਂ 119 ਵਿਧਾਨ ਸਭਾ ਸੀਟਾਂ ’ਚੋਂ ਕਾਂਗਰਸ ਨੇ 64 ਸੀਟਾਂ ਜਦਕਿ ਬੀਆਰਐੱਸ 39 ਤੇ ਭਾਜਪਾ ਨੇ 8 ਸੀਟਾਂ ਹਾਸਲ ਕੀਤੀਆਂ ਹਨ। ਚੋਣ ਕਮਿਸ਼ਨ ਨੇ ਦੱਸਿਆ ਕਿ ਇਨ੍ਹਾਂ ਚੋਣਾਂ ਦੌਰਾਨ ਮੱਧ ਪ੍ਰਦੇਸ਼, ਰਾਜਸਥਾਨ ਤੇ ਤਿਲੰਗਾਨਾ ’ਚ 1 ਫੀਸਦ ਤੋਂ ਵੀ ਘੱਟ ਵੋਟਰਾਂ ਨੇ ਨੋਟਾ ਦਾ ਬਟਨ ਦੱਬਿਆ ਜਦਕਿ ਛੱਤੀਸਗੜ੍ਹ ਵਿੱਚ 1.29 ਫੀਸਦ ਲੋਕਾਂ ਨੇ ਨੋਟਾ ਦੀ ਵਰਤੋਂ ਕੀਤੀ ਹੈ। ਚੋਣ ਰੁਝਾਨਾਂ ਵਿੱਚ ਅੱਗੇ ਰਹਿਣ ਤੇ ਜਿੱਤ ਦੀਆਂ ਖ਼ਬਰਾਂ ਸਾਹਮਣੇ ਆਉਣ ਮਗਰੋਂ ਭਾਜਪਾ ਵਰਕਰਾਂ ਤੇ ਆਗੂਆਂ ਨੇ ਜਸ਼ਨ ਮਨਾਉਣੇ ਸ਼ੁਰੂ ਕਰ ਦਿੱਤੇ।

ਫਿਲਹਾਲ ਅਜੇ ਇਹ ਸਪੱਸ਼ਟ ਨਹੀਂ ਹੋਇਆ ਕਿ ਜੇਤੂ ਪਾਰਟੀਆਂ ਵੱਲੋਂ ਮੁੱਖ ਮੰਤਰੀ ਕੌਣ ਬਣੇਗਾ। ਭਾਜਪਾ ਦੀ ਜਿੱਤ ਮਗਰੋਂ ਭਾਜਪਾ ਆਗੂਆਂ ਨੇ ਕਿਹਾ ਕਿ ਇਨ੍ਹਾਂ ਚੋਣ ਨਤੀਜਿਆਂ ਵਿੱਚ ਲੋਕਾਂ ਨੇ ਕਾਂਗਰਸ ਨੂੰ ਪੂਰੀ ਤਰ੍ਹਾਂ ਨਕਾਰ ਦਿੱਤਾ ਹੈ ਅਤੇ ਉਨ੍ਹਾਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਦਿੱਤੀਆਂ ਗਈਆਂ ਗਾਰੰਟੀਆਂ ਅਤੇ ਭਾਜਪਾ ਦੇ ਪ੍ਰਸ਼ਾਸਨ ’ਤੇ ਭਰੋਸਾ ਜ਼ਾਹਿਰ ਕੀਤਾ ਹੈ। ਅਗਲੇ ਸਾਲ ਹੋਣ ਵਾਲੀਆਂ ਆਮ ਚੋਣਾਂ ਤੋਂ ਪਹਿਲਾਂ ਆਏ ਇਨ੍ਹਾਂ ਚਾਰ ਸੂਬਿਆਂ ਦੇ ਚੋਣ ਨਤੀਜਿਆਂ ਨੂੰ ਬਹੁਤ ਹੀ ਅਹਿਮ ਮੰਨਿਆ ਜਾ ਰਿਹਾ ਹੈ ਕਿਉਂਕਿ ਮਿਜ਼ੋਰਮ ਸਮੇਤ ਇਨ੍ਹਾਂ ਪੰਜ ਸੂਬਿਆਂ ਵਿੱਚ 84 ਲੋਕ ਸਭਾ ਹਲਕੇ ਹਨ। ਇਨ੍ਹਾਂ ’ਚੋਂ ਮੱਧ ਪ੍ਰਦੇਸ਼ ਵਿੱਚ 29, ਛੱਤੀਸਗੜ੍ਹ ’ਚ 11, ਰਾਜਸਥਾਨ ’ਚ 25, ਤਿਲੰਗਾਨਾ ’ਚ 17 ਅਤੇ ਮਿਜ਼ੋਰਮ ’ਚ ਦੋ ਲੋਕ ਸਭਾ ਹਲਕੇ ਆਉਂਦੇ ਹਨ।

ਉੱਧਰ ਚੋਣ ਨਤੀਜੇ ਸਾਹਮਣੇ ਆਉਣ ਮਗਰੋਂ ਰਾਜਸਥਾਨ ਦੇ ਮੁੱਖ ਮਤਰੀ ਅਸ਼ੋਕ ਗਹਿਲੋਤ ਨੇ ਰਾਜ ਭਵਨ ਪਹੁੰਚ ਕੇ ਆਪਣਾ ਅਸਤੀਫਾ ਰਾਜਪਾਲ ਕਲਰਾਜ ਮਿਸ਼ਰਾ ਨੂੰ ਸੌਂਪ ਦਿੱਤਾ। ਇਸੇ ਦੌਰਾਨ ਤਿਲੰਗਾਨਾ ’ਚ ਬੀਆਰਐੱਸ ਦੇ ਕਾਰਜਕਾਰੀ ਪ੍ਰਧਾਨ ਕੇਟੀ ਰਾਮਾ ਰਾਓ ਨੇ ਦੱਸਿਆ ਕਿ ਮੁੱਖ ਮੰਤਰੀ ਕੇ ਚੰਦਰਸ਼ੇਖਰ ਰਾਓ ਨੇ ਆਪਣਾ ਅਸਤੀਫਾ ਰਾਜਪਾਲ ਤਾਮਿਲਸਾਈ ਸੁੰਦਰਰਾਜਨ ਨੂੰ ਭੇਜ ਦਿੱਤਾ ਹੈ।



ਨਵੀਂ ਦਿੱਲੀ ’ਚ ਭਾਜਪਾ ਵਰਕਰ ਪਾਰਟੀ ਦੀ ਜਿੱਤ ਦੀ ਖੁਸ਼ੀ ਮਨਾਉਂਦੇ ਹੋਏ।



ਇੰਦੌਰ ’ਚ ਜਿੱਤ ਦਾ ਜਸ਼ਨ ਮਨਾਉਂਦੇ ਹੋਏ ਭਾਜਪਾ ਵਰਕਰ।

## ਵਿਕਸਤ ਅਤੇ ਆਤਮ-ਨਿਰਭਰ ਭਾਰਤ ਦੇ ਸੰਕਲਪ ਦੀ ਜਿੱਤ: ਮੋਦੀ

ਨਵੀਂ ਦਿੱਲੀ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਤਿੰਨ ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ’ਚ ਭਾਜਪਾ ਦੀ ਜਿੱਤ ਨੂੰ ਇਤਿਹਾਸਕ ਕਰਾਰ ਦਿੰਦਿਆਂ ਕਿਹਾ ਕਿ ਇਹ ਵਿਕਸਿਤ ਭਾਰਤ ਦੇ ਸੱਦੇ ਅਤੇ ਆਤਮ-ਨਿਰਭਰ ਭਾਰਤ ਦੇ ਸੰਕਲਪ ਦੀ ਜਿੱਤ ਹੈ। ਉਨ੍ਹਾਂ ਕਿਹਾ ਕਿ ਰਾਜਾਂ ਵਿੱਚ ਜਿੱਤ ਦੀ ਹੈਟ੍ਰਿਕ ਇਸ ਗੱਲ ਦੀ ਗਾਰੰਟੀ ਹੈ ਕਿ 2024 ਦੀਆਂ ਲੋਕ ਸਭਾ ਚੋਣਾਂ ’ਚ ਵੀ ਭਾਜਪਾ ਦੀ ਹੈਟ੍ਰਿਕ ਬਣੇਗੀ। ਉਹ ਚਾਰ ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ਦੇ ਨਤੀਜੇ ਸਾਹਮਣੇ ਆਉਣ ਮਗਰੋਂ ਇੱਥੇ ਸਥਿਤ ਪਾਰਟੀ ਹੈੱਡਕੁਆਰਟਰ ਪਹੁੰਚੇ ਸਨ ਜਿੱਥੇ ਪਾਰਟੀ ਵਰਕਰਾਂ ਨੇ ਫੁੱਲਾਂ ਦੀ ਵਰਖਾ ਕਰਕੇ ਉਨ੍ਹਾਂ ਦਾ ਸਵਾਗਤ ਕੀਤਾ।

ਉਨ੍ਹਾਂ ਕਿਹਾ, ‘ਇਨ੍ਹਾਂ ਨਤੀਜਿਆਂ ਨੇ ਭ੍ਰਿਸ਼ਟਾਚਾਰ ਖ਼ਿਲਾਫ਼ ਉਨ੍ਹਾਂ ਦੀ ਜੰਗ ’ਚ ਲੋਕ ਹਮਾਇਤ ਦਿਖਾਈ ਹੈ।’ ਉਨ੍ਹਾਂ ਕਿਹਾ ਕਿ ਇਨ੍ਹਾਂ ਨਤੀਜਿਆਂ ਨੇ ਕਾਂਗਰਸ ਦੇ ਵਿਰੋਧੀ ਧਿਰ ਦੇ ਗੱਠਜੋੜ ‘ਇੰਡੀਆ’ ਨੂੰ ਸੁਨੇਹਾ ਦਿੱਤਾ ਹੈ ਕਿ ਕੁਝ ਪਰਿਵਾਰਾਂ ਦੇ ਇੱਕ ਮੰਚ ’ਤੇ ਇਕੱਠੇ ਹੋਣ ਨਾਲ ਚੰਗੀ ਤਸਵੀਰ ਬਣ ਸਕਦੀ ਹੈ ਪਰ ਲੋਕਾਂ ਦਾ ਭਰੋਸਾ ਨਹੀਂ ਜਿੱਤਿਆ ਜਾ ਸਕਦਾ। ਉਨ੍ਹਾਂ ਕਿਹਾ ਕਿ ਵੋਟਰਾਂ ਨੇ ਭ੍ਰਿਸ਼ਟਾਚਾਰ ’ਚ ਸ਼ਾਮਲ ਪਾਰਟੀਆਂ ਨੂੰ ਚਿਤਾਵਨੀ ਦਿੱਤੀ ਹੈ ਕਿ ਉਹ ਆਪਣਾ ਰਾਹ ਬਦਲ ਲੈਣ ਨਹੀਂ ਤਾਂ ਲੋਕ ਉਨ੍ਹਾਂ ਨੂੰ ਖਤਮ ਕਰ ਦੇਣਗੇ। ਉਨ੍ਹਾਂ ਵਿਰੋਧੀ ਪਾਰਟੀਆਂ ’ਤੇ ਹਮਲਾ ਕਰਦਿਆਂ ਕਿਹਾ ਕਿ ਕਿਸੇ ਨੂੰ ਵੀ ਕੇਂਦਰ ਸਰਕਾਰ ਵੱਲੋਂ ਕੀਤੇ ਜਾ ਰਹੇ ਵਿਕਾਸ ਤੇ ਲੋਕਾਂ ਵਿਚਾਲੇ ਨਹੀਂ ਆਉਣਾ ਚਾਹੀਦਾ ਨਹੀਂ ਤਾਂ ਲੋਕ ਉਨ੍ਹਾਂ ਨੂੰ ਹਟਾ ਦੇਣਗੇ। ਉਨ੍ਹਾਂ ਕਿਹਾ ਕਿ ਕੁਝ ਲੋਕ ਪਹਿਲਾਂ ਹੀ ਕਹਿ ਰਹੇ ਹਨ ਕਿ ਰਾਜਾਂ ਵਿੱਚ ਜਿੱਤ ਦੀ ਹੈਟ੍ਰਿਕ 2024 ਦੀਆਂ ਲੋਕ ਸਭਾ ਚੋਣਾਂ ’ਚ ਹੈਟ੍ਰਿਕ ਦੀ ਗਾਰੰਟੀ ਹੈ। ਉਨ੍ਹਾਂ ਵਿਰੋਧੀ ਪਾਰਟੀਆਂ ਨੂੰ ਕਿਹਾ ਕਿ ਉਹ ਦੇਸ਼ ਦੇ ਹਿੱਤਾਂ ਖ਼ ?ਲਾਫ਼ ਕੰਮ ਕਰਨ ਵਾਲੀਆਂ ਤਾਕਤਾਂ ਦੀ ਹਮਾਇਤ ਨਾ ਕਰਨ। ਸਮਾਗਮ ’ਚ ਹਾਜ਼ਰ ਭਾਜਪਾ ਦੇ ਮੈਂਬਰਾਂ, ਕੇਂਦਰੀ ਮੰਤਰੀਆਂ ਤੇ ਵਰਕਰਾਂ ਨੂੰ ਮੋਦੀ ਨੇ ਕਿਹਾ ਕਿ ਇਹ ਨਤੀਜੇ ਦੁਨੀਆ ਦਾ ਭਾਰਤ ਵਿੱਚ ਭਰੋਸਾ ਵਧਾਉਣਗੇ ਅਤੇ ਆਲਮੀ ਨਿਵੇਸ਼ਕ ਭਾਰਤ ਵੱਲ ਆਉਣਗੇ। ਉਨ੍ਹਾਂ ਕਿਹਾ ਕਿ ਇਹ ਨਤੀਜੇ ਇਸ ਗੱਲ ਦਾ ਸਬੂਤ ਹਨ ਕਿ ਲੋਕ ਸਾਡੇ ਵਿਕਸਿਤ ਭਾਰਤ ਦੇ ਏਜੰਟੇ ਦੀ ਲਗਾਤਾਰ ਹਮਾਇਤ ਕਰ ਰਹੇ ਹਨ।

## ਮੋਦੀ ਦੀ ਜ਼ੋਰਦਾਰ ਚੋਣ ਮੁਹਿੰਮ ਸਦਕਾ ਮਿਲੀ ਜਿੱਤ: ਸ਼ਿਵਰਾਜ

ਭੋਪਾਲ: ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਚੋਣ ਨਤੀਜਿਆਂ ’ਚ ਪਾਰਟੀ ਦੇ ਪ੍ਰਦਰਸ਼ਨ ਦਾ ਸਿਹਰਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਚਲਾਈ ਜ਼ੋਰਦਾਰ ਮੁਹਿੰਮ ਨੂੰ ਦਿੱਤਾ ਹੈ। ਚੌਹਾਨ ਨੇ ਕਿਹਾ, “ਸਾਡੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜੀ ਮੱਧ ਪ੍ਰਦੇਸ਼ ਦੇ ਲੋਕਾਂ ਦੇ ਦਿਲਾਂ ਵਿੱਚ ਹਨ। ਸੂਬਾ ਵੀ ਉਨ੍ਹਾਂ ਦੇ ਦਿਲ ਵਿੱਚ ਹੈ। ਇੱਥੇ ਉਨ੍ਹਾਂ ਪ੍ਰਤੀ ਵੱਡਾ ਭਰੋਸਾ ਹੈ। ਉਨ੍ਹਾਂ ਇੱਥੇ ਜਨਤਕ ਰੈਲੀਆਂ ਕੀਤੀਆਂ ਤੇ ਲੋਕਾਂ ਨੂੰ ਸਾਥ ਦੇਣ ਦੀ ਅਪੀਲ ਕੀਤੀ ਜਿਹੜੀ ਲੋਕਾਂ ਦੇ ਦਿਲਾਂ ਨੂੰ ਛੂਹ ਗਈ।” ਸ਼ਿਵਰਾਜ ਸਿੰਘ ਚੌਹਾਨ ਅਤੇ ਕਈ ਹੋਰ ਭਾਜਪਾ ਨੇਤਾਵਾਂ ਨੇ ਦਾਅਵਾ ਕੀਤਾ ਹੈ ਕਿ ਉਨ੍ਹਾਂ ਦੀ ‘ਲਾਡਲੀ ਭੈਣ ਯੋਜਨਾ’ ਜਿਸ ਤਹਿਤ ਔਰਤਾਂ ਨੂੰ 1,250 ਰੁਪਏ ਪ੍ਰਤੀ ਮਹੀਨਾ ਮਿਲਦੇ ਹਨ, ‘ਗੇਮਚੇਂਜਰ’ ਸਾਬਤ ਹੋਈ ਹੈ। ਦੂਜੇ ਪਾਸੇ ਸੰਭਾਵਨਾ ਜਤਾਈ ਜਾ ਰਹੀ ਹੈ ਕਿ ਸ਼ਿਵਰਾਜ ਚੌਹਾਨ ਪੰਜਵੀਂ ਵਾਰ ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਬਣ ਸਕਦੇ ਹਨ।



# ਮੋਦੀ ਨੇ ਆਲੋਚਕਾਂ 'ਤੇ ਸੇਧਿਆ ਨਿਸ਼ਾਨਾ

ਨਵੀਂ ਦਿੱਲੀ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਆਲੋਚਕਾਂ ਉਤੇ ਨਿਸ਼ਾਨਾ ਸੇਧਦਿਆਂ ਕਿਹਾ ਕਿ ਉਹ ਆਪਣੇ ਹੰਕਾਰ, ਝੂਠ, ਨਿਰਾਸ਼ਾਵਾਦ ਤੇ ਅਗਿਆਨਤਾ ਦੀ ਖੁਸ਼ਫ਼ਹਿਮੀ



ਵਿਚ ਰਹਿ ਸਕਦੇ ਹਨ, ਪਰ ਲੋਕਾਂ ਨੂੰ ਉਨ੍ਹਾਂ ਦੇ ਵੰਡਪਾਊ ਏਜੰਡੇ ਤੋਂ ਸਾਵਧਾਨ ਰਹਿਣਾ ਚਾਹੀਦਾ ਹੈ ਕਿਉਂਕਿ 70 ਸਾਲ ਪੁਰਾਣੀ ਆਦਤ ਐਨੀ ਆਸਾਨੀ ਨਾਲ ਨਹੀਂ ਜਾ ਸਕਦੀ। ਪ੍ਰਧਾਨ ਮੰਤਰੀ ਸੋਸ਼ਲ ਮੀਡੀਆ ਪਲੇਟਫਾਰਮ 'ਐਕਸ' 'ਤੇ ਇਕ ਨਿਊਜ਼ ਕਲਿਪ ਪੋਸਟ ਉਤੇ ਆਪਣੀ ਪ੍ਰਤੀਕਿਰਿਆ ਦੇ ਰਹੇ ਸਨ, ਜਿਸ ਦੀ ਕੈਪਸ਼ਨ ਸੀ 'ਮੇਲਟਡਾਊਨ-ਏ-ਆਜ਼ਮ'। ਇਸ ਪੋਸਟ ਵਿਚ ਰਾਜਸਥਾਨ, ਮੱਧ ਪ੍ਰਦੇਸ਼ ਤੇ ਛੱਤੀਸਗੜ੍ਹ 'ਚ ਭਾਜਪਾ ਦੀ ਜਿੱਤ ਤੋਂ ਬਾਅਦ ਇਕ 'ਈਕੋਸਿਸਟਮ' ਵੱਲੋਂ 'ਬਹਾਨੇ' ਬਣਾ ਕੇ ਹਿੰਦੀ ਭਾਸ਼ਾਈ ਰਾਜਾਂ ਵਿਚ ਖੇਤਰੀ ਵੰਡ ਨੂੰ ਭੜਕਾਉਣ ਤੇ ਵੋਟਰਾਂ ਦਾ ਅਪਮਾਨ ਕਰਨ ਦਾ ਹਵਾਲਾ ਦਿੱਤਾ ਗਿਆ ਹੈ। ਜ਼ਿਕਰਯੋਗ ਹੈ ਕਿ ਪੰਜ ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ਵਿਚ ਕਾਂਗਰਸ ਨੂੰ ਸਿਰਫ਼ ਤਿਲੰਗਾਨਾ ਵਿਚ ਰਾਹਤ ਦੇ ਜਿੱਤ ਮਿਲੀ ਹੈ। ਗੌਰਤਲਬ ਹੈ ਕਿ ਕਿਸੇ ਪੋਸਟ ਉਤੇ ਪ੍ਰਤੀਕਿਰਿਆ ਦੇਣ ਲਈ ਪ੍ਰਧਾਨ ਮੰਤਰੀ ਮੋਦੀ ਵੱਲੋਂ ਪ੍ਰਗਟਾਏ ਗਏ ਇਹ ਵਿਚਾਰ ਲੀਕ ਤੋਂ ਹੱਟ ਕੇ ਸਨ ਕਿਉਂਕਿ ਉਨ੍ਹਾਂ ਇਸ ਦੇ ਜਵਾਬ ਵਿਚ ਸੋਸ਼ਲ ਮੀਡੀਆ ਦੇ ਕਈ ਹਮਲਾਵਰ ਰੁਖ਼ ਵਾਲੇ 'ਇਮੋਜੀ' ਵੀ ਪੋਸਟ ਕੀਤੇ ਹਨ, ਹਾਲਾਂਕਿ ਆਮ ਤੌਰ ਉਤੇ ਉਹ ਅਜਿਹਾ ਨਹੀਂ ਕਰਦੇ। ਭਾਜਪਾ ਦੇ ਇਕ ਆਗੂ ਨੇ ਕਿਹਾ, ' ਪ੍ਰਧਾਨ ਮੰਤਰੀ ਦਾ ਇਹ ਪੋਸਟ ਹੈਰਾਨ ਕਰਨ ਵਾਲਾ ਨਹੀਂ ਹੈ, ਇਹ ਹਮਲਾਵਰ ਹੈ ਤੇ ਵਿਰੋਧੀਆਂ ਨੂੰ ਸਿੱਧਾ ਟੱਕਰਨ ਵਾਲਾ ਹੈ।' ਉਸ ਨੇ ਕਿਹਾ ਕਿ ਪ੍ਰਧਾਨ ਮੰਤਰੀ ਦੀਆਂ ਪੋਸਟਾਂ ਸੋਸ਼ਲ ਮੀਡੀਆ 'ਤੇ ਪਾਰਟੀ ਦੇ ਰੁਖ਼ ਨੂੰ ਦਰਸਾਉਂਦੀਆਂ ਹਨ ਜੋ ਕਿ ਹਾਲ ਦੇ ਮਹੀਨਿਆਂ ਵਿਚ ਬਹੁਤ ਆਕ੍ਰਾਮਕ ਰਿਹਾ ਹੈ।

# ਸਰਕਾਰ 'ਇੱਕ ਝੰਡਾ-ਇੱਕ ਸੰਵਿਧਾਨ' ਯਕੀਨੀ ਬਣਾਏਗੀ: ਅਮਿਤ ਸ਼ਾਹ

## *ਜੰਮੂ ਕਸ਼ਮੀਰ 'ਚੋਂ ਧਾਰਾ 370 ਰੱਦ ਕਰਨ ਦਾ ਫ਼ੈਸਲਾ ਪੂਰੀ ਤਰ੍ਹਾਂ ਸਹੀ ਕਰਾਰ*



ਨਵੀਂ ਦਿੱਲੀ : ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਜੰਮੂ ਕਸ਼ਮੀਰ 'ਚ ਧਾਰਾ 370 ਮਨਸੂਖ ਕਰਨ ਦਾ ਹਵਾਲਾ ਦਿੰਦਿਆਂ ਕਿਹਾ ਕਿ ਉਨ੍ਹਾਂ ਦੀ ਸਰਕਾਰ ਦੇਸ਼ ਵਿੱਚ ਸਿਰਫ਼ ਇੱਕ ਝੰਡਾ ਤੇ ਇੱਕ ਸੰਵਿਧਾਨ ਯਕੀਨੀ ਬਣਾਏਗੀ। ਉਨ੍ਹਾਂ ਕਿਹਾ ਕਿ ਦੇਸ਼ ਵਿੱਚ 'ਇੱਕ ਝੰਡਾ, ਇੱਕ ਪ੍ਰਧਾਨ ਮੰਤਰੀ, ਇੱਕ ਸੰਵਿਧਾਨ' ਦੀ ਧਾਰਨਾ ਕੋਈ ਸਿਆਸੀ ਨਾਅਰਾ ਨਹੀਂ ਹੈ ਤੇ ਭਾਰਤੀ ਜਨਤਾ ਪਾਰਟੀ ਇਸ ਸਿਧਾਂਤ 'ਚ ਦ੍ਰਿੜ੍ਹਤਾ ਨਾਲ ਵਿਸ਼ਵਾਸ ਕਰਦੀ ਹੈ ਅਤੇ ਉਸ ਨੇ ਜੰਮੂ ਕਸ਼ਮੀਰ 'ਚ ਇਹ ਕਰਕੇ ਦਿਖਾਇਆ ਹੈ। ਉਹ ਲੋਕ ਸਭਾ 'ਚ ਜੰਮੂ ਕਸ਼ਮੀਰ ਰਾਖਵਾਂਕਰਨ (ਸੋਧ) ਬਿੱਲ ਤੇ ਜੰਮੂ ਕਸ਼ਮੀਰ ਪੁਨਰਗਠਨ (ਸੋਧ) ਬਿੱਲ 'ਤੇ ਬਹਿਸ ਦੌਰਾਨ ਟੀਐੱਮਸੀ ਦੇ ਸੰਸਦ ਮੈਂਬਰ ਸੌਗਾਤਾ ਰਾਏ ਵੱਲੋਂ ਕੀਤੀਆਂ ਗਈਆਂ ਟਿੱਪਣੀਆਂ ਦਾ ਜਵਾਬ ਦੇ ਰਹੇ ਸਨ। ਸ਼ਾਹ ਨੇ ਕਿਹਾ ਕਿ ਇੱਕ ਦੇਸ਼ ਵਿੱਚ ਦੋ ਪ੍ਰਧਾਨ ਮੰਤਰੀ, ਦੋ ਸੰਵਿਧਾਨ ਅਤੇ ਦੋ ਝੰਡੇ ਕਿਵੇਂ ਹੋ ਸਕਦੇ ਹਨ। ਉਨ੍ਹਾਂ ਰਾਏ ਦੀ ਟਿੱਪਣੀਆਂ ਨੂੰ ਇਤਰਾਜ਼ਯੋਗ ਕਰਾਰ ਦਿੱਤਾ। ਵਿਰੋਧ ਮੈਂਬਰਾਂ ਦੀ ਇੱਕ ਟਿੱਪਣੀ ਦਾ ਜਵਾਬ ਦਿੰਦਿਆਂ ਸ਼ਾਹ ਨੇ ਕਿਹਾ, 'ਜਿਸ ਨੇ ਵੀ ਇਹ ਕੀਤਾ ਸੀ, ਉਹ ਗਲਤ ਸੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਸ ਨੂੰ ਦਰੁਸਤ ਕੀਤਾ ਹੈ। ਤੁਹਾਡੀ ਸਹਿਮਤੀ ਜਾਂ ਅਸਹਿਮਤੀ ਕੋਈ ਮਾਇਨੇ ਨਹੀਂ ਰੱਖਦੀ। ਪੂਰਾ ਦੇਸ਼ ਇਹ ਚਾਹੁੰਦਾ ਸੀ।' ਉਨ੍ਹਾਂ ਇਹ ਟਿੱਪਣੀ ਜੰਮੂ ਕਸ਼ਮੀਰ 'ਚੋਂ ਧਾਰਾ 370 ਹਟਾਏ ਜਾਣ ਦੇ ਸੰਦਰਭ ਵਿੱਚ ਕੀਤੀ ਸੀ। ਉਨ੍ਹਾਂ ਕਿਹਾ ਕਿ ਇੱਕ ਨਿਸ਼ਾਨ, ਇੱਕ ਪ੍ਰਧਾਨ, ਇੱਕ ਸੰਵਿਧਾਨ ਕੋਈ ਚੁਣਾਵੀ ਨਾਅਰਾ ਨਹੀਂ ਸੀ। ਉਨ੍ਹਾਂ ਕਿਹਾ, 'ਅਸੀਂ 1950 ਤੋਂ ਕਹਿੰਦੇ ਆ ਰਹੇ ਹਾਂ ਕਿ ਇੱਕ ਦੇਸ਼ ਵਿੱਚ ਇੱਕ ਪ੍ਰਧਾਨ ਮੰਤਰੀ, ਇੱਕ ਝੰਡਾ ਤੇ ਇੱਕ ਸੰਵਿਧਾਨ ਹੋਣਾ ਚਾਹੀਦਾ ਹੈ ਅਤੇ ਅਸੀਂ ਇਹ ਕਰਕੇ ਦਿਖਾਇਆ ਹੈ।' ਜੰਮੂ ਕਸ਼ਮੀਰ ਰਾਖਵਾਂਕਰਨ (ਸੋਧ) ਬਿੱਲ ਅਤੇ ਜੰਮੂ ਕਸ਼ਮੀਰ ਪੁਨਰਗਠਨ (ਸੋਧ) ਬਿੱਲ 'ਤੇ ਸੌਗਾਤਾ ਰਾਏ ਦਾ ਭਾਸ਼ਣ ਮੁੱਕਣ ਮਗਰੋਂ ਕੇਂਦਰੀ ਮੰਤਰੀ ਪਿਊਸ਼ ਗੋਇਲ ਨੇ ਕਿਹਾ ਕਿ ਟੀਐੱਮਸੀ ਆਗੂ ਨੂੰ ਸ਼ਿਆਮਾ ਪ੍ਰਸਾਦ ਮੁਖਰਜੀ ਦਾ ਜ਼ਿਕਰ ਕਰਦੇ ਸਮੇਂ ਉਨ੍ਹਾਂ ਦੀਆਂ ਕੁਰਬਾਨੀਆਂ ਦਾ ਵੀ ਜ਼ਿਕਰ ਕਰਨਾ ਚਾਹੀਦਾ ਹੈ। ਇਸ 'ਤੇ ਰਾਏ ਨੇ ਕਿਹਾ ਕਿ ਮੁਖਰਜੀ ਦੇ ਨਾਂ 'ਤੇ ਖੁੱਲ੍ਹੇ ਕਾਲਜ 'ਚ ਉਨ੍ਹਾਂ ਨੂੰ ਪੜ੍ਹਾਇਆ ਗਿਆ ਸੀ ਕਿ 'ਇੱਕ ਨਿਸ਼ਾਨ, ਇੱਕ ਪ੍ਰਧਾਨ, ਇੱਕ ਸੰਵਿਧਾਨ' ਉਨ੍ਹਾਂ ਦਾ ਨਾਅਰਾ ਸੀ ਅਤੇ ਇਹ ਇੱਥੇ ਸਿਆਸੀ ਨਾਅਰਾ ਸੀ। ਇਸ ਤੋਂ ਪਹਿਲਾਂ ਦਿਨ ਵੇਲੇ ਲੋਕ ਸਭਾ 'ਚ ਜੰਮੂ ਕਸ਼ਮੀਰ ਰਾਖਵਾਂਕਰਨ (ਸੋਧ) ਬਿੱਲ, 2023 ਅਤੇ ਜੰਮੂ ਕਸ਼ਮੀਰ ਪੁਨਰਗਠਨ (ਸੋਧ) ਬਿੱਲ, 2023 'ਤੇ ਬਹਿਸ ਦੌਰਾਨ ਸੌਗਾਤਾ ਰਾਏ ਨੇ ਕਿਹਾ, 'ਮੈਨੂੰ ਅਮਿਤ ਸ਼ਾਹ ਦੇ ਗ੍ਰਹਿ ਮੰਤਰੀ ਬਣਨ ਮਗਰੋਂ ਜੰਮੂ ਕਸ਼ਮੀਰ ਦੇ ਹਾਲਾਤ ਤੋਂ ਸ਼ੁਰੂ ਕਰਨ ਦਿਉ। ਸਭ ਤੋਂ ਵੱਡਾ ਕਦਮ ਉਨ੍ਹਾਂ ਵੱਲੋਂ ਧਾਰਾ 370 ਮਨਸੂਖ ਕਰਨ ਦਾ ਚੁੱਕਿਆ ਗਿਆ ਅਤੇ ਬਾਅਦ ਵਿੱਚ ਜੰਮੂ ਕਸ਼ਮੀਰ ਨੂੰ ਰਾਜ ਤੋਂ ਕੇਂਦਰੀ ਸ਼ਾਸਿਤ ਪ੍ਰਦੇਸ਼ਾਂ 'ਚ ਤਬਦੀਲ ਕਰ ਦਿੱਤਾ ਗਿਆ। ਪਹਿਲਾਂ ਜੰਮੂ ਕਸ਼ਮੀਰ ਤੇ ਦੂਜਾ ਲੱਦਾਖ। ਪਹਿਲਾਂ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨੂੰ ਰਾਜਾਂ 'ਚ ਤਬਦੀਲ ਕੀਤਾ ਜਾਂਦਾ ਸੀ ਤੇ ਇੱਥੇ ਅਮਿਤ ਸ਼ਾਹ ਨੇ ਰਾਜ ਨੂੰ ਕੇਂਦਰ ਸ਼ਾਸਿਤ ਪ੍ਰਦੇਸ਼ਾਂ 'ਚ ਤਬਦੀਲ ਕਰ ਦਿੱਤਾ। ਤੁਸੀਂ ਕੀ ਹਾਸਲ ਕੀਤਾ?' ਉਨ੍ਹਾਂ ਕਿਹਾ, 'ਜੇ ਇੱਥੇ ਵਿਧਾਨ ਸਭਾ ਹੀ ਨਹੀਂ ਹੈ ਤਾਂ ਤੁਸੀਂ ਕਿਉਂ ਤਬਦੀਲੀਆਂ ਲਿਆ ਰਹੇ ਹੋ? ਇੱਥੇ ਵਿਧਾਨ ਸਭਾ ਲਿਆਉ ਤੇ ਫਿਰ ਤਬਦੀਲੀ ਕਰੋ।'

## 'ਮੋਦੀ ਸਰਕਾਰ ਨੇ ਸਵਾਮੀਨਾਥਨ ਕਮਿਸ਼ਨ ਦੀਆਂ ਸਿਫਾਰਸ਼ਾਂ 'ਤੇ ਕੰਮ ਕੀਤਾ'

ਨਵੀਂ ਦਿੱਲੀ: ਕੇਂਦਰੀ ਖੇਤੀਬਾੜੀ ਮੰਤਰੀ ਨਰੇਂਦਰ ਸਿੰਘ ਤੋਮਰ ਨੇ ਅੱਜ ਲੋਕ ਸਭਾ 'ਚ ਕਿਹਾ ਕਿ ਖੇਤੀ ਸੁਧਾਰਾਂ ਨੂੰ ਲੈ ਕੇ ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਯੂਪੀਏ ਸਰਕਾਰ ਦੌਰਾਨ ਆਈ ਸੀ ਪਰ ਨਰਿੰਦਰ ਮੋਦੀ ਦੀ ਅਗਵਾਈ ਹੇਠਲੀ ਐੱਨਡੀਏ ਸਰਕਾਰ ਨੇ ਇਸ ਦੀਆਂ ਸਿਫਾਰਸ਼ਾਂ 'ਤੇ ਕੰਮ ਕਰਨਾ ਸ਼ੁਰੂ ਕੀਤਾ ਅਤੇ ਘੱਟੋ ਘੱਟ ਸਮਰਥਨ ਮੁੱਲ (ਐੱਮਐੱਸਪੀ) ਉਤਪਾਦਨ ਲਾਗਤ ਤੋਂ 50 ਫੀਸਦ ਵੱਧ ਤੈਅ ਕੀਤਾ ਪ੍ਰਸ਼ਨ ਕਾਲ ਦੌਰਾਨ ਕਾਂਗਰਸ ਦੇ ਸੰਸਦ ਮੈਂਬਰ ਅਧੀਰ ਰੰਜਨ ਚੌਧਰੀ ਦੇ ਇੱਕ ਪੂਰਕ ਪ੍ਰਸ਼ਨ ਦੇ ਜਵਾਬ 'ਚ ਤੋਮਰ ਨੇ ਕਿਹਾ ਕਿ ਕੇਂਦਰ ਦੇ ਤਿੰਨ ਖੇਤੀ ਕਾਨੂੰਨ (ਵਾਪਸ ਲਏ ਜਾ ਚੁੱਕੇ) ਖ਼ਿਲਾਫ਼ ਕਿਸਾਨਾਂ ਦੇ ਪ੍ਰਦਰਸ਼ਨ ਮਗਰੋਂ ਐੱਮਐੱਸਪੀ ਸਮੇਤ ਕਈ ਮੁੱਦਿਆਂ 'ਤੇ ਅਧਿਐਨ ਲਈ ਕਮੇਟੀ ਦਾ ਗਠਨ ਕੀਤਾ ਗਿਆ ਸੀ ਜੋ ਹੁਣ ਤੱਕ 30 ਤੋਂ 35 ਮੀਟਿੰਗਾਂ ਕਰ ਚੁੱਕੀ ਹੈ। ਉਨ੍ਹਾਂ ਕਿਹਾ, 'ਕਮੇਟੀ ਦੀਆਂ ਸਿਫਾਰਸ਼ਾਂ ਅਜੇ ਨਹੀਂ ਆਈਆਂ ਹਨ।' ਚੌਧਰੀ ਨੇ ਪੁੱਛਿਆ ਸੀ ਕਿ ਕੀ ਕੇਂਦਰ ਨੇ ਐੱਮਐੱਸਪੀ ਨੂੰ ਕਾਨੂੰਨੀ ਅਧਿਕਾਰ ਬਣਾਉਣ ਸਬੰਧੀ ਕਿਸਾਨਾਂ ਦੀ ਮੰਗ 'ਤੇ ਕੋਈ ਫ਼ੈਸਲਾ ਲਿਆ ਹੈ ਜਾਂ ਨਹੀਂ? ਤੋਮਰ ਨੇ ਕਿਹਾ ਕਿ ਸਵਾਮੀਨਾਥਨ ਕਮਿਸ਼ਨ ਨੇ 201 ਸਿਫਾਰਸ਼ਾਂ ਕੀਤੀਆਂ ਸਨ। ਉਨ੍ਹਾਂ ਕਿਹਾ ਕਿ ਐੱਨਡੀਏ ਸਰਕਾਰ ਇਨ੍ਹਾਂ 'ਚੋਂ 100 'ਤੇ ਕੰਮ ਕਰ ਰਹੀ ਹੈ। ਉਨ੍ਹਾਂ ਕਿਹਾ, 'ਮੁੱਖ ਸਿਫਾਰਸ਼ ਐੱਮਐੱਸਪੀ ਸੀ। ਸਵਾਮੀਨਾਥਨ ਨੇ ਕਿਹਾ ਸੀ ਕਿ ਲਾਗਤ 'ਤੇ 50 ਫੀਸਦ ਮੁਨਾਫਾ ਜੋੜ ਕੇ ਐੱਮਐੱਸਪੀ ਐਲਾਨਿਆ ਜਾਣਾ ਚਾਹੀਦਾ ਹੈ।' ਉਨ੍ਹਾਂ ਕਿਹਾ ਕਿ 2014 ਤੱਕ ਯੂਪੀਏ ਸਰਕਾਰ ਸੀ ਤਾਂ ਇਸ ਸਿਫਾਰਸ਼ 'ਤੇ ਵਿਚਾਰ ਨਹੀਂ ਕੀਤਾ ਗਿਆ। ਨਰਿੰਦਰ ਮੋਦੀ ਦੀ ਸਰਕਾਰ ਆਈ ਤਾਂ ਕਮਿਸ਼ਨ ਦੀਆਂ ਸਿਫਾਰਸ਼ਾਂ 'ਤੇ ਕੰਮ ਸ਼ੁਰੂ ਹੋ ਗਿਆ। ਉਨ੍ਹਾਂ ਕਿਹਾ ਕਿ ਅੱਜ ਲਾਗਤ ਦਰ 'ਤੇ 50 ਫੀਸਦ ਲਾਭ ਜੋੜ ਕੇ ਐੱਮਐੱਸਪੀ ਐਲਾਨਿਆ ਜਾਂਦਾ ਹੈ।

# ਪੰਜਾਬ ਨੂੰ ਵੀ ਕਾਂਗਰਸ ਤੇ 'ਆਪ' ਤੋਂ ਮੁਕਤ ਕਰਾਵਾਂਗੇ: ਜਾਖੜ



ਚੰਡੀਗੜ੍ਹ : ਹਾਲ ਹੀ ਵਿੱਚ ਚਾਰ ਸੂਬਿਆਂ ਦੀਆਂ ਵਿਧਾਨ ਸਭਾ ਚੋਣਾਂ ਵਿੱਚੋਂ ਤਿੰਨ ਸੂਬਿਆਂ 'ਚ ਭਾਜਪਾ ਦੀ ਹੋਈ ਜਿੱਤ ਨੂੰ ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਨੇ ਇਤਿਹਾਸਕ ਜਿੱਤ ਕਰਾਰ ਦਿੱਤਾ ਹੈ। ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਨੇ ਕਿਹਾ ਕਿ ਇਹ ਜਿੱਤ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀਆਂ ਨੀਤੀਆਂ, ਇਰਾਦੇ ਅਤੇ ਲੋਕਾਂ ਪ੍ਰਤੀ ਸੱਚੇ ਸਮਰਪਣ ਦੇ ਨਤੀਜੇ ਵਜੋਂ ਹੋਈ ਹੈ। ਉਨ੍ਹਾਂ ਕਿਹਾ ਕਿ ਆਉਣ ਵਾਲੀਆਂ ਚੋਣਾਂ ਵਿੱਚ ਉਹ ਪ੍ਰਧਾਨ ਮੰਤਰੀ ਦਾ ਸੁਨੇਹਾ ਪੰਜਾਬ ਦੇ ਹਰ ਸ਼ਹਿਰ, ਕਸਬੇ ਤੇ ਪਿੰਡ ਵਿੱਚ ਲੈ ਕੇ ਜਾਣਗੇ ਅਤੇ ਪੰਜਾਬ ਨੂੰ ਵੀ ਕਾਂਗਰਸ ਅਤੇ ਆਮ ਆਦਮੀ ਪਾਰਟੀ ਤੋਂ ਮੁਕਤ ਕਰਵਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਕਾਂਗਰਸ ਆਪਣੀ ਹੋਂਦ ਇਸ ਹੱਦ ਤੱਕ ਗੁਆ ਚੁੱਕੀ ਹੈ ਕਿ ਕੋਈ ਵੀ ਹੋਰ ਪਾਰਟੀ 'ਇੰਡੀਆ' ਗੱਠਜੋੜ ਦੇ ਸੰਦਰਭ ਵਿੱਚ ਉਨ੍ਹਾਂ ਨਾਲ ਹੁਣ ਗੱਲ ਕਰਨ ਤੋਂ ਵੀ ਟਾਲਾ ਵੱਟੇਗੀ। ਸ੍ਰੀ ਜਾਖੜ ਨੇ ਕਿਹਾ ਕਿ ਚਾਰੋਂ ਸੂਬਿਆਂ ਵਿੱਚ ਚੋਣ ਪ੍ਰਚਾਰ ਦੌਰਾਨ ਵਧੇਰੇ ਸਿਆਸੀ ਆਗੂ ਲੋਕਾਂ ਨੂੰ ਲੁਭਾਉਣ ਲਈ ਗਾਰੰਟੀਆਂ ਦੀਆਂ ਟੋਕਰੀਆਂ ਲੈ ਕੇ ਆਏ ਸਨ ਪਰ ਜਨਤਾ ਨੇ ਮੋਦੀ ਦੀਆਂ ਗਾਰੰਟੀਆਂ ਨੂੰ ਹੀ ਪ੍ਰਵਾਨ ਕੀਤਾ ਹੈ। ਉਨ੍ਹਾਂ ਕਿਹਾ ਕਿ ਹੁਣ ਚੋਣਾਂ ਪਹਿਲਾਂ ਵਾਂਗ ਖਾਲੀ ਚਿਹਰਿਆਂ ਨਾਲ ਨਹੀਂ ਜਿੱਤੀਆਂ ਜਾਂਦੀਆਂ, ਜਨਤਾ ਨੂੰ ਕੰਮ ਕਰ ਕੇ ਦਿਖਾਉਣੇ ਪੈਂਦੇ ਹਨ। ਭਾਜਪਾ ਪ੍ਰਧਾਨ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ 'ਤੇ ਨਿਸ਼ਾਨਾ ਸੇਧਦਿਆਂ ਕਿਹਾ ਕਿ 'ਆਪ' ਨੇ ਚੋਣਾਂ ਵਿੱਚ ਕਰੋੜਾਂ ਰੁਪਏ ਬਰਬਾਦ ਕੀਤੇ ਪਰ ਉਨ੍ਹਾਂ ਨੂੰ ਕੁਝ ਨਹੀਂ ਮਿਲਿਆ। ਉਨ੍ਹਾਂ ਕਿਹਾ ਕਿ ਇਸ ਪਾਰਟੀ ਨੇ ਪੰਜਾਬ ਦੇ ਵਸੀਲਿਆਂ ਦੀ ਆਪਣੀ ਪਾਰਟੀ ਦੇ ਪ੍ਰਚਾਰ ਲਈ ਦੁਰਵਰਤੋਂ ਕੀਤੀ ਜਿਸ ਦਾ ਸਮਾਂ ਆਉਣ 'ਤੇ ਹਿਸਾਬ ਲਿਆ ਜਾਵੇਗਾ।

# ਭਾਜਪਾ ਸੂਬਾ ਸੰਗਠਨ ਮੰਤਰੀ ਸ੍ਰੀ ਨਿਵਾਸੁਲੂ ਨੇ ਡੇਰਾ ਬਿਆਸ ਵਿਖੇ ਬਾਬਾ ਗੁਰਿੰਦਰ ਸਿੰਘ ਢਿੱਲੋਂ ਨਾਲ ਕੀਤੀ ਮੁਲਾਕਾਤ

## *ਸ੍ਰੀ ਨਿਵਾਸੁਲੂ ਨੇ ਡੇਰਾ ਬਿਆਸ ਵੱਲੋਂ ਕੀਤੀ ਜਾ ਰਹੀ ਸਮਾਜ ਸੇਵਾ ਦੀ ਕੀਤੀ ਸ਼ਲਾਘਾ*

ਅੰਮ੍ਰਿਤਸਰ : ਭਾਰਤੀ ਜਨਤਾ ਪਾਰਟੀ ਦੇ ਸੂਬਾ ਸੰਗਠਨ ਮੰਤਰੀ ਮੰਥਰੀ ਸ੍ਰੀ ਨਿਵਾਸੁਲੂ ਅੱਜ ਬਿਆਸ ਵਿਖੇ ਰਾਧਾ ਸੁਆਮੀ ਸਤਿਸੰਗ ਡੇਰੇ ਵਿਚ ਪਹੁੰਚੇ ਅਤੇ ਡੇਰਾ ਮੁਖੀ ਬਾਬਾ ਗੁਰਿੰਦਰ ਸਿੰਘ ਢਿੱਲੋਂ ਨਾਲ ਉਨ੍ਹਾਂ ਦੇ ਨਿਵਾਸ ਅਸਥਾਨ 'ਤੇ ਮੁਲਾਕਾਤ ਕੀਤੀ। ਉਨ੍ਹਾਂ ਕਰੀਬ ਇਕ ਘੰਟਾ ਡੇਰਾ ਮੁਖੀ ਨਾਲ ਬੈਠ ਕੇ ਧਾਰਮਿਕ ਅਤੇ ਸਮਾਜਿਕ ਸਰੋਕਾਰਾਂ 'ਤੇ ਚਰਚਾ ਕੀਤੀ। ਪ੍ਰੋ. ਸਰਚਾਂਦ ਸਿੰਘ ਨੇ ਦੱਸਿਆ ਕਿ ਇਸ ਸਮੇਂ ਸ੍ਰੀ ਨਿਵਾਸੁਲੂ ਨੇ ਡੇਰੇ ਵਿਚ ਚੱਲ ਰਹੀਆਂ ਧਾਰਮਿਕ ਅਤੇ ਸਮਾਜਕ ਸਰਗਰਮੀਆਂ ਬਾਰੇ ਜਾਣਕਾਰੀ ਹਾਸਲ ਕਰਨ 'ਚ ਗਹਿਰੀ ਦਿਲਚਸਪੀ ਦਿਖਾਈ। ਉਨ੍ਹਾਂ ਕਿਹਾ ਕਿ ਡੇਰੇ 'ਚ ਡੇਰਾ ਮੁਖੀ ਬਾਬਾ ਗੁਰਿੰਦਰ ਸਿੰਘ ਢਿੱਲੋਂ ਦੀ ਸੰਗਤ ਕਰਕੇ ਉਨ੍ਹਾਂ ਨੂੰ ਬਹੁਤ ਖ਼ੁਸ਼ੀ ਅਤੇ ਸਕੂਨ ਮਿਲਿਆ ਹੈ। ਉਨ੍ਹਾਂ ਅਧਿਆਤਮਕ ਸੰਸਥਾ ਡੇਰਾ ਬਿਆਸ ਵੱਲੋਂ ਕੀਤੇ ਜਾ ਰਹੇ ਸਮਾਜ ਸੇਵਾ ਦੀ ਭਰਪੂਰ ਸ਼ਲਾਘਾ ਕੀਤੀ।
ਇਸ ਮੌਕੇ ਡੇਰਾ ਮੁਖੀ ਬਾਬਾ ਗੁਰਿੰਦਰ ਸਿੰਘ ਢਿੱਲੋਂ ਨੇ ਨੌਜਵਾਨੀ ਦੀ ਵਿਦੇਸ਼ਾਂ ਨੂੰ ਪਲਾਇਨ ਕਰਨ ਅਤੇ ਨਸ਼ਿਆਂ ਦੇ ਪ੍ਰਚਲਣ ਪ੍ਰਤੀ ਚਿੰਤਾ ਦਾ ਪ੍ਰਗਟਾਵਾ ਕੀਤਾ । ਉਨ੍ਹਾਂ ਨੌਜਵਾਨੀ ਨੂੰ



ਡੇਰਾ ਬਿਆਸ ਵਿਖੇ ਬਾਬਾ ਗੁਰਿੰਦਰ ਸਿੰਘ ਢਿੱਲੋਂ ਨਾਲ ਮੁਲਾਕਾਤ ਮੌਕੇ ਭਾਜਪਾ ਦੇ ਸੂਬਾ ਸੰਗਠਨ ਮੰਤਰੀ ਸ੍ਰੀ ਨਿਵਾਸੁਲੂ ਦੇ ਨਾਲ ਭਾਜਪਾ ਆਗੂ ਰਾਜਿੰਦਰ ਮੋਹਨ ਸਿੰਘ ਛੀਨਾ, ਗੁਰਪ੍ਰਤਾਪ ਸਿੰਘ ਟਿੱਕਾ, ਪ੍ਰੋ. ਸਰਚਾਂਦ ਸਿੰਘ ਖਿਆਲਾ, ਅਜੈਬੀਰ ਪਾਲ ਸਿੰਘ ਰੰਧਾਵਾ ਅਤੇ ਹਰਦੀਪ ਸਿੰਘ ਗਿੱਲ ਤੇ ਹੋਰ।

ਆਪਣੇ ਗੌਰਵਮਈ ਇਤਿਹਾਸ ਤੋਂ ਸੇਧ ਲੈਣ ਅਤੇ ਅਧਿਆਤਮਕ ਮਾਰਗ 'ਤੇ ਚਲਦਿਆਂ ਸਮਾਜਕ ਸਰੋਕਾਰਾਂ ਪ੍ਰਤੀ ਸੇਵਾਵਾਂ ਨਿਭਾਉਣ ਲਈ ਹਮੇਸ਼ਾਂ ਯਤਨਸ਼ੀਲ ਰਹਿਣ ਦੀ ਲੋੜ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਪੰਜਾਬ ਅਤੇ ਪੰਜਾਬ ਦੇ ਨੌਜਵਾਨ ਹਰ ਖੇਤਰ 'ਚ ਅੱਗੇ ਹਨ, ਲੋੜ ਕੇਵਲ ਉਨ੍ਹਾਂ ਨੂੰ ਉਸਾਰੂ ਸੇਧ ਦੇਣ ਦੀ ਹੈ। ਉਨ੍ਹਾਂ ਕਿਹਾ ਕਿ ਡੇਰਾ ਬਿਆਸ ਅਧਿਆਤਮ ਵਿਵਸਥਾ ਦੇ ਨਾਲ ਨਾਲ ਸਮਾਜਿਕ ਸਰੋਕਾਰਾਂ ਦੇ ਚੰਗੇ ਨਤੀਜਿਆਂ ਲਈ ਹਮੇਸ਼ਾਂ ਯਤਨਸ਼ੀਲ ਰਿਹਾ ਹੈ। ਭਾਜਪਾ ਦੇ ਸੂਬਾ ਸੰਗਠਨ ਮੰਤਰੀ ਸ੍ਰੀ ਨਿਵਾਸੁਲੂ ਦੀ ਡੇਰਾ ਬਿਆਸ ਵਿਖੇ ਇਸ ਪਹਿਲੀ, ਵਿਸ਼ੇਸ਼ ਅਤੇ ਨਿੱਜੀ ਫੇਰੀ ਮੌਕੇ ਭਾਜਪਾ ਆਗੂ ਰਾਜਿੰਦਰ ਮੋਹਨ ਸਿੰਘ ਛੀਨਾ, ਗੁਰਪ੍ਰਤਾਪ ਸਿੰਘ ਟਿੱਕਾ, ਪ੍ਰੋ. ਸਰਚਾਂਦ ਸਿੰਘ ਖਿਆਲਾ, ਅਜੈਬੀਰ ਪਾਲ ਸਿੰਘ ਰੰਧਾਵਾ, ਹਰਦੀਪ ਸਿੰਘ ਗਿੱਲ ਅਤੇ ਪਰਮਦੀਪ ਸਿੰਘ ਤੇਜਾ ਵੀ ਮੌਜੂਦ ਸਨ।


ਖੁਸ਼ਖਬਰੀ ਖੁਸ਼ਖਬਰੀ ਖੁਸ਼ਖਬਰੀ
Coming Soon!
Fresno California
ਵਿਚ ਖੁੱਲ੍ਹ ਰਿਹਾ ਨਵਾਂ ਦਫ਼ਤਰ
ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਇਕ ਛੱਤ ਥੱਲੇ
• ਪੋਲੀਟੀਕਲ ਅਸਾਈਲਮ • ਡਿਪ੍ਰੋਟੇਸ਼ਨ ਡਿਫੈਂਸ • BIA ਅਪੀਲ
• 9 Circuit ਅਪੀਲ • ਸਿਟੀਜਨਸ਼ਿਪ • ਗਰੀਨਕਾਰਡ
ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕੋ ਛੱਤ ਥੱਲੇ
Law office of Anthony Nwosu
239 West Yosemite Ave Manteca CA 95336
ਸਾਡਾ ਆਫ਼ਿਸ਼ Oakland ਅਤੇ Sacramento ਵਿਚ ਵੀ ਹੈ।
ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ
ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।
209-481-7750
510-472-0608
PH. : 209-624-3919
ਸ੍ਰ. ਹਰਮਿੰਦਰ ਸਿੰਘ ਸਮਾਣਾ
ਆਫ਼ਿਸ ਮੈਨੇਜਰ
Anthony Nwosu
Attorney at Law

# ਭਾਰਤੀ ਮੂਲ ਦੀ ਅਕਸ਼ਤਾ ਨੇ ਰਚਿਆ ਇਤਿਹਾਸ




ਨਿਊਯਾਰਕ : ਅਮਰੀਕੀ ਪੁਲਾੜ ਏਜੰਸੀ ਨਾਸਾ ਵਿੱਚ 13 ਸਾਲਾਂ ਤੋਂ ਕੰਮ ਕਰ ਰਹੀ ਭਾਰਤੀ ਮਹਿਲਾ ਅਕਸ਼ਤਾ ਕ੍ਰਿਸ਼ਣਮੂਰਤੀ ਨੇ ਇਤਿਹਾਸ ਰਚ ਦਿੱਤਾ ਹੈ। ਉਹ ਭਾਰਤ ਦੀ ਅਜਿਹੀ ਪਹਿਲੀ ਮਹਿਲਾ ਬਣ ਗਈ ਹੈ ਜਿਸ ਨੇ ਮੰਗਲ ’ਤੇ ਰੋਵਰ ਚਲਾਇਆ ਹੈ। ਅਕਸ਼ਤਾ ਨਾਸਾ ਦੇ ਮਿਸ਼ਨ ਦਾ ਹਿੱਸਾ ਸੀ, ਜਿਸ ਦੇ ਤਹਿਤ ਪੁਲਾੜ ਏਜੰਸੀ ਮੰਗਲ ’ਤੇ ਕੁਝ ਨਮੂਨੇ ਇਕੱਠੇ ਕਰ ਰਹੀ ਸੀ। ਇਸ ਤਹਿਤ ਉਸ ਨੇ ਮੰਗਲ ਗ੍ਰਹਿ ’ਤੇ ਰੋਵਰ ਚਲਾ ਕੇ ਰਿਕਾਰਡ ਬਣਾਇਆ। ਕਿਹਾ ਜਾ ਰਿਹਾ ਹੈ ਕਿ ਹੁਣ ਇਹ ਸੈਂਪਲ ਧਰਤੀ ’ਤੇ ਲਿਆਂਦੇ ਜਾਣਗੇ।

ਇੰਸਟਾਗ੍ਰਾਮ ’ਤੇ ਆਪਣੀ ਯਾਤਰਾ ਨੂੰ ਸਾਂਝਾ ਕਰਦੇ ਹੋਏ ਅਕਸ਼ਤਾ ਨੇ ਕਿਹਾ ਕਿ ਮੈਂ 13 ਸਾਲ ਪਹਿਲਾਂ ਨਾਸਾ ਨਾਲ ਕੰਮ ਕਰਨ ਲਈ ਅਮਰੀਕਾ ਆਈ ਸੀ। ਮੇਰੇ ਕੋਲ ਜ਼ਮੀਨ ਅਤੇ ਮੰਗਲ ’ਤੇ ਵਿਗਿਆਨ ਅਤੇ ਰੋਬੋਟਿਕ ਆਪਰੇਸ਼ਨਾਂ ਦੀ ਅਗਵਾਈ ਕਰਨ ਦੇ ਸੁਪਨੇ ਤੋਂ ਇਲਾਵਾ ਕੁਝ ਨਹੀਂ ਸੀ। ਜਿਨ੍ਹਾਂ ਲੋਕਾਂ ਨੂੰ ਮੈਂ ਮਿਲੀ, ਉਨ੍ਹਾਂ ਨੇ ਕਿਹਾ ਕਿ ਇਹ ਮੇਰੇ ਲਈ ਸੰਭਵ ਨਹੀਂ ਹੈ, ਇਸ ਲਈ ਮੈਨੂੰ ਆਪਣਾ ਖੇਤਰ ਬਦਲ ਲੈਣਾ ਚਾਹੀਦਾ ਹੈ। ਉਸ ਨੇ ਕਿਹਾ ਕਿ ਪਰ ਮੈਂ ਡਟੀ ਰਹੀ ਅਤੇ ਕਿਸੇ ਦੀ ਨਾ ਸੁਣੀ। ਆਪਣਾ ਕੰਮ ਕਰਦੀ ਰਹੀ। ਪੀਐਚਡੀ ਕਰਨ ਤੋਂ ਬਾਅਦ ਮੈਨੂੰ ਨਾਸਾ ਵਿੱਚ ਨੌਕਰੀ ਮਿਲ ਗਈ, ਕੰਮ ਕਰਨਾ ਹੈ ਤਾਂ ਪਾਗਲਪਨ ਜ਼ਰੂਰੀ ਹੈ।

ਅਕਸਤਾ ਦਾ ਕਹਿਣਾ ਹੈ ਕਿ ਐਨਆਈਟੀ ਤੋਂ ਪੀਐਚਡੀ ਦੀ ਡਿਗਰੀ ਪ੍ਰਾਪਤ ਕਰਨ ਤੋਂ ਲੈ ਕੇ ਨਾਸਾ ਵਿੱਚ ਪੂਰਾ ਸਮਾਂ ਕੰਮ ਕਰਨ ਤੱਕ, ਕੁਝ ਵੀ ਆਸਾਨ ਨਹੀਂ ਸੀ। ਪਰ ਅੱਜ ਮੈਂ ਕਈ ਤਰ੍ਹਾਂ ਦੇ ਪੁਲਾੜ ਮਿਸ਼ਨਾਂ ਲਈ ਕੰਮ ਕਰਦੀ ਹਾਂ। ਕੋਈ ਸੁਪਨਾ ਔਖਾ ਨਹੀਂ ਹੁੰਦਾ। ਆਪਣੇ ਆਪ ’ਤੇ ਵਿਸ਼ਵਾਸ ਰੱਖੋ ਅਤੇ ਸਖ਼ਤ ਮਿਹਨਤ ਕਰੋ, ਤੁਸੀਂ ਆਪਣੀ ਮੰਜ਼ਿਲ ’ਤੇ ਜ਼ਰੂਰ ਪਹੁੰਚੋਗੇ। ਮੇਰਾ ਉਦੇਸ਼ 10 ਲੱਖ ਲੋਕਾਂ ਨੂੰ ਵੱਡੇ ਸੁਪਨੇ ਲੈਣ ਅਤੇ ਬਿਹਤਰ ਜ਼ਿੰਦਗੀ ਜਿਉਣ ਲਈ ਪ੍ਰੇਰਿਤ ਕਰਨਾ ਹੈ।

ਅਕਸ਼ਤਾ ਨੇ ਮੈਸੇਚਿਉਸੇਟਸ ਇੰਸਟੀਚਿਊਟ ਆਫ਼ ਟੈਕਨਾਲੋਜੀ ਤੋਂ ਏਰੋਨਾਟਿਕਸ ਅਤੇ ਐਸਟ੍ਰੋਨਾਟਿਕਸ ਵਿੱਚ ਪੀਐਚਡੀ ਕੀਤੀ ਹੈ। ਉਸ ਕੋਲ ਨਾਸਾ ਜੈੱਟ ਪ੍ਰੋਪਲਸ਼ਨ ਲੈਬਾਰਟਰੀ (ਜੇਪੀਐਲ) ਵਿੱਚ ਫਲਾਈਟ ਸਿਸਟਮ ਇੰਜਨੀਅਰਿੰਗ, ਛੋਟੇ ਉਪਗ੍ਰਹਿ, ਇੰਸਟਰੂਮੈਂਟ ਕੈਲੀਬ੍ਰੇਸ਼ਨ, ਪ੍ਰਦਰਸ਼ਨ ਮਾਡਲਿੰਗ, ਵਿਗਿਆਨ ਡੇਟਾ ਪ੍ਰੋਸੈਸਿੰਗ ਵਿੱਚ ਵਿਆਪਕ ਅਨੁਭਵ ਹੈ। ਅਕਸ਼ਤਾ ਨੂੰ ਨਾਸਾ ਦੇ ਕਈ ਮਿਸ਼ਨਾਂ ਲਈ ਆਪਣੀਆਂ ਸੇਵਾਵਾਂ ਲਈ ਪੁਰਸਕਾਰ ਵੀ ਮਿਲ ਚੁੱਕੇ ਹਨ।

# ਅਮਰੀਕਾ ਨੇ ਭਾਰਤੀਆਂ ਨੂੰ ਜਾਰੀ ਕੀਤੇ ਰਿਕਾਰਡ ਵੀਜ਼ੇ

ਜਲੰਧਰ : ਅਮਰੀਕਾ ਦੇ ਰਾਸ਼ਟਰਪਤੀ ਜੋ ਬਾਈਡੇਨ ਦੇ ਪ੍ਰਸ਼ਾਸਨ ਨੇ ਭਾਰਤ ਵਾਸੀਆਂ ਨਾਲ ਸੰਪਰਕ ਵਧਾਉਣ ਦੇ ਮਨੋਰਥ ਨਾਲ ਪਿਛਲੇ ਸਾਲ 1 ਲੱਖ 40 ਹਜ਼ਾਰ ਤੋਂ ਵੱਧ ਭਾਰਤੀ ਵਿਦਿਆਰਥੀਆਂ ਨੂੰ ਵੀਜ਼ਾ ਜਾਰੀ ਕੀਤੇ ਸਨ। ਇਸ ਦੇ ਨਾਲ ਹੀ ਅਮਰੀਕੀ ਪ੍ਰਸ਼ਾਸਨ ਵੀਜ਼ਾ ਲਈ ਇੰਟਰਵਿਊ ਵਾਸਤੇ ਵੇਟਿੰਗ ਪੀਰੀਅਡ ਨੂੰ ਘੱਟ ਕਰਨ ਲਈ ਕਈ ਕਦਮ ਚੁੱਕ ਰਿਹਾ ਹੈ।

ਵੀਜ਼ਾ ਸੇਵਾਵਾਂ ਲਈ ਉੱਪ-ਸਹਾਇਕ ਵਿਦੇਸ਼ ਮੰਤਰੀ ਜੂਲੀ ਸਟਫਟ ਨੇ ਮੀਡੀਆ ਨੂੰ ਦਿੱਤੀ ਇੰਟਰਵਿਊ ਵਿਚ ਕਿਹਾ ਕਿ ਭਾਰਤ ਵਿਚ ਅਮਰੀਕੀ ਮਿਸ਼ਨ ਨੇ ਇਹ ਯਕੀਨੀ ਬਣਾਉਣ ਲਈ ਕੰਮ ਕੀਤਾ ਹੈ ਕਿ ਵਿਦਿਆਰਥੀਆਂ ਦੀਆਂ ਕਲਾਸਾਂ ਸ਼ੁਰੂ ਹੋਣ ਤੋਂ ਪਹਿਲਾਂ ਉਨ੍ਹਾਂ ਦੀ ਇੰਟਰਵਿਊ ਲੈ ਲਈ ਜਾਵੇ।

ਅਨੁਮਾਨ ਨਾਲੋਂ 20 ਲੱਖ ਵੱਧ ਵੀਜ਼ਾ ਜਾਰੀ ਉੱਪ-ਸਹਾਇਕ ਵਿਦੇਸ਼ ਮੰਤਰੀ ਨੇ ਕਿਹਾ ਕਿ



ਇਸ ਸਾਲ ਅਮਰੀਕਾ ਨੇ ਭਾਰਤ ਤੋਂ ਆ ਰਹੀਆਂ ਮੰਗਾਂ ਪੂਰੀਆਂ ਕਰਨ ਲਈ ਅਣਥੱਕ ਯਤਨ ਕੀਤੇ। ਅਸੀਂ ਇਸ ਸਾਲ ਭਾਰਤ ਵਿਚ ਜੋ ਕੀਤਾ, ਉਸ ਦਾ ਸਾਨੂੰ ਅਸਲ ’ਚ ਮਾਣ ਹੈ। ਮੇਰਾ ਮੰਨਣਾ ਹੈ ਕਿ ਇਤਿਹਾਸ ਵਿਚ ਪਹਿਲੀ ਵਾਰ ਅਸੀਂ ਭਾਰਤ ’ਚ 10 ਲੱਖ ਵੀਜ਼ਾ ਜਾਰੀ ਕਰਨ ਦਾ ਟੀਚਾ ਰੱਖਿਆ ਅਤੇ ਨਾ ਸਿਰਫ਼ ਇਸ ਨੂੰ ਪੂਰਾ ਕੀਤਾ, ਸਗੋਂ ਇਹ ਕੰਮ ਕਈ ਮਹੀਨੇ ਪਹਿਲਾਂ ਹੀ ਕਰ ਲਿਆ। ਸਟਫਟ ਨੇ ਕਿਹਾ ਕਿ ਭਾਰਤ ਤੋਂ ਇਸ ਸਾਲ ਅਮਰੀਕਾ ਆਉਣ ਵਾਲੇ ਕਾਮਿਆਂ, ਚਾਲਕ ਦਲ ਦੇ ਮੈਂਬਰਾਂ ਅਤੇ ਵਿਦਿਆਰਥੀਆਂ ਦੀਆਂ ਅਰਜ਼ੀਆਂ ਰਿਕਾਰਡ ਗਿਣਤੀ ਵਿਚ ਮਿਲੀਆਂ ਹਨ।

ਉਨ੍ਹਾਂ ਕਿਹਾ ਕਿ ਅਮਰੀਕਾ ਵੀਜ਼ਾ ਲਈ ਇੰਟਰਵਿਊ ਵਾਸਤੇ ਵੇਟਿੰਗ ਪੀਰੀਅਡ ਘੱਟ ਕਰਨ ਲਈ ਕਦਮ ਚੁੱਕ ਰਿਹਾ ਹੈ। ਦੇਸ਼ ਨੇ ਇਸ ਸਾਲ ਹੁਣ ਤਕ ਇਕ ਕਰੋੜ ਤੋਂ ਵੱਧ ਵੀਜ਼ਾ ਜਾਰੀ ਕੀਤੇ ਹਨ, ਜੋਕਿ ਉਸ ਦੇ ਅਨੁਮਾਨ ਨਾਲੋਂ 20 ਲੱਖ ਵੱਧ ਹਨ ਅਤੇ ਇਹ ਉਸ ਦੇ ਵਿਦੇਸ਼ੀ ਮਿਸ਼ਨਾਂ ਲਈ ਹੁਣ ਤਕ ਦੀ ਸਭ ਤੋਂ ਵੱਡੀ ਵੀਜ਼ਾ ਗਿਣਤੀ ਹੈ। 2024 ਲਈ ਵੇਟਿੰਗ ਪੀਰੀਅਡ ਨੂੰ ਘੱਟ ਕਰਨ ਦੇ ਮਨੋਰਥ ਨਾਲ ਅਮਰੀਕਾ ਹੁਣ ਵੀ ਬਹੁਤ ਮਿਹਨਤ ਕਰ ਰਿਹਾ ਹੈ।

# ਅਮਰੀਕਾ ’ਚ ਤੇਜ਼ੀ ਨਾਲ ਫੈਲ ਰਿਹਾ ਕੋਰੋਨਾ ਦਾ ਨਵਾਂ ਵੇਰੀਐਂਟ

ਵਾਸ਼ਿੰਗਟਨ : ਅਮਰੀਕਾ ਵਿੱਚ ਕੋਰੋਨਾ ਵਾਇਰਸ ਦਾ ਇਕ ਨਵਾਂ ਵੇਰੀਐਂਟ BA.B.HF ਤੇਜ਼ੀ ਨਾਲ ਫੈਲ ਰਿਹਾ ਹੈ। ਇਸ ਵਾਇਰਸ ਦੇ ਸਬੰਧ ’ਚ ਮਾਹਰਾਂ ਨੇ ਕਿਹਾ ਕਿ ਚਿੰਤਾ ਕਰਨ ਦੀ ਕੋਈ ਲੋੜ ਨਹੀਂ ਹੈ। ਰੋਗ ਨਿਯੰਤਰਣ ਅਤੇ ਰੋਕਥਾਮ ਕੇਂਦਰਾਂ (CDC) ਦੇ ਤਾਜ਼ਾ ਅਨੁਮਾਨ ਦੇ ਅਨੁਸਾਰ BA.B.HF Omicron BA.B ਸਬਵੇਰੀਐਂਟ ਦਾ ਇੱਕ ਪਰਿਵਰਤਨ ਹੈ। ਇਹ ਦੇਸ਼ ਵਿੱਚ ਲਗਭਗ 10 ਫ਼ੀਸਦੀ ਨਵੇਂ ਕੋਵਿਡ ਕੇਸਾਂ ਲਈ ਜ਼ਿੰਮੇਵਾਰ ਹੈ।

ਇਹ ਦੋ ਹਫ਼ਤੇ ਪਹਿਲਾਂ ਦੇ ਮੁਕਾਬਲੇ ਇੱਕ ਮਹੱਤਵਪੂਰਨ ਵਾਧਾ ਹੈ। ਹਾਲਾਂਕਿ, ਇਸਦਾ ਮਤਲਬ ਇਹ ਨਹੀਂ ਹੈ ਕਿ ਕੋਵਿਡ ਦੇ ਮਾਮਲੇ ਵੱਧ ਰਹੇ ਹਨ, ਜਾਂ ਇਹ ਰੂਪ ਵਧੇਰੇ ਖ਼ਤਰਨਾਕ



ਹੈ। ਇਸ ਤੋਂ ਅਜਿਹਾ ਪ੍ਰਤੀਤ ਹੋ ਰਿਹਾ ਜਿਵੇਂ BA.B.HF ਕੋਈ ਨਵਾਂ ਵਾਧਾ ਕਰਨ ਦੀ ਥਾਂ ਹੋਰ ਰੂਪਾਂ ਦੀ ਜਗ੍ਹਾਂ ਲੈ ਰਿਹਾ ਹੈ। CDC ਨੇ BA.2.86 ਨੂੰ ‘ਨਿਗਰਾਨੀ ਅਧੀਨ ਵੇਰੀਐਂਟ’ ਤੋਂ ‘ਰੁਚੀ ਦੇ ਰੂਪ’ ਵਿੱਚ ਅੱਪਗ੍ਰੇਡ ਕੀਤਾ ਹੈ। ਇਹ ਪਹਿਲੀ ਵਾਰ ਹੈ ਜਦੋਂ ਸੀਡੀਸੀ ਦੀ ਰਿਪੋਰਟ ਵਿੱਚ ਵੇਰੀਐਂਟ ਨੂੰ ਅਲੱਗ ਕੀਤਾ ਗਿਆ ਹੈ। ਦੱਸ ਦੇਈਏ ਕਿ ਵੇਰੀਐਂਟ ਦਾ ਪਹਿਲੀ ਵਾਰ ਅਗਸਤ ਵਿੱਚ ਪਤਾ ਲੱਗਾ ਸੀ ਅਤੇ ਇਸਦੇ ਸਪਾਈਕ ਪ੍ਰੋਟੀਨਸ ਵਿੱਚ 30 ਤੋਂ ਵੱਧ ਵਾਰ ਪਰਿਵਰਤਨ ਹੋਏ ਹਨ। ਇਹ ਵਾਇਰਸ ਦੇ ਉਹ ਹਿੱਸੇ ਹਨ, ਜੋ ਮਨੁੱਖੀ ਸੈੱਲਾਂ ਨਾਲ ਜੁੜੇ ਹੁੰਦੇ ਹਨ। ਇਸ ਨੇ ਚਿੰਤਾਵਾਂ ਪੈਦਾ ਕੀਤੀਆਂ ਕਿ ਇਹ ਵੈਕਸੀਨ ਦੁਆਰਾ ਪ੍ਰਾਪਤ ਇਮਿਊਨ ਪ੍ਰਤੀਕ੍ਰਿਆ ਤੋਂ ਬਚਣ ਦੇ ਯੋਗ ਹੋ ਸਕਦਾ ਹੈ। ਦੂਜੇ ਪਾਸੇ ਸੀਡੀਸੀ ਨੇ 18 ਨਵੰਬਰ ਨੂੰ ਖ਼ਤਮ ਹੋਣ ਵਾਲੇ ਹਫ਼ਤੇ ਤੱਕ ਕੋਵਿਡ ਕਾਰਨ 18 ਹਜ਼ਾਰ ਤੋਂ ਵੱਧ ਹਸਪਤਾਲਾਂ ਵਿੱਚ ਦਾਖ਼ਲ ਮਰੀਜ਼ ਰਿਪੋਰਟ ਕੀਤੇ ਹਨ। ਉਸ ਹਫ਼ਤੇ ਮੌਤਾਂ ਦੀ ਅੰਦਾਜ਼ਨ ਗਿਣਤੀ 506 ਸੀ। ਓਹੀਓ ਕਾਉਂਟੀਆਂ ਅਤੇ ਮੈਸੇਚਿਉਸੇਟਸ ਬੱਚਿਆਂ ਵਿੱਚ ਨਮੂਨੀਆ ਦੇ ਮਾਮਲਿਆਂ ਵਿੱਚ ਵਾਧਾ ਦੇਖ ਰਹੇ ਹਨ।



# ਪੰਜਾਬ 'ਚ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਨੂੰ ਲੈ ਕੇ ਨੋਟਿਸ ਜਾਰੀ



ਚੰਡੀਗੜ੍ਹ : ਪੰਜਾਬ 'ਚ ਸ਼ੁਰੂ ਕੀਤੀ ਗਈ 'ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ' 'ਤੇ ਰੋਕ ਲੱਗ ਸਕਦੀ ਹੈ। ਦਰਅਸਲ ਇਸ ਯੋਜਨਾ ਖ਼ਿਲਾਫ਼ ਪੰਜਾਬ ਅਤੇ ਹਰਿਆਣਾ ਹਾਈਕੋਰਟ 'ਚ ਇਕ ਜਨਹਿੱਤ ਪਟੀਸ਼ਨ ਦਾਇਰ ਕੀਤੀ ਗਈ ਹੈ। ਇਸ ਪਟੀਸ਼ਨ 'ਤੇ ਸੁਣਵਾਈ ਕਰਦਿਆਂ ਅਦਾਲਤ ਨੇ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ ਕਰਕੇ ਜਵਾਬ ਮੰਗਿਆ ਹੈ। ਜਾਣਕਾਰੀ ਮੁਤਾਬਕ ਹਾਈਕੋਰਟ 'ਚ ਦਾਇਰ ਪਟੀਸ਼ਨ 'ਚ ਕਿਹਾ ਗਿਆ ਹੈ ਕਿ ਪੰਜਾਬ ਪਹਿਲਾਂ ਹੀ ਆਰਥਿਕ ਸੰਕਟ 'ਚੋਂ ਲੰਘ ਰਿਹਾ ਹੈ। ਇੱਥੇ ਲੋਕਾਂ ਨੂੰ ਰੁਜ਼ਗਾਰ ਅਤੇ ਹੋਰ ਭਲਾਈ ਸਕੀਮਾਂ ਦੀ ਲੋੜ ਹੈ ਪਰ ਸਰਕਾਰ ਦੀਆਂ ਅਜਿਹੀਆਂ ਸਕੀਮਾਂ ਰਾਹੀਂ ਸਰਕਾਰੀ ਖ਼ਜ਼ਾਨੇ 'ਤੇ ਬੋਝ ਵਧੇਗਾ। ਇਸ ਲਈ ਪਟੀਸ਼ਨਰ ਵੱਲੋਂ ਇਸ ਸਕੀਮ ਨੂੰ ਰੱਦ ਕਰਨ ਦੀ ਮੰਗ ਕੀਤੀ ਗਈ ਹੈ। ਪੰਜਾਬ ਸਰਕਾਰ ਨੇ 27 ਨਵੰਬਰ ਨੂੰ ਗੁਰਪੁਰਬ ਮੌਕੇ 'ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ' ਸ਼ੁਰੂ ਕੀਤੀ ਸੀ। ਇਸ ਸਕੀਮ ਤਹਿਤ ਪੰਜਾਬ ਦੇ 60 ਸਾਲ ਤੋਂ ਵੱਧ ਉਮਰ ਦੇ ਆਰਥਿਕ ਪੱਖੋਂ ਕਮਜ਼ੋਰ ਬਜ਼ੁਰਗਾਂ ਨੂੰ ਦੇਸ਼ ਭਰ ਦੇ ਤੀਰਥ ਸਥਾਨਾਂ ਦੀ ਮੁਫ਼ਤ ਯਾਤਰਾ ਕਰਵਾਈ ਜਾਣੀ ਹੈ। ਇਸ ਯੋਜਨਾ ਤਹਿਤ ਸ੍ਰੀ ਹਜ਼ੂਰ ਸਾਹਿਬ, ਸ੍ਰੀ ਪਟਨਾ ਸਾਹਿਬ, ਵਾਰਾਣਸੀ, ਮਥੁਰਾ, ਵ੍ਰਿੰਦਾਵਨ ਅਤੇ ਅਜਮੇਰ ਸ਼ਰੀਫ਼ ਦੀ ਯਾਤਰਾ ਰੇਲਗੱਡੀ ਰਾਹੀਂ ਕਰਵਾਈ ਜਾਵੇਗੀ। ਇਸ ਦੇ ਨਾਲ ਹੀ ਸ੍ਰੀ ਅੰਮ੍ਰਿਤਸਰ ਸਾਹਿਬ, ਸ੍ਰੀ ਤਲਵੰਡੀ ਸਾਬੋ, ਸ੍ਰੀ ਅਨੰਦਪੁਰ ਸਾਹਿਬ, ਮਾਤਾ ਜਵਾਲਾਜੀ, ਚਿੰਤਪੁਰਨੀ ਦੇਵੀ, ਮਾਤਾ ਨੈਣਾ ਦੇਵੀ, ਮਾਤਾ ਵੈਸ਼ਨੋ ਦੇਵੀ, ਸਾਲਾਸਰ ਬਾਲਾਜੀ ਧਾਮ ਅਤੇ ਖਾਟੂ ਸ਼ਿਆਮ ਧਾਮ ਦੀ ਯਾਤਰਾ ਬੱਸਾਂ ਰਾਹੀਂ ਕਰਵਾਈ ਜਾਣੀ ਹੈ।

# ਕੇਜਰੀਵਾਲ ਤੇ ਮਾਨ ਪਹੁੰਚੇ ਗੁਰਦਾਸਪੁਰ, 1854 ਕਰੋੜ ਦੇ ਵਿਕਾਸ ਪ੍ਰੋਜੈਕਟਾਂ ਦੀ ਕੀਤੀ ਸ਼ੁਰੂਆਤ



ਗੁਰਦਾਸਪੁਰ : ਸੀਐਮ ਭਗਵੰਤ ਸਿੰਘ ਮਾਨ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਗੁਰਦਾਸਪੁਰ ਪਹੁੰਚੇ ਹਨ। ਇਸ ਦੌਰਾਨ ਉਹ 14.92 ਕਰੋੜ ਰੁਪਏ ਦੀ ਲਾਗਤ ਨਾਲ ਛੇ ਏਕੜ ਵਿੱਚ ਬਣੇ ਬਾਬਾ ਬੰਦਾ ਸਿੰਘ ਬਹਾਦਰ ਬੱਸ ਟਰਮੀਨਲ ਅਤੇ ਰੇਲਵੇ ਅੰਡਰ ਪਾਸ ਦਾ ਉਦਘਾਟਨ ਕੀਤਾ। ਇਸ ਤੋਂ ਇਲਾਵਾ ਲੋਕ ਸਭਾ ਹਲਕੇ ਵਿੱਚ 1854 ਕਰੋੜ ਰੁਪਏ ਦੀ ਲਾਗਤ ਵਾਲੇ ਹੋਰ ਵਿਕਾਸ ਪ੍ਰੋਜੈਕਟ ਵੀ ਸ਼ੁਰੂ ਕੀਤੇ ਦੋਵੇਂ ਆਗੂ ਇਸ ਦੌਰਾਨ ਹੋਣ ਵਾਲੀ ਜਨ ਸਭਾ ਨੂੰ ਵੀ ਸੰਬੋਧਨ ਕੀਤਾ। ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਦੇ ਚੇਅਰਮੈਨ ਰਮਨ ਬਹਿਲ ਨੇ ਦੱਸਿਆ ਕਿ ਸਮਾਗਮ ਦੀਆਂ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ। ਦੋਵੇਂ ਆਗੂ ਜ਼ਿਲ੍ਹੇ ਵਿੱਚ ਵਿਕਾਸ ਦੀ ਨਵੀਂ ਕ੍ਰਾਂਤੀ ਦੀ ਸ਼ੁਰੂਆਤ ਕਰਨ ਜਾ ਰਹੇ ਹਨ। ਗੁਰਦਾਸਪੁਰ ਅਤੇ ਪਠਾਨਕੋਟ ਜ਼ਿਲ੍ਹਿਆਂ ਲਈ ਇਹ ਇਤਿਹਾਸਕ ਪਲ ਹੈ। ਸਰਕਾਰ ਵੱਲੋਂ ਵਿਕਾਸ ਵੱਲ ਚੁੱਕੇ ਗਏ ਕਦਮ ਸੂਬੇ ਨੂੰ ਰੰਗਲਾ ਪੰਜਾਬ ਬਣਾਉਣ ਵਿੱਚ ਸਹਾਈ ਹੋਣਗੇ।

2 ਦਸੰਬਰ ਨੂੰ ਗੁਰਦਾਸਪੁਰ ਵਿਖੇ ਮੁੱਖਮੰਤਰੀ ਭਗਵੰਤ ਮਾਨ ਅਤੇ ਆਪ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਵਲੋਂ ਕੀਤੀ ਜਾਣ ਵਾਲੀ ਵਿਕਾਸ ਕ੍ਰਾਂਤੀ ਰੈਲੀ ਦੇ ਮੱਦੇਨਜ਼ਰ ਲੋਕਾਂ ਦੀ ਸਹੂਲਤ ਨੂੰ ਮੁੱਖ ਰੱਖਦਿਆਂ ਪੁਲਿਸ ਵਿਭਾਗ ਵੱਲੋਂ ਟਰੈਫਿਕ ਦੇ ਬਦਲਵੇਂ ਪ੍ਰਬੰਧ ਕੀਤੇ ਗਏ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਐੱਸ.ਐੱਸ.ਪੀ. ਗੁਰਦਾਸਪੁਰ ਸ੍ਰੀ ਹਰੀਸ਼ ਦਾਯਮਾ ਨੇ ਦੱਸਿਆ ਕਿ ਅੰਮ੍ਰਿਤਸਰ ਤੋਂ ਪਠਾਨਕੋਟ ਤੱਕ ਜਾਣ ਵਾਲੀ ਟਰੈਫਿਕ ਨੂੰ ਬਟਾਲਾ ਸ਼ਹਿਰ ਦੇ ਅੰਮ੍ਰਿਤਸਰ ਬਾਈਪਾਸ ਨਜਦੀਕ ਸੈਦ ਮੁਬਾਰਕ ਪਿੰਡ ਤੋਂ ਸ੍ਰੀ ਹਰਗੋਬਿੰਦਪੁਰ, ਮੁਕੇਰੀਆਂ ਅਤੇ ਟਾਂਡੇ ਵੱਲ ਨੂੰ ਡਾਈਵਰਟ ਕੀਤਾ ਗਿਆ ਹੈ।

ਅੰਮ੍ਰਿਤਸਰ ਤੋਂ ਪਠਾਨਕੋਟ ਨੂੰ ਜਾਣ ਵਾਲੇ ਹਲਕੇ ਵਾਹਨਾਂ ਨੂੰ ਬੁੱਢਾ ਬਾਈਪਾਸ ਤੋਂ ਸਠਿਆਲੀ ਪੁੱਲ ਵਾਇਆ ਮੁਕੇਰੀਆਂ ਰਾਹੀਂ ਪਠਾਨਕੋਟ ਵੱਲ ਨੂੰ ਡਾਈਵਰਟ ਕੀਤਾ ਗਿਆ ਹੈ। ਅੰਮ੍ਰਿਤਸਰ ਤੋਂ ਗੁਰਦਾਸਪੁਰ ਤੱਕ ਜਾਣ ਵਾਲੇ ਹਲਕੇ ਵਾਹਨਾਂ ਨੂੰ ਬੱਬਰੀ ਬਾਈਪਾਸ ਤੋਂ ਨਬੀਪੁਰ ਤੋਂ ਬਹਿਰਾਮਪੁਰ ਵਾਇਆ ਦੀਨਾਨਗਰ ਡਾਈਵਰਟ ਕੀਤਾ ਗਿਆ ਹੈ। ਪਠਾਨਕੋਟ ਤੋਂ ਅੰਮ੍ਰਿਤਸਰ ਵੱਲ ਜਾਣ ਵਾਲੀ ਹੈਵੀ ਟਰੈਫਿਕ ਨੂੰ ਮਲਕਪੁਰ ਚੌਕ ਤੋਂ ਵਾਇਆ ਮੁਕੇਰੀਆਂ, ਟਾਂਡਾ, ਬਟਾਲਾ ਤੋਂ ਅੰਮ੍ਰਿਤਸਰ ਨੂੰ ਡਾਈਵਰਟ ਕੀਤਾ ਗਿਆ ਹੈ। ਪਠਾਨਕੋਟ ਤੋਂ ਅੰਮ੍ਰਿਤਸਰ ਵੱਲ ਜਾਣ ਵਾਲੇ ਹਲਕੇ ਵਾਹਨਾਂ ਦੀ ਟਰੈਫਿਕ ਨੂੰ ਝੰਡੇ ਚੱਕ ਤੋਂ ਪਨਿਆੜ ਰੋਡ ਵਾਇਆ ਗੁਰਦਾਸਪੁਰ ਸਿਟੀ ਡਾਈਵਰਟ ਕੀਤਾ ਗਿਆ ਹੈ। ਹੁਸ਼ਿਆਰਪੁਰ ਤੋਂ ਗੁਰਦਾਸਪੁਰ ਹੈਵੀ ਟਰੈਫਿਕ ਨੂੰ ਮੁਕੇਰੀਆਂ ਤੋਂ ਵਾਇਆ ਪਠਾਨਕੋਟ ਡਾਈਵਰਟ ਕੀਤਾ ਗਿਆ ਹੈ। ਸ੍ਰੀ ਹਰਗੋਬਿੰਦਪੁਰ ਤੋਂ ਗੁਰਦਾਸਪੁਰ ਹੈਵੀ ਟਰੈਫਿਕ ਨੂੰ ਘੁਮਾਣ ਤੋਂ ਬਟਾਲਾ ਡਾਈਵਰਟ ਕੀਤਾ ਗਿਆ ਹੈ। ਕਲਾਨੌਰ ਤੋਂ ਅੰਮ੍ਰਿਤਸਰ ਦੀ ਹੈਵੀ ਟਰੈਫਿਕ ਨੂੰ ਬੱਬਰੀ ਬਾਈਪਾਸ ਤੋਂ ਅੰਮ੍ਰਿਤਸਰ ਡਾਈਵਰਟ ਕੀਤਾ ਗਿਆ ਹੈ। ਕਲਾਨੌਰ ਤੋਂ ਪਠਾਨਕੋਟ ਦੀ ਹੈਵੀ ਟਰੈਫਿਕ ਨੂੰ ਹਰਦੋਛੰਨੀ ਰੋਡ ਤੋਂ ਦੀਨਾਨਗਰ, ਪਠਾਨਕੋਟ ਡਾਈਵਰਟ ਕੀਤਾ ਗਿਆ ਹੈ। ਪਠਾਨਕੋਟ ਤੋਂ ਗੁਰਦਾਸਪੁਰ ਹਲਕੇ ਵਾਹਨਾਂ ਦੀ ਟਰੈਫਿਕ ਨੂੰ ਪਰਮਾਨੰਦ, ਦੀਨਾਨਗਰ, ਬਹਿਰਾਮਪੁਰ ਤੋਂ ਬੱਬਰੀ ਬਾਈਪਾਸ ਡਾਈਵਰਟ ਕੀਤਾ ਗਿਆ ਹੈ। ਐੱਸ.ਐੱਸ.ਪੀ. ਗੁਰਦਾਸਪੁਰ ਸ੍ਰੀ ਹਰੀਸ਼ ਦਾਯਮਾ ਨੇ ਜਨਤਾ ਨੂੰ ਅਪੀਲ ਕੀਤੀ ਹੈ ਕਿ ਉਹ ਰੈਲੀ ਦੇ ਮੱਦੇਨਜ਼ਰ ਬਦਲਵੇ ਰੂਟਾਂ ਦਾ ਇਸਤੇਮਾਲ ਕਰਨ।

# ਹੁਣ ਮੋਰਚਾ ਬਾਰਡਰ 'ਤੇ ਨੀਂ, ਚੰਡੀਗੜ੍ਹ 'ਚ ਲੱਗੂ : ਬਲਬੀਰ ਸਿੰਘ ਰਾਜੇਵਾਲ



ਚੰਡੀਗੜ੍ਹ : ਪੰਜਾਬ ਦੇ ਪਾਣੀ ਦੇ ਮਾਮਲੇ ਨੂੰ ਲੈ ਕੇ ਕਿਸਾਨ ਵੱਡਾ ਪ੍ਰਦਰਸ਼ਨ ਕਰਨਗੇ। ਕਿਸਾਨ ਨੇਤਾ ਬਲਬੀਰ ਸਿੰਘ ਰਾਜੇਵਾਲ ਨੇ ਕਿਹਾ ਹੈ ਕਿ ਹੁਣ ਕਿਸਾਨਾਂ ਦਾ ਪ੍ਰਦਰਸ਼ਨ ਮੋਹਾਲੀ ਬਾਰਡਰ ਉਤੇ ਨਹੀਂ, ਸਗੋਂ ਚੰਡੀਗੜ੍ਹ ਦੇ ਅੰਦਰ ਹੋਵੇਗਾ।

ਕਿਸਾਨ ਨੇਤਾ ਬਲਬੀਰ ਸਿੰਘ ਰਾਜੇਵਾਲ ਨੇ ਕਿਹਾ ਕਿ ਅਸੀਂ ਚੰਡੀਗੜ੍ਹ ਦੇ ਅੰਦਰ ਪ੍ਰਦਰਸ਼ਨ ਕਰਾਂਗੇ। ਉਨ੍ਹਾਂ ਕਿਹਾ ਚੰਡੀਗੜ੍ਹ ਪੰਜਾਬ ਦਾ ਹੈ ਅਤੇ ਅਸੀਂ ਵਿਦੇਸ਼ੀ ਨਹੀਂ ਹਾਂ। ਸ. ਰਾਜੇਵਾਲ ਨੇ ਅੱਗੇ ਕਿਹਾ ਕਿ ਪੰਜਾਬ ਦੇ ਪਾਣੀ ਉਤੇ ਸਾਡਾ ਮਾਲਕਾਨਾ ਹੱਕ ਹੈ। ਉਨ੍ਹਾਂ ਅੱਗੇ ਕਿਹਾ ਕਿ ਅਸੀਂ ਇਹ ਫੈਸਲਾ ਕਰਨਾ ਹੈ ਕਿ ਹਰਿਆਣਾ ਜਾਂ ਰਾਜਸਥਾਨ ਨੂੰ ਪਾਣੀ ਦੇਣਾ ਹੈ ਜਾਂ ਨਹੀਂ। ਸ. ਰਾਜੇਵਾਲ ਨੇ ਇਹ ਵੀ ਕਿਹਾ ਜੇਕਰ ਪਾਣੀ ਦੇਣਾ ਪਵੇ ਤਾਂ ਇੱਕ ਤੈਅ ਕੀਮਤ ਮੁਤਾਬਕ ਦੇਵਾਂਗੇ। ਬਲਬੀਰ ਸਿੰਘ ਰਾਜੇਵਾਲ ਨੇ ਕਿਹਾ ਕਿ ਪੰਜਾਬ ਦੀ ਧਰਤੀ ਦਾ ਪਾਣੀ ਲਗਾਤਾਰ ਖਤਮ ਹੁੰਦਾ ਜਾ ਰਿਹਾ ਹੈ, ਇਹ ਇੱਕ ਗੰਭੀਰ ਮਸਲਾ ਹੈ। ਉਨ੍ਹਾਂ ਕਿਹਾ ਕਿ ਅਸੀਂ 18 ਜਨਵਰੀ ਨੂੰ ਚੰਡੀਗੜ੍ਹ ਵਿੱਚ ਮੋਰਚਾ ਲਾਵਾਂਗੇ। ਅਸੀਂ ਇਸ ਬਾਰੇ 8 ਜਨਵਰੀ ਨੂੰ ਚੰਡੀਗੜ੍ਹ ਦੇ ਚੀਫ ਕਮਿਸ਼ਨਰ ਨਾਲ ਮੀਟਿੰਗ ਕਰਾਂਗੇ। ਜੇਕਰ ਸਾਨੂੰ ਰੋਕਣ ਦੀ ਕੋਸ਼ਿਸ਼ ਕੀਤੀ ਗਈ ਤਾਂ ਅੱਗੇ ਦੀ ਰਣਨੀਤੀ ਬਣਾਈ ਜਾਵੇਗੀ। ਸ. ਰਾਜੇਵਾਲ ਨੇ ਮਾਨ ਸਰਕਾਰ ਉਤੇ ਵੀ ਨਿਸ਼ਾਨਾ ਲਾਇਆ। ਉਨ੍ਹਾਂ ਕਿਹਾ ਕਿ ਸਰਕਾਰ ਨੇ ਜੋ ਗੰਨੇ ਦੀ ਕੀਮਤ ਵਿੱਚ ਵਾਧਾ ਕੀਤਾ ਹੈ, ਅਸੀਂ ਉਸ ਨੂੰ ਰੱਦ ਕਰਦੇ ਹਾਂ। ਪੰਜਾਬ ਵਿੱਚ ਗੰਨੇ ਉਤੇ ਜ਼ਿਆਦਾ ਖਰਚ ਆਉਂਦਾ ਹੈ, ਇਸ ਲਈ ਕੀਮਤ ਵੀ ਜ਼ਿਆਦਾ ਮਿਲਣੀ ਚਾਹੀਦੀ ਹੈ। ਬਲਬੀਰ ਸਿੰਘ ਨੇ ਕਿਹਾ ਕਿ ਹਾਲੇ ਤੱਕ ਹੜ੍ਹ ਪੀੜਤ ਕਿਸਾਨਾਂ ਨੂੰ ਮੁਆਵਜ਼ਾ ਨਹੀਂ ਮਿਲਿਆ ਹੈ।

### ਸੁਲਤਾਨਪੁਰ ਲੋਧੀ ਘਟਨਾ

# ਸ਼੍ਰੋਮਣੀ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਧਰਨਾ



ਅੰਮ੍ਰਿਤਸਰ : ਸੁਲਤਾਨਪੁਰ ਲੋਧੀ ਵਿੱਚ ਗੁਰਦੁਆਰਾ ਅਕਾਲ ਬੁੰਗਾ ਸਾਹਿਬ ਛਾਉਣੀ ਨਿਹੰਗ ਸਿੰਘਾਂ ਵਿੱਚ ਪੁਲੀਸ ਵੱਲੋਂ ਜੁੱਤੀਆਂ ਪਾ ਕੇ ਗੁਰਦੁਆਰੇ ਵਿੱਚ ਦਾਖਲ ਹੋਣ ਅਤੇ ਗੋਲੀ ਚਲਾਉਣ ਦੀ ਘਟਨਾ ਦੇ ਰੋਸ ਵਜੋਂ ਸ਼੍ਰੋਮਣੀ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਸਾਂਝੇ ਤੌਰ 'ਤੇ ਰੋਸ ਪ੍ਰਦਰਸ਼ਨ ਸ਼ੁਰੂ ਕੀਤਾ ਗਿਆ। ਗੁਰਦੁਆਰਾ ਅਕਾਲ ਬੁੰਗਾ ਸਾਹਿਬ ਦੇ ਬਾਹਰ ਆਰੰਭੇ ਗਏ ਰੋਸ ਪ੍ਰਦਰਸ਼ਨ ਵਿੱਚ ਅੱਜ ਬੁਲਾਰਿਆਂ ਨੇ 'ਆਪ' ਸਰਕਾਰ ਦੀ ਆਲੋਚਨਾ ਕਰਦਿਆਂ ਕਿਹਾ ਕਿ ਪਵਿੱਤਰ ਗੁਰਧਾਮ ਦੀ ਬੇਅਦਬੀ ਕਰਵਾ ਕੇ ਸਰਕਾਰ ਨੇ ਸਿੱਖ ਭਾਵਨਾਵਾਂ ਨੂੰ ਠੇਸ ਪਹੁੰਚਾਈ ਹੈ। ਧਰਨਾ ਪ੍ਰਦਰਸ਼ਨ ਦੇ ਅੱਜ ਪਹਿਲੇ ਦਿਨ ਹਲਕਾ ਬਾਬਾ ਬਕਾਲਾ ਤੋਂ ਸ਼੍ਰੋਮਣੀ ਕਮੇਟੀ ਮੈਂਬਰ ਬਲਜੀਤ ਸਿੰਘ ਜਲਾਲਉਸਮਾ ਦੀ ਅਗਵਾਈ ਹੇਠ ਜਥੇ ਨੇ ਸ਼ਮੂਲੀਅਤ ਕੀਤੀ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਸਾਬਕਾ ਜਨਰਲ ਸਕੱਤਰ ਭਾਈ ਗੁਰਚਰਨ ਸਿੰਘ ਗਰੇਵਾਲ, ਮੈਂਬਰ ਭਾਈ ਮਨਜੀਤ ਸਿੰਘ, ਬਲਜੀਤ ਸਿੰਘ ਜਲਾਲਉਸਮਾ, ਜਰਨੈਲ ਸਿੰਘ ਡੋਗਰਾਂਵਾਲਾ, ਗੁਰਪ੍ਰੀਤ ਕੌਰ ਰੂਹੀ, ਹਲਕਾ ਇੰਚਾਰਜ ਕੈਪਟਨ ਹਰਮਿੰਦਰ ਸਿੰਘ ਨੇ ਵੀ ਸੰਬੋਧਨ ਕੀਤਾ। ਬੁਲਾਰਿਆਂ ਨੇ ਦੋਸ਼ ਲਾਇਆ ਕਿ 'ਆਪ' ਸਰਕਾਰ ਵੀ ਹੁਣ ਕਾਂਗਰਸ ਦੇ ਰਾਹ ਤੁਰ ਪਈ ਹੈ। ਉਨ੍ਹਾਂ ਦਾਅਵਾ ਕੀਤਾ ਕਿ ਮੁੱਖ ਮੰਤਰੀ ਨੇ ਪੁਲੀਸ ਨੂੰ ਹੁਕਮ ਜਾਰੀ ਕਰ ਕੇ ਗੁਰਦੁਆਰਾ ਅਕਾਲ ਬੁੰਗਾ ਸਾਹਿਬ ਵਿੱਚ ਬੇਅਦਬੀ ਕਰਵਾਈ ਹੈ, ਇਸ ਲਈ ਮੁੱਖ ਮੰਤਰੀ ਨੂੰ ਇਸ ਬੇਅਦਬੀ ਦੀ ਜ਼ਿੰਮੇਵਾਰੀ ਕਬੂਲਣੀ ਪਵੇਗੀ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਵਧੀਕ ਸਕੱਤਰ ਤਜਿੰਦਰ ਸਿੰਘ ਪੱਡਾ, ਮੈਨੇਜਰ ਜਰਨੈਲ ਸਿੰਘ, ਮੋਹਨ ਸਿੰਘ ਕੰਗ ਬਾਬਾ ਬਕਾਲਾ, ਨਿਰਮਲ ਸਿੰਘ, ਰਣਜੀਤ ਸਿੰਘ ਸ਼ੇਰੋਂ, ਰਾਜਿੰਦਰ ਸਿੰਘ ਲਿਧੜ ਤੇ ਕਿਰਪਾਲ ਸਿੰਘ ਵੀ ਹਾਜ਼ਰ ਸਨ।

# ਭਤੀਜੀ ਦੇ ਆਨੰਦ ਕਾਰਜ ਦੀ ਰਸਮ 'ਚ ਸ਼ਾਮਲ ਹੋਇਆ ਜਗਤਾਰ ਸਿੰਘ ਤਾਰਾ



ਰੂਪਨਗਰ : ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੀ ਹੱਤਿਆ ਲਈ ਦੋਸ਼ੀ ਠਹਿਰਾਇਆ ਗਿਆ ਜਗਤਾਰ ਸਿੰਘ ਤਾਰਾ ਅੱਜ ਰੂਪਨਗਰ ਜ਼ਿਲ੍ਹੇ ਦੇ ਪਿੰਡ ਮੁਗਲ ਮਾਜਰੀ ਦੇ ਗੁਰਦੁਆਰੇ ਵਿੱਚ ਆਪਣੀ ਭਤੀਜੀ ਹਰਪ੍ਰੀਤ ਕੌਰ ਦੇ ਆਨੰਦ ਕਾਰਜ ਦੀਆਂ ਰਸਮਾਂ ਵਿੱਚ ਸ਼ਾਮਲ ਹੋਇਆ। ਪ੍ਰਾਪਤ ਜਾਣਕਾਰੀ ਅਨੁਸਾਰ ਜਗਤਾਰ ਸਿੰਘ ਦੇ ਭਰਾ ਜਸਵਿੰਦਰ ਸਿੰਘ ਵਾਸੀ ਡੇਕਵਾਲਾ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦੀ ਭਤੀਜੀ ਹਰਪ੍ਰੀਤ ਕੌਰ ਦਾ ਰਿਸ਼ਤਾ ਮੋਰਿੰਡਾ ਨੇੜਲੇ ਪਿੰਡ ਸੰਗਤਪੁਰਾ ਵਿੱਚ ਤੈਅ ਹੋਇਆ ਹੈ। ਪਰਿਵਾਰ ਵੱਲੋਂ ਵਿਆਹ ਸਮਾਗਮ ਪਿੰਡ ਮੁਗਲ ਮਾਜਰੀ ਸਥਿਤ ਇੱਕ ਪੈਲੇਸ ਵਿੱਚ ਕੀਤਾ ਗਿਆ ਤੇ ਆਨੰਦ ਕਾਰਜ ਦੀਆਂ ਰਸਮਾਂ ਪਿੰਡ ਮੁਗਲ ਮਾਜਰੀ ਦੇ ਗੁਰਦੁਆਰੇ ਵਿੱਚ ਕੀਤੀਆਂ ਗਈਆਂ। ਸਿੱਖ ਧਰਮ ਦੇ ਰਿਵਾਜ਼ਾਂ ਅਨੁਸਾਰ ਲੜਕੀ ਦਾ ਪੱਲਾ ਫੜਾਉਣ ਦੀ ਰਸਮ ਜਗਤਾਰ ਸਿੰਘ ਤਾਰਾ ਨੇ ਨਿਭਾਈ। ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲੋਂ ਜਗਤਾਰ ਸਿੰਘ ਤਾਰਾ ਨੂੰ ਆਨੰਦ ਕਾਰਜ ਦੀ ਰਸਮ ਵਿੱਚ ਸ਼ਾਮਲ ਹੋਣ ਲਈ 11 ਵਜੇ ਤੋਂ ਬਾਅਦ ਦੁਪਹਿਰ ਇਕ ਵਜੇ ਤੱਕ ਦੋ ਘੰਟਿਆਂ ਦੀ ਮੋਹਲਤ ਦਿੱਤੀ ਗਈ ਸੀ ਜਿਸ ਕਰ ਕੇ ਐਸ.ਪੀ. (ਐੱਚ) ਰਾਜਪਾਲ ਸਿੰਘ ਤੇ ਡੀਐੱਸਪੀ ਤਰਲੋਚਨ ਸਿੰਘ ਦੀ ਅਗਵਾਈ ਹੇਠ ਪੁਲੀਸ ਪਾਰਟੀ ਭਾਰੀ ਸੁਰੱਖਿਆ ਪ੍ਰਬੰਧਾਂ ਵਿੱਚ ਜਗਤਾਰ ਤਾਰਾ ਨੂੰ ਪਿੰਡ ਮੁਗਲ ਮਾਜਰੀ ਦੇ ਗੁਰਦੁਆਰੇ ਲੈ ਕੇ ਪੁੱਜੀ ਅਤੇ ਆਨੰਦ ਕਾਰਜ ਦੀ ਰਸਮ ਪੂਰੀ ਹੋਣ ਮਗਰੋਂ ਵਾਪਸ ਲੈ ਗਈ। ਇਸ ਮੌਕੇ ਸ਼੍ਰੋਮਣੀ ਅਕਾਲੀ ਦਲ (ਅ) ਦੇ ਆਗੂ ਕੁਲਦੀਪ ਸਿੰਘ, ਮਹਿੰਦਰਪਾਲ ਸਿੰਘ ਤੇ ਰਣਜੀਤ ਸਿੰਘ ਸੰਤੋਖਗੜ੍ਹ ਵੀ ਪਹੁੰਚੇ ਹੋਏ ਸਨ।

# ਈਡੀ ਨੇ ਲਾਰੈਂਸ ਬਿਸ਼ਨੋਈ ਗਰੋਹ ਖ਼ਿਲਾਫ਼ ਕਾਲੇ ਧਨ ਨੂੰ ਸਫ਼ੈਦ ਕਰਨ ਦੇ ਮਾਮਲੇ 'ਚ ਹਰਿਆਣਾ ਤੇ ਰਾਜਸਥਾਨ 'ਚ ਛਾਪੇ ਮਾਰੇ



ਨਵੀਂ ਦਿੱਲੀ : ਐਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਨੇ ਗੈਂਗਸਟਰ ਲਾਰੈਂਸ ਬਿਸ਼ਨੋਈ ਗੈਂਗ ਖ਼ਿਲਾਫ਼ ਮਨੀ ਲਾਂਡਰਿੰਗ ਜਾਂਚ ਦੇ ਸਿਲਸਿਲੇ 'ਚ ਹਰਿਆਣਾ ਅਤੇ ਰਾਜਸਥਾਨ 'ਚ ਕਈ ਥਾਵਾਂ 'ਤੇ ਛਾਪੇਮਾਰੀ ਕੀਤੀ। ਕੇਂਦਰੀ ਜਾਂਚ ਏਜੰਸੀ ਮਨੀ ਲਾਂਡਰਿੰਗ ਰੋਕੂ ਕਾਨੂੰਨ ਦੀਆਂ ਧਾਰਾਵਾਂ ਤਹਿਤ ਜਾਂਚ ਦੇ ਹਿੱਸੇ ਵਜੋਂ ਦੋ ਰਾਜਾਂ ਵਿੱਚ 12 ਥਾਵਾਂ 'ਤੇ ਤਲਾਸ਼ੀ ਲੈ ਰਹੀ ਹੈ। ਪੰਜਾਬ ਦੇ ਫਾਜ਼ਿਲਕਾ ਦਾ ਰਹਿਣ ਵਾਲਾ ਬਿਸ਼ਨੋਈ 2014 ਤੋਂ ਜੇਲ੍ਹ ਵਿੱਚ ਬੰਦ ਹੈ।

# ਪ੍ਰਕਾਸ਼ ਪੁਰਬ: ਪਾਕਿਸਤਾਨ ਗਿਆ ਭਾਰਤੀ ਸਿੱਖ ਸ਼ਰਧਾਲੂਆਂ ਦਾ ਜਥਾ ਵਤਨ ਪਰਤਿਆ



ਅਟਾਰੀ : ਪਾਕਿਸਤਾਨ ਸਥਿਤ ਗੁਰਦੁਆਰਾ ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ ਵਿੱਚ ਗੁਰੂ ਨਾਨਕ ਦੇਵ ਦਾ 554ਵਾਂ ਪ੍ਰਕਾਸ਼ ਪੁਰਬ ਮਨਾਉਣ ਮਗਰੋਂ ਅੱਜ ਭਾਰਤੀ ਸਿੱਖ ਸ਼ਰਧਾਲੂਆਂ ਦਾ ਜਥਾ ਵਾਹਗਾ-ਅਟਾਰੀ ਸਰਹੱਦ ਰਸਤੇ ਵਤਨ ਪਰਤ ਆਇਆ ਹੈ।

ਜਥੇ ਦੀ ਵਤਨ ਵਾਪਸੀ ਮਗਰੋਂ ਅਟਾਰੀ ਸਰਹੱਦ 'ਤੇ ਗੱਲਬਾਤ ਕਰਦਿਆਂ ਸੁੱਚਾ ਸਿੰਘ ਭਾਈ ਮਰਦਾਨਾ ਯਾਦਗਾਰੀ ਕੀਰਤਨ ਦਰਬਾਰ ਸੁਸਾਇਟੀ ਨੇ ਦੱਸਿਆ ਕਿ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਵਿਖੇ ਗੁਰੂ ਨਾਨਕ ਦੇਵ ਦਾ ਪ੍ਰਕਾਸ਼ ਪੁਰਬ ਸਿੱਖ ਸੰਗਤ ਨੇ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ। ਉਨ੍ਹਾਂ ਕਿਹਾ ਕਿ ਗੁਰੂ ਨਾਨਕ ਦੇਵ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਮੁੱਖ ਸਮਾਗਮ ਗੁਰਦੁਆਰਾ ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ ਵਿੱਚ ਹੋਇਆ। ਉਨ੍ਹਾਂ ਦੱਸਿਆ ਕਿ ਇਸ ਮੌਕੇ ਭਾਰਤ, ਪਾਕਿਸਤਾਨ, ਬਰਤਾਨੀਆ, ਕੈਨੇਡਾ, ਅਮਰੀਕਾ, ਆਸਟਰੇਲੀਆ, ਪਾਕਿਸਤਾਨ ਦੇ ਸੂਬਾ ਸਿੰਧ, ਬਲੋਚਿਸਤਾਨ, ਪਿਸ਼ਾਵਰ ਆਦਿ ਤੋਂ ਵੱਡੀ ਗਿਣਤੀ ਸਿੱਖ ਸ਼ਰਧਾਲੂਆਂ ਨੇ ਸ਼ਮੂਲੀਅਤ ਕੀਤੀ। ਉਨ੍ਹਾਂ ਦੱਸਿਆ ਕਿ ਗੁਰਧਾਮਾਂ ਦੀ ਯਾਤਰਾ ਦੌਰਾਨ ਭਾਰਤੀ ਸਿੱਖ ਸ਼ਰਧਾਲੂਆਂ ਨੇ ਨਨਕਾਣਾ ਸਾਹਿਬ ਸਥਿਤ ਸਥਾਨਕ ਗੁਰਦੁਆਰਿਆਂ ਦੇ ਦਰਸ਼ਨਾਂ ਤੋਂ ਇਲਾਵਾ ਗੁਰਦੁਆਰਾ ਸੱਚਾ ਸੌਦਾ, ਗੁਰਦੁਆਰਾ ਪੰਜਾ ਸਾਹਿਬ (ਹਸਨ ਅਬਦਾਲ), ਗੁਰਦੁਆਰਾ ਡੇਹਰਾ ਸਾਹਿਬ ਲਾਹੌਰ (ਸਮੇਤ ਸਥਾਨਕ ਗੁਰਦੁਆਰੇ), ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ, ਗੁਰਦੁਆਰਾ ਰੋੜੀ ਸਾਹਿਬ (ਐਮਨਾਬਾਦ) ਦੇ ਦਰਸ਼ਨ ਵੀ ਕੀਤੇ।

ਸ਼ਰਧਾਲੂ ਲਖਬੀਰ ਸਿੰਘ ਨੇ ਦੱਸਿਆ ਕਿ ਗੁਰਧਾਮਾਂ ਦੀ ਯਾਤਰਾ ਦੌਰਾਨ ਪਾਕਿਸਤਾਨ ਸਰਕਾਰ ਵੱਲੋਂ ਸਿੱਖ ਸ਼ਰਧਾਲੂਆਂ ਲਈ ਸਖ਼ਤ ਸੁਰੱਖਿਆ ਪ੍ਰਬੰਧ ਕੀਤੇ ਹੋਏ ਸਨ। ਉਨ੍ਹਾਂ ਕਿਹਾ ਕਿ ਗੁਰਧਾਮਾਂ ਦੀ ਯਾਤਰਾ ਦੌਰਾਨ ਸਿੱਖ ਜਥੇ 'ਚ ਸ਼ਾਮਲ ਸ਼ਰਧਾਲੂਆਂ ਦਾ ਨਿੱਘਾ ਸਵਾਗਤ ਕੀਤਾ ਗਿਆ।

# ਅਣਖ ਖਾਤਰ ਲੜਕੀ ਅਤੇ ਪੁਲਿਸ ਮੁਲਾਜ਼ਮ ਜਵਾਈ ਦਾ ਕਤਲ

## *ਚਾਰ ਸਾਲ ਪਹਿਲਾਂ ਦੋਹਾਂ ਨੇ ਕੀਤਾ ਸੀ ਪ੍ਰੇਮ ਵਿਆਹ; ਲੜਕੀ ਦੇ ਭਰਾ, ਚਾਚੇ ਤੇ ਚਚੇਰੇ ਭਰਾ ਖ਼ਿਲਾਫ਼ ਕੇਸ ਦਰਜ*



ਭੁੱਚੋ ਮੰਡੀ : ਜ਼ਿਲ੍ਹਾ ਬਠਿੰਡਾ ਦੀ ਭੁੱਚੋ ਮੰਡੀ ਨੇੜਲੇ ਪਿੰਡ ਦਸਮੇਸ਼ ਨਗਰ (ਤੁੰਗਵਾਲੀ) ਵਿੱਚ ਇੱਕ ਲੜਕੀ ਵੱਲੋਂ ਪ੍ਰੇਮ ਵਿਆਹ ਕਰਵਾਏ ਜਾਣ ਤੋਂ ਨਾਰਾਜ਼ ਚੱਲ ਰਹੇ ਉਸ ਦੇ ਪਰਿਵਾਰਕ ਮੈਂਬਰਾਂ ਨੇ ਬੀਤੀ ਰਾਤ ਲੜਕੀ ਅਤੇ ਉਸ ਦੇ ਪਤੀ ਦਾ ਕਥਿਤ ਤੌਰ 'ਤੇ ਕੁਹਾੜੇ ਨਾਲ ਕਤਲ ਕਰ ਦਿੱਤਾ। ਮ੍ਰਿਤਕਾਂ ਦੀ ਪਛਾਣ ਜਗਮੀਤ ਸਿੰਘ ਅਤੇ ਬੇਅੰਤ ਕੌਰ ਵਜੋਂ ਹੋਈ ਹੈ ਜਿਨ੍ਹਾਂ ਨੇ ਚਾਰ ਸਾਲ ਪਹਿਲਾਂ ਪ੍ਰੇਮ ਵਿਆਹ ਕਰਵਾਇਆ ਸੀ। ਜਗਮੀਤ ਪੁਲੀਸ ਵਿਭਾਗ ਵਿੱਚ ਹੌਲਦਾਰ ਤੇ ਬੇਅੰਤ ਬਠਿੰਡਾ ਦੇ ਮੁਹੱਲਾ ਕਲੀਨਿਕ ਵਿੱਚ ਸਿਹਤ ਮੁਲਾਜ਼ਮ ਵਜੋਂ ਤਾਇਨਾਤ ਸੀ। ਭੁੱਚੋ ਪੁਲੀਸ ਨੇ ਲੜਕੀ ਦੇ ਭਰਾ ਬਲਕਰਨ ਸਿੰਘ, ਚਾਚੇ ਹੰਸਾ ਸਿੰਘ ਅਤੇ ਚਚੇਰੇ ਭਰਾ ਕ੍ਰਿਪਾਲ ਸਿੰਘ ਖ਼ਿਲਾਫ਼ ਕੇਸ ਦਰਜ ਕਰਕੇ ਬਲਕਰਨ ਤੇ ਕ੍ਰਿਪਾਲ ਨੂੰ ਗ੍ਰਿਫਤਾਰ ਕਰ ਲਿਆ ਹੈ। ਚੌਕੀ ਇੰਚਾਰਜ ਹਰਬੰਸ ਸਿੰਘ ਨੇ ਦੱਸਿਆ ਕਿ ਮ੍ਰਿਤਕ ਦੇ ਭਰਾ ਸੰਦੀਪ ਸਿੰਘ ਪੁੱਤਰ ਕੇਵਲ ਸਿੰਘ ਵਾਸੀ ਤੁੰਗਵਾਲੀ ਹਾਲ ਆਬਾਦ ਆਦਰਸ਼ ਨਗਰ ਬਠਿੰਡਾ ਨੇ ਬਿਆਨ ਕਰਜ ਕਰਵਾਏ ਹਨ ਕਿ ਲਗਪਗ ਚਾਰ ਸਾਲ ਪਹਿਲਾਂ ਉਸ ਦੇ ਵੱਡੇ ਭਰਾ ਜਗਮੀਤ ਸਿੰਘ ਨੇ ਬੇਅੰਤ ਕੌਰ ਉਰਫ ਮਨੀ ਪੁੱਤਰੀ ਗੁਰਜੰਟ ਸਿੰਘ ਵਾਸੀ ਦਸਮੇਸ਼ ਨਗਰ (ਤੁੰਗਵਾਲੀ) ਨਾਲ ਅਦਾਲਤੀ ਵਿਆਹ ਕਰਵਾਇਆ ਸੀ। ਉਸ ਦਿਨ ਤੋਂ ਹੀ ਬੇਅੰਤ ਕੌਰ ਆਪਣੇ ਪਿਤਾ ਦੇ ਘਰ ਰਹਿ ਰਹੀ ਸੀ। ਸੰਦੀਪ ਸਿੰਘ ਬੀਤੀ ਸ਼ਾਮ ਜਗਮੀਤ ਅਤੇ ਪਿਤਾ ਕੇਵਲ ਸਿੰਘ ਨਾਲ ਦਸਮੇਸ਼ ਨਗਰ ਤੁੰਗਵਾਲੀ ਸਥਿਤ ਆਪਣੇ ਘਰ ਆਇਆ ਹੋਇਆ ਸੀ। ਦੇਰ ਸ਼ਾਮ ਜਦੋਂ ਜਗਮੀਤ ਸਿੰਘ ਕਾਰ 'ਤੇ ਬੇਅੰਤ ਦੇ ਘਰ ਵੱਲ ਗਿਆ ਤਾਂ ਇਸ ਬਾਰੇ ਪਤਾ ਲੱਗਣ 'ਤੇ ਬੇਅੰਤ ਦੇ ਭਰਾ ਬਲਕਰਨ ਸਿੰਘ, ਚਾਚਾ ਹੰਸਾ ਸਿੰਘ ਤੇ ਉਸ ਦੇ ਪੁੱਤਰ ਕ੍ਰਿਪਾਲ ਸਿੰਘ ਵਾਸੀ ਤੁੰਗਵਾਲੀ ਨੇ ਤੇਜ਼ਧਾਰ ਹਥਿਆਰਾਂ ਨਾਲ ਉਸ ਦੇ ਭਰਾ 'ਤੇ ਹਮਲਾ ਕਰ ਦਿੱਤਾ। ਬੇਅੰਤ ਕੌਰ ਜਦੋਂ ਆਪਣੇ ਪਤੀ ਨੂੰ ਬਚਾਉਣ ਲਈ ਅੱਗੇ ਆਈ ਤਾਂ ਉਨ੍ਹਾਂ ਉਸ 'ਤੇ ਵੀ ਹਮਲਾ ਕਰ ਦਿੱਤਾ, ਜਿਸ ਕਾਰਨ ਦੋਹਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ।

ਪੋਸਟਮਾਰਟਮ ਤੋਂ ਬਾਅਦ ਲਾਸ਼ਾਂ ਵਾਰਿਸਾਂ ਨੂੰ ਸੌਂਪ ਦਿੱਤੀਆਂ ਗਈਆਂ ਹਨ। ਜ਼ਿਕਰਯੋਗ ਹੈ ਕਿ ਤਿੰਨ ਸਾਲ ਪਹਿਲਾਂ ਜਗਮੀਤ ਸਿੰਘ ਪਰਿਵਾਰ ਸਮੇਤ ਪਿੰਡ ਵਾਲੀ ਕੋਠੀ ਛੱਡ ਕੇ ਬਠਿੰਡਾ ਰਹਿਣ ਲੱਗ ਪਿਆ ਸੀ। ਲੜਕੀ ਦੇ ਪਰਿਵਾਰ ਵੱਲੋਂ ਵਿਆਹ ਨੂੰ ਸਹਿਮਤੀ ਨਾ ਮਿਲਣ ਕਾਰਨ ਉਸ ਦੇ ਵਿਆਹ ਦਾ ਇਹ ਮਾਮਲਾ ਲਟਕਿਆ ਹੋਇਆ ਸੀ।

# ਨਹੀਂ ਬਦਲੀ ਹਵਾ: ਪੰਜਾਬ 'ਚ ਮੁੜ ਆਈ ਪਾਸਪੋਰਟਾਂ ਦੀ ਹਨੇਰੀ..!



ਚੰਡੀਗੜ੍ਹ : ਪਾਸਪੋਰਟ ਬਣਾਉਣ ਵਿੱਚ ਪੰਜਾਬ ਮੁੜ ਸਿਖਰ ਵੱਲ ਵਧਣ ਲੱਗਾ ਹੈ। ਕਰੋਨਾ ਮਹਾਮਾਰੀ ਕਾਰਨ ਪਾਸਪੋਰਟਾਂ ਦੀ ਆਈ ਹਨੇਰੀ ਨੂੰ ਕੁਝ ਸਮਾਂ ਠੱਲ੍ਹ ਪਈ ਸੀ ਪਰ ਇਹ ਰਫ਼ਤਾਰ ਮੁੜ ਤੇਜ਼ੀ ਫੜਨ ਲੱਗ ਪਈ ਹੈ। ਬੇਸ਼ੱਕ 'ਆਪ' ਸਰਕਾਰ ਨੇ 'ਵਤਨ ਵਾਪਸੀ' ਦੇ ਏਜੰਡੇ 'ਤੇ ਕੰਮ ਸ਼ੁਰੂ ਕੀਤਾ ਹੈ, ਪਰ ਪੰਜਾਬੀ ਪਾਸਪੋਰਟ ਬਣਾਉਣ ਵਿੱਚ ਕੋਈ ਢਿੱਲ ਨਹੀਂ ਦਿਖਾ ਰਹੇ ਹਨ। ਪਾਸਪੋਰਟਾਂ ਦੇ ਰੁਝਾਨ 'ਤੇ ਨਜ਼ਰ ਮਾਰੀਏ ਤਾਂ ਸਟੱਡੀ ਵੀਜ਼ੇ 'ਤੇ ਵਿਦੇਸ਼ ਜਾਣ ਵਾਲੇ ਵਿਦਿਆਰਥੀਆਂ ਨੂੰ ਕੋਈ ਠੱਲ੍ਹ ਪੈਂਦੀ ਨਹੀਂ ਦਿਖ ਰਹੀ ਹੈ। ਭਾਰਤੀ ਵਿਦੇਸ਼ ਮੰਤਰਾਲੇ ਦੇ ਤਾਜ਼ਾ ਅੰਕੜੇ ਹਨ ਕਿ ਸਾਲ 2023 ਦੇ ਨਵੰਬਰ ਮਹੀਨੇ ਤੱਕ ਪੰਜਾਬ ਵਿੱਚ 9.79 ਲੱਖ ਪਾਸਪੋਰਟ ਬਣੇ ਹਨ ਅਤੇ ਇਸ ਅੰਕੜੇ ਨਾਲ ਪੰਜਾਬ ਪੂਰੇ ਦੇਸ਼ 'ਚੋਂ ਚੌਥੇ ਨੰਬਰ 'ਤੇ ਆ ਗਿਆ ਹੈ। ਖੇਤਰੀ ਪਾਸਪੋਰਟ ਦਫ਼ਤਰਾਂ ਤੋਂ ਇਲਾਵਾ ਸੂਬੇ ਵਿੱਚ 14 ਪਾਸਪੋਰਟ ਸੇਵਾ ਕੇਂਦਰ ਵੀ ਕੰਮ ਕਰ ਰਹੇ ਹਨ, ਜਿਨ੍ਹਾਂ ਨੂੰ ਸਾਹ ਨਹੀਂ ਆ ਰਿਹਾ ਹੈ। ਬੀਤੇ ਇੱਕ ਦਹਾਕੇ ਦੌਰਾਨ ਸਾਲ 2018 ਇਕਲੌਤਾ ਵਰ੍ਹਾ ਸੀ, ਜਦੋਂ ਇੱਕੋ ਸਾਲ 'ਚ ਪੰਜਾਬ ਵਿੱਚ ਰਿਕਾਰਡ 10.69 ਲੱਖ ਪਾਸਪੋਰਟ ਬਣੇ ਸਨ।

ਵੇਰਵਿਆਂ ਅਨੁਸਾਰ ਸਾਲ 2020 ਵਿੱਚ ਇਹ ਅੰਕੜਾ ਘੱਟ ਕੇ 4.82 ਲੱਖ ਪਾਸਪੋਰਟਾਂ ਦਾ ਰਹਿ ਗਿਆ ਸੀ। ਪੰਜਾਬ ਵਿੱਚ ਸਾਲ 2021 ਵਿੱਚ 6.44 ਲੱਖ ਪਾਸਪੋਰਟ ਬਣੇ ਅਤੇ 2022 ਵਿੱਚ ਇਹ ਅੰਕੜਾ ਵਧ ਕੇ 9.35 ਲੱਖ ਪਾਸਪੋਰਟਾਂ ਦਾ ਹੋ ਗਿਆ। ਚਾਲੂ ਵਰ੍ਹੇ ਦੇ ਨਵੰਬਰ ਮਹੀਨੇ ਤੱਕ 9.79 ਲੱਖ ਪਾਸਪੋਰਟ ਬਣ ਚੁੱਕੇ ਹਨ। ਦਸੰਬਰ ਮਹੀਨੇ ਤੱਕ ਇਹ ਅੰਕੜਾ 10ਲੱਖ ਨੂੰ ਛੂਹ ਸਕਦਾ ਹੈ। 'ਆਪ' ਸਰਕਾਰ ਵੱਲੋਂ ਸੂਬੇ ਵਿੱਚ ਪੱਕੀਆਂ ਸਰਕਾਰੀ ਨੌਕਰੀਆਂ ਦਿੱਤੀਆਂ ਜਾ ਰਹੀਆਂ ਹਨ ਤੇ ਸਰਕਾਰ ਦਾ ਦਾਅਵਾ ਹੈ ਕਿ ਸੂਬੇ ਵਿੱਚ ਰੁਜ਼ਗਾਰ ਮਿਲਣ ਕਰ ਕੇ ਵਿਦੇਸ਼ ਜਾਣ ਦੇ ਰੁਝਾਨ ਨੂੰ ਠੱਲ੍ਹ ਪਵੇਗੀ। ਦੂਜੇ ਪਾਸੇ ਨਵੇਂ ਬਣ ਰਹੇ ਪਾਸਪੋਰਟ ਸਟੱਡੀ ਵੀਜ਼ੇ ਨੂੰ ਮੋੜਾ ਨਾ ਪੈਣ ਦੀ ਗਵਾਹੀ ਭਰ ਰਹੇ ਹਨ। ਸਮੁੱਚੇ ਦੇਸ਼ 'ਚੋਂ ਇਸ ਵੇਲੇ 13 ਲੱਖ ਵਿਦਿਆਰਥੀ ਵਿਦੇਸ਼ੀ ਧਰਤੀ 'ਤੇ ਸਿੱਖਿਆ ਹਾਸਲ ਕਰ ਰਹੇ ਹਨ।

ਗੁਆਂਢੀ ਸੂਬੇ ਹਰਿਆਣਾ ਵਿੱਚ ਚਾਲੂ ਵਰ੍ਹੇ ਦੇ ਨਵੰਬਰ ਮਹੀਨੇ ਤੱਕ 4.79 ਲੱਖ ਪਾਸਪੋਰਟ ਹੀ ਬਣੇ ਹਨ ਅਤੇ ਰਾਜਸਥਾਨ 'ਚ ਇਸ ਸਮੇਂ ਦੌਰਾਨ 3.84 ਲੱਖ ਪਾਸਪੋਰਟ ਬਣੇ ਹਨ। ਇਸੇ ਤਰ੍ਹਾਂ ਗੁਜਰਾਤ ਵਿੱਚ 8.19 ਲੱਖ ਤੇ ਹਿਮਾਚਲ ਪ੍ਰਦੇਸ਼ ਵਿੱਚ 57,153 ਪਾਸਪੋਰਟ ਬਣੇ ਹਨ। ਦੇਸ਼ ਭਰ 'ਚੋਂ ਇਸ ਵਰ੍ਹੇ ਪਾਸਪੋਰਟ ਬਣਾਉਣ ਵਿੱਚ ਕੇਰਲਾ ਦੀ ਝੰਡੀ ਰਹੀ ਹੈ, ਜਿੱਥੇ 11 ਮਹੀਨਿਆਂ ਵਿੱਚ 12.85 ਲੱਖ ਪਾਸਪੋਰਟ ਬਣੇ ਹਨ ਜਦਕਿ 12.57 ਲੱਖ ਪਾਸਪੋਰਟਾਂ ਨਾਲ ਮਹਾਰਾਸ਼ਟਰ ਦੂਸਰੇ ਨੰਬਰ 'ਤੇ ਅਤੇ ਉੱਤਰ ਪ੍ਰਦੇਸ਼ 11.49 ਲੱਖ ਪਾਸਪੋਰਟਾਂ ਨਾਲ ਤੀਜੇ ਨੰਬਰ 'ਤੇ ਹੈ। ਪੰਜਾਬ ਇਸ ਸੂਚੀ ਵਿੱਚ 9.79 ਲੱਖ ਪਾਸਪੋਰਟਾਂ ਨਾਲ ਚੌਥੇ ਨੰਬਰ 'ਤੇ ਹੈ।

## ਪੰਜਾਬ 'ਚ ਨੌਂ ਸਾਲਾਂ 'ਚ 79.05 ਲੱਖ ਪਾਸਪੋਰਟ ਬਣੇ

ਪੰਜਾਬ ਵਿੱਚ ਸਾਲ 2014 ਤੋਂ ਨਵੰਬਰ 2023 ਤੱਕ ਕੁੱਲ 79.05 ਲੱਖ ਪਾਸਪੋਰਟ ਬਣ ਚੁੱਕੇ ਹਨ। ਪੰਜਾਬ ਵਿੱਚ ਇਸ ਵੇਲੇ ਅੰਦਾਜ਼ਨ 55 ਲੱਖ ਘਰ ਹਨ ਜਦਕਿ ਪਾਸਪੋਰਟਾਂ ਦੀ ਔਸਤ ਦੇਖੀਏ ਤਾਂ ਹਰੇਕ ਘਰ ਵਿੱਚ ਇੱਕ ਤੋਂ ਜ਼ਿਆਦਾ ਪਾਸਪੋਰਟ ਹਨ। ਭਾਰਤੀ ਵਿਦੇਸ਼ ਮੰਤਰਾਲੇ ਨੂੰ ਨਵੇਂ ਪਾਸਪੋਰਟਾਂ ਨਾਲ ਪੰਜਾਬ ਤੋਂ ਕਾਫ਼ੀ ਕਮਾਈ ਹੋ ਰਹੀ ਹੈ। ਸਾਲ 2017 ਤੋਂ ਪੰਜਾਬ ਵਿੱਚ ਸਟੱਡੀ ਵੀਜ਼ੇ ਦੇ ਰੁਝਾਨ ਨੇ ਜ਼ੋਰ ਫੜਨਾ ਸ਼ੁਰੂ ਕੀਤਾ ਸੀ। ਹੁਣ ਜਦੋਂ ਪਹਿਲੋਂ ਪਹਿਲ ਗਏ ਵਿਦਿਆਰਥੀ ਦੂਸਰੇ ਮੁਲਕਾਂ ਵਿੱਚ ਨੌਕਰੀ ਕਰਨ ਲੱਗ ਪਏ ਹਨ ਤਾਂ ਹੁਣ ਉਨ੍ਹਾਂ ਦੇ ਮਾਪੇ ਵੀ ਪਿੱਛੇ-ਪਿੱਛੇ ਵਿਦੇਸ਼ ਜਾਣ ਲੱਗੇ ਹਨ।

# ਬੰਦੀ ਸਿੰਘਾਂ ਦੇ ਮੁੱਦੇ 'ਤੇ ਸ਼੍ਰੋਮਣੀ ਕਮੇਟੀ ਤੇ ਦਿੱਲੀ ਕਮੇਟੀ ਵੱਖੋ-ਵੱਖਰੇ ਰਾਹ ਤੁਰੀਆਂ



ਨਵੀਂ ਦਿੱਲੀ : ਬੰਦੀ ਸਿੰਘਾਂ ਦੀ ਰਿਹਾਈ ਦੇ ਮਾਮਲੇ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਖੋ ਵੱਖਰੇ ਰਾਹਾਂ 'ਤੇ ਤੁਰ ਪਈਆਂ ਹਨ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਅਤੇ ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ ਨੇ ਕਿਹਾ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਬੰਦੀ ਸਿੰਘਾਂ ਦੇ ਮਾਮਲੇ ਵਿੱਚ ਸੱਦੀ ਮੀਟਿੰਗ ਵਿੱਚ ਦਿੱਲੀ ਗੁਰਦੁਆਰਾ ਕਮੇਟੀ ਨੂੰ ਕੋਈ ਸੱਦਾ ਨਹੀਂ ਭੇਜਿਆ ਸਗੋਂ ਦਿੱਲੀ ਦੀ ਸੰਗਤ ਵੱਲੋਂ ਠੁਕਰਾਏ ਲੋਕਾਂ ਨੂੰ ਕਮੇਟੀ ਵਿੱਚ ਸ਼ਾਮਲ ਕੀਤਾ। ਉਨ੍ਹਾਂ ਨਾਲ ਹੀ ਐਲਾਨ ਕੀਤਾ ਕਿ ਦਿੱਲੀ ਗੁਰਦੁਆਰਾ ਕਮੇਟੀ ਬੰਦੀ ਸਿੰਘਾਂ ਦੇ ਮਾਮਲੇ ਸਬੰਧੀ ਭਵਿੱਖ ਵਿੱਚ ਸ਼੍ਰੋਮਣੀ ਕਮੇਟੀ ਨਾਲ ਰਲ ਕੇ ਕੰਮ ਨਹੀਂ ਕਰੇਗੀ। ਇਥੇ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕਾਲਕਾ ਤੇ ਕਾਹਲੋਂ ਨੇ ਦੱਸਿਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਸ ਮਾਮਲੇ ਵਿੱਚ ਜੋ ਮੀਟਿੰਗ ਸੱਦੀ ਸੀ, ਉਸ ਵਿੱਚ ਸ਼ਾਮਲ ਹੋਣ ਵਾਲਿਆਂ ਨੂੰ ਸੱਦਾ ਪੱਤਰ ਦੇਣ ਵੇਲੇ ਤਾਂ ਦਿੱਲੀ ਗੁਰਦੁਆਰਾ ਕਮੇਟੀ ਦਾ ਨਾਂ ਐਲਾਨਿਆ ਗਿਆ ਸੀ ਪਰ ਕਮੇਟੀ ਨੂੰ ਕੋਈ ਸੱਦਾ ਪੱਤਰ ਨਹੀਂ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਦਿੱਲੀ ਦੀ ਸੰਗਤ ਵੱਲੋਂ ਠੁਕਰਾਏ ਪਰਮਜੀਤ ਸਿੰਘ ਸਰਨਾ ਤੇ ਉਨ੍ਹਾਂ ਦੇ ਨਵੇਂ ਬਣੇ ਸਾਥੀ ਮਨਜੀਤ ਸਿੰਘ ਜੀਕੇ ਨੂੰ ਸੱਦਾ ਦਿੱਤਾ ਗਿਆ ਅਤੇ ਉਹ ਮੀਟਿੰਗ ਵਿੱਚ ਸ਼ਾਮਲ ਵੀ ਹੋਏ। ਉਨ੍ਹਾਂ ਦੱਸਿਆ ਕਿ ਮੀਟਿੰਗ ਵਿਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਐਲਾਨ ਕੀਤਾ ਕਿ ਪਹਿਲਾਂ ਬਣਾਈ 11 ਮੈਂਬਰੀ ਕਮੇਟੀ ਵਿੱਚੋਂ ਤਿੰਨ ਵਿਅਕਤੀ (ਸਾਡੇ ਨਾਂ ਬੋਲ ਕੇ) ਬਾਹਰ ਹੋ ਗਏ ਹਨ ਤੇ ਹੁਣ ਸਿਰਫ 8 ਮੈਂਬਰੀ ਕਮੇਟੀ ਕੰਮ ਕਰੇਗੀ। ਉਨ੍ਹਾਂ ਕਿਹਾ ਕਿ ਸਾਨੂੰ ਖੁਸ਼ੀ ਹੈ ਕਿ ਸ੍ਰੀ ਧਾਮੀ ਨੇ ਸਾਨੂੰ ਸੁਰਖਰੂ ਕਰ ਦਿੱਤਾ ਹੈ।

ਉਨ੍ਹਾਂ ਕਿਹਾ ਕਿ ਸਾਨੂੰ ਹੁਣ ਉਨ੍ਹਾਂ ਨਾਲ ਰਲ ਕੇ ਕੰਮ ਨਹੀਂ ਕਰਨਾ ਪਵੇਗਾ, ਜਿਨ੍ਹਾਂ ਦੀ ਸਰਕਾਰ ਸਮੇਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਡਿਪਟੀ ਮੁੱਖ ਮੰਤਰੀ ਸੁਖਬੀਰ ਬਾਦਲ ਦੇ ਹੁੰਦਿਆਂ ਬੇਅਦਬੀਆਂ ਹੋਈਆਂ। ਇਨ੍ਹਾਂ ਨੇ ਕਦੇ ਵੀ ਬੰਦੀ ਸਿੰਘਾਂ ਦਾ ਮੁੱਦਾ ਸਰਕਾਰਾਂ ਕੋਲ ਨਹੀਂ ਚੁੱਕਿਆ। ਉਨ੍ਹਾਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਦਿੱਲੀ ਗੁਰਦੁਆਰਾ ਕਮੇਟੀ ਦੀ ਜ਼ਿੰਮੇਵਾਰੀ ਬੰਦੀ ਸਿੰਘਾਂ ਦੇ ਮਾਮਲੇ 'ਤੇ ਜਿਸ ਦਿਨ ਲਗਾਈ ਸੀ, ਅਸੀਂ ਉਸੇ ਦਿਨ ਗ੍ਰਹਿ ਮੰਤਰੀ ਅਤੇ ਰਾਸ਼ਟਰਪਤੀ ਨੂੰ ਮਿਲਣ ਲਈ ਸਮਾਂ ਦੇਣ ਲਈ ਚਿੱਠੀਆਂ ਲਿਖ ਦਿੱਤੀਆਂ ਸਨ ਤੇ ਸਿੰਘ ਸਾਹਿਬ ਨੂੰ ਜਾਣੂ ਵੀ ਕਰਵਾ ਦਿੱਤਾ ਸੀ ਕਿ ਚਾਰ ਰਾਜਾਂ ਦੀਆਂ ਚੋਣਾਂ ਤੋਂ ਬਾਅਦ ਇਨ੍ਹਾਂ ਨਾਲ ਮੁਲਾਕਾਤ ਹੋਵੇਗੀ। ਉਨ੍ਹਾਂ ਕਿਹਾ ਕਿ ਦਿੱਲੀ ਗੁਰਦੁਆਰਾ ਕਮੇਟੀ ਕੌਮ ਨੂੰ ਸਮਰਪਿਤ ਹੈ ਤੇ ਆਪਣੇ ਪੱਧਰ 'ਤੇ ਬੰਦੀ ਸਿੰਘਾਂ ਦੇ ਮਸਲੇ ਦੇ ਹੱਲ ਲਈ ਕੰਮ ਕਰਦੀ ਰਹੇਗੀ। ਉਨ੍ਹਾਂ ਕਿਹਾ ਕਿ ਅਸੀਂ ਹੁਣ ਇਸ ਮਾਮਲੇ ਵਿੱਚ ਸ਼੍ਰੋਮਣੀ ਕਮੇਟੀ ਦੇ ਨਾਲ ਰਲ ਕੇ ਕਦੇ ਵੀ ਕੰਮ ਨਹੀਂ ਕਰਾਂਗੇ ਪਰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਪ੍ਰਸਤੀ ਹੇਠ ਸਿੱਖ ਕੌਮ ਲਈ ਹਮੇਸ਼ਾ ਡਟੇ ਰਹਾਂਗੇ।

# ਕੋਟਕਪੂਰਾ ਕਾਂਡ: ਸੁਮੇਧ ਸੈਣੀ ਨੇ ਅਦਾਲਤ 'ਚ ਜ਼ਮਾਨਤਨਾਮਾ ਭਰਿਆ



ਫ਼ਰੀਦਕੋਟ : ਪੰਜਾਬ ਦੇ ਸਾਬਕਾ ਡੀਜੀਪੀ ਸੁਮੇਧ ਸੈਣੀ ਨੇ ਅੱਜ ਕੋਟਕਪੂਰਾ ਗੋਲੀ ਕਾਂਡ ਕੇਸ ਵਿੱਚ ਇੱਥੇ ਇਲਾਕਾ ਮੈਜਿਸਟਰੇਟ ਅਜੈ ਪਾਲ ਸਿੰਘ ਦੀ ਅਦਾਲਤ ਵਿੱਚ ਪੇਸ਼ ਹੋ ਕੇ ਜ਼ਮਾਨਤਨਾਮਾ ਭਰਿਆ। ਸਾਬਕਾ ਡੀਜੀਪੀ 'ਤੇ ਕੋਟਕਪੂਰਾ ਗੋਲੀ ਕਾਂਡ ਦੀ ਸਾਜਿਸ਼ ਰਚਣ ਦਾ ਦੋਸ਼ ਹੈ। ਇਸ ਸਬੰਧ ਵਿੱਚ ਇਸੇ ਸਾਲ ਜੁਲਾਈ ਮਹੀਨੇ 'ਚ ਵਿਸ਼ੇਸ਼ ਜਾਂਚ ਟੀਮ ਨੇ ਸੁਮੇਧ ਸੈਣੀ ਸਮੇਤ 7 ਮੁਲਜ਼ਮਾਂ ਖ਼ਿਲਾਫ਼ ਚਲਾਨ ਪੇਸ਼ ਕੀਤਾ ਸੀ ਤੇ ਹੁਣ ਕੇਸ ਦੀ ਸੁਣਵਾਈ ਸੈਸ਼ਨ ਕੋਰਟ ਵਿੱਚ ਸ਼ੁਰੂ ਹੋਣੀ ਹੈ। ਸਾਬਕਾ ਡੀਜੀਪੀ ਨੂੰ ਕੋਟਕਪੂਰਾ ਗੋਲੀ ਕਾਂਡ ਵਿੱਚ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਅਗਾਊਂ ਜ਼ਮਾਨਤ ਦਿੰਦਿਆਂ ਫ਼ਰੀਦਕੋਟ ਅਦਾਲਤ ਵਿੱਚ ਪੇਸ਼ ਹੋ ਕੇ ਜ਼ਮਾਨਤਨਾਮਾ ਭਰਨ ਲਈ ਕਿਹਾ ਸੀ। ਸੁਮੇਧ ਸੈਣੀ ਨੇ ਅਦਾਲਤ ਵਿੱਚ ਇੱਕ ਵੱਖਰੀ ਦਰਖਾਸਤ ਦੇ ਕੇ ਨਿੱਜੀ ਪੇਸ਼ੀ ਤੋਂ ਛੋਟ ਮੰਗਦਿਆਂ ਕਿਹਾ ਕਿ ਕਮਜ਼ੋਰ ਸਿਹਤ ਤੇ ਜ਼ੈੱਡ ਪਲੱਸ ਸੁਰੱਖਿਆ ਹੋਣ ਕਾਰਨ ਉਹ ਹਰ ਪੇਸ਼ੀ 'ਤੇ ਅਦਾਲਤ ਵਿੱਚ ਹਾਜ਼ਰ ਨਹੀ ਹੋ ਸਕਦੇ। ਇਸ ਸਬੰਧੀ ਅਦਾਲਤ ਨੇ ਹਾਲੇ ਫੈਸਲਾ ਨਹੀਂ ਸੁਣਾਇਆ ਹੈ।

# ਮੁੰਬਈ ਹਮਲੇ ਦੇ ਮੁੱਖ ਸਾਜ਼ਿਸ਼ਕਾਰ ਮੀਰ ਨੂੰ ਪਾਕਿ ਜੇਲ੍ਹ 'ਚ ਦਿੱਤਾ ਗਿਆ ਜ਼ਹਿਰ, ਹਾਲਤ ਨਾਜ਼ੁਕ



ਨਵੀਂ ਦਿੱਲੀ : ਮੁੰਬਈ 'ਚ ਹੋਏ 26/11 ਹਮਲੇ ਦੇ ਮੁੱਖ ਸਾਜ਼ਿਸ਼ਕਾਰਾਂ 'ਚੋਂ ਇਕ ਅੱਤਵਾਦੀ ਸੰਗਠਨ ਲਸ਼ਕਰ-ਏ-ਤੋਇਬਾ ਦੇ ਖਤਰਨਾਕ ਅੱਤਵਾਦੀ ਸਾਜਿਦ ਮੀਰ ਨੂੰ ਪਾਕਿਸਤਾਨ ਦੀ ਇਕ ਜੇਲ੍ਹ ਵਿਚ ਜ਼ਹਿਰ ਦੇ ਦਿੱਤਾ ਗਿਆ ਹੈ। ਉਸ ਨੂੰ ਬਹਾਵਲਪੁਰ ਦੇ ਮਿਲਟਰੀ ਹਸਪਤਾਲ ਲਿਆਂਦਾ ਗਿਆ ਹੈ ਜਿੱਥੇ ਉਸ ਦੀ ਹਾਲਤ ਨਾਜ਼ੁਕ ਦੱਸੀ ਜਾਂਦੀ ਹੈ। ਇਸ ਮਾਮਲੇ ਵਿਚ ਜੇਲ ਦੇ ਰਸੋਈਏ ਦੀ ਭਾਲ ਕੀਤੀ ਜਾ ਰਹੀ ਹੈ।

ਸਾਜਿਦ ਮੀਰ ਨੂੰ ਭਾਰਤ ਨੇ ਮੋਸਟ ਵਾਂਟੇਡ ਅੱਤਵਾਦੀ ਐਲਾਨ ਕੀਤਾ ਹੋਇਆ ਹੈ। ਮੁੰਬਈ ਵਿਚ 26/11 ਦੇ ਹਮਲੇ ਦੌਰਾਨ ਉਸਦੀ ਅਹਿਮ ਭੂਮਿਕਾ ਸੀ। ਸ਼ੁਰੂਆਤੀ ਦੌਰ 'ਚ ਪਾਕਿਸਤਾਨ ਨੇ ਸਾਜਿਦ ਮੀਰ ਨੂੰ ਇਕ ਫਰਜ਼ੀ ਵਿਅਕਤੀ ਦੱਸਿਆ ਸੀ ਪਰ ਬਾਅਦ 'ਚ 2020 'ਚ ਉਸ ਨੂੰ ਪਾਕਿਸਤਾਨ ਤੋਂ ਹੀ ਗ੍ਰਿਫ਼ਤਾਰ ਕਰ ਲਿਆ ਗਿਆ ਸੀ। 2022 ਵਿਚ ਪਾਕਿਸਤਾਨ ਦੀ ਇਕ ਅਦਾਲਤ ਨੇ ਉਸ ਨੂੰ ਅੱਤਵਾਦ ਦੇ ਇਕ ਮਾਮਲੇ ਵਿਚ 15 ਸਾਲ ਦੀ ਸਜ਼ਾ ਸੁਣਾਈ ਸੀ। ਉਦੋਂ ਤੋਂ ਉਹ ਲਾਹੌਰ ਜੇਲ੍ਹ ਵਿਚ ਬੰਦ ਸੀ। ਹਾਲ ਹੀ ਵਿਚ ਉਸ ਨੂੰ ਲਾਹੌਰ ਜੇਲ ਤੋਂ ਕੇਂਦਰੀ ਜੇਲ ਡੇਰਾ ਗਾਜ਼ੀ ਖ਼ਾਨ ਵਿਚ ਟਰਾਂਸਫਰ ਕੀਤਾ ਗਿਆ ਸੀ।

ਸੂਤਰਾਂ ਮੁਤਾਬਕ ਸੈਂਟਰਲ ਜੇਲ ਡੇਰਾ ਗਾਜ਼ੀ ਖਾਨ ਦੇ ਅੰਦਰ ਸਾਜਿਦ ਮੀਰ ਬੇਹੋਸ਼ੀ ਦੀ ਹਾਲਤ 'ਚ ਮਿਲਿਆ ਸੀ। ਸ਼ੁਰੂਆਤੀ ਜਾਂਚ 'ਚ ਸਾਹਮਣੇ ਆਇਆ ਹੈ ਕਿ ਉਸ ਦੇ ਖਾਣੇ 'ਚ ਕੋਈ ਜ਼ਹਿਰੀਲਾ ਪਦਾਰਥ ਮਿਲਾ ਦਿੱਤਾ ਗਿਆ ਸੀ। ਖ਼ਬਰ ਮਿਲਦਿਆਂ ਹੀ ਪਾਕਿਸਤਾਨੀ ਖੁਫੀਆ ਏਜੰਸੀ ਆਈ. ਐੱਸ. ਆਈ. ਵਲੋਂ ਹੈਲੀਕਾਪਟਰ ਰਾਹੀਂ ਬਹਾਵਲਪੁਰ ਸਥਿਤ ਮਿਲਟਰੀ ਹਸਪਤਾਲ ਲਿਜਾਇਆ ਗਿਆ। ਇਸ ਮਾਮਲੇ ਵਿਚ ਜੇਲ੍ਹ ਦੇ ਰਸੋਈਏ ਦੀ ਭੂਮਿਕਾ ਸ਼ੱਕੀ ਦੱਸੀ ਜਾ ਰਹੀ ਹੈ, ਜੋ ਘਟਨਾ ਤੋਂ ਬਾਅਦ ਫਿਲਹਾਲ ਲਾਪਤਾ ਹੈ। ਇਹ ਰਸੋਈਆ ਪਿਛਲੇ ਇਕ ਸਾਲ ਤੋਂ ਜੇਲ੍ਹ ਵਿਚ ਕੰਮ ਕਰ ਰਿਹਾ ਸੀ।

# ਸੁਲਤਾਨਪੁਰ ਲੋਧੀ ਘਟਨਾ: ਸੁਖਬੀਰ ਦੀ ਅਗਵਾਈ ਹੇਠ ਵ਼ਫ਼ਦ ਰਾਜਪਾਲ ਨੂੰ ਮਿਲਿਆ



ਚੰਡੀਗੜ੍ਹ : ਸ਼੍ਰੋਮਣੀ ਅਕਾਲੀ ਦਲ ਨੇ ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੂੰ ਮੰਗ ਪੱਤਰ ਸੌਂਪ ਕੇ ਅਪੀਲ ਕੀਤੀ ਕਿ ਸੁਲਤਾਨਪੁਰ ਲੋਧੀ ਵਿੱਚ ਗੁਰਦੁਆਰਾ ਅਕਾਲ ਬੁੰਗਾ ਸਾਹਿਬ 'ਤੇ ਹੋਏ ਬੇਅਦਬੀ ਭਰੇ ਹਥਿਆਰਬੰਦ ਹਮਲੇ ਦੀ ਸੀਬੀਆਈ ਜਾਂਚ ਦੀ ਸਿਫਾਰਸ਼ ਕੀਤੀ ਜਾਵੇ। ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਵਫ਼ਦ ਨੇ ਰਾਜਪਾਲ ਨੂੰ ਦਿੱਤੇ ਮੰਗ ਪੱਤਰ ਵਿੱਚ ਮੁੱਖ ਮੰਤਰੀ ਦੀ ਕਥਿਤ ਸ਼ਹਿ 'ਤੇ ਗੁਰਦੁਆਰੇ 'ਤੇ ਕਬਜ਼ਾ ਕਰਨ ਲਈ ਪੁਲੀਸ ਭੇਜਣ ਤੇ ਗੋਲੀਆਂ ਚਲਾਉਣ ਦੇ ਦੋਸ਼ ਲਾਏ ਹਨ। ਵਫ਼ਦ ਨੇ ਕਿਹਾ ਕਿ ਸਵੇਰੇ 4 ਵਜੇ ਸ਼ਾਂਤ ਬੈਠ ਕੇ ਗੁਰਬਾਣੀ ਦਾ ਜਾਪ ਕਰ ਰਹੀ ਸੰਗਤ 'ਤੇ ਹਥਿਆਰਬੰਦ ਹਮਲਾ ਕੀਤਾ ਗਿਆ। ਉਨ੍ਹਾਂ ਕਿਹਾ ਕਿ ਇਸ ਹਮਲੇ ਨੇ 1984 ਵਿੱਚ ਅੰਮ੍ਰਿਤਸਰ 'ਚ ਸ੍ਰੀ ਦਰਬਾਰ ਸਾਹਿਬ 'ਤੇ ਹੋਏ ਹਮਲੇ ਦੀ ਯਾਦ ਤਾਜ਼ਾ ਕਰਵਾ ਦਿੱਤੀ ਹੈ। ਰਾਜਪਾਲ ਨਾਲ ਮੁਲਾਕਾਤ ਮਗਰੋਂ ਸੁਖਬੀਰ ਸਿੰਘ ਬਾਦਲ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਗੁਰਦੁਆਰਾ ਅਕਾਲ ਬੁੰਗਾ ਤੋਂ ਨਿਹੰਗ ਸਿੰਘਾਂ ਦੇ ਇੱਕ ਧੜੇ ਨੂੰ ਹਟਾ ਕੇ ਦੂਜੇ ਧੜੇ ਦੀ ਅਗਵਾਈ ਕਰਨ ਵਾਲੇ ਆਗੂ ਦਾ ਕਬਜ਼ਾ ਕਰਵਾਉਣ ਲਈ ਕਪੂਰਥਲਾ ਪੁਲੀਸ ਹਥਿਆਰ ਲੈ ਕੇ ਗੁਰਦੁਆਰਾ ਸਾਹਿਬ ਵਿੱਚ ਦਾਖ਼ਲ ਹੋਈ ਤੇ ਫਾਇਰਿੰਗ ਸ਼ੁਰੂ ਕਰ ਦਿੱਤੀ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਸਬੂਤ ਵੀ ਰਾਜਪਾਲ ਨੂੰ ਸੌਂਪੇ ਗਏ ਹਨ। ਵਫ਼ਦ ਨੇ ਕਿਹਾ ਕਿ ਘਟਨਾ ਦੀ ਜਾਂਚ ਵਾਸਤੇ ਵਿਵਾਦਾਂ ਦੇ ਘੇਰੇ ਵਿੱਚ ਆਏ ਪੁਲੀਸ ਅਫ਼ਸਰ ਦੀ ਅਗਵਾਈ ਹੇਠ 'ਸਿਟ' ਗਠਿਤ ਕਰ ਕੇ ਮਾਮਲੇ ਨੂੰ ਹੋਰ ਪੇਚੀਦਾ ਬਣਾ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਅਜਿਹੇ ਹਾਲਾਤ ਵਿੱਚ ਸਿਰਫ ਸੀਬੀਆਈ ਜਾਂਚ ਹੀ ਸਾਰੀ ਸਾਜ਼ਿਸ਼ ਦਾ ਪਰਦਾਫਾਸ਼ ਕਰ ਸਕਦੀ ਹੈ। ਇਸ ਦੇ ਨਾਲ ਹੀ ਇਸ ਮਾਮਲੇ ਵਿੱਚ ਮੁੱਖ ਮੰਤਰੀ ਅਤੇ ਘਟਨਾ ਲਈ ਜ਼ਿੰਮੇਵਾਰ ਪੁਲੀਸ ਅਫ਼ਸਰਾਂ ਖ਼ ?ਲਾਫ਼ ਕਤਲ ਅਤੇ ਧਾਰਮਿਕ ਭਾਵਨਾਵਾਂ ਨੂੰ ਸੱਟ ਮਾਰਨ ਦੇ ਦੋਸ਼ ਹੇਠ ਕੇਸ ਦਰਜ ਹੋਣਾ ਚਾਹੀਦਾ ਹੈ। ਅਕਾਲੀ ਦਲ ਦੇ ਪ੍ਰਧਾਨ ਨੇ ਕਿਹਾ ਕਿ 'ਆਪ' ਸਰਕਾਰ ਨੇ ਨਾ ਸਿਰਫ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਸੱਟ ਮਾਰੀ ਹੈ, ਸਗੋਂ ਪੱਤਰਕਾਰ 'ਤੇ ਹਮਲਾ ਕਰਕੇ ਪ੍ਰੈੱਸ ਦੀ ਆਜ਼ਾਦੀ 'ਤੇ ਵੀ ਹਮਲਾ ਕੀਤਾ ਹੈ। ਉਨ੍ਹਾਂ ਇਸ ਮਾਮਲੇ 'ਤੇ ਚੁੱਪ ਵੱਟਣ ਲਈ ਬਲਜੀਤ ਸਿੰਘ ਦਾਦੂਵਾਲ, ਧਿਆਨ ਸਿੰਘ ਮੰਡ, ਪੰਥਪ੍ਰੀਤ ਸਿੰਘ ਤੇ ਸਿਮਰਨਜੀਤ ਸਿੰਘ ਮਾਨ ਦੀ ਵੀ ਆਲੋਚਨਾ ਕੀਤੀ।

# ਲੋਕ ਸਭਾ 'ਚ ਉਠੀ ਪੰਜਾਬ ਤੇ ਮਹਾਰਾਸ਼ਟਰ ਦੇ ਕਿਸਾਨਾਂ ਦੇ ਕਰਜ਼ ਮੁਆਫ਼ੀ ਦੀ ਮੰਗ



ਨਵੀਂ ਦਿੱਲੀ : ਅੱਜ ਲੋਕ ਸਭਾ 'ਚ ਮਹਾਰਾਸ਼ਟਰ ਅਤੇ ਪੰਜਾਬ ਦੇ ਕਿਸਾਨਾਂ ਦੀ ਕਰਜ਼ਾ ਮੁਆਫ਼ੀ ਦੀ ਮੰਗ ਉਠਾਈ ਗਈ। ਸਦਨ ਵਿੱਚ ਸਿਫ਼ਰ ਕਾਲ ਦੌਰਾਨ ਰਾਸ਼ਟਰਵਾਦੀ ਕਾਂਗਰਸ ਪਾਰਟੀ (ਐੱਨਸੀਪੀ) ਦੀ ਸੁਪ੍ਰਿਆ ਸੂਲੇ ਅਤੇ ਕਾਂਗਰਸ ਦੇ ਜਸਬੀਰ ਸਿੰਘ ਗਿੱਲ ਨੇ ਕ੍ਰਮਵਾਰ ਮਹਾਰਾਸ਼ਟਰ ਅਤੇ ਪੰਜਾਬ ਵਿੱਚ ਕਿਸਾਨਾਂ ਦੀ 'ਤਰਸਯੋਗ ਹਾਲਤ' ਦਾ ਮੁੱਦਾ ਉਠਾਇਆ ਅਤੇ ਕੇਂਦਰ ਤੋਂ ਕਰਜ਼ਾ ਮੁਆਫੀ ਦੀ ਮੰਗ ਕੀਤੀ। ਸੂਲੇ ਨੇ ਕਿਹਾ ਕਿ ਜਲਵਾਯੂ ਪਰਿਵਰਤਨ ਕਾਰਨ ਕੁਝ ਥਾਵਾਂ 'ਤੇ ਘੱਟ ਬਾਰਸ਼ ਹੋਈ ਹੈ, ਕਈ ਥਾਵਾਂ 'ਤੇ ਜ਼ਿਆਦਾ ਬਾਰਿਸ਼ ਹੋਈ ਹੈ, ਕੁਝ ਥਾਵਾਂ 'ਤੇ ਗੜੇਮਾਰੀ ਅਤੇ ਕੁਝ ਥਾਵਾਂ 'ਤੇ ਸੋਕੇ ਕਾਰਨ ਕਿਸਾਨ ਪ੍ਰੇਸ਼ਾਨ ਹਨ। ਕਾਂਗਰਸੀ ਮੈਂਬਰ ਸ੍ਰੀ ਗਿੱਲ ਨੇ ਬੈਂਕਾਂ ਵੱਲੋਂ ਕਿਸਾਨਾਂ ਤੋਂ ਕਰਜ਼ਿਆਂ 'ਤੇ ਭਾਰੀ ਵਿਆਜ ਵਸੂਲਣ ਦਾ ਮੁੱਦਾ ਉਠਾਇਆ। ਕਿਸਾਨਾਂ ਨੂੰ ਟਰੈਕਟਰਾਂ ਜਾਂ ਹੋਰ ਖੇਤੀ ਸੰਦਾਂ ਲਈ ਦਿੱਤੇ ਗਏ ਕਰਜ਼ਿਆਂ 'ਤੇ ਵਿਆਜ ਦਰ ਉਦਯੋਗਪਤੀਆਂ ਲਈ ਵਪਾਰਕ ਕਰਜ਼ਿਆਂ ਜਾਂ ਰਿਹਾਇਸ਼ ਜਾਂ ਵਾਹਨ ਕਰਜ਼ਿਆਂ ਦੀਆਂ ਦਰਾਂ ਦੇ ਮੁਕਾਬਲੇ ਬਹੁਤ ਜ਼ਿਆਦਾ ਹੈ। ਖੇਤੀ ਕਰਜ਼ੇ ਦੀ ਦਰ 15 ਫੀਸਦੀ ਤੱਕ ਅਤੇ ਟਰੈਕਟਰਾਂ ਜਾਂ ਖੇਤੀ ਸੰਦਾਂ 'ਤੇ ਵਿਆਜ ਦਰ 22 ਫੀਸਦੀ ਤੱਕ ਹੈ। ਉਨ੍ਹਾਂ ਕੇਂਦਰ ਤੋਂ ਮੰਗ ਕੀਤੀ ਕਿ ਬੈਂਕਾਂ ਦੀ ਵਿਆਜ ਦਰਾਂ ਦਾ ਪੁਨਰਗਠਨ ਕੀਤਾ ਜਾਵੇ, ਕਿਉਂਕਿ ਕਰਜ਼ਾ ਨਾ ਮੋੜ ਸਕਣ 'ਤੇ ਕਿਸਾਨ ਖ਼ੁਦਕੁਸ਼ੀਆਂ ਕਰ ਲੈਂਦੇ ਹਨ। ਉਨ੍ਹਾਂ ਕੇਂਦਰ ਤੋਂ ਪੰਜਾਬ ਦੇ ਕਿਸਾਨਾਂ ਦਾ ਕਰਜ਼ਾ ਮੁਆਫ਼ ਕਰਨ ਦੀ ਮੰਗ ਵੀ ਕੀਤੀ।

# ਮੈਰੀਟੋਰੀਅਸ ਸਕੂਲ 'ਚ ਖਾਣਾ ਖਾਣ ਮਗਰੋਂ 73 ਵਿਦਿਆਰਥੀ ਬਿਮਾਰ

ਸੰਗਰੂਰ : ਮੈਰੀਟੋਰੀਅਸ ਸਕੂਲ ਘਾਬਦਾਂ 'ਚ ਖ਼ਰਾਬ ਖਾਣਾ ਖਾਣ ਨਾਲ ਕਰੀਬ 73 ਵਿਦਿਆਰਥੀਆਂ ਦੀ ਸਿਹਤ ਵਿਗੜ ਗਈ ਜਿਨ੍ਹਾਂ ਨੂੰ ਸਿਵਲ ਹਸਪਤਾਲ ਅਤੇ ਪੀਜੀਆਈ ਘਾਬਦਾਂ ਦਾਖਲ ਕਰਵਾਇਆ ਗਿਆ ਹੈ। ਇਨ੍ਹਾਂ ਵਿਚੋਂ 18 ਵਿਦਿਆਰਥੀਆਂ ਨੂੰ ਬੀਤੀ ਰਾਤ ਤਬੀਅਤ ਵਿਗੜਨ ਮਗਰੋਂ ਹਸਪਤਾਲ ਦਾਖ਼ਲ ਕਰਵਾਇਆ ਗਿਆ ਸੀ ਜਦਕਿ ਬਾਕੀਆਂ ਨੂੰ ਅੱਜ ਸਵੇਰੇ ਦਾਖ਼ਲ ਕਰਵਾਇਆ ਗਿਆ। ਵਿਦਿਆਰਥੀਆਂ ਨੂੰ ਪੇਟ ਦਰਦ, ਉਲਟੀਆਂ ਅਤੇ ਦਸਤ ਦੀ ਸ਼ਿਕਾਇਤ ਸੀ। ਇਨ੍ਹਾਂ 'ਚੋਂ ਜ਼ਿਆਦਾਤਰ ਵਿਦਿਆਰਥਣਾਂ ਹਨ। ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈਂਦਿਆਂ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਸਥਾਨਕ ਸਿਵਲ ਹਸਪਤਾਲ ਪੁੱਜੇ ਅਤੇ ਬੱਚਿਆਂ ਦਾ ਹਾਲ-ਚਾਲ ਪੁੱਛਿਆ। ਸਰਕਾਰ ਦੇ ਹੁਕਮਾਂ 'ਤੇ ਜ਼ਿਲ੍ਹਾ ਪੁਲੀਸ ਵੱਲੋਂ ਸਕੂਲ 'ਚ ਕੰਟੀਨ ਦੇ ਠੇਕੇਦਾਰ ਨੂੰ ਗ੍ਰਿਫ਼ਤਾਰ ਕਰਨ ਮਗਰੋਂ ਠੇਕੇ ਦਾ ਟੈਂਡਰ ਰੱਦ ਕਰ ਦਿੱਤਾ ਗਿਆ ਹੈ। ਸਕੂਲ ਪ੍ਰਿੰਸੀਪਲ ਨੂੰ ਤੁਰੰਤ ਪ੍ਰਭਾਵ ਨਾਲ ਮੁਅੱਤਲ ਕਰ ਦਿੱਤਾ ਗਿਆ ਹੈ। ਇਸ ਤੋਂ ਇਲਾਵਾ ਸਿਹਤ ਵਿਭਾਗ ਦੀ ਫ਼ੂਡ ਸੇਫ਼ਟੀ ਟੀਮ ਵਲੋਂ ਸਕੂਲ ਦੀ ਕੰਟੀਨ ਵਿਚੋਂ ਖਾਣੇ ਦੇ ਸੈਂਪਲ ਵੀ ਲਏ ਗਏ ਹਨ। ਮਾਮਲੇ ਦੀ ਡੂੰਘਾਈ ਨਾਲ ਜਾਂਚ ਲਈ ਉਪ ਮੰਡਲ ਮੈਜਿਸਟਰੇਟ ਚਰਨਜੋਤ ਸਿੰਘ ਵਾਲੀਆ ਦੀ ਅਗਵਾਈ ਹੇਠ ਚਾਰ ਮੈਂਬਰੀ ਕਮੇਟੀ ਬਣਾ ਦਿੱਤੀ ਗਈ ਹੈ ਜੋ ਇੱਕ ਹਫ਼ਤੇ ਅੰਦਰ ਆਪਣੀ ਰਿਪੋਰਟ ਸੌਂਪੇਗੀ। ਮੈਰੀਟੋਰੀਅਸ ਸਕੂਲ ਘਾਬਦਾਂ ਨੂੰ ਪੰਜ ਦਿਨਾਂ ਲਈ ਬੰਦ ਕਰ ਦਿੱਤਾ ਗਿਆ ਹੈ।

ਵਿਦਿਆਰਥੀਆਂ ਦੇ ਮਾਪਿਆਂ ਦਾ ਕਹਿਣਾ ਹੈ ਕਿ ਦੀਵਾਲੀ ਤੋਂ ਬਾਅਦ ਸਕੂਲ ਵਿੱਚ ਉਨ੍ਹਾਂ ਦੇ ਬੱਚਿਆਂ ਨੂੰ ਖਾਣਾ ਠੀਕ ਨਹੀਂ ਮਿਲ ਰਿਹਾ ਸੀ। ਜ਼ੇਰੇ ਇਲਾਜ ਬੱਚੀਆਂ ਵਲੋਂ ਖਾਣੇ ਵਿੱਚ ਸੁੰਡੀਆਂ ਆਦਿ ਪਾਏ ਜਾਣ ਦੇ ਦੋਸ਼ ਵੀ ਲਾਏ ਗਏ ਹਨ। ਬੱਚੀਆਂ ਦਾ ਕਹਿਣਾ ਹੈ ਕਿ ਉਨ੍ਹਾਂ ਪ੍ਰਿੰਸੀਪਲ ਕੋਲ ਇਸ ਸਬੰਧੀ ਸ਼ਿਕਾਇਤ ਵੀ ਕੀਤੀ ਸੀ। ਬੀਤੀ ਰਾਤ ਖਾਣਾ ਖਾਣ ਤੋਂ ਬਾਅਦ 18 ਵਿਦਿਆਰਥੀਆਂ ਦੀ ਸਿਹਤ ਵਿਗੜ ਗਈ ਜਿਨ੍ਹਾਂ ਨੂੰ ਸਿਵਲ ਹਸਪਤਾਲ ਦਾਖ਼ਲ ਕਰਵਾਇਆ ਗਿਆ ਜਦੋਂ ਕਿ 36 ਵਿਦਿਆਰਥੀਆਂ ਨੂੰ ਅੱਜ ਸਵੇਰੇ ਸਿਵਲ ਹਸਪਤਾਲ ਅਤੇ ਕਰੀਬ 19 ਵਿਦਿਆਰਥੀਆਂ ਨੂੰ ਪੀਜੀਆਈ ਘਾਬਦਾਂ ਦਾਖ਼ਲ ਕਰਵਾਇਆ ਗਿਆ। ਸਕੂਲ ਪ੍ਰਿੰਸੀਪਲ ਡਾ. ਮੁਨੀਸ਼ ਮੋਹਨ ਸ਼ਰਮਾ ਦਾ ਕਹਿਣਾ ਹੈ ਕਿ ਦੋ ਦਿਨ ਪਹਿਲਾਂ ਬੱਚਿਆਂ ਵੱਲੋਂ ਸ਼ਿਕਾਇਤ ਮਿਲੀ ਸੀ ਜਿਸ ਸਬੰਧੀ ਵਿਭਾਗ ਨੂੰ ਸੂਚਨਾ ਦੇ ਦਿੱਤੀ ਸੀ। ਸੂਚਨਾ ਮਿਲਦਿਆਂ ਹੀ ਹਲਕਾ ਵਿਧਾਇਕਾ ਨਰਿੰਦਰ ਕੌਰ ਭਰਾਜ ਸਕੂਲ ਪੁੱਜੇ ਅਤੇ ਬੱਚਿਆਂ ਦੇ ਮਾਪਿਆਂ ਨਾਲ ਗੱਲਬਾਤ ਕੀਤੀ। ਘਟਨਾ ਤੋਂ ਬਾਅਦ ਡਿਪਟੀ ਕਮਿਸ਼ਨਰ ਜਤਿੰਦਰ ਜ਼ੋਰਵਾਲ ਅਤੇ ਜ਼ਿਲ੍ਹਾ ਪੁਲੀਸ ਮੁਖੀ ਸਰਤਾਜ ਸਿੰਘ ਚਹਿਲ ਨੇ ਦੱਸਿਆ ਕਿ ਕਿਸੇ ਵੀ ਵਿਦਿਆਰਥੀ ਨੂੰ ਹਸਪਤਾਲ ਵਿੱਚ ਦਸਤ ਜਾਂ ਉਲਟੀ ਜਿਹੀ ਸਮੱਸਿਆ ਸਾਹਮਣੇ ਨਹੀਂ ਆਈ ਪਰ ਵਿਦਿਆਰਥੀਆਂ ਦੇ ਦੱਸਣ ਅਨੁਸਾਰ ਸਕੂਲ ਵਿੱਚ ਖਾਣੇ ਮਗਰੋਂ ਉਨ੍ਹਾਂ ਦੀ ਸਿਹਤ ਵਿਗੜੀ ਸੀ।



## ਸਿੱਖਿਆ ਮੰਤਰੀ ਨੇ ਹਸਪਤਾਲ ਜਾ ਕੇ ਵਿਦਿਆਰਥੀਆਂ ਦਾ ਹਾਲ ਪੁੱਛਿਆ

ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਸਿਵਲ ਹਸਪਤਾਲ ਸੰਗਰੂਰ ਪੁੱਜੇ ਜਿਨ੍ਹਾਂ ਜ਼ੇਰੇ ਇਲਾਜ ਵਿਦਿਆਰਥੀਆਂ ਨਾਲ ਗੱਲਬਾਤ ਕੀਤੀ। ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਤੋਂ ਪਤਾ ਲੱਗਿਆ ਹੈ ਕਿ ਦੀਵਾਲੀ ਤੋਂ ਬਾਅਦ ਖਾਣੇ ਦੀ ਗੁਣਵੱਤਾ ਵਿੱਚ ਨਿਘਾਰ ਆਇਆ ਜਿਸ ਬਾਰੇ ਵਿਦਿਆਰਥੀਆਂ ਨੇ ਸਕੂਲ ਪ੍ਰਬੰਧਕਾਂ ਨੂੰ ਵੀ ਜਾਣੂ ਕਰਵਾਇਆ ਪਰ ਸਥਿਤੀ ਵਿੱਚ ਸੁਧਾਰ ਨਹੀਂ ਹੋਇਆ। ਉਨ੍ਹਾਂ ਦੱਸਿਆ ਕਿ ਜਾਂਚ ਦੌਰਾਨ ਜਿਹੜਾ ਵੀ ਦੋਸ਼ੀ ਪਾਇਆ ਗਿਆ ਉਸ ਖ਼ਿਲਾਫ਼ ਸਖਤ ਕਾਰਵਾਈ ਕੀਤੀ ਜਾਵੇਗੀ। ਸਿੱਖਿਆ ਮੰਤਰੀ ਨੇ ਕਿਹਾ ਕਿ ਭਵਿੱਖ ਵਿਚ ਅਜਿਹੀਆਂ ਘਟਨਾਵਾਂ ਨੂੰ ਰੋਕਣ ਲਈ ਹਰ ਮਹੀਨੇ ਸਾਰੇ ਮੈਰੀਟੋਰੀਅਸ ਸਕੂਲਾਂ ਦੇ ਵਿਦਿਆਰਥੀਆਂ ਤੋਂ ਫੀਡਬੈਕ ਫਾਰਮ ਲਏ ਜਾਣਗੇ ਜੋ ਵਿਦਿਆਰਥੀ ਖ਼ੁਦ ਆਪਣੇ ਹੱਥੀਂ ਭਰਨਗੇ। ਇਹ ਫਾਰਮ ਸਾਰੇ ਸਕੂਲਾਂ ਵਿਚ ਭੇਜ ਦਿੱਤੇ ਗਏ ਹਨ।

# ਨਸ਼ੇ ਦੀ ਓਵਰਡੋਜ਼: ਦੇਸ਼ 'ਚੋਂ 21 ਫ਼ੀਸਦੀ ਮੌਤਾਂ ਇਕੱਲੇ ਪੰਜਾਬ 'ਚ !

ਚੰਡੀਗੜ੍ਹ : ਨਸ਼ਿਆਂ ਨਾਲ ਹੁੰਦੀਆਂ ਮੌਤਾਂ ਦੇ ਮਾਮਲੇ 'ਚ ਪੰਜਾਬ ਸਿਖਰ 'ਤੇ ਹੈ। ਲੰਘੇ ਚਾਰ ਵਰ੍ ?ਆਂ ਵਿਚ ਨਸ਼ੇ ਦੀ ਓਵਰਡੋਜ਼ ਨਾਲ ਹੋਈਆਂ ਮੌਤਾਂ 'ਚ ਕਰੀਬ ਤਿੰਨ ਗੁਣਾ ਵਾਧਾ ਹੋਇਆ ਹੈ। ਨੈਸ਼ਨਲ ਕਰਾਈਮ ਰਿਕਾਰਡ ਬਿਊਰੋ (ਐੱਨਸੀਆਰਬੀ) ਦੀ ਲੰਘੇ ਦਿਨ ਜਾਰੀ ਰਿਪੋਰਟ 'ਚ ਇਹ ਤੱਥ ਉੱਭਰੇ ਹਨ। ਦੇਸ਼ ਵਿਚੋਂ ਆਬਾਦੀ ਦੇ ਲਿਹਾਜ਼ ਨਾਲ ਪੰਜਾਬ ਦੀ ਆਬਾਦੀ ਸਿਰਫ਼ 2.21 ਫ਼ੀਸਦੀ ਬਣਦੀ ਹੈ ਜਦੋਂ ਕਿ ਨਸ਼ਿਆਂ ਨਾਲ ਹੋਈਆਂ ਮੌਤਾਂ 'ਚੋਂ ਇਕੱਲੇ ਪੰਜਾਬ 'ਚ 21 ਫ਼ੀਸਦੀ ਮੌਤਾਂ ਹੋਈਆਂ ਹਨ। ਕੌਮੀ ਕਰਾਈਮ ਰਿਕਾਰਡ ਬਿਊਰੋ ਦੀ ਸਾਲ 2022 ਦੀ ਇਹ ਰਿਪੋਰਟ ਪੰਜਾਬ ਸਰਕਾਰ ਨੂੰ ਕਟਹਿਰੇ 'ਚ ਖੜ੍ਹੇ ਕਰਨ ਵਾਲੀ ਹੈ। ਐੱਨਸੀਆਰਬੀ ਦੀ ਰਿਪੋਰਟ ਅਨੁਸਾਰ ਸਾਲ 2022 ਵਿਚ ਪੰਜਾਬ ਵਿਚ ਓਵਰਡੋਜ਼ ਨਾਲ 144 ਮੌਤਾਂ ਹੋਈਆਂ ਹਨ ਜੋ ਦੇਸ਼ ਵਿਚ ਹੋਈਆਂ ਮੌਤਾਂ ਦਾ 21 ਫ਼ੀਸਦੀ ਬਣਦਾ ਹੈ। ਚਾਰ ਵਰ੍ਹੇ ਪਹਿਲਾਂ ਸਾਲ 2019 ਵਿਚ ਓਵਰਡੋਜ਼ ਨੇ 45 ਜਾਨਾਂ ਲਈਆਂ ਸਨ ਜੋ ਦੇਸ਼ ਭਰ 'ਚ ਗਈਆਂ ਜਾਨਾਂ ਦਾ 6.39 ਫ਼ੀਸਦੀ ਬਣਦਾ ਹੈ। ਮਤਲਬ ਕਿ ਚਾਰ ਸਾਲਾਂ ਹੀ ਤਿੰਨ ਗੁਣਾਂ ਵਾਧਾ ਹੋ ਗਿਆ ਹੈ। ਉਸ ਤੋਂ ਪਹਿਲਾਂ ਸਾਲ 2017 ਵਿਚ ਓਵਰਡੋਜ਼ ਨਾਲ 71 ਮੌਤਾਂ ਹੋਈਆਂ ਸਨ ਜਦੋਂ ਕਿ 2018 'ਚ ਇਹ ਗਿਣਤੀ 78 ਸੀ। ਹਰਿਆਣਾ ਵਿਚ ਸਾਲ 2022 ਵਿਚ ਓਵਰਡੋਜ਼ ਨਾਲ ਸਿਰਫ਼ 9 ਮੌਤਾਂ ਹੋਈਆਂ ਸਨ। ਪੰਜਾਬ ਵਿਚ ਓਵਰਡੋਜ਼ ਨਾਲ ਮੌਤਾਂ ਦੀ ਗਿਣਤੀ ਕਦੇ ਸੌ ਦੇ ਅੰਕੜੇ ਨੂੰ ਛੂਹੀ ਨਹੀਂ ਸੀ ਪਰ ਸਾਲ 2022 ਤੋਂ ਇਨ੍ਹਾਂ ਮੌਤਾਂ 'ਚ ਇਕਦਮ ਵਾਧਾ ਹੋਇਆ ਹੈ। ਸਾਲ 2019 ਵਿਚ ਇਹ ਅੰਕੜਾ ਘੱਟ ਕੇ 45 ਰਹਿ ਗਿਆ ਸੀ। ਇਸੇ ਤਰ੍ਹਾਂ ਹੀ ਸਾਲ 2022 ਵਿਚ 54 ਨਸ਼ੇੜੀਆਂ ਨੇ ਖ਼ੁਦਕੁਸ਼ੀ ਵਰਗਾ ਕਦਮ ਵੀ ਚੁੱਕਿਆ ਜਦੋਂਕਿ 2021 ਵਿਚ 78 ਨਸ਼ੇੜੀਆਂ ਨੇ ਖ਼ੁਦਕੁਸ਼ੀ ਕੀਤੀ ਸੀ। ਪੰਜਾਬ ਸਰਕਾਰ ਨੇ ਨਸ਼ਿਆਂ ਖ਼ਿਲਾਫ਼ ਕਾਰਵਾਈ ਸ਼ੁਰੂ ਵੀ ਕੀਤੀ ਹੋਈ ਹੈ ਪਰ ਹਕੀਕਤ ਵਿਚ ਬਹੁਤਾ ਫ਼ਰਕ ਨਜ਼ਰ ਨਹੀਂ ਆ ਰਿਹਾ।



# ਬਲਵੰਤ ਸਿੰਘ ਰਾਜੋਆਣਾ ਵੱਲੋਂ ਪਟਿਆਲਾ ਜੇਲ੍ਹ 'ਚ ਭੁੱਖ ਹੜਤਾਲ ਸ਼ੁਰੂ

## ਰਾਸ਼ਟਰਪਤੀ ਕੋਲ ਦਾਇਰ ਕੀਤੀ ਰਹਿਮ ਦੀ ਅਪੀਲ ਵਾਪਸ ਕਰਵਾਉਣ 'ਤੇ ਜ਼ੋਰ

ਪਟਿਆਲਾ : ਕੇਂਦਰੀ ਜੇਲ੍ਹ ਪਟਿਆਲਾ ਵਿੱਚ ਸਤਾਈ ਸਾਲਾਂ ਤੋਂ ਬੰਦ ਭਾਈ ਬਲਵੰਤ ਸਿੰਘ ਰਾਜੋਆਣਾ ਨੇ ਅੱਜ ਭੁੱਖ ਹੜਤਾਲ ਸ਼ੁਰੂ ਕਰ ਦਿੱਤੀ ਹੈ। ਰਾਜੋਆਣਾ ਨੇ ਅੱਜ ਸਵੇਰੇ ਜੇਲ੍ਹ ਪ੍ਰਸ਼ਾਸਨ ਤੋਂ ਰੋਟੀ ਲੈਣ ਤੋਂ ਇਨਕਾਰ ਕਰ ਦਿੱਤਾ। ਉਨ੍ਹਾਂ ਦੀ ਮੰਗ ਹੈ ਕਿ 12 ਸਾਲ ਪਹਿਲਾਂ ਰਾਸ਼ਟਰਪਤੀ ਕੋਲ ਦਾਇਰ ਕੀਤੀ ਗਈ ਰਹਿਮ ਦੀ ਅਪੀਲ 'ਤੇ ਆਧਾਰਿਤ ਪਟੀਸ਼ਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਾਪਸ ਲਵੇ। ਉਂਜ ਇਹ ਪਟੀਸ਼ਨ ਵਾਪਸ ਲੈਣ ਤੋਂ ਇਨਕਾਰ ਕਰਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ 20 ਦਸੰਬਰ ਨੂੰ ਦਿੱਲੀ ਵਿੱਚ ਸਿੱਖ ਸੰਸਥਾਵਾਂ ਦੇ ਸਹਿਯੋਗ ਨਾਲ ਰੋਸ ਪ੍ਰਦਰਸ਼ਨ ਕਰਨ ਦਾ ਐਲਾਨ ਵੀ ਕੀਤਾ ਹੈ। ਜ਼ਿਕਰਯੋਗ ਹੈ ਕਿ 31 ਅਗਸਤ 1995 ਨੂੰ ਵਾਪਰੇ ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਕਤਲ ਕਾਂਡ ਸਬੰਧੀ ਰਾਜੋਆਣਾ ਨੂੰ 2007 ਵਿੱਚ ਫਾਂਸੀ ਦੀ ਸਜ਼ਾ ਸੁਣਾਈ ਗਈ ਸੀ ਪਰ ਉਨ੍ਹਾਂ ਵੱਲੋਂ ਕੋਈ ਕਾਨੂੰਨੀ ਚਾਰਾਜੋਈ ਨਹੀਂ ਕੀਤੀ ਗਈ ਸੀ। ਇਸ ਸਬੰਧੀ ਸ਼੍ਰੋਮਣੀ ਕਮੇਟੀ ਵੱਲੋਂ ਰਹਿਮ ਦੀ ਅਪੀਲ ਦਾਇਰ ਕੀਤੀ ਗਈ ਸੀ। ਇਹ ਫਾਈਲ ਕੇਂਦਰੀ ਗ੍ਰਹਿ ਮੰਤਰਾਲੇ ਕੋਲ ਬੀਤੇ 12 ਸਾਲਾਂ ਤੋਂ ਅਟਕੀ ਪਈ ਹੈ। ਰਾਜੋਆਣਾ ਨੂੰ ਸ਼ਿਕਵਾ ਹੈ ਕਿ ਇਸ ਪਟੀਸ਼ਨ ਦਾ ਨਿਪਟਾਰਾ ਕਰਾਉਣ ਲਈ ਅਕਾਲੀ ਦਲ ਦੇ ਆਗੂਆਂ ਸਮੇਤ ਸਿੱਖ ਸੰਸਥਾਵਾਂ ਵੱਲੋਂ ਢੁੱਕਵੀਂ ਭੂਮਿਕਾ ਅਦਾ ਨਹੀਂ ਕੀਤੀ ਗਈ।ਇਕ ਅਹਿਮ ਜਾਣਕਾਰੀ ਅਨੁਸਾਰ ਰਾਜੋਆਣਾ ਨਾਲ ਉਸ ਦੀ ਭੈਣ ਕਮਲਦੀਪ ਕੌਰ ਰਾਜੋਆਣਾ ਨੇ ਅੱਜ ਦੁਪਹਿਰ ਵੇਲੇ ਮੁਲਾਕਾਤ ਕੀਤੀ। ਉਨ੍ਹਾਂ ਦੱਸਿਆ ਕਿ ਰਾਜੋਆਣਾ ਵੱਲੋਂ ਸ੍ਰੀ ਅਕਾਲ ਤਖਤ ਦੇ ਜਥੇਦਾਰ ਨੂੰ ਨਵਾਂ ਪੱਤਰ ਲਿਖਿਆ ਗਿਆ ਹੈ ਤੇ ਇਹ ਪੱਤਰ ਉਹ ਸਿੰਘ ਸਾਹਿਬ ਨੂੰ ਹੀ ਸੌਂਪਣਗੇ। ਬੀਬੀ ਕਮਲਦੀਪ ਦਾ ਕਹਿਣਾ ਸੀ ਕਿ ਇਹ ਦੇਸ਼ ਦਾ ਇਕਲੌਤਾ ਮਾਮਲਾ ਹੈ, ਜਿਸ ਦੌਰਾਨ ਕੋਈ ਫਾਂਸੀਯਾਫਤਾ ਕੈਦੀ 28



ਸਾਲਾਂ ਤੋਂ ਜੇਲ੍ਹ ਵਿੱਚ ਬੰਦ ਹੋਵੇ ਤੇ ਰਹਿਮ ਦੀ ਅਪੀਲ 12 ਸਾਲਾਂ ਤੋਂ ਲਟਕ ਰਹੀ ਹੋਵੇ।

ਸ਼੍ਰੋਮਣੀ ਅਕਾਲੀ ਦਲ ਨੇ ਦੋਸ਼ ਲਾਇਆ ਹੈ ਕਿ 'ਆਪ' ਸਰਕਾਰ ਨੇ ਅਕਾਲੀ ਦਲ ਦੇ ਵਫਦ ਦੀ ਪਟਿਆਲਾ ਕੇਂਦਰੀ ਜੇਲ੍ਹ ਵਿਚ ਬੰਦ ਬਲਵੰਤ ਸਿੰਘ ਰਾਜੋਆਣਾ ਨਾਲ ਮੁਲਾਕਾਤ ਨਾ ਕਰਵਾਉਣ ਦੇ ਕਾਰਨਾਂ ਬਾਰੇ ਝੂਠ ਬੋਲਿਆ ਹੈ। ਇੱਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਅਕਾਲੀ ਦਲ ਦੇ ਮੁੱਖ ਬੁਲਾਰੇ ਐਡਵੋਕੇਟ ਅਰਸ਼ਦੀਪ ਸਿੰਘ ਕਲੇਰ ਨੇ ਕਿਹਾ ਕਿ ਅਕਾਲੀ ਦਲ ਨੇ ਪਟਿਆਲਾ ਕੇਂਦਰੀ ਜੇਲ੍ਹ ਵਿਚ ਬੰਦ ਬਲਵੰਤ ਸਿੰਘ ਰਾਜੋਆਣਾ ਨਾਲ ਪਾਰਟੀ ਦੇ ਵਫਦ ਦੀ ਮੁਲਾਕਾਤ ਵਾਸਤੇ ਬਕਾਇਦਾ ਕਾਨੂੰਨੀ ਪ੍ਰਕਿਰਿਆ ਅਪਣਾਈ ਸੀ। ਅਕਾਲੀ ਦਲ ਨੂੰ ਉਸੇ ਤਰੀਕੇ ਨਾਲ ਮੁਲਾਕਾਤ ਲਈ ਸਮਾਂ ਮਿਲਿਆ ਜਿਵੇਂ ਏਡੀਜੀਪੀ (ਜੇਲ੍ਹਾਂ) ਨੇ ਸ਼੍ਰੋਮਣੀ ਕਮੇਟੀ ਨੂੰ ਆਗਿਆ ਦਿੱਤੀ ਸੀ।

## ਰਾਜੋਆਣਾ ਦਾ ਮਾਮਲਾ ਲੋਕ ਲਹਿਰ ਬਣ ਕੇ ਉਭਰੇਗਾ: ਚੰਦੂਮਾਜਰਾ



ਪਟਿਆਲਾ : ਬਲਵੰਤ ਸਿੰਘ ਰਾਜੋਆਣਾ ਦੀ ਰਹਿਮ ਦੀ ਅਪੀਲ ਸਬੰਧੀ ਲੰਬੇ ਸਮੇਂ ਤੋਂ ਫੈਸਲਾ ਨਾ ਹੋਣ ਕਾਰਨ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਮੀਤ ਪ੍ਰਧਾਨ ਤੇ ਸਾਬਕਾ ਸੰਸਦ ਮੈਂਬਰ ਪ੍ਰੇਮ ਸਿੰਘ ਚੰਦੂਮਾਜਰਾ ਨੇ ਅੱਜ ਇਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੇਂਦਰ ਅਤੇ ਸੂਬਾਈ ਸਰਕਾਰ ਨੂੰ ਖੂਬ ਭੰਡਿਆ। ਉਨ੍ਹਾਂ ਦਾ ਕਹਿਣਾ ਸੀ ਕਿ ਇਹ ਮਾਮਲਾ ਵੀ ਸਿੱਖਾਂ ਨਾਲ ਹੁੰਦੇ ਆ ਰਹੇ ਵਿਤਕਰੇ ਅਤੇ ਬੇਇਨਸਾਫੀਆਂ ਦੀਆਂ ਘਟਨਾਵਾਂ ਨਾਲ ਹੀ ਜੁੜਿਆ ਹੈ। ਉਨ੍ਹਾਂ ਕਿਹਾ ਕਿ ਰਾਜੋਆਣਾ ਦੀ ਫਾਂਸੀ ਦਾ ਮਾਮਲਾ ਇੱਕ ਵਾਰ ਫੇਰ ਲੋਕ ਲਹਿਰ ਬਣ ਕੇ ਉਭਰੇਗਾ। ਗੁਰਦੁਆਰਾ ਦੂਖ ਨਿਵਾਰਨ ਸਾਹਿਬ ਵਿਖੇ ਗੱਲਬਾਤ ਕਰਦਿਆਂ ਪ੍ਰੋ. ਚੰਦੂਮਾਜਰਾ ਨੇ ਕਿਹਾ ਕਿ ਰਾਜੋਆਣਾ ਇਕਲੌਤੇ ਅਜਿਹੇ ਸ਼ਖ਼ਸ ਹਨ, ਜੋ ਅਠਾਈ ਸਾਲਾਂ ਤੋਂ ਜੇਲ੍ਹ 'ਚ ਬੰਦ ਹਨ ਤੇ ਰਹਿਮ ਦੀ ਅਪੀਲ ਦੇ ਨਿਪਟਾਰੇ ਦੀ ਉਡੀਕ ਕਰ ਰਹੇ ਹਨ। ਉਨ੍ਹਾਂ ਕਿਹਾ ਕਿ 20 ਦਸੰਬਰ ਨੂੰ ਦਿੱਲੀ 'ਚ ਰੋਸ ਪ੍ਰਦਰਸ਼ਨ ਦਾ ਪ੍ਰੋਗਰਾਮ ਲੋਕ ਲਹਿਰ ਪੈਦਾ ਕਰਨ ਵਿੱਚ ਸਹਾਈ ਸਿੱਧ ਹੋਵੇਗਾ। ਚੰਦੂਮਾਜਰਾ ਨੇ ਕਿਹਾ ਕਿ ਇਹ ਲੜਾਈ ਹੁਣ ਰਾਜੋਆਣਾ ਦੀ ਨਹੀਂ, ਬਲਕਿ ਸਿੱਖ ਕੌਮ ਦੀ ਹੈ। ਉਨ੍ਹਾਂ ਰਾਜੋਆਣਾ ਨੂੰ ਭੁੱਖ ਹੜਤਾਲ ਵਾਪਸ ਲੈਣ ਦੀ ਅਪੀਲ ਵੀ ਕੀਤੀ।

## ਸਰਕਾਰਾਂ ਦੇ ਅੜੀਅਲ ਰਵੱਈਏ ਕਾਰਨ ਰਾਜੋਆਣਾ ਭੁੱਖ ਹੜਤਾਲ ਲਈ ਮਜਬੂਰ ਹੋਇਆ: ਐਡਵੋਕੇਟ ਧਾਮੀ



ਚੰਡੀਗੜ੍ਹ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਭਾਈ ਬਲਵੰਤ ਸਿੰਘ ਰਾਜੋਆਣਾ ਵੱਲੋਂ ਭੁੱਖ ਹੜਤਾਲ ਸ਼ੁਰੂ ਕਰਨ 'ਤੇ ਪ੍ਰਤੀਕਿਰਿਆ ਦਿੰਦਿਆਂ ਕਿਹਾ ਕਿ ਇਹ ਕੇਂਦਰ ਸਰਕਾਰ ਦੇ ਅੜੀਅਲ ਅਤੇ ਨਾਂਹ ਪੱਖੀ ਰਵੱਈਏ ਦੇ ਨਾਲ-ਨਾਲ ਪੰਜਾਬ ਸਰਕਾਰ ਦੀ ਤਾਨਾਸ਼ਾਹੀ ਦਾ ਨਤੀਜਾ ਹੈ। ਉਨ੍ਹਾਂ ਕਿਹਾ ਕਿ ਜੇਕਰ ਭਾਰਤ ਸਰਕਾਰ ਨੇ ਸਮਾਂ ਰਹਿੰਦਿਆਂ ਭਾਈ ਰਾਜੋਆਣਾ ਸਬੰਧੀ ਸ਼੍ਰੋਮਣੀ ਕਮੇਟੀ ਦੀ ਪਟੀਸ਼ਨ ਦਾ ਨਿਪਟਾਰਾ ਕੀਤਾ ਹੁੰਦਾ ਤਾਂ ਉਹ ਭੁੱਖ ਹੜਤਾਲ ਰੱਖਣ ਲਈ ਮਜ਼ਬੂਰ ਨਾ ਹੁੰਦੇ। ਇਸ ਦੇ ਨਾਲ ਹੀ ਪੰਜਾਬ ਸਰਕਾਰ ਨੇ ਬੀਤੇ ਕੱਲ੍ਹ ਸ਼੍ਰੋਮਣੀ ਅਕਾਲੀ ਦਲ ਦੇ ਦੋ-ਮੈਂਬਰੀ ਵਫ਼ਦ ਨੂੰ ਮੁਲਾਕਾਤ ਤੋਂ ਰੋਕ ਕੇ ਵੀ ਇਸ ਮਾਮਲੇ ਨੂੰ ਉਲਝਣ ਵਾਲੇ ਧੱਕਿਆ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਧਾਮੀ ਨੇ ਆਖਿਆ ਕਿ ਤਿੰਨ-ਤਿੰਨ ਦਹਾਕਿਆਂ ਤੋਂ ਦੇਸ਼ ਦੀਆਂ ਜੇਲ੍ਹਾਂ ਵਿੱਚ ਡੱਕ ਕੇ ਸਿੱਖ ਬੰਦੀਆਂ ਨੂੰ ਬੇਗਾਨਗੀ ਦਾ ਅਹਿਸਾਸ ਕਰਵਾਇਆ ਜਾ ਰਿਹਾ ਹੈ ਅਤੇ ਇੱਥੋਂ ਤੱਕ ਕਿ ਸਿੱਖ ਸੰਸਥਾਵਾਂ ਦੇ ਨੁਮਾਇੰਦਿਆਂ ਨੂੰ ਬੰਦੀ ਸਿੰਘਾਂ ਦੇ ਮਾਮਲੇ ਵਿੱਚ ਮਿਲਣ ਲਈ ਕੇਂਦਰ ਸਰਕਾਰ ਵੱਲੋਂ ਸਮਾਂ ਤੱਕ ਨਹੀਂ ਦਿੱਤਾ ਜਾ ਰਿਹਾ। ਇੰਝ ਲਗ ਰਿਹਾ ਹੈ ਕਿ ਕੇਂਦਰ ਸਰਕਾਰ ਵੱਲੋਂ ਇਹ ਮਿੱਥੇ ਟੀਚੇ ਅਨੁਸਾਰ ਹੀ ਕੀਤਾ ਜਾ ਰਿਹਾ ਹੈ। ਜੇਕਰ ਸਰਕਾਰ ਸੰਵਿਧਾਨ ਦੀ ਤਰਜਮਾਨ ਹੁੰਦੀ ਤਾਂ ਸਿੱਖ ਬੰਦੀਆਂ ਦੀ ਮਾਮਲੇ ਵਿੱਚ ਮਨੁੱਖੀ ਅਧਿਕਾਰਾਂ ਦਾ ਉਲੰਘਣ ਨਾ ਹੋਣ ਦਿੰਦੀ। ਐਡਵੋਕੇਟ ਧਾਮੀ ਨੇ ਕਿਹਾ ਕਿ ਭਾਈ ਬਲਵੰਤ ਸਿੰਘ ਰਾਜੋਆਣਾ ਪਿਛਲੇ ਲਗਭਗ 28 ਸਾਲ ਤੋਂ ਜੇਲ੍ਹ ਵਿੱਚ ਬੰਦ ਹਨ ਅਤੇ ਕਰੀਬ 17 ਸਾਲ ਤੋਂ ਫਾਂਸੀ ਦੀ ਸਜ਼ਾ ਦਾ ਸਾਹਮਣਾ ਕਰਦਿਆਂ ਅੱਠ ਫੁੱਟ ਦੀ ਚੱਕੀ ਵਿੱਚ ਰਹਿ ਕੇ ਫੈਸਲੇ ਦਾ ਇੰਤਜ਼ਾਰ ਕਰ ਰਹੇ ਹਨ। ਸ਼?ਰੋਮਣੀ ਕਮੇਟੀ ਦੀ 2012 ਵਿੱਚ ਰਾਸ਼ਟਰਪਤੀ ਪਾਸ ਪਾਈ ਅਪੀਲ 'ਤੇ 12 ਸਾਲ ਦਾ ਲੰਮਾ ਅਰਸਾ ਬੀਤ ਜਾਣ ਤੋਂ ਬਾਅਦ ਵੀ ਕੋਈ ਫੈਸਲਾ ਨਾ ਲੈਣਾ ਸਿੱਖਾਂ ਨਾਲ ਸਰਾਸਰ ਧੱਕੇਸ਼ਾਹੀ ਹੈ। ਉਨ੍ਹਾਂ ਆਖਿਆ ਕਿ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਵੀ ਮੌਜੂਦਾ ਹਾਲਾਤ ਬਣਨ ਦੇਣ ਵਿੱਚ ਪਿੱਛੇ ਨਹੀਂ ਹੈ। ਭਾਈ ਰਾਜੋਆਣਾ ਦੀ ਭੁੱਖ ਹੜਤਾਲ ਨੂੰ ਰੋਕਣ ਲਈ ਯਤਨਾਂ ਵਿੱਚ ਸ੍ਰੀ ਭਗਵੰਤ ਮਾਨ ਦੀ ਸਰਕਾਰ ਵੱਲੋਂ ਪਾਏ ਗਏ ਅੜਿਕੇ ਨਾਲ ਉਨ੍ਹਾਂ ਦਾ ਜੀਵਨ ਸੰਕਟ ਦੇ ਸਾਹਮਣੇ ਹੈ। ਜੇਕਰ ਬੀਤੇ ਕੱਲ੍ਹ ਸ਼੍ਰੋਮਣੀ ਅਕਾਲੀ ਦਲ ਦਾ ਵਫ਼ਦ ਭਾਈ ਰਾਜੋਆਣਾ ਨਾਲ ਮੁਲਾਕਾਤ ਕਰ ਲੈਂਦਾ ਤਾਂ ਇਹ ਸੰਭਾਵਨਾ ਸੀ ਕਿ ਉਹ ਅਕਾਲੀ ਆਗੂਆਂ ਨਾਲ ਵਿਚਾਰ ਚਰਚਾ ਮਗਰੋਂ ਭੁੱਖ ਹੜਤਾਲ ਦਾ ਫੈਸਲਾ ਵਾਪਸ ਲੈ ਲੈਂਦੇ। ਇਸ ਦੌਰਾਨ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੇ ਭਾਈ ਬਲਵੰਤ ਸਿੰਘ ਰਾਜੋਆਣਾ ਨੂੰ ਵੀ ਅਪੀਲ ਕੀਤੀ ਕਿ ਉਹ ਗੁਰਮਤਿ ਫ਼ਲਸਫ਼ੇ ਦੇ ਨਾਲ-ਨਾਲ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਵੱਲੋਂ ਕੀਤੇ ਗਏ ਮਤੇ ਨੂੰ ਪ੍ਰਵਾਨ ਕਰਦਿਆਂ ਆਪਣੀ ਭੁੱਖ ਹੜਤਾਲ ਖਤਮ ਕਰਨ। ਐਡਵੋਕੇਟ ਧਾਮੀ ਨੇ ਇਹ ਵੀ ਕਿਹਾ ਕਿ ਅਜੇ ਵੀ ਕੇਂਦਰ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਭਾਈ ਰਾਜੋਆਣਾ ਦੀ ਪਟੀਸ਼ਨ 'ਤੇ ਤੁਰੰਤ ਫੈਸਲਾ ਕਰੇ ਨਹੀਂ ਤਾ ਬਣਨ ਵਾਲੇ ਹਾਲਾਤ ਦੀ ਜੁੰਮੇਵਾਰ ਖੁਦ ਸਰਕਾਰ ਹੋਵੇਗੀ।


## ਜਥੇਦਾਰ ਰਣਜੀਤ ਸਿੰਘ ਤਲਵੰਡੀ ਦਾ ਦੇਹਾਂਤ



ਰਾਏਕੋਟ: ਇਲਾਕੇ ਦੇ ਸਿਰਕੱਢ ਅਕਾਲੀ ਆਗੂ ਅਤੇ ਮਰਹੂਮ ਜਥੇਦਾਰ ਜਗਦੇਵ ਸਿੰਘ ਤਲਵੰਡੀ ਦੇ ਵੱਡੇ ਪੁੱਤਰ ਰਣਜੀਤ ਸਿੰਘ ਤਲਵੰਡੀ (67) ਦਾ ਪੀਜੀਆਈ ਚੰਡੀਗੜ੍ਹ ਵਿੱਚ ਦੇਹਾਂਤ ਹੋ ਗਿਆ। ਇਹ ਖ਼ਬਰ ਮਿਲਣ ਬਾਅਦ ਇਲਾਕੇ ਵਿੱਚ ਸੋਗ ਹੈ। ਜਥੇਦਾਰ ਰਣਜੀਤ ਸਿੰਘ ਤਲਵੰਡੀ ਕੁਝ ਅਰਸੇ ਤੋਂ ਪੀਜੀਆਈ ਵਿੱਚ ਇਲਾਜ ਅਧੀਨ ਸਨ। ਉਹ ਆਪਣੇ ਪਿੱਛੇ ਪਤਨੀ ਸਰਤਾਜ ਕੌਰ ਅਤੇ ਧੀ ਅਜਮਨ ਕੌਰ ਗਿੱਲ ਛੱਡ ਗਏ ਹਨ। ਰਣਜੀਤ ਸਿੰਘ ਤਲਵੰਡੀ ਅਕਾਲੀ ਦਲ ਸੰਯੁਕਤ ਦੇ ਸਕੱਤਰ ਜਨਰਲ ਸਨ। ਉਹ 2002 ਤੋਂ 2007 ਤੱਕ ਹਲਕਾ ਰਾਏਕੋਟ ਤੋਂ ਵਿਧਾਇਕ ਰਹੇ ਹਨ। ਉਨ੍ਹਾਂ ਦਾ ਸਸਕਾਰ ਪਿੰਡ ਤਲਵੰਡੀ ਰਾਏ (ਨੇੜੇ ਰਾਏਕੋਟ) ਵਿੱਚ ਭਲਕੇ 6 ਦਸੰਬਰ ਨੂੰ ਕੀਤਾ ਜਾਵੇਗਾ।

## ਰਾਸ਼ਟਰਪਤੀ ਨੂੰ ਵਿਚਾਰ ਲਈ ਭੇਜੇ ਜਾਣਗੇ ਬਿੱਲ

### ਪੰਜਾਬ ਦੇ ਰਾਜਪਾਲ ਪੁਰੋਹਿਤ ਵੱਲੋਂ ਤਿੰਨ ਬਿੱਲ ਰਾਖਵੇਂ ਰੱਖਣ ਦਾ ਫ਼ੈਸਲਾ



ਚੰਡੀਗੜ੍ਹ : ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਕਰੀਬ ਸਾਢੇ ਪੰਜ ਮਹੀਨਿਆਂ ਤੋਂ ਬਕਾਇਆ ਪਏ ਤਿੰਨ ਬਿੱਲਾਂ ਨੂੰ ਹੁਣ ਰਾਸ਼ਟਰਪਤੀ ਕੋਲ ਭੇਜਣਗੇ। ਸੁਪਰੀਮ ਕੋਰਟ ਦੇ ਫ਼ੈਸਲੇ ਦੇ ਕਰੀਬ ਤਿੰਨ ਹਫ਼ਤਿਆਂ ਮਗਰੋਂ ਰਾਜਪਾਲ ਨੇ ਇਨ੍ਹਾਂ ਤਿੰਨ ਬਿੱਲਾਂ ਨੂੰ ਰਾਸ਼ਟਰਪਤੀ ਦੇ ਵਿਚਾਰ ਲਈ ਰਾਖਵੇਂ ਰੱਖਣ ਦਾ ਫ਼ੈਸਲਾ ਲਿਆ ਹੈ। ਪੰਜਾਬ ਵਿਧਾਨ ਸਭਾ ਵੱਲੋਂ 19-20 ਜੂਨ ਦੇ ਸੈਸ਼ਨ ਵਿਚ ਚਾਰ ਬਿੱਲ ਪਾਸ ਕੀਤੇ ਗਏ ਸਨ ਜਿਨ੍ਹਾਂ ਨੂੰ ਰਾਜਪਾਲ ਕੋਲ ਮਨਜ਼ੂਰੀ ਲਈ ਭੇਜਿਆ ਗਿਆ ਸੀ।

ਮੁੱਖ ਮੰਤਰੀ ਭਗਵੰਤ ਮਾਨ ਅਤੇ ਰਾਜਪਾਲ ਪੁਰੋਹਿਤ ਵਿਚਕਾਰ ਚੱਲ ਰਹੀ ਖਿੱਚੋਤਾਣ ਦੌਰਾਨ ਰਾਜ ਭਵਨ ਨੇ ਇਨ੍ਹਾਂ ਬਿੱਲਾਂ 'ਤੇ ਕੋਈ ਫ਼ੈਸਲਾ ਨਹੀਂ ਲਿਆ ਸੀ। ਰਾਸ਼ਟਰਪਤੀ ਦੇ ਵਿਚਾਰ ਲਈ ਰਾਖਵੇਂ ਰੱਖੇ ਬਿੱਲਾਂ ਵਿਚ 'ਸਿੱਖ ਗੁਰਦੁਆਰਾ (ਸੋਧ) ਬਿੱਲ 2023', 'ਪੰਜਾਬ ਯੂਨੀਵਰਸਿਟੀਜ਼ ਲਾਅਜ਼ (ਸੋਧ) ਬਿੱਲ 2023' ਅਤੇ 'ਪੰਜਾਬ ਪੁਲੀਸ (ਸੋਧ) ਬਿੱਲ 2023' ਸ਼ਾਮਲ ਹਨ। ਕੁਝ ਦਿਨ ਪਹਿਲਾਂ ਰਾਜਪਾਲ ਨੇ 'ਪੰਜਾਬ ਐਫੀਲੀਏਟਿਡ ਕਾਲਜਿਜ਼ (ਸੋਧ) ਬਿੱਲ 2023' ਨੂੰ ਮਨਜ਼ੂਰੀ ਦੇ ਦਿੱਤੀ ਸੀ।

ਦੱਸਣਯੋਗ ਹੈ ਕਿ ਪਿਛਲੇ ਵਰ੍ਹੇ ਪੰਜਾਬ ਵਿਧਾਨ ਸਭਾ ਵੱਲੋਂ ਪਾਸ ਕੀਤਾ ਗਿਆ 'ਪੰਜਾਬ ਸਟੇਟ ਵਿਜੀਲੈਂਸ ਕਮਿਸ਼ਨ (ਰਿਪੀਲ) ਬਿੱਲ 2022' ਵੀ ਅਜੇ ਤੱਕ ਰਾਜ ਭਵਨ ਕੋਲ ਲੰਬਿਤ ਪਿਆ ਹੈ। ਰਾਜ ਭਵਨ ਵੱਲੋਂ ਅੱਜ ਜਾਰੀ ਬਿਆਨ ਵਿਚ ਦੱਸਿਆ ਗਿਆ ਹੈ ਕਿ ਉਪਰੋਕਤ ਤਿੰਨ ਬਕਾਇਆ ਬਿੱਲ ਰਾਸ਼ਟਰਪਤੀ ਦੇ ਵਿਚਾਰ ਲਈ ਰਾਖਵੇਂ ਰੱਖੇ ਗਏ ਹਨ। ਚੇਤੇ ਰਹੇ ਕਿ ਰਾਜਪਾਲ ਨੇ 19-20 ਜੂਨ ਦੇ ਪੰਜਾਬ ਵਿਧਾਨ ਸਭਾ ਸੈਸ਼ਨ ਨੂੰ ਗ਼ੈਰਕਾਨੂੰਨੀ ਕਰਾਰ ਦੇ ਦਿੱਤਾ ਸੀ।

ਰਾਜਪਾਲ ਦੇ ਇਸ ਫ਼ੈਸਲੇ ਨੂੰ ਸੂਬਾ ਸਰਕਾਰ ਨੇ ਸੁਪਰੀਮ ਕੋਰਟ ਵਿਚ ਚੁਣੌਤੀ ਦਿੱਤੀ ਸੀ। ਸੁਪਰੀਮ ਕੋਰਟ ਨੇ 10 ਨਵੰਬਰ ਨੂੰ ਸੁਣਾਏ ਆਪਣੇ ਫ਼ੈਸਲੇ ਵਿਚ 19-20 ਜੂਨ ਨੂੰ ਹੋਏ ਵਿਧਾਨ ਸਭਾ ਸੈਸ਼ਨ ਨੂੰ ਸੰਵਿਧਾਨਕ ਤੌਰ 'ਤੇ ਜਾਇਜ਼ ਕਰਾਰ ਦੇ ਦਿੱਤਾ ਸੀ। ਚੀਫ਼ ਜਸਟਿਸ ਡੀ. ਵਾਈ ਚੰਦਰਚੂੜ ਦੀ ਅਗਵਾਈ ਹੇਠਲੇ ਬੈਂਚ ਨੇ ਰਾਜਪਾਲ ਨੂੰ ਬਕਾਇਆ ਬਿੱਲਾਂ 'ਤੇ ਫ਼ੈਸਲੇ ਲੈਣ ਦੇ ਨਿਰਦੇਸ਼ ਦਿੱਤੇ ਸਨ। ਸੁਪਰੀਮ ਕੋਰਟ ਦੇ ਫ਼ੈਸਲੇ ਪਿੱਛੋਂ ਮੁੱਖ ਮੰਤਰੀ ਨੇ ਰਾਜਪਾਲ ਨੂੰ ਪੱਤਰ ਲਿਖ ਕੇ ਸੁਪਰੀਮ ਕੋਰਟ ਦੇ ਫ਼ੈਸਲੇ ਦੀ ਰੌਸ਼ਨੀ ਵਿਚ ਇਨ੍ਹਾਂ ਬਿੱਲਾਂ ਦਾ ਨਿਬੇੜਾ ਕਰਨ ਬਾਰੇ ਕਿਹਾ ਸੀ।

ਰਾਜਪਾਲ ਨੇ ਪਹਿਲਾਂ ਤਿੰਨ ਮਨੀ ਬਿੱਲ ਵੀ ਰੋਕ ਲਏ ਸਨ ਪ੍ਰੰਤੂ ਸੁਪਰੀਮ ਕੋਰਟ ਦੇ ਫ਼ੈਸਲੇ ਮਗਰੋਂ ਰਾਜ ਭਵਨ ਨੇ ਇਨ੍ਹਾਂ ਬਿੱਲਾਂ ਨੂੰ ਅਗਾਊਂ ਪ੍ਰਵਾਨਗੀ ਦੇ ਦਿੱਤੀ ਸੀ ਅਤੇ ਇਹ 28-29 ਨਵੰਬਰ ਨੂੰ ਹੋਏ ਸਰਦ ਰੁੱਤ ਇਜਲਾਸ ਦੌਰਾਨ ਪਾਸ ਕੀਤੇ ਗਏ ਸਨ।

### ਰਾਖਵੇਂ ਰੱਖੇ ਗਏ ਬਿੱਲਾਂ ਦਾ ਮਨੋਰਥ

ਰਾਜਪਾਲ ਵੱਲੋਂ ਜਿਨ੍ਹਾਂ ਤਿੰਨ ਬਿੱਲਾਂ ਨੂੰ ਰਾਖਵਾਂ ਰੱਖਿਆ ਗਿਆ ਹੈ, ਉਨ੍ਹਾਂ ਵਿਚ 'ਸਿੱਖ ਗੁਰਦੁਆਰਾ (ਸੋਧ) ਬਿੱਲ 2023' ਦਾ ਉਦੇਸ਼ ਸ੍ਰੀ ਦਰਬਾਰ ਸਾਹਿਬ ਤੋਂ ਗੁਰਬਾਣੀ ਦੇ ਮੁਫ਼ਤ ਪ੍ਰਸਾਰਨ ਨੂੰ ਯਕੀਨੀ ਬਣਾਉਣਾ ਹੈ ਜਦੋਂ ਕਿ 'ਪੰਜਾਬ ਯੂਨੀਵਰਸਿਟੀਜ਼ ਲਾਅਜ (ਸੋਧ) ਬਿੱਲ 2023' ਦਾ ਮਕਸਦ ਰਾਜਪਾਲ ਦੀ ਥਾਂ ਮੁੱਖ ਮੰਤਰੀ ਨੂੰ ਚਾਂਸਲਰ ਬਣਾਉਣਾ ਹੈ। ਇਸੇ ਤਰ੍ਹਾਂ 'ਪੰਜਾਬ ਪੁਲੀਸ (ਸੋਧ) ਬਿੱਲ 2023' ਦਾ ਮਨੋਰਥ ਪੁਲੀਸ ਮੁਖੀ ਦੀ ਚੋਣ ਦੀ ਪ੍ਰਕਿਰਿਆ ਵਿਚ ਯੂਨੀਅਨ ਪਬਲਿਕ ਸਰਵਿਸ ਕਮਿਸ਼ਨ ਦਾ ਦਖ਼ਲ ਰੋਕਣਾ ਹੈ।

# ਨਸ਼ਾ ਤਸਕਰ ਦੀ 1.48 ਕਰੋੜ ਦੀ ਜਾਇਦਾਦ ਜ਼ਬਤ



ਹੁਸ਼ਿਆਰਪੁਰ : ਜ਼ਿਲ੍ਹਾ ਪੁਲੀਸ ਨੇ ਇਕ ਨਸ਼ਾ ਤਸਕਰ ਦੀ ਲਗਪਗ 1.48 ਕਰੋੜ ਰੁਪਏ ਦੀ ਜਾਇਦਾਦ ਜ਼ਬਤ ਕਰਵਾਈ ਹੈ। ਪੁਲੀਸ ਵੱਲੋਂ ਜਾਰੀ ਬਿਆਨ ਅਨੁਸਾਰ ਬਲਵੀਰ ਸਿੰਘ ਉਰਫ਼ ਬੀਰਾ ਟੂਟੋਮਜਾਰਾ ਦਾ ਵਸਨੀਕ ਹੈ। ਉਸ ਖ਼ ?ਲਾਫ਼ 7 ਕੇਸ ਦਰਜ ਹਨ। ਉਸ ਵੱਲੋਂ ਕਥਿਤ ਤੌਰ 'ਤੇ ਨਸ਼ਾ ਵੇਚ ਕੇ 89 ਕਨਾਲ ਅਤੇ ਸਾਢੇ 5 ਮਰਲੇ ਜ਼ਮੀਨ ਵਿੱਚ ਇਕ ਰਿਹਾਇਸ਼ੀ ਮਕਾਨ ਬਣਾਇਆ ਹੋਇਆ ਹੈ ਅਤੇ ਇਕ ਟਰੈਕਟਰ ਵੀ ਹੈ। ਉਸ ਦੀ ਜਾਇਦਾਦ ਐੱਨਡੀਪੀਐੱਸ ਐਕਟ ਦੀ ਧਾਰਾ 68 ਐਫ਼ (2) ਤਹਿਤ ਕੰਪੀਟੈਂਟ ਅਥਾਰਿਟੀ ਨਵੀਂ ਦਿੱਲੀ ਰਾਹੀਂ ਜ਼ਬਤ ਕਰਵਾਈ ਗਈ ਹੈ। ਐੱਸਐੱਸਪੀ ਸੁਰਿੰਦਰ ਲਾਂਬਾ ਨੇ ਨਸ਼ਾ ਵੇਚਣ ਵਾਲਿਆਂ ਨੂੰ ਚਿਤਾਵਨੀ ਦਿੱਤੀ ਹੈ ਕਿ ਜੇਕਰ ਉਹ ਬਾਜ ਨਾ ਆਏ ਤਾਂ ਉਨ੍ਹਾਂ ਖ਼ਲਾਫ਼ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

# ਸ਼ੱਕੀ ਪੀਐੱਲਏ ਕਾਰਕੁਨਾਂ ਦੀਆਂ ਲਾਸ਼ਾਂ ਇੰਫਾਲ ਲਿਆਂਦੀਆਂ



ਇੰਫਾਲ : ਭਾਰਤ-ਮਿਆਂਮਾਰ ਸਰਹੱਦ ਨੇੜੇ ਕੀਤੇ ਗਏ ਹਮਲੇ 'ਚ ਮਾਰੇ ਗਏ ਪਾਬੰਦੀਸ਼ੁਦਾ ਸੰਗਠਨ ਪੀਪਲਜ਼ ਲਿਬਰੇਸ਼ਨ ਆਰਮੀ (ਪੀਐੱਲਏ) ਦੇ 13 ਕਾਰਕੁਨਾਂ ਦੀਆਂ ਲਾਸ਼ਾਂ ਨੂੰ ਪੋਸਟਮਾਰਟਮ ਅਤੇ ਕਾਨੂੰਨੀ ਪ੍ਰਕਿਰਿਆ ਲਈ ਇੰਫਾਲ ਲਿਆਂਦਾ ਗਿਆ ਹੈ। ਅਧਿਕਾਰੀਆਂ ਨੇ ਅੱਜ ਇਹ ਜਾਣਕਾਰੀ ਦਿੰਦਿਆਂ ਦੱਸਿਆ ਕਿ ਦੋ ਨਾਬਾਲਗਾਂ ਸਣੇ ਸਾਰੇ ਵਿਅਕਤੀ ਸ਼ਾਇਦ ਪੀਐੱਲਏ ਵੱਲੋਂ ਚਲਾਏ ਜਾਂਦੇ ਕੈਂਪ 'ਚ ਹਥਿਆਰਾਂ ਦੀ ਸਿਖਲਾਈ ਲਈ ਮਿਆਂਮਾਰ 'ਚ ਦਾਖਲ ਹੋਣ ਦੀ ਕੋਸ਼ਿਸ਼ ਕਰਨ ਵਾਲੇ ਗਰੁੱਪ ਦਾ ਹਿੱਸਾ ਸਨ। ਪੀਐੱਲਏ ਇੱਕ ਬਾਗ਼ੀ ਗੁਟ ਹੈ ਜਿਸ ਵਿੱਚ ਮੁੱਖ ਤੌਰ 'ਤੇ ਵਾਦੀ ਇਲਾਕੇ ਦੇ ਮੈਤੇਈ ਭਾਈਚਾਰੇ ਦੇ ਮੈਂਬਰ ਹਨ। ਅਧਿਕਾਰੀਆਂ ਨੇ ਦੱਸਿਆ ਕਿ ਸੋਮਵਾਰ ਨੂੰ ਮਾਰੇ ਗਏ ਵਿਅਕਤੀਆਂ ਵਿੱਚੋਂ ਸਭ ਤੋਂ ਵੱਡੇ ਦੀ ਉਮਰ 47 ਸਾਲ ਅਤੇ ਸਭ ਤੋਂ ਛੋਟੇ ਦੀ ਉਮਰ 17 ਸਾਲ ਸੀ। ਸੁਰੱਖਿਆ ਕਰਮੀਆਂ ਵੱਲੋਂ ਫਿਲਹਾਲ ਗੁੱਟ ਦੇ ਹੋਰ ਮੈਂਬਰਾਂ ਦੀ ਭਾਲ ਕੀਤੀ ਜਾ ਰਹੀ ਹੈ ਜਿਹੜੇ ਲੀਥੂ ਪਿੰਡ ਦੀਆਂ ਪਹਾੜੀਆਂ 'ਚ ਹੋਈ ਗੋਲੀਬਾਰੀ ਦੌਰਾਨ ਫਰਾਰ ਹੋ ਗਏ ਸਨ। ਅਧਿਕਾਰੀਆਂ ਨੇ ਦੱਸਿਆ ਕਿ ਲਾਸ਼ਾਂ ਨੂੰ ਪੋਸਟਮਾਰਟਮ ਅਤੇ ਕਾਨੂੰਨੀ ਪ੍ਰਕਿਰਿਆ ਲਈ ਇੱਥੇ ਜਵਾਹਰ ਲਾਲ ਨਹਿਰੂ ਮੈਡੀਕਲ ਸਾਇੰਸਜ਼ ਸੰਸਥਾ ਵਿੱਚ ਲਿਆਂਦਾ ਗਿਆ ਹੈ।

# ਤਾਮਿਲਨਾਡੂ ਵਿੱਚ ਮਿਚੌਂਗ ਦਾ ਕਹਿਰ; ਪੰਜ ਮੌਤਾਂ



ਚੇਨੱਈ : ਚੱਕਰਵਾਤੀ ਤੂਫਾਨ 'ਮਿਚੌਂਗ' ਦੇ ਪ੍ਰਭਾਵ ਨਾਲ ਚੇਨੱਈ ਤੇ ਉਸ ਦੇ ਆਲੇ-ਦੁਆਲੇ ਦੇ ਜ਼ਿਲ੍ਹਿਆਂ ਵਿਚ ਅੱਜ ਜਨ-ਜੀਵਨ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ। ਮੀਂਹ ਕਾਰਨ ਪੰਜ ਵਿਅਕਤੀਆਂ ਦੀ ਮੌਤ ਹੋ ਗਈ। ਚੇਨੱਈ ਸ਼ਹਿਰ ਦੇ ਵੱਖ-ਵੱਖ ਹਿੱਸਿਆਂ ਵਿਚ ਪਾਣੀ ਭਰ ਗਿਆ, ਜਿਸ ਨਾਲ 2015 ਵਰਗਾ ਹੜ੍ਹ ਮੁੜ ਆਉਣ ਦਾ ਖ਼ਦਸ਼ਾ ਪੈਦਾ ਹੋ ਗਿਆ ਹੈ। ਲੋਕਾਂ ਨੂੰ ਪੀਣ ਵਾਲੇ ਪਾਣੀ ਤੇ ਹੋਰ ਜ਼ਰੂਰੀ ਚੀਜ਼ਾਂ ਲਈ ਜੱਦੋ-ਜਹਿਦ ਕਰਨੀ ਪੈ ਰਹੀ ਹੈ। ਤੇਜ਼ ਹਵਾਵਾਂ ਦੇ ਨਾਲ ਮੋਹਲੇਧਾਰ ਮੀਂਹ ਕਾਰਨ ਸ਼ਹਿਰ ਦੇ ਕਈ ਇਲਾਕਿਆਂ ਵਿਚ ਬਿਜਲੀ ਸਪਲਾਈ ਠੱਪ ਹੋ ਗਈ ਤੇ ਇੰਟਰਨੈੱਟ ਸੇਵਾ 'ਚ ਵੀ ਅੜਿੱਕਾ ਪਿਆ। ਤੂਫਾਨ ਕਾਰਨ ਪੁੱਡੂਚੇਰੀ ਵਿਚ ਵੀ ਜ਼ੋਰਦਾਰ ਮੀਂਹ ਪੈ ਰਿਹਾ ਹੈ। 'ਮਿਚੌਂਗ' ਦੇ ਭਲਕੇ ਦੁਪਹਿਰੇ ਆਂਧਰਾ ਪ੍ਰਦੇਸ਼ ਦੇ ਸਮੁੰਦਰ ਤੱਟ ਨਾਲ ਟਕਰਾਉਣ ਦੀ ਸੰਭਾਵਨਾ ਹੈ।

# ਪੁਲਿਸ ਨੂੰ ਨਸ਼ਿਆਂ ਖ਼ਿਲਾਫ਼ ਲੜਾਈ ਅੰਜਾਮ ਤੱਕ ਲਿਜਾਣ ਦੇ ਹੁਕਮ

- *ਮੁੱਖ ਮੰਤਰੀ ਨੇ ਤਸਕਰਾਂ ਦੀ ਜਾਇਦਾਦ ਜ਼ਬਤ ਕਰਨ 'ਚ ਤੇਜ਼ੀ ਲਿਆਉਣ ਲਈ ਕਿਹਾ*
- *ਪੁਲੀਸ ਕਮਿਸ਼ਨਰਾਂ, ਜ਼ਿਲ੍ਹਾ ਪੁਲਿਸ ਮੁਖੀਆਂ ਤੇ ਉੱਚ ਅਫ਼ਸਰਾਂ ਨਾਲ ਕੀਤੀ ਮੀਟਿੰਗ*

ਚੰਡੀਗੜ੍ਹ : ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਇੱਥੇ ਸੂਬੇ ਦੇ ਸੀਨੀਅਰ ਪੁਲੀਸ ਅਧਿਕਾਰੀਆਂ, ਪੁਲੀਸ ਕਮਿਸ਼ਨਰਾਂ ਤੇ ਜ਼ਿਲ੍ਹਾ ਪੁਲੀਸ ਮੁਖੀਆਂ ਨਾਲ ਮੀਟਿੰਗ ਦੌਰਾਨ ਨਸ਼ਿਆਂ ਖ਼ ?ਲਾਫ਼ ਲੜਾਈ ਨੂੰ ਅੰਜਾਮ ਤੱਕ ਲਿਜਾਣ ਦੇ ਆਦੇਸ਼ ਦਿੱਤੇ। ਮੁੱਖ ਮੰਤਰੀ ਨੇ ਅਧਿਕਾਰੀਆਂ ਨੂੰ ਨਸ਼ਿਆਂ ਖ਼ਿਲਾਫ਼ ਕਿਸੇ ਤਰ੍ਹਾਂ ਦਾ ਲਿਹਾਜ਼ ਨਾ ਵਰਤਣ ਦੀ ਨੀਤੀ ਨੂੰ ਮੁਕੰਮਲ ਤੌਰ ਉਤੇ ਲਾਗੂ ਕਰਨ ਲਈ ਆਖਿਆ। ਮੁੱਖ ਮੰਤਰੀ ਨੇ ਦਾਅਵਾ ਕੀਤਾ ਕਿ ਪੰਜਾਬ ਪੁਲੀਸ ਨੇ ਨਸ਼ਿਆਂ ਦੀ ਸਪਲਾਈ ਲਾਈਨ ਨੂੰ ਪਹਿਲਾਂ ਹੀ ਤੋੜ ਦਿੱਤਾ ਹੈ ਅਤੇ ਵੱਡੇ ਨਸ਼ਾ ਤਸਕਰਾਂ ਨੂੰ ਜੇਲ੍ਹ 'ਚ ਡੱਕਿਆ ਗਿਆ ਹੈ।



ਮੁੱਖ ਮੰਤਰੀ ਨੇ ਕਿਹਾ ਕਿ ਪੁਲੀਸ ਨੂੰ ਤਸਕਰਾਂ ਵੱਲੋਂ ਨਸ਼ਾ ਤਸਕਰੀ ਦੇ ਪੈਸੇ ਨਾਲ ਬਣਾਈ ਜਾਇਦਾਦ ਜ਼ਬਤ ਕਰਨ ਦੀ ਪ੍ਰਕਿਰਿਆ ਵਿੱਚ ਤੇਜ਼ੀ ਲਿਆਉਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਪੁਲੀਸ ਅਧਿਕਾਰੀਆਂ ਨੂੰ ਬਿਨਾਂ ਕਿਸੇ ਦਬਾਅ ਦੇ ਦਲੇਰੀ ਨਾਲ ਕੰਮ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਨਸ਼ਿਆਂ ਖ਼ਿਲਾਫ਼ ਫੈਸਲਾਕੁਨ ਜੰਗ ਵਿੱਢੀ ਹੋਈ ਹੈ ਅਤੇ ਸੂਬੇ ਵਿੱਚੋਂ ਇਸ ਲਾਹਣਤ ਦਾ ਖੁਰਾ-ਖੋਜ ਮਿਟਾ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਸੂਬੇ ਦੀ ਅਮਨ-ਕਾਨੂੰਨ ਦੀ ਵਿਵਸਥਾ ਉਤੇ ਪਹਿਰਾ ਦੇਣਾ ਪੁਲੀਸ ਅਫਸਰਾਂ ਦੀ ਤਰਜੀਹ ਹੋਣੀ ਚਾਹੀਦੀ ਹੈ। ਭਗਵੰਤ ਮਾਨ ਨੇ ਕਿਹਾ ਕਿ ਸੰਗਠਿਤ ਅਪਰਾਧ ਵਿਰੁੱਧ ਸਖ਼ਤ ਕਾਰਵਾਈ ਤੇ ਫਿਰੌਤੀ ਦੇ ਮਾਮਲੇ ਰੋਕਣ ਤੇ ਸੁਲਝਾਉਣ ਉਤੇ ਵਧੇਰੇ ਧਿਆਨ ਦਿੱਤਾ ਜਾਵੇ। ਜ਼ਿਲ੍ਹਾ ਪੁਲੀਸ ਮੁਖੀਆਂ ਨੂੰ ਜ਼ਿਲ੍ਹਿਆਂ ਦੇ ਦੌਰੇ ਕਰਨ ਦੇ ਆਦੇਸ਼ ਦਿੰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਅਧਿਕਾਰੀਆਂ ਨੂੰ ਲੋਕਾਂ ਵਿੱਚ ਜਾ ਕੇ ਮਸਲੇ ਸੁਲਝਾਉਣ ਚਾਹੀਦੇ ਹਨ।

ਮੁੱਖ ਮੰਤਰੀ ਨੇ ਅਧਿਕਾਰੀਆਂ ਨੂੰ ਸੂਬੇ ਭਰ ਦੇ ਭੀੜ-ਭੜੱਕੇ ਵਾਲੇ ਇਲਾਕਿਆਂ ਤੇ ਖਾਸ ਕਰਕੇ ਬਾਜ਼ਾਰਾਂ 'ਚ ਚੌਕਸੀ ਵਧਾਉਣ ਲਈ ਵੀ ਕਿਹਾ। ਉਨ੍ਹਾਂ ਕਿਹਾ ਕਿ ਸਮਾਜ ਵਿਰੋਧੀ ਅਨਸਰਾਂ ਅਤੇ ਦੁਸ਼ਮਣ ਤਾਕਤਾਂ ਨੂੰ ਨੱਥ ਪਾ ਕੇ ਸੂਬੇ ਦੀ ਅਮਨ-ਸਾਂਤੀ ਕਾਇਮ ਰੱਖਣਾ ਸਮੇਂ ਦੀ ਲੋੜ ਹੈ। ਉਨ੍ਹਾਂ ਸਪੱਸ਼ਟ ਸ਼ਬਦਾਂ ਵਿੱਚ ਕਿਹਾ ਕਿ ਕਿਸੇ ਨੂੰ ਵੀ ਕਾਨੂੰਨ ਆਪਣੇ ਹੱਥ ਵਿੱਚ ਲੈਣ ਦੀ ਇਜਾਜ਼ਤ ਨਹੀਂ ਦਿੱਤੀ ਜਾਣੀ ਚਾਹੀਦੀ। ਮੁੱਖ ਮੰਤਰੀ ਨੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਜੇਕਰ ਉਨ੍ਹਾਂ ਦੇ ਅਧਿਕਾਰ ਖੇਤਰ ਵਾਲੇ ਇਲਾਕਿਆਂ ਵਿੱਚ ਕਿਸੇ ਤਰ੍ਹਾਂ ਦੀ ਗੈਰ-ਕਾਨੂੰਨੀ ਮਾਈਨਿੰਗ ਹੈ ਤਾਂ ਉਸ ਨੂੰ ਤੁਰੰਤ ਰੋਕਿਆ ਜਾਵੇ।

### ਜੇਲ੍ਹਾਂ 'ਚ ਮੋਬਾਈਲ ਫੋਨਾਂ ਦੀ ਵਰਤੋਂ ਦਾ ਲਿਆ ਨੋਟਿਸ

ਮੁੱਖ ਮੰਤਰੀ ਭਗਵੰਤ ਮਾਨ ਨੇ ਜੇਲ੍ਹਾਂ ਵਿੱਚ ਮੋਬਾਈਲ ਫੋਨਾਂ ਦੀ ਵਰਤੋਂ ਸਬੰਧੀ ਰਿਪੋਰਟਾਂ ਦਾ ਨੋਟਿਸ ਲੈਂਦਿਆਂ ਅਧਿਕਾਰੀਆਂ ਨੂੰ ਇਸ ਗੈਰ-ਕਾਨੂੰਨੀ ਗਤੀਵਿਧੀ ਨੂੰ ਤੁਰੰਤ ਰੋਕਣ ਲਈ ਆਖਿਆ। ਉਨ੍ਹਾਂ ਸਪੱਸ਼ਟ ਕਿਹਾ ਕਿ ਜੇਲ੍ਹ ਸਟਾਫ ਅਤੇ ਪੁਲੀਸ ਵੱਲੋਂ ਅਜਿਹੀ ਢਿੱਲ-ਮੱਠ ਅਣਉਚਿਤ ਅਤੇ ਸਹਿਣਯੋਗ ਨਹੀਂ ਹੈ। ਉਨ੍ਹਾਂ ਅਧਿਕਾਰੀਆਂ ਨੂੰ ਕਿਹਾ ਕਿ ਅਜਿਹੀ ਗਤੀਵਿਧੀ ਵਿੱਚ ਸ਼ਾਮਲ ਕਿਸੇ ਵੀ ਵਿਅਕਤੀ ਵਿਰੁੱਧ ਸਖਤ ਕਾਰਵਾਈ ਕੀਤੀ ਜਾਵੇ ਅਤੇ ਇਸ ਕੁਤਾਹੀ ਲਈ ਜ਼ਿੰਮੇਵਾਰ ਸਟਾਫ ਜਾਂ ਅਧਿਕਾਰੀ ਖ਼ਿਲਾਫ਼ ਵੀ ਲੋੜੀਂਦੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ।

# ਰਾਜਸਥਾਨ: ਕਰਨੀ ਸੈਨਾ ਦੇ ਮੁਖੀ ਦੀ ਗੋਲੀ ਮਾਰ ਕੇ ਹੱਤਿਆ

*ਗੋਲੀਬਾਰੀ 'ਚ ਇਕ ਹਮਲਾਵਰ ਦੀ ਮੌਤ; ਸਮਰਥਕਾਂ ਨੇ ਸੜਕ 'ਤੇ ਲਗਾਇਆ ਜਾਮ*

ਜੈਪੁਰ : ਇਥੇ ਸੱਜੇ ਪੱਖੀ ਸਮੂਹ ਸ੍ਰੀ ਰਾਸ਼ਟਰੀ ਰਾਜਪੂਤ ਕਰਨੀ ਸੈਨਾ ਦੇ ਮੁਖੀ ਸੁਖਦੇਵ ਸਿੰਘ ਗੋਗਾਮੇਡੀ ਦੀ ਇਥੇ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ। ਪੁਲੀਸ ਨੇ ਦੱਸਿਆ ਕਿ ਮੰਗਲਵਾਰ ਨੂੰ ਤਿੰਨ ਹਥਿਆਰਬੰਦ ਵਿਅਕਤੀਆਂ ਨੇ ਸੁਖਦੇਵ ਸਿੰਘ ਗੋਗਾਮੇਡੀ ਦੇ ਘਰ 'ਤੇ ਗੋਲੀਆਂ ਚਲਾ ਦਿੱਤੀਆਂ ਜਿਨ੍ਹਾਂ 'ਚੋਂ ਇਕ ਦੀ ਜਵਾਬੀ ਗੋਲੀਬਾਰੀ 'ਚ ਮੌਤ ਹੋ ਗਈ। ਜਵਾਬੀ ਗੋਲੀਬਾਰੀ 'ਚ ਗੋਗਾਮੇਡੀ ਦੇ ਸੁਰੱਖਿਆ ਕਰਮੀਆਂ 'ਚੋਂ ਇਕ ਦੇ ਗੋਲੀਆਂ ਲੱਗੀਆਂ ਜਿਸ ਕਾਰਨ ਉਹ ਜ਼ਖ਼ਮੀ ਹੋ ਗਿਆ। ਸਾਰੀ ਘਟਨਾ ਸੀਸੀਟੀਵੀ 'ਚ ਕੈਦ ਹੋ ਗਈ।





ਗੋਗਾਮੇਡੀ ਨੂੰ ਸ੍ਰੀ ਰਾਜਪੂਤ ਕਰਨੀ ਸੈਨਾ ਦੇ ਸੰਸਥਾਪਕ ਲੋਕੇਂਦਰ ਸਿੰਘ ਕਾਲਵੀ ਨਾਲ ਮਤਭੇਦਾਂ ਮਗਰੋਂ 2015 ਸੰਗਠਨ 'ਚੋਂ ਕੱਢ ਦਿੱਤਾ ਗਿਆ ਸੀ ਜਿਸ ਤੋਂ ਬਾਅਦ ਗੋਗਾਮੇਡੀ ਨੇ ਸ਼੍ਰੀ ਰਾਸ਼ਟਰੀ ਰਾਜਪੂਤ ਕਰਨੀ ਸੈਨਾ ਦਾ ਗਠਨ ਕੀਤਾ। ਇਨ੍ਹਾਂ ਦੋਵਾਂ ਸੰਗਠਨਾਂ ਨੇ ਰਾਜਪੂਤ ਭਾਈਚਾਰੇ ਬਾਰੇ ਇਤਿਹਾਸਕ ਤੱਥਾਂ ਨੂੰ ਕਥਿਤ ਤੌਰ 'ਤੇ ਤੋੜ-ਮਰੋੜ ਕੇ ਪੇਸ਼ ਕਰਨ 'ਤੇ 2018 ਵਿੱਚ ਫਿਲਮ 'ਪਦਮਾਵਤ' ਦਾ ਵਿਰੋਧ ਕੀਤਾ ਸੀ ਜਿਸ 'ਚ ਅਦਾਕਾਰਾ ਦੀਪਿਕਾ ਪਾਦੂਕੋਨ ਅਹਿਮ ਭੂਮਿਕਾ ਨਿਭਾਈ ਸੀ। ਜੈਪੁਰ ਦੇ ਪੁਲੀਸ ਕਮਿਸ਼ਨਰ ਬੀਜੂ ਜਾਰਜ ਜੋਸੇਫ ਨੇ ਦੱਸਿਆ, "ਤਿੰਨ ਵਿਅਕਤੀ ਗੋਗਾਮੇਡੀ ਦੇ ਘਰ ਗਏ ਅਤੇ ਉਨ੍ਹਾਂ ਦੇ ਸੁਰੱਖਿਆ ਕਰਮੀਆਂ ਨੂੰ ਕਿਹਾ ਕਿ ਉਹ ਉਸ ਨੂੰ ਮਿਲਣਾ ਚਾਹੁੰਦੇ ਹਨ। ਸੁਰੱਖਿਆ ਕਰਮੀ ਉਨ੍ਹਾਂ ਨੂੰ ਅੰਦਰ ਲੈ ਗਏ ਅਤੇ ਉਨ੍ਹਾਂ ਨੇ ਗੋਗਾਮੇਡੀ 'ਤੇ ਗੋਲੀ ਚਲਾਉਣ ਤੋਂ ਪਹਿਲਾਂ 10 ਮਿੰਟ ਤੱਕ ਗੱਲ ਕੀਤੀ।" ਉਨ੍ਹਾਂ ਦੱਸਿਆ ਕਿ ਗੋਲੀਬਾਰੀ ਦੌਰਾਨ ਇੱਕ ਹਮਲਾਵਰ ਦੀ ਮੌਤ ਹੋ ਗਈ ਜਿਸ ਦੀ ਪਛਾਣ ਨਵੀਨ ਸਿੰਘ ਸ਼ੇਖਾਵਤ ਵਜੋਂ ਹੋਈ ਹੈ ਜਦਕਿ ਬਾਕੀ ਦੋ ਸਕੂਟੀ 'ਤੇ ਭੱਜਣ ਵਿੱਚ ਕਾਮਯਾਬ ਹੋ ਗਏ। ਗੋਗਾਮੇਡੀ ਦਾ ਇੱਕ ਸੁਰੱਖਿਆ ਗਾਰਡ ਗੋਲੀਬਾਰੀ ਵਿੱਚ ਜ਼ਖਮੀ ਹੋ ਗਿਆ ਅਤੇ ਉਸ ਨੂੰ ਹਸਪਤਾਲ ਦੇ ਆਈਸੀਯੂ ਵਿੱਚ ਦਾਖਲ ਕਰਵਾਇਆ ਗਿਆ ਹੈ। ਜੋਸਫ਼ ਨੇ ਕਿਹਾ, "ਪੂਰੀ ਘਟਨਾ ਸੀਸੀਟੀਵੀ ਵਿੱਚ ਕੈਦ ਹੋ ਗਈ ਹੈ। ਅਸੀਂ ਬਾਕੀ ਦੋ ਦੋਸ਼ੀਆਂ ਦੀ ਪਛਾਣ ਕਰਨ ਅਤੇ ਉਨ੍ਹਾਂ ਦਾ ਪਤਾ ਲਗਾਉਣ ਦੀ ਕੋਸ਼ਿਸ਼ ਕਰ ਰਹੇ ਹਾਂ। ਕਤਲ ਦੀ ਯੋਜਨਾ ਵਿੱਚ ਸ਼ਾਮਲ ਲੋਕਾਂ ਨੂੰ ਵੀ ਫੜ ਲਿਆ ਜਾਵੇਗਾ।"ਮੁੱਢਲੀ ਜਾਣਕਾਰੀ ਅਨੁਸਾਰ ਸ਼ੇਖਾਵਤ ਦੁਕਾਨ ਚਲਾਉਂਦਾ ਸੀ। ਗੋਗਾਮੇਡੀ 'ਤੇ ਹਮਲੇ ਦੀ ਖਬਰ ਸੁਣਦੇ ਹੀ ਉਨ੍ਹਾਂ ਦੇ ਸਮਰਥਕ ਅਤੇ ਰਾਜਪੂਤ ਭਾਈਚਾਰੇ ਦੇ ਮੈਂਬਰ ਉਨ੍ਹਾਂ ਦੇ ਘਰ ਅਤੇ ਹਸਪਤਾਲ ਪਹੁੰਚਣੇ ਸ਼ੁਰੂ ਹੋ ਗਏ। ਗੋਗਾਮੇਡੀ ਦੇ ਇਕ ਰਿਸ਼ਤੇਦਾਰ ਨੇ ਹਸਪਤਾਲ ਦੇ ਬਾਹਰ ਪੱਤਰਕਾਰਾਂ ਨੂੰ ਦੱਸਿਆ ਕਿ ਉਸ ਨੂੰ ਲੰਬੇ ਸਮੇਂ ਤੋਂ ਧਮਕੀਆਂ ਮਿਲ ਰਹੀਆਂ ਸਨ ਅਤੇ ਹਮਲੇ ਦਾ ਡਰ ਸੀ। ਉਸ ਨੇ ਦਾਅਵਾ ਕੀਤਾ ਕਿ ਪੁਲੀਸ ਨੂੰ ਧਮਕੀਆਂ ਬਾਰੇ ਸੂਚਿਤ ਕੀਤਾ ਗਿਆ ਸੀ। ਗੋਗਾਮੇਡੀ ਦੇ ਸਮਰਥਕਾਂ ਨੇ ਹਸਪਤਾਲ ਦੇ ਬਾਹਰ ਸ਼ਿਪਰਾ ਮਾਰਗ 'ਤੇ ਜਾਮ ਲਗਾ ਦਿੱਤਾ ਅਤੇ ਦੋਸ਼ੀਆਂ ਨੂੰ ਤੁਰੰਤ ਗ੍ਰਿਫਤਾਰ ਕਰਨ ਦੀ ਮੰਗ ਕੀਤੀ।

# ਭਾਰਤੀ ਹਵਾਈ ਸੈਨਾ ਦਾ ਜਹਾਜ਼ ਹਾਦਸਾਗ੍ਰਸਤ, ਦੋ ਪਾਇਲਟਾਂ ਦੀ ਮੌਤ

ਨਵੀਂ ਦਿੱਲੀ: ਹੈਦਰਾਬਾਦ ਨੇੜੇ ਭਾਰਤੀ ਹਵਾਈ ਫੌਜ ਦਾ ਟਰੇਨਰ ਜੈੱਟ ਜਹਾਜ਼ ਹਾਦਸਾਗ੍ਰਸਤ ਹੋਣ ਕਾਰਨ ਦੋ ਪਾਇਲਟਾਂ ਦੀ ਮੌਤ ਹੋ ਗਈ। ਅਧਿਕਾਰੀਆਂ ਨੇ ਦੱਸਿਆ ਕਿ ਭਾਰਤੀ ਹਵਾਈ ਫੌਜ ਨੇ ਘਟਨਾ ਦਾ ਕਾਰਨ ਲੱਭਣ ਲਈ 'ਕੋਰਟ ਆਫ਼ ਇਨਕੁਆਰੀ' ਦੇ ਹੁਕਮ ਦਿੱਤੇ ਹਨ। ਭਾਰਤੀ ਹਵਾਈ ਫੌਜ ਦੇ ਇੱਕ ਅਧਿਕਾਰੀ ਨੇ ਕਿਹਾ ਕਿ ਹੈਦਰਾਬਾਦ ਸਥਿਤ ਹਵਾਈ ਫੌਜ ਅਕੈਡਮੀ ਵਿੱਚ ਆਮ ਉਡਾਣ ਵਾਂਗ ਇੱਕ ਪਿਲਾਟਸ ਪੀਸੀ 7 ਐੱਮਕੇ 99 ਜਹਾਜ਼ ਅੱਜ ਸਵੇਰੇ ਹਾਦਸਾਗ੍ਰਸਤ ਹੋ ਗਿਆ। ਉਨ੍ਹਾਂ ਕਿਹਾ ਕਿ ਭਾਰਤੀ ਹਵਾਈ ਫੌਜ ਬੜੇ ਦੁੱਖ ਨਾਲ ਇਸ ਦੀ ਪੁਸ਼ਟੀ ਕਰਦੀ ਹੈ ਕਿ ਜਹਾਜ਼ ਵਿੱਚ ਸਵਾਰ




ਦੋਵਾਂ ਪਾਇਲਟਾਂ ਦੀ ਹਾਦਸੇ ਦੌਰਾਨ ਮੌਤ ਹੋ ਗਈ ਹੈ। ਸਵਿਟਜ਼ਰਲੈਂਡ ਵਿੱਚ ਡਿਜ਼ਾਈਨ ਕੀਤੇ ਅਤੇ ਬਣੇ ਇਸ ਜਹਾਜ਼ ਪੀਸੀ-7 ਐੱਮਕੇ 99 ਨਾਲ ਜੁੜੀ ਇਹ ਪਹਿਲੀ ਘਟਨਾ ਹੈ। ਇਸ ਦੌਰਾਨ ਆਮ ਲੋਕਾਂ ਤੇ ਜਾਇਦਾਦ ਦੇ ਨੁਕਸਾਨ ਤੋਂ ਬਚਾਅ ਰਿਹਾ। ਰੱਖਿਆ ਮੰਤਰੀ ਨੇ ਐਕਸ 'ਤੇ ਦੋਵਾਂ ਪਾਇਲਟਾਂ ਦੀ ਮੌਤ 'ਤੇ ਦੁੱਖ ਪ੍ਰਗਟਾਇਆ ਹੈ।

# ਭਾਰਤ ਤੇ ਕੀਨੀਆ ਵਿਚਾਲੇ ਪੰਜ ਸਮਝੌਤੇ ਸਹੀਬੱਧ

ਨਵੀਂ ਦਿੱਲੀ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਭਾਰਤ ਦੇ ਦੌਰੇ 'ਤੇ ਆਏ ਕੀਨੀਆ ਦੇ ਰਾਸ਼ਟਰਪਤੀ ਵਿਲੀਅਮ ਸਮੋਈ ਰੂਟੋ ਨਾਲ ਗੱਲਬਾਤ ਤੋਂ ਬਾਅਦ ਅੱਜ ਰੱਖਿਆ, ਵਪਾਰ, ਊਰਜਾ ਅਤੇ ਸਿਹਤ ਸੰਭਾਲ ਦੇ ਖੇਤਰਾਂ ਵਿੱਚ ਦੁਵੱਲੇ ਸਬੰਧਾਂ ਨੂੰ ਮਜ਼ਬੂਤ ਕਰਨ ਲਈ ਸਹਿਮਤੀ ਜਤਾਉਂਦਿਆਂ ਕੀਨੀਆ ਨੂੰ ਉਸ ਦੇ ਖੇਤੀਬਾੜੀ ਸੈਕਟਰ ਦੇ ਆਧੁਨਿਕੀਕਰਨ ਲਈ 250 ਕਰੋੜ ਡਾਲਰ ਦਾ ਕਰਜ਼ਾ ਦੇਣ ਦੇ ਭਾਰਤ ਦੇ ਫੈਸਲੇ ਦਾ ਐਲਾਨ ਕੀਤਾ ਹੈ। ਇਸ ਦੌਰਾਨ ਦੋਵਾਂ ਦੇਸ਼ਾਂ ਦੇ ਆਗੂਆਂ ਨੇ ਖੇਡਾਂ, ਸਿੱਖਿਆ ਅਤੇ ਡਿਜੀਟਲ ਖੇਤਰ ਵਿੱਚ ਸਹਿਯੋਗ ਲਈ ਪੰਜ ਸਮਝੌਤੇ ਸਹੀਬੱਧ ਕੀਤੇ। ਰੂਟੋ ਬੀਤੇ ਦਿਨ ਦੋਵਾਂ ਦੇਸ਼ਾਂ ਵਿਚਾਲੇ ਦੁਵੱਲੇ ਸਬੰਧ ਵਧਾਉਣ ਦੇ ਉਦੇਸ਼ ਨਾਲ ਤਿੰਨ ਰੋਜ਼ਾ ਦੌਰੇ 'ਤੇ ਇੱਥੇ ਪਹੁੰਚੇ ਸਨ। ਮੋਦੀ ਨੇ ਗੱਲਬਾਤ ਤੋਂ ਬਾਅਦ ਮੀਡੀਆ ਨੂੰ ਜਾਰੀ ਬਿਆਨ 'ਚ ਕਿਹਾ ਕਿ ਆਪਣੀ ਵਿਦੇਸ਼ ਨੀਤੀ ਵਿੱਚ ਭਾਰਤ ਨੇ ਹਮੇਸ਼ਾ ਅਫ਼ਰੀਕਾ ਨੂੰ ਤਰਜੀਹ ਦਿੱਤੀ ਹੈ। ਉਨ੍ਹਾਂ ਕਿਹਾ, "ਮੈਨੂੰ ਭਰੋਸਾ ਹੈ ਕਿ ਰਾਸ਼ਟਰਪਤੀ ਰੂਟੋ ਦਾ ਭਾਰਤ ਦੌਰਾ ਨਾ ਸਿਰਫ਼ ਦੁਵੱਲੇ ਸਬੰਧਾਂ ਨੂੰ ਮਜ਼ਬੂਤ ਕਰੇਗਾ ਸਗੋਂ ਅਫ਼ਰੀਕਾ ਨਾਲ ਸਾਡੇ ਸਬੰਧਾਂ ਨੂੰ ਵੀ ਹੁਲਾਰਾ ਦੇਵੇਗਾ।"

**ਕੀਨੀਆ 'ਚ ਲਾਪਤਾ ਹੋਏ ਭਾਰਤੀ ਨਾਗਰਿਕਾਂ ਦਾ ਮੁੱਦਾ ਉਠਾਇਆ :** ਭਾਰਤ ਨੇ ਅੱਜ ਕੀਨੀਆ ਕੋਲ ਪਿਛਲੇ ਸਾਲ ਜੁਲਾਈ 'ਚ ਪੂਰਬੀ ਅਫਰੀਕੀ ਦੇਸ਼ ਤੋਂ ਲਾਪਤਾ ਹੋਏ ਦੋ ਭਾਰਤੀ ਨਾਗਰਿਕਾਂ ਦਾ ਮੁੱਦਾ ਉਠਾਇਆ। ਰਿਪੋਰਟਾਂ ਅਨੁਸਾਰ ਜ਼ੁਲਫਿਕਾਰ ਅਹਿਮਦ ਖਾਨ ਅਤੇ ਜ਼ੈਦ ਸਾਮੀ ਕਿਦਵਈ ਨੂੰ ਅਗਵਾ ਕਰ ਲਿਆ ਗਿਆ ਹੈ। ਅਧਿਕਾਰੀਆਂ ਨੇ ਦੱਸਿਆ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਕੀਨੀਆ ਦੇ ਰਾਸ਼ਟਰਪਤੀ ਵਿਲੀਅਮ ਸਮੋਆ ਰੂਟੋ ਵਿਚਾਲੇ ਗੱਲਬਾਤ ਦੌਰਾਨ ਭਾਰਤ ਨੇ ਦੋ ਭਾਰਤੀਆਂ ਦੇ ਲਾਪਤਾ ਹੋਣ 'ਤੇ ਚਿੰਤਾ ਪ੍ਰਗਟਾਈ ਹੈ। ਕੀਨੀਆ ਵਿੱਚ ਭਾਰਤੀ ਹਾਈ ਕਮਿਸ਼ਨਰ ਨਾਮਗਿਆ ਖੰਪਾ ਨੇ ਕਿਹਾ ਕਿ ਮਿਸ਼ਨ ਪੂਰੇ ਘਟਨਾਕ੍ਰਮ 'ਤੇ ਨਜ਼ਰ ਰੱਖ ਰਿਹਾ ਹੈ ਅਤੇ ਕੀਨੀਆ ਵਿੱਚ ਅਧਿਕਾਰੀਆਂ ਦੇ ਸੰਪਰਕ 'ਚ ਹੈ।



# ਚੋਣਾਂ 'ਚ ਹਾਰ ਦਾ ਗੁੱਸਾ ਸੰਸਦ ਅੰਦਰ ਨਾ ਕੱਢਿਆ ਜਾਵੇ: ਮੋਦੀ

### *ਪ੍ਰਧਾਨ ਮੰਤਰੀ ਨੇ ਵਿਰੋਧੀ ਧਿਰ ਨੂੰ ਨਾਂਹ-ਪੱਖੀ ਵਿਚਾਰ ਛੱਡ ਕੇ ਹਾਂ-ਪੱਖੀ ਰਵੱਈਆ ਅਪਣਾਉਣ ਲਈ ਕਿਹਾ*



ਨਵੀਂ ਦਿੱਲੀ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵਿਰੋਧੀ ਪਾਰਟੀਆਂ ਨੂੰ ਅਪੀਲ ਕੀਤੀ ਕਿ ਉਹ ਸੰਸਦ ਦੇ ਸਰਦ ਰੁੱਤ ਇਜਲਾਸ ਦੌਰਾਨ ਵਿਧਾਨ ਸਭਾ ਚੋਣਾਂ ਵਿਚ ਹੋਈ ਹਾਰ ਦਾ ਗੁੱਸਾ ਨਾ ਕੱਢਣ, ਸਗੋਂ ਉਹ ਇਸ ਤੋਂ ਸਬਕ ਲੈ ਕੇ ਨਾਂਹ-ਪੱਖੀ ਵਿਚਾਰਾਂ ਨੂੰ ਛੱਡ ਕੇ ਸਕਾਰਾਤਮਕ ਰਵੱਈਏ ਨਾਲ ਅੱਗੇ ਵਧਣ। ਇਜਲਾਸ ਦੇ ਪਹਿਲੇ ਦਿਨ ਮੀਡੀਆ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਮੰਤਰੀ ਨੇ ਇਹ ਵੀ ਕਿਹਾ ਕਿ ਜੇ ਵਿਰੋਧੀ ਪਾਰਟੀਆਂ ਵਿਰੋਧ ਖਾਤਰ ਵਿਰੋਧ ਪ੍ਰਦਰਸ਼ਨ ਦਾ ਤਰੀਕਾ ਛੱਡ ਦੇਣ ਅਤੇ ਦੇਸ਼ ਹਿੱਤ ਵਿੱਚ ਸਾਰਥਕ ਗੱਲਾਂ ਦਾ ਸਮਰਥਨ ਕਰਨ ਤਾਂ ਦੇਸ਼ ਵਿੱਚ ਅੱਜ ਉਨ੍ਹਾਂ ਪ੍ਰਤੀ ਜੋ ਨਫ਼ਰਤ ਹੈ, ਉਹ ਪਿਆਰ ਵਿੱਚ ਬਦਲ ਸਕਦੀ ਹੈ। 'ਵਿਰੋਧੀ ਧਿਰ ਲਈ ਇਹ ਸੁਨਹਿਰਾ ਮੌਕਾ ਹੈ। ਦੇਸ਼ ਨੇ ਨਕਾਰਾਤਮਕਤਾ ਨੂੰ ਨਕਾਰ ਦਿੱਤਾ ਹੈ। ਅਸੀਂ ਇਜਲਾਸ ਦੀ ਸ਼ੁਰੂਆਤ 'ਤੇ ਹਮੇਸ਼ਾ ਆਪਣੇ ਵਿਰੋਧੀ ਮਿੱਤਰਾਂ ਨਾਲ ਗੱਲਬਾਤ ਕਰਦੇ ਹਾਂ। ਅਸੀਂ ਹਰ ਕਿਸੇ ਤੋਂ ਹਮੇਸ਼ਾ ਸਹਿਯੋਗ ਦੀ ਤਵੱਕੋ ਰੱਖਦੇ ਹਾਂ।' ਮੋਦੀ ਨੇ ਕਿਹਾ ਕਿ 'ਲੋਕਤੰਤਰ ਦਾ ਮੰਦਰ' ਵਿਕਸਤ ਭਾਰਤ ਦੀ ਨੀਂਹ ਮਜ਼ਬੂਤ ਕਰਨ ਦਾ ਬਹੁਤ ਹੀ ਅਹਿਮ ਮੰਚ ਹੈ। ਉਨ੍ਹਾਂ ਸਾਰੇ ਮੈਂਬਰਾਂ ਨੂੰ ਪੂਰੀ ਤਰ੍ਹਾਂ ਤਿਆਰ ਹੋ ਕੇ ਆਉਣ ਦੀ ਅਪੀਲ ਕੀਤੀ ਤਾਂ ਜੋ ਬਿੱਲਾਂ 'ਤੇ ਖੁੱਲ੍ਹ ਕੇ ਬਹਿਸ ਹੋ ਸਕੇ ਤੇ ਉਨ੍ਹਾਂ ਵੱਲੋਂ ਦਿੱਤੇ ਸੁਝਾਵਾਂ ਨੂੰ ਲਾਗੂ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਲੋਕਤੰਤਰ 'ਚ ਵਿਰੋਧੀ ਧਿਰ ਦੀ ਭੂਮਿਕਾ ਅਹਿਮ ਹੁੰਦੀ ਹੈ ਤੇ ਉਸ ਨੂੰ ਵੀ ਯੋਗ ਹੋਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸੰਸਦ ਦੇ ਨਵੇਂ ਭਵਨ 'ਚ ਕਈ ਖਾਮੀਆਂ ਹੋ ਸਕਦੀਆਂ ਹਨ ਤੇ ਉਪ ਰਾਸ਼ਟਰਪਤੀ ਤੇ ਸਪੀਕਰ ਉਨ੍ਹਾਂ ਨੂੰ ਠੀਕ ਕਰਾਉਣ ਵੱਲ ਜ਼ਰੂਰ ਧਿਆਨ ਦੇਣਗੇ।

# ਸਰਕਾਰ ਹਥਿਆਰਬੰਦ ਬਲਾਂ 'ਚ ਹੋਰ ਔਰਤਾਂ ਭਰਤੀ ਕਰੇਗੀ: ਮੋਦੀ

ਮਲਵਾਨ (ਮਹਾਰਾਸ਼ਟਰ) : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਇੱਥੇ ਕਿਹਾ ਕਿ ਸਰਕਾਰ ਹਥਿਆਰਬੰਦ ਬਲਾਂ ਵਿੱਚ ਔਰਤਾਂ ਦੀ ਗਿਣਤੀ ਵਧਾਉਣ ਲਈ ਪ੍ਰਤੀਬੱਧ ਹੈ। ਉਹ ਅੱਜ ਮੁੰਬਈ ਤੋਂ 500 ਕਿਲੋਮੀਟਰ ਦੂਰ ਸਮੁੰਦਰੀ ਕੰਢੇ ਸਥਿਤ ਜ਼ਿਲ੍ਹਾ ਸਿੰਧੂਦੁਰਗ ਦੇ ਕਸਬਾ ਮਲਵਾਨ ਵਿੱਚ ਜਲ ਸੈਨਾ ਦਿਵਸ ਮੌਕੇ ਸਮਾਗਮ ਨੂੰ ਸੰਬੋਧਨ ਕਰ ਰਹੇ ਸਨ।

ਉਨ੍ਹਾਂ ਕਿਹਾ ਕਿ ਅਸੀਂ ਹਥਿਆਰਬੰਦ ਬਲਾਂ ਵਿੱਚ ਔਰਤਾਂ ਦੀ ਗਿਣਤੀ ਵਧਾਉਣ 'ਤੇ ਜ਼ੋਰ ਦੇ ਰਹੇ ਹਾਂ। ਉਨ੍ਹਾਂ ਕਿਹਾ ਕਿ ਭਾਰਤੀ ਜਲ ਸੈਨਾ ਵਿੱਚ ਰੈਂਕ ਦਾ ਨਾਮ ਭਾਰਤੀ ਸੰਸਕ੍ਰਿਤੀ ਦੇ ਅਨੁਸਾਰ ਰੱਖਿਆ ਜਾਵੇਗਾ। ਉਨ੍ਹਾਂ ਛਤਰਪਤੀ ਸ਼ਿਵਾਜੀ ਮਹਾਰਾਜ ਨੂੰ ਉਨ੍ਹਾਂ ਦੀ ਦੂਰਦ੍ਰਿਸ਼ਟੀ ਅਤੇ ਯੁੱਧ ਰਣਨੀਤੀ ਲਈ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ 17ਵੀਂ ਸਦੀ ਦੇ ਮਰਾਠਾ ਰਾਜਾ ਜਲ ਸੈਨਾ ਦੀ ਤਾਕਤ ਨੂੰ ਜਾਣਦੇ ਸਨ।

ਇਸ ਮੌਕੇ ਉਨ੍ਹਾਂ ਕਿਹਾ ਕਿ ਅੱਜ ਭਾਰਤ ਆਪਣੇ ਲਈ ਵੱਡੇ ਟੀਚੇ ਨਿਰਧਾਰਿਤ ਕਰ ਰਿਹਾ ਹੈ ਅਤੇ ਉਨ੍ਹਾਂ ਟੀਚਿਆਂ ਨੂੰ ਹਾਸਲ ਕਰਨ ਲਈ ਆਪਣੀ ਪੂਰੀ ਤਾਕਤ ਦੀ ਵਰਤੋਂ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਭਾਰਤ ਬੰਦਰਗਾਹ ਆਧਾਰਿਤ ਵਿਕਾਸ 'ਤੇ ਪੂਰਾ ਧਿਆਨ ਦੇ ਰਿਹਾ ਹੈ ਅਤੇ ਮਰਚੈਂਟ ਸ਼ਿਪਿੰਗ ਨੂੰ ਵੀ ਉਤਸ਼ਾਹਿਤ ਕੀਤਾ ਜਾ ਰਿਹਾ ਹੈ। ਜਲ ਸੈਲਾ ਦਿਵਸ ਸਮਾਗਮ ਵਿੱਚ ਸ਼ਾਮਲ ਹੋਣ ਤੋਂ ਪਹਿਲਾਂ ਪ੍ਰਧਾਨ ਮੰਤਰੀ ਨੇ ਰਾਜਕੋਟ ਜ਼ਿਲ੍ਹੇ ਵਿੱਚ ਛਤਰਪਤੀ ਸ਼ਿਵਾਜੀ ਮਹਾਰਾਜ ਦੀ ਮੂਰਤੀ ਤੋਂ ਪਰਦਾ ਹਟਾਇਆ। ਮਗਰੋਂ ਉਨ੍ਹਾਂ ਸਮੁੰਦਰੀ ਤੱਟ 'ਤੇ ਭਾਰਤੀ ਜਲ ਸੈਨਾ ਬੇੜੇ ਅਤੇ ਪਣਡੁੱਬੀਆਂ ਦੀਆਂ ਮਸ਼ਕਾਂ ਦੇਖੀਆਂ।



# ਬਨਵਾਰੀਲਾਲ ਪੁਰੋਹਿਤ ਨੇ ਰਾਜਨਾਥ ਸਿੰਘ ਨਾਲ ਮੁਲਾਕਾਤ ਕੀਤੀ



ਨਵੀਂ ਦਿੱਲੀ : ਪੰਜਾਬ ਦੇ ਰਾਜਪਾਲ ਬਨਵਾਰੀਲਾਲ ਪੁਰੋਹਿਤ ਨੇ ਮੰਗਲਵਾਰ ਨੂੰ ਨਵੀਂ ਦਿੱਲੀ ਵਿਖੇ ਰੱਖਿਆ ਮੰਤਰੀ ਰਾਜਨਾਥ ਸਿੰਘ ਨਾਲ ਮੁਲਾਕਾਤ ਕੀਤੀ।

# ਸਿੱਖ ਪਰਿਵਾਰ ਨੂੰ ਇਨਸਾਫ਼ ਨਾ ਮਿਲਿਆ ਤਾਂ ਭਵਿੱਖ 'ਚ ਪਾਕਿਸਤਾਨ ਜਾਣ ਵਾਲੇ ਸ਼ਰਧਾਲੂਆਂ 'ਚ ਡਰ ਦਾ ਮਾਹੌਲ ਬਣਿਆ ਰਹੇਗਾ; ਪ੍ਰੋ. ਸਰਚਾਂਦ ਸਿੰਘ

ਅੰਮ੍ਰਿਤਸਰ : ਭਾਜਪਾ ਦੇ ਆਗੂਆਂ ਨੇ ਪਾਕਿਸਤਾਨ ਸਰਕਾਰ ਦੀ ਆਲੋਚਨਾ ਕਰਦਿਆਂ ਕਿਹਾ ਕਿ ਭਾਰਤ ਤੋਂ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮਨਾਉਣ ਪਾਕਿਸਤਾਨ ਗਏ ਸਿੱਖ ਪਰਿਵਾਰ ਨੂੰ ਪੁਲੀਸ ਦੀ ਵਰਦੀਧਾਰਕ ਲੁਟੇਰਿਆਂ ਵੱਲੋਂ ਪੰਜਾਬ ਸੂਬੇ ਦੀ ਰਾਜਧਾਨੀ ਲਾਹੌਰ ਦੀ ਸੁਰੱਖਿਅਤ ਬਜ਼ਾਰ ਵਿੱਚ ਹੀ ਲੁੱਟ ਦਾ ਸ਼ਿਕਾਰ ਬਣਾ ਲੈਣ ਦੀ ਘਟਨਾ ਨੇ ਸਾਬਤ ਕੀਤਾ ਹੈ ਕਿ ਪਾਕਿਸਤਾਨ 'ਚ ਧਾਰਮਿਕ ਯਾਤਰਾ 'ਤੇ ਜਾਣ ਵਾਲੇ ਸਿੱਖ ਸ਼ਰਧਾਲੂਆਂ ਦੀ ਸੁਰੱਖਿਆ ਲਈ ਉੱਥੇ ਕੋਈ ਪੁਖ਼ਤਾ ਇੰਤਜ਼ਾਮ ਨਹੀਂ ਕੀਤੇ ਗਏ ਹਨ। ਜਿਸ ਨਾਲ ਪਾਕਿਸਤਾਨ ਦਾ ਰਹਿੰਦ ਖੂੰਹਦ ਅਕਸ ਵੀ ਜਾਂਦਾ ਰਿਹਾ। ਪੰਜਾਬ ਭਾਜਪਾ ਦੇ ਮੀਡੀਆ ਬੁਲਾਰੇ ਪ੍ਰੋ. ਸਰਚਾਂਦ ਸਿੰਘ ਖਿਆਲਾ, ਸਾਬਕਾ ਚੇਅਰਮੈਨ ਗੁਰਪ੍ਰਤਾਪ ਸਿੰਘ ਟਿੱਕਾ, ਸਾਬਕਾ ਸੀਨੀਅਰ ਡਿਪਟੀ ਮੇਅਰ ਅਜੈਬੀਰਪਾਲ ਸਿੰਘ ਰੰਧਾਵਾ, ਭਾਜਪਾ ਐਸੀ ਮੋਰਚੇ ਦੇ ਜਨਰਲ ਸਕੱਤਰ ਹਰਦੀਪ ਸਿੰਘ ਗਿੱਲ, ਭਾਜਪਾ ਓਬੀਸੀ ਦੇ ਜਨਰਲ ਸਕੱਤਰ ਕੰਵਰਬੀਰ ਸਿੰਘ ਮੰਜ਼ਿਲ ਅਤੇ ਜੰਡਿਆਲਾ ਗੁਰੂ ਦੇ ਇੰਚਾਰਜ ਗਗਨਦੀਪ ਸਿੰਘ ਏ ਆਰ ਨੇ ਭਵਿਖ 'ਚ ਅਜਿਹੀ ਮੰਦਭਾਗੀ ਘਟਨਾ ਨਾ ਵਾਪਰੇ ਇਸ ਲਈ ਲੁਟੇਰਿਆਂ ਨੂੰ ਤੁਰੰਤ ਗ੍ਰਿਫ਼ਤਾਰ ਕਰਦਿਆਂ ਸਖ਼ਤ ਸਜ਼ਾਵਾਂ ਦੇਣ ਦੀ ਮੰਗ ਕੀਤੀ ਹੈ। ਇਸ ਮਾਮਲੇ 'ਚ ਅਣਗਹਿਲੀ ਲਈ ਜ਼ਿੰਮੇਵਾਰ ਪੁਲਸ ਕਰਮਚਾਰੀਆਂ ਖ਼ਿਲਾਫ਼ ਬਣਦੀ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਪਾਕਿਸਤਾਨ 'ਚ ਜਿੱਥੇ ਬਾਹਰੋਂ ਆਏ ਮਹਿਮਾਨ ਤੀਰਥ ਯਾਤਰੀ ਵੀ ਸੁਰੱਖਿਅਤ ਨਹੀਂ ਉੱਥੇ ਸਥਾਨਕ ਲੋਕਾਂ ਦੀ ਹਾਲਤ ਦਾ ਅੰਦਾਜ਼ਾ ਸਹਿਜੇ ਹੀ ਲਗਾਇਆ ਜਾ ਸਕਦਾ ਹੈ। ਪਾਕਿਸਤਾਨ 'ਚ ਅਮਨ ਕਾਨੂੰਨ ਦੀ ਹਾਲਤ ਦਿਨ ਬਦਿਨ ਵਿਗੜ ਰਹੀ ਹੈ। ਦਿਨ ਦਿਹਾੜੇ ਪੁਲਸ ਦੀ ਵਰਦੀ ਪਾ ਕੇ ਲੁਟੇਰਿਆਂ ਵੱਲੋਂ ਬੰਦੂਕ ਦੀ ਨੋਕ 'ਤੇ ਨਕਦੀ ਅਤੇ ਗਹਿਣੇ ਲੁੱਟੇ ਜਾ ਰਹੇ ਹਨ। ਸਰਕਾਰ ਅਤੇ ਪ੍ਰਸ਼ਾਸਨ ਬੇਵੱਸ ਹੈ। ਉਨ੍ਹਾਂ ਸਿੱਖ ਸ਼ਰਧਾਲੂਆਂ ਦੀ ਜਾਨ ਮਾਲ ਦੀ ਸੁਰੱਖਿਆ ਯਕੀਨੀ ਬਣਾਉਣ ਦੀ ਲੋੜ 'ਤੇ ਜ਼ੋਰ ਦਿੱਤਾ ਤੇ ਕਿਹਾ ਕਿ ਇਹ ਕਿਵੇਂ ਹੋ ਸਕਦਾ ਹੈ ਕਿ ਲਾਹੌਰ ਦੇ ਗੁਲਬਰਗ ਵਰਗੇ ਇਲਾਕੇ ਦੇ ਲਿਬਰਟੀ ਮਾਰਕੀਟ 'ਚ ਖ਼ਰੀਦਦਾਰੀ ਕਰ ਰਹੇ ਕੰਵਲਜੀਤ ਸਿੰਘ ਅਤੇ ਉਸ ਦੇ ਪਰਿਵਾਰਕ ਮੈਂਬਰਾਂ ਨੂੰ ਪੁਲੀਸ ਵਰਦੀ ਵਿੱਚ ਆਏ ਲੁਟੇਰਿਆਂ ਨੇ ਇੰਨੀ ਆਸਾਨੀ ਨਾਲ ਲੁੱਟ ਲਿਆ ਹੋਵੇ। ਉਨ੍ਹਾਂ ਕਿਹਾ ਇਸ ਕਾਂਡ ਵਿਚ ਪੁਲੀਸ ਪ੍ਰਸ਼ਾਸਨ ਦੀ ਭੂਮਿਕਾ ਬਾਰੇ ਵੀ ਤਹਿਕੀਕਾਤ ਕਰਾਉਣ ਦੀ ਲੋੜ ਹੈ। ਉਨ੍ਹਾਂ ਪਾਕਿਸਤਾਨ ਦੇ ਪੰਜਾਬ ਸੂਬਾ ਸਰਕਾਰ ਦੇ ਕਾਰਜਕਾਰੀ ਮੁੱਖ ਮੰਤਰੀ ਮੋਹਸਿਨ ਨਕਵੀ ਨੂੰ ਪੀੜਤ ਪਰਿਵਾਰ ਨੂੰ ਹੋਏ ਲੱਖਾਂ ਰੁਪਏ ਦੇ ਨੁਕਸਾਨ ਦੀ ਭਰਪਾਈ ਕਰਨ ਲਈ ਵੀ ਕਿਹਾ। ਭਾਜਪਾ ਆਗੂਆਂ ਨੇ ਕਿਹਾ ਕਿ ਤੀਰਥ ਯਾਤਰਾ 'ਤੇ ਗਏ ਸਿੱਖ ਪਰਿਵਾਰ ਨੂੰ ਇਨਸਾਫ਼ ਨਾ ਮਿਲਿਆ ਤਾਂ ਭਵਿਖ 'ਚ ਭਾਰਤ ਤੋਂ ਪਾਕਿਸਤਾਨ ਜਾਣ ਵਾਲੇ ਸ਼ਰਧਾਲੂਆਂ 'ਚ ਡਰ ਦਾ ਮਾਹੌਲ ਬਣਿਆ ਰਹੇਗਾ। ਉਨ੍ਹਾਂ ਪਾਕਿਸਤਾਨ ਗਏ ਸਿੱਖ ਸ਼ਰਧਾਲੂਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣਾ ਲਈ ਕਿਹਾ ਹੈ।



# ਸਾਲ 2018 ਦੌਰਾਨ ਡੇਢ ਲੱਖ ਵਿਦਿਆਰਥੀਆਂ ਨੇ 22 ਅਰਬ 50 ਕਰੋੜ ਰੁਪਏ ਵਿਦੇਸ਼ਾਂ 'ਚ ਪੜ੍ਹਾਈ ਲਈ ਕੀਤੇ ਖ਼ਰਚ

## ਪੰਜਾਬੀ ਬੋਲਦੇ ਬੱਚੇ ਅੰਗਰੇਜ਼ੀ ਸਕੂਲਾਂ 'ਚ ਅਤੇ ਹਿੰਦੀ ਬੋਲਦੇ ਬੱਚੇ ਪੰਜਾਬੀ ਸਕੂਲਾਂ ਵਿਚ ਲੈ ਰਹੇ ਨੇ ਦਾਖ਼ਲੇ

ਚੰਡੀਗੜ੍ਹ : ਪੰਜਾਬ ਵਿਚ ਜੰਮੇ ਬੱਚਿਆਂ ਦਾ ਵਿਦੇਸ਼ਾਂ ਵਲ ਪ੍ਰਵਾਸ ਹੁਣ ਕੋਈ ਲੁਕਿਆ ਛਿਪਿਆ, ਅਣਗੌਲਿਆ ਜਾਂ ਨਵਾਂ ਮੁੱਦਾ ਨਹੀਂ ਰਿਹਾ। ਦਰਅਸਲ ਇਸ ਪ੍ਰਵਾਸ ਦੀਆਂ ਜੜ੍ਹਾਂ ਦੇਸ਼ ਅੰਦਰ ਪਸਰੇ ਆਰਥਕ ਮੰਦਵਾੜੇ, ਅਮਨ ਕਾਨੂੰਨ ਦੀ ਤਰਸਯੋਗ ਹਾਲਤ ਅਤੇ ਬੇਰੁਜ਼ਗਾਰੀ ਵਰਗੇ ਵਿਸ਼ਾਲ ਮਸਲਿਆਂ ਦੀ ਦੇਣ ਹਨ। ਵਿਦੇਸ਼ਾਂ ਵਲ ਇਸ ਪ੍ਰਵਾਸ ਦੀ ਯੋਜਨਾਬੰਦੀ ਵਿਚ ਵਿਦੇਸ਼ ਜਾਣ ਵਾਲੇ ਬੱਚੇ ਦੇ ਸਮੁੱਚੇ ਪ੍ਰਵਾਰ ਦੀ ਹਮੇਸ਼ਾ ਭਰਵੀਂ ਸ਼ਮੂਲੀਅਤ ਹੁੰਦੀ ਹੈ ਕਿਉਂਕਿ ਇਸ ਪ੍ਰਵਾਸ ਨਾਲ ਪ੍ਰਵਾਰ ਦਾ ਭਵਿੱਖ ਅਤੇ ਹੋਣੀ ਜੁੜੀ ਹੁੰਦੀ ਹੈ।

ਬਹੁਗਿਣਤੀ ਬੱਚਿਆਂ ਵਲੋਂ ਵਿਦੇਸ਼ਾਂ ਵਲ ਪ੍ਰਵਾਸ ਦਾ ਰੁਝਾਨ ਬੁਨਿਆਦੀ ਤੌਰ 'ਤੇ ਭਾਵੇਂ ਉੱਚ ਵਿਦਿਆ ਗ੍ਰਹਿਣ ਕਰਨ ਦੇ ਮਨਸੂਬੇ ਤੋਂ ਪ੍ਰੇਰਿਤ ਹੈ ਪਰ ਅਸਲ ਵਿਚ ਇਹ ਪ੍ਰਵਾਸ ਪੱਕੇ ਤੌਰ 'ਤੇ ਸਥਾਪਤੀ ਦਾ ਇਕ ਸਾਧਨ ਬਣ ਚੁਕਾ ਹੈ ਕਿਉਂਕਿ ਬਹੁਤ ਸਾਰੇ ਦੇਸ਼ਾਂ ਦੀਆਂ ਸਰਕਾਰਾਂ ਵਲੋਂ ਵਿਦੇਸ਼ੀ ਵਿਦਿਆਰਥੀਆਂ ਦੀ ਪੜ੍ਹਾਈ ਪੂਰੀ ਹੋ ਜਾਣ ਤੋਂ ਬਾਅਦ ਉਨ੍ਹਾਂ ਨੂੰ ਵਰਕ ਪਰਮਿਟ, ਵਰਕ ਪਰਮਿਟ ਤੋਂ ਬਾਅਦ ਟੀ.ਆਰ. (ਟੈਂਪਰੇਰੀ ਰੈਜੀਡੈਂਸੀ) ਅਤੇ ਉਸ ਤੋਂ ਬਾਅਦ ਪੀ.ਆਰ. (ਪਰਮਾਨੈਂਟ ਰੈਜੀਡੈਂਸੀ) ਵੀ ਦੇ ਦਿਤੀ ਜਾਂਦੀ ਹੈ ਜਿਸ ਦੁਆਰਾ ਉਨ੍ਹਾਂ ਲਈ ਉਸ ਦੇਸ਼ ਵਿਚ ਪੱਕੇ ਤੌਰ 'ਤੇ ਸਥਾਪਤ ਹੋਣ ਦੇ ਮੌਕਿਆਂ ਦੀ ਭਰਮਾਰ ਹੋ ਜਾਂਦੀ ਹੈ।

ਜੇਕਰ ਕੈਨੇਡਾ ਪੜ੍ਹਨ ਜਾ ਰਹੇ ਇਕ ਬੱਚੇ ਦੀ ਪੜ੍ਹਾਈ ਦੇ ਖ਼ਰਚੇ ਸਮੇਤ ਹੋਰ ਢੇਰ ਸਾਰੇ ਸਹਾਇਕ ਖ਼ਰਚਿਆਂ 'ਤੇ ਪੰਛੀ ਝਾਤ ਮਾਰੀ ਜਾਵੇ ਤਾਂ ਪਤਾ ਚਲਦਾ ਹੈ ਕਿ ਉਥੇ ਬੈਚੂਲਰ ਕੋਰਸਾਂ ਵਿਚ ਫ਼ੀਸ 6 ਤੋਂ 12 ਲੱਖ ਰੁਪਏ ਸਾਲਾਨਾ ਹੈ। ਮਾਸਟਰਜ਼ ਲਈ ਫ਼ੀਸ 7 ਤੋਂ 18 ਲੱਖ ਰੁਪਏ ਸਾਲਾਨਾ ਹੈ। ਇਕ ਸਾਲ ਦੇ ਡਿਪਲੋਮੇ ਦੀ ਫ਼ੀਸ ਲਗਭਗ 8 ਲੱਖ 25 ਹਜ਼ਾਰ ਰੁਪਏ ਹੈ। ਡਾਕਟਰੀ ਨਾਲ ਸਬੰਧਤ ਸਹਾਇਕ ਕੋਰਸਾਂ ਲਈ ਫ਼ੀਸ ਦੀ ਦਰ 4 ਤੋਂ 7 ਲੱਖ ਰੁਪਏ ਸਾਲਾਨਾ ਹੈ। ਸਟੂਡੈਂਟ ਵੀਜ਼ਾ ਫ਼ੀਸ ਲਗਭਗ 7800 ਰੁਪਏ ਹੈ। ਕੈਨੇਡਾ ਰਹਿਣ ਦੇ ਖ਼ਰਚੇ ਲਗਭਗ 5 ਲੱਖ 50 ਹਜ਼ਾਰ ਰੁਪਏ ਸਾਲਾਨਾ ਹਨ। ਟਰਾਂਸਪੋਰਟ ਖ਼ਰਚੇ 5 ਤੋਂ 10 ਹਜ਼ਾਰ ਪ੍ਰਤੀ ਮਹੀਨਾ ਹਨ। ਸਿਹਤ ਸੰਭਾਲ ਦਾ ਖ਼ਰਚਾ



15000 ਹਜ਼ਾਰ ਮਹੀਨਾ ਤੋਂ ਕਈ ਲੱਖ ਸਾਲਾਨਾ ਤਕ ਹੋ ਸਕਦਾ ਹੈ।

ਜ਼ਿਕਰਯੋਗ ਹੈ ਕਿ ਪੰਜਾਬ ਦੇ ਪਿੰਡਾਂ ਅਤੇ ਸ਼ਹਿਰਾਂ ਵਿਚ ਪੰਜਾਬੀ ਬੱਚਿਆਂ ਦੀ ਅਣਹੋਂਦ ਜਾਂ ਗ਼ੈਰ ਹਾਜ਼ਰੀ ਕਾਰਨ ਪੰਜਾਬ ਅੰਦਰ ਪ੍ਰਵਾਰਾਂ ਸਮੇਤ ਮਜ਼ਦੂਰੀ ਕਰਨ ਲਈ ਆਏ ਬਿਹਾਰ ਅਤੇ ਯੂ.ਪੀ.ਦੇ ਰਹਿਣ ਵਾਲੇ ਬੱਚੇ ਪੰਜਾਬੀ ਮਾਧਿਅਮ ਵਿਚ ਸਿਖਿਆ ਗ੍ਰਹਿਣ ਕਰ ਰਹੇ ਹਨ। ਪੰਜਾਬੀ ਬੋਲਦੇ ਬੱਚੇ ਅੰਗਰੇਜ਼ੀ ਸਕੂਲਾਂ ਵਿਚ ਅਤੇ ਹਿੰਦੀ ਬੋਲਦੇ ਬੱਚੇ ਪੰਜਾਬੀ ਸਕੂਲਾਂ ਵਿਚ ਪੜ੍ਹ ਰਹੇ ਹਨ। ਪੰਜਾਬ ਦੀ ਇਸ ਤੋਂ ਵੱਡੀ ਬਦਕਿਸਮਤੀ ਹੋਰ ਕੀ ਹੋ ਸਕਦੀ ਹੈ ਕਿ ਉਨ੍ਹਾਂ ਵਲੋਂ ਬਣਾਏ ਮਹਿਲਨੁਮਾ ਘਰਾਂ ਵਿਚ ਹੁਣ ਕਬੂਤਰ ਬੋਲਦੇ ਹਨ।

ਇਸੇ ਤਰ੍ਹਾਂ ਵਿਦੇਸ਼ ਜਾਣ ਤੋਂ ਪਹਿਲਾਂ ਮੈਡੀਕਲ, ਬੀਮਾ ਅਤੇ ਹਵਾਈ ਜਹਾਜ਼ ਦੀ ਟਿਕਟ ਵੀ ਅਲੱਗ ਹੈ ਪਰ ਪੰਜਾਬੀ ਪ੍ਰਵਾਰ ਅਪਣੇ ਬੱਚਿਆਂ ਲਈ ਹਰ ਕੁਰਬਾਨੀ ਦੇਣ ਲਈ ਤਿਆਰ ਅਤੇ ਹਰ ਦੁਸ਼ਵਾਰੀ ਹੱਸ ਕੇ ਸਹਿਣ ਕਰਨ ਦੇ ਆਦੀ ਬਣ ਚੁੱਕੇ ਹਨ ਕਿਉਂਕਿ ਉਨ੍ਹਾਂ ਲਈ ਅਪਣੀ ਔਲਾਦ ਤੋਂ ਉਪਰ ਕੁੱਝ ਵੀ ਨਹੀਂ। ਮੋਟੇ ਜਿਹੇ ਇਕ ਅੰਦਾਜ਼ੇ ਮੁਤਾਬਕ ਇਕ ਬੱਚੇ ਦੀ ਪ੍ਰਤੀ ਸਾਲ ਉਚੇਰੀ ਵਿਦਿਆ 'ਤੇ ਲਗਭਗ 15 ਲੱਖ ਰੁਪਏ ਖ਼ਰਚ ਆਉਂਦਾ ਹੈ। 2018 ਵਿਚ ਪੰਜਾਬ ਤੋਂ 1 ਲੱਖ 50 ਹਜ਼ਾਰ ਬੱਚੇ ਵੱਖ-ਵੱਖ ਦੇਸ਼ਾਂ ਵਿਚ ਉਚੇਰੀ ਵਿਦਿਆ ਲਈ ਗਏ।

ਇਨ੍ਹਾਂ ਵਿਦਿਆਰਥੀਆਂ ਤੇ ਮਾਪਿਆਂ ਵਲੋਂ ਤਕਰੀਬਨ 22 ਅਰਬ 50 ਕਰੋੜ ਰੁਪਏ ਖ਼ਰਚ ਕੀਤੇ ਗਏ। ਪੰਜਾਬ ਦੇ ਇਸ ਵਿਸ਼ਾਲ ਧਨ ਦਾ ਬਾਹਰ ਚਲੇ ਜਾਣ ਨਾਲ ਸੂਬੇ ਦੀ ਅਰਥ ਵਿਵਸਥਾ ਬੁਰੀ ਤਰ੍ਹਾਂ ਗੜਬੜਾ ਗਈ ਹੈ ਕਿਉਂਕਿ ਬੱਚਿਆਂ ਵਲੋਂ ਵਿਦੇਸ਼ਾਂ ਵਿਚ ਕਮਾਇਆ ਧਨ ਹੁਣ ਵਾਪਸ ਪੰਜਾਬ ਨਹੀਂ ਆ ਰਿਹਾ ਸਗੋਂ ਵਿਦੇਸ਼ ਪੜ੍ਹਦੇ ਬੱਚੇ ਉਥੇ ਹੀ ਰੀਅਲ ਅਸਟੇਟ, ਟਰਾਂਸਪੋਰਟ ਜਾਂ ਕੋਠੀਆਂ ਕਾਰਾਂ 'ਤੇ ਹੀ ਖ਼ਰਚ ਕਰ ਰਹੇ ਹਨ।

ਪੰਜਾਬ ਵਿਚ ਵਿਦੇਸ਼ਾਂ ਵਲ ਪ੍ਰਵਾਸ ਕਰਨ ਦਾ ਰੁਝਾਨ ਸੱਭ ਤੋਂ ਪਹਿਲਾਂ ਦੁਆਬੇ ਦੇ ਤਿੰਨ ਜ਼ਿਲ੍ਹਿਆਂ ਜਲੰਧਰ, ਕਪੂਰਥਲਾ ਅਤੇ ਹੁਸ਼ਿਆਰਪੁਰ ਵਿਚ ਸ਼ੁਰੂ ਹੋਇਆ ਜਿਸ ਦਾ ਇਤਿਹਾਸ ਹੁਣ ਲਗਭਗ 75 ਤੋਂ 80 ਸਾਲ ਪੁਰਾਣਾ ਹੋ ਚੁੱਕਾ ਹੈ। ਦੁਆਬਾ ਵਾਸੀ ਹੁਣ ਦੁਨੀਆਂ ਦੇ ਉਂਗਲਾਂ 'ਤੇ ਗਿਣੇ ਜਾਣ ਵਾਲੇ ਕੁੱਝ ਪ੍ਰਮੁੱਖ ਦੇਸ਼ਾਂ ਜਿਵੇਂ ਕੈਨੇਡਾ, ਅਮਰੀਕਾ, ਆਸਟਰੇਲੀਆ, ਇੰਗਲੈਂਡ, ਨਿਊਜ਼ੀਲੈਂਡ, ਜਰਮਨੀ, ਫ਼ਰਾਂਸ ਅਤੇ ਇਟਲੀ ਬਗ਼ੈਰਾ ਦੇਸ਼ਾਂ ਵਿਚ ਅਪਣੇ ਕਾਰੋਬਾਰਾਂ 'ਚ ਅਪਣੀ ਦੂਸਰੀ ਤੀਸਰੀ ਪੀੜ੍ਹੀ ਵਿਚ ਵਿਚਰਦਿਆਂ ਜਿਥੇ ਪੂਰੀ ਤਰ੍ਹਾਂ ਸਫ਼ਲ ਤੇ ਸਥਾਪਤ ਹੋ ਚੁੱਕੇ ਹਨ ਉਥੇ ਉਨ੍ਹਾਂ ਦੀ ਅਣਥੱਕ ਮਿਹਨਤ ਸਦਕਾ ਸਥਾਪਤ ਕੀਤੇ ਵਿਸ਼ਾਲ ਵਪਾਰਕ ਕਾਰੋਬਾਰਾਂ, ਟਰਾਂਸਪੋਰਟਾਂ ਅਤੇ ਕਾਰਖ਼ਾਨਿਆਂ ਵਿਚ ਵਿਦੇਸ਼ੀ ਮੂਲ ਦੇ ਅਨੇਕਾਂ ਗੋਰੇ ਵੀ ਨੌਕਰੀਆਂ ਕਰ ਰਹੇ ਹਨ।

## ਮੁੰਡਿਆਂ ਨੇ ਝੋਨੇ ਦੇ ਖੇਤ ਵਿੱਚ ਚਰ ਰਹੇ ਜੰਗਲੀ ਹਾਥੀਆਂ ਦੇ ਝੁੰਡ ਨੂੰ ਦੇਖਦਿਆ



ਨਾਗਾਓਂ: ਮੁੰਡਿਆਂ ਦਾ ਇੱਕ ਸਮੂਹ ਸੋਮਵਾਰ ਨੂੰ ਨਾਗਾਓਂ ਜ਼ਿਲ੍ਹੇ ਦੇ ਕੋਠੀਆਟੋਲੀ ਵਿੱਚ ਇੱਕ ਝੋਨੇ ਦੇ ਖੇਤ ਵਿੱਚ ਚਰ ਰਹੇ ਜੰਗਲੀ ਹਾਥੀਆਂ ਦੇ ਝੁੰਡ ਨੂੰ ਵੇਖਦਾ ਹੈ।

## 'ਇਨੋ ਯੋਧਾ 2023' ਸਿਰਲੇਖ ਵਾਲੇ ਆਈਡੀਆ ਅਤੇ ਇਨੋਵੇਸ਼ਨ ਮੁਕਾਬਲੇ ਅਤੇ ਸੈਮੀਨਾਰ ਦੌਰਾਨ ਥਲ ਸੈਨਾ ਦੇ ਮੁਖੀ ਜਨਰਲ ਮਨੋਜ ਪਾਂਡੇ



ਨਵੀਂ ਦਿੱਲੀ : ਸੈਨਾ ਮੁਖੀ ਜਨਰਲ ਮਨੋਜ ਪਾਂਡੇ ਨੇ ਨਵੀਂ ਦਿੱਲੀ ਦੇ ਮਾਨੇਕਸ਼ਾ ਸੈਂਟਰ ਵਿਖੇ 'ਇਨੋ ਯੋਧਾ 2023' ਸਿਰਲੇਖ ਵਾਲੇ ਆਈਡੀਆ ਅਤੇ ਇਨੋਵੇਸ਼ਨ ਮੁਕਾਬਲੇ ਅਤੇ ਸੈਮੀਨਾਰ ਦੌਰਾਨ ਗੱਲਬਾਤ ਕਰਦੇ ਹੋਏ।

## ਸ਼੍ਰੀਲੰਕਾਈ ਫੌਜ ਦੇ ਕਮਾਂਡਰ, ਲੈਫਟੀਨੈਂਟ ਜਨਰਲ ਵਿਕ੍ਰਮ ਲਿਆਨਾਗੇ ਨੇ ਗਾਰਡ ਆਫ ਆਨਰ ਦਾ ਨਿਰੀਖਣ ਕੀਤਾ










ਸ੍ਰੀਲੰਕਾ ਦੀ ਸੈਨਾ ਦੇ ਕਮਾਂਡਰ ਲੈਫਟੀਨੈਂਟ ਜਨਰਲ ਵਿਕ੍ਰਮ ਲਿਆਨਾਗੇ ਨੇ ਨਵੀਂ ਦਿੱਲੀ ਵਿੱਚ ਗਾਰਡ ਆਫ਼ ਆਨਰ ਦਾ ਨਿਰੀਖਣ ਕੀਤਾ।

## ਥਲ ਸੈਨਾ ਮੁਖੀ ਜਨਰਲ ਪਾਂਡੇ ਨੇ ਸ਼੍ਰੀਲੰਕਾ ਦੇ ਆਰਮੀ ਕਮਾਂਡਰ ਨਾਲ ਕੀਤੀ ਮੁਲਾਕਾਤ

ਨਵੀਂ ਦਿੱਲੀ: ਥਲ ਸੈਨਾ ਮੁਖੀ ਜਨਰਲ ਮਨੋਜ ਪਾਂਡੇ ਨੇ ਸੋਮਵਾਰ ਨੂੰ ਸ੍ਰੀਲੰਕਾ ਦੀ ਸੈਨਾ ਦੇ ਕਮਾਂਡਰ ਲੈਫਟੀਨੈਂਟ ਜਨਰਲ ਵਿਕ੍ਰਮ ਲਿਯਾਂਗ ਨਾਲ ਵਿਆਪਕ ਗੱਲਬਾਤ ਕੀਤੀ ਜਿਸ ਵਿੱਚ ਚੀਨ ਦੇ ਖੇਤਰ ਵਿੱਚ ਵਧ ਰਹੇ ਫੌਜੀ ਜ਼ੋਰ ਦੇ ਪਿਛੋਕੜ ਵਿੱਚ ਦੁਵੱਲੇ ਫੌਜੀ ਸਬੰਧਾਂ ਨੂੰ ਵਧਾਉਣ 'ਤੇ ਧਿਆਨ ਦਿੱਤਾ ਗਿਆ। ਰੱਖਿਆ ਮੰਤਰਾਲੇ ਨੇ ਕਿਹਾ ਕਿ ਲੈਫਟੀਨੈਂਟ ਜਨਰਲ ਲਿਯਾਂਗ ਦਾ ਭਾਰਤ ਦੌਰਾ ਭਾਰਤ ਅਤੇ ਸ਼੍ਰੀਲੰਕਾ ਦੀਆਂ ਫੌਜਾਂ ਦਰਮਿਆਨ ਲੰਬੇ ਸਮੇਂ ਤੋਂ ਚੱਲ ਰਹੇ ਸਬੰਧਾਂ ਦਾ ਗਵਾਹੀ ਹੈ। ਜਨਰਲ ਪਾਂਡੇ ਨਾਲ ਮੁਲਾਕਾਤ ਕਰਨ ਤੋਂ ਪਹਿਲਾਂ ਲਿਯਾਂਗ ਨੂੰ ਸਾਊਥ ਬਲਾਕ ਦੇ ਲਾਅਨ ਵਿੱਚ ਰਸਮੀ ਗਾਰਡ ਆਫ਼ ਆਨਰ ਦਿੱਤਾ ਗਿਆ।

ਮੰਤਰਾਲੇ ਨੇ ਕਿਹਾ ਕਿ ਉਨ੍ਹਾਂ ਨੇ ਵਿਚਾਰਾਂ ਦਾ ਆਦਾਨ-ਪ੍ਰਦਾਨ ਕੀਤਾ ਅਤੇ ਦੋਵੇਂ ਸੈਨਾਵਾਂ ਵਿਚਕਾਰ ਦੁਵੱਲੇ ਸਹਿਯੋਗ ਨੂੰ ਮਜ਼ਬੂਤ ਕਰਨ ਸਮੇਤ ਵੱਖ-ਵੱਖ ਸਮਕਾਲੀ ਮੁੱਦਿਆਂ 'ਤੇ ਉਸਾਰੂ ਚਰਚਾ ਕੀਤੀ।



# ਕਹਾਣੀਕਾਰਾ ਗੁਰਮੀਤ ਪਨਾਗ ਨਾਲ ਵਿਪਸਾਅ ਕੈਲੀਫ਼ੋਰਨੀਆ ਵੱਲੋਂ ਰੂਬਰੂ



ਮਾਰਟੀਨੇਜ : ਬੀਤੇ ਐਤਵਾਰ ਵਿਸ਼ਵ ਪੰਜਾਬ ਸਾਹਿਤ ਅਕਾਦਮੀ, ਕੈਲੀਫ਼ੋਰਨੀਆ (ਵਿਪਸਾਅ) ਦੇ ਮੈਂਬਰਾਂ ਵੱਲੋਂ ਨਾਮਵਰ ਪੰਜਾਬੀ ਕਨੇਡੀਅਨ ਕਹਾਣੀਕਾਰਾ ਗੁਰਮੀਤ ਪਨਾਗ ਨਾਲ ਰੂਬਰੂ ਕੀਤਾ ਗਿਆ। ਇਹ ਰੂਬਰੂ ਵਿਪਸਾਅ ਪ੍ਰਧਾਨ ਕੁਲਵਿੰਦਰ ਦੇ ਗ੍ਰਹਿ ਵਿਖੇ ਆਯੋਜਿਤ ਕੀਤੀ ਗਈ। ਲਾਜ ਨੀਲਮ ਸੈਣੀ ਅਤੇ ਸੁਖਵਿੰਦਰ ਕੰਬੋਜ ਨੇ ਗੁਰਮੀਤ ਪਨਾਗ ਨਾਲ ਸਭ ਦੀ ਜਾਣ ਪਹਿਚਾਣ ਕਰਵਾਈ। ਕੁਲਵਿੰਦਰ ਨੇ ਆਏ ਮਹਿਮਾਨਾਂ ਅਤੇ ਮੈਂਬਰਾਂ ਨੂੰ ਜੀ ਆਇਆਂ ਕਿਹਾ। ਗੁਰਮੀਤ ਪਨਾਗ ਨੇ ਆਪਣੇ ਸਾਹਿਤਕ ਸਫਰ ਬਾਰੇ ਵਿਸਥਾਰਿਤ ਜਾਣਕਾਰੀ ਹਾਜ਼ਰ ਮੈਂਬਰਾਂ ਨਾਲ ਸਾਂਝੀ ਕੀਤੀ। ਆਪਣੀ ਲਿਖਣ ਪ੍ਰਕਿਰਿਆ ਬਾਰੇ ਬੋਲਦਿਆਂ ਉਹਨਾਂ ਕਿਹਾ ਕਿ ਉਹ ਕਹਾਣੀ ਲਿਖਣ ਤੋਂ ਪਹਿਲਾਂ ਕਹਾਣੀ ਦੇ ਵਿਸ਼ੇ ਅਤੇ ਪਾਤਰਾਂ ਬਾਰੇ ਡੂੰਘੀ ਖੋਜ ਕਰਦੇ ਹਨ ਤਾਂ ਕਿ ਕਹਾਣੀ ਨੂੰ ਯਥਾਰਥ ਦੇ ਨੇੜ੍ਹੇ ਰੱਖਿਆ ਜਾ ਸਕੇ। ਬੇਸ਼ੱਕ ਉਹਨਾਂ ਕਹਾਣੀ 10-12 ਕੁ ਸਾਲ ਪਹਿਲਾਂ ਹੀ ਲਿਖਣੀ ਸ਼ੁਰੂ ਕੀਤੀ ਹੈ, ਉਹਨਾਂ ਨੂੰ ਸਾਹਿਤਕ ਕਿਤਾਬਾਂ ਪੜ੍ਹਨ ਦਾ ਸ਼ੌਕ ਹਮੇਸ਼ਾ ਸੀ। ਉਹਨਾਂ ਦੇ ਪਤੀ ਜੰਗ ਪਨਾਗ ਨੇ ਦੱਸਿਆ ਕਿ ਗੁਰਮੀਤ ਹਮੇਸ਼ਾ ਡਾਇਰੀ ਲਿਖਦੇ ਰਹੇ ਹਨ ਜਿਸ ਵਿੱਚ ਉਹ ਰੋਜ਼ ਮਰਾ ਦੀ ਜ਼ਿੰਦਗੀ ਦੀ ਤਫ਼ਸੀਲ ਲਿਖਦੇ ਰਹਿੰਦੇ ਸਨ, ਇਹ ਇੱਕ ਤਰ੍ਹਾਂ ਨਾਲ ਉਹਨਾਂ ਦਾ ਲਿਖਣ ਦਾ ਅਭਿਆਸ ਸੀ। ਗੁਰਮੀਤ ਪਨਾਗ ਦਾ ਕਹਾਣੀ ਸੰਗ੍ਰਹਿ "ਮੁਰਗ਼ਾਬੀਆਂ "ਪੰਜਾਬੀ ਸਾਹਿਤਕ ਜਗਤ ਵਿੱਚ ਕਾਫੀ ਚਰ-ਚਿਤ ਰਿਹਾ ਹੈ। ਉਹਨਾਂ ਦੀਆਂ ਕਹਾਣੀਆਂ ਮੂਲ ਕਨੇਡੀਅਨਾਂ ਅਤੇ ਇੰਮੀਗਰਾਂਟ ਕਨੇਡੀਅਨਾਂ ਦੇ ਜੀਵਨ ਦੁਆਲੇ ਘੁੰਮਦੀਆਂ ਹਨ ਅਤੇ ਉਹਨਾਂ ਦੀ ਪਹਿਚਾਣ, ਸਮਾਜਕ ਹਾਲਾਤਾਂ ਅਤੇ ਆਰਥਿਕਤਾ ਨਾਲ਼ ਸਬੰਧਿਤ ਸਵਾਲਾਂ ਦੇ ਜਵਾਬ ਲੱਭਣ ਦਾ ਯਤਨ ਹਨ।

ਇਸ ਰੂ-ਬ-ਰੂ ਬੈਠਕ ਵਿੱਚ ਭਾਰਤ ਤੋਂ ਕਵੀ/ਲੇਖਕ ਜਸਵੰਤ ਜ਼ਫ਼ਰ ਅਤੇ ਉਹਨਾਂ ਦੀ ਪਤਨੀ ਬਲਬੀਰ ਕੌਰ ਪੰਧੇਰ ਅਤੇ ਬੇਟੀ ਕੀਰਤ ਪੰਧੇਰ ਵੀ ਹਾਜ਼ਰ ਸਨ। ਸਾਹਿਤਕ ਗੱਲਬਾਤ ਵਿੱਚ ਗੁਲਸ਼ਨ ਦਿਆਲ, ਜਗਜੀਤ ਨੌਸ਼ਹਿਰਵੀ, ਜਸਵੰਤ ਜ਼ਫ਼ਰ, ਸੁਖਵਿੰਦਰ ਕੰਬੋਜ, ਕੁਲਵਿੰਦਰ, ਬਲਜਿੰਦਰ ਸਿੰਘ ਸਵੈਚ, ਤਾਰਾ ਸਾਗਰ ਅਤੇ ਹੋਰ ਦੋਸਤਾਂ ਨੇ ਭਰਪੂਰ ਸ਼ਮੂਲੀਅਤ ਕੀਤੀ।

# ਨਮਾਜ਼ ਅਦਾ ਕਰਨ ਤੋਂ ਬਾਅਦ ਡੀਜੀਪੀ ਜੰਮੂ-ਕਸ਼ਮੀਰ ਆਰਆਰ ਸਵੈਨ ਪੁਲਿਸ ਅਧਿਕਾਰੀਆਂ ਨਾਲ ਕੀਤੀ ਗੱਲਬਾਤ





ਸ੍ਰੀਨਗਰ: ਸ੍ਰੀ ਗੁਰੂ ਨਾਨਕ ਦੇਵ ਜੀ ਦੇ 554ਵੇਂ ਪ੍ਰਕਾਸ਼ ਪੁਰਬ ਮੌਕੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ 554ਵੇਂ ਪ੍ਰਕਾਸ਼ ਪੁਰਬ ਮੌਕੇ ਗੁਰਦੁਆਰਾ ਛੱਤੀ ਪਾਤਸ਼ਾਹੀ ਵਿਖੇ ਅਰਦਾਸ ਕਰਨ ਤੋਂ ਬਾਅਦ ਜੰਮੂ-ਕਸ਼ਮੀਰ ਦੇ ਡੀਜੀਪੀ ਆਰ ਆਰ ਸਵੈਨ ਨੇ ਪੁਲਿਸ ਅਧਿਕਾਰੀਆਂ ਨਾਲ।

# ਸ਼ਰਧਾਲੂਆਂ ਵਲੋਂ ਇਜ਼ਰਾਇਲ-ਫਲਸਤੀਨ ਸੰਘਰਸ਼ ਦੌਰਾਨ ਸ਼ਾਂਤੀ ਫੈਲਾਉਣ ਲਈ ਕੀਤੀ ਆਰਤੀ




ਵਾਰਾਣਸੀ : ਭਾਰਤ ਨੇ ਸੰਯੁਕਤ ਰਾਸ਼ਟਰ ਜਨਰਲ ਅਸੈਂਬਲੀ ਵਿੱਚ ਇੱਕ ਮਤੇ ਦੇ ਪੱਖ ਵਿੱਚ ਵੋਟ ਕੀਤਾ ਜਿਸ ਵਿੱਚ ਕਬਜ਼ੇ ਵਾਲੇ ਫਲਸਤੀਨੀ ਖੇਤਰ ਵਿੱਚ ਇਜ਼ਰਾਈਲੀ ਬੰਦੋਬਸਤ ਗਤੀਵਿਧੀਆਂ ਦੀ ਨਿੰਦਾ ਕੀਤੀ ਗਈ ਹੈ।

ਸੰਯੁਕਤ ਰਾਸ਼ਟਰ ਜਨਰਲ ਅਸੈਂਬਲੀ ਦੀ ਵਿਸ਼ੇਸ਼ ਰਾਜਨੀਤਿਕ ਅਤੇ ਡੀਕੋਲੋਨਾਈਜ਼ੇਸ਼ਨ ਕਮੇਟੀ (ਚੌਥੀ ਕਮੇਟੀ) ਦੁਆਰਾ 'ਪੂਰਬੀ ਯੇਰੂਸ਼ਲਮ ਅਤੇ ਕਬਜ਼ੇ ਵਾਲੇ ਸੀਰੀਅਨ ਗੋਲਾਨ ਸਮੇਤ ਕਬਜ਼ੇ ਵਾਲੇ ਫਲਸਤੀਨੀ ਖੇਤਰ ਵਿੱਚ ਇਜ਼ਰਾਈਲੀ ਬਸਤੀਆਂ' ਸਿਰਲੇਖ ਵਾਲੇ ਖਰੜੇ ਦੇ ਮਤੇ ਨੂੰ 145 ਦੇ ਹੱਕ ਵਿੱਚ ਰਿਕਾਰਡ ਵੋਟ ਨਾਲ ਮਨਜ਼ੂਰੀ ਦਿੱਤੀ ਗਈ, ਵੀਰਵਾਰ ਨੂੰ ਸੱਤ ਵਿਰੁੱਧ ਅਤੇ 18 ਗੈਰਹਾਜ਼ਰ ਰਹੇ।

ਮਤੇ ਦੇ ਵਿਰੁੱਧ ਵੋਟ ਪਾਉਣ ਵਾਲੇ ਕੈਨੇਡਾ, ਹੰਗਰੀ, ਇਜ਼ਰਾਈਲ, ਮਾਰਸ਼ਲ ਆਈਲੈਂਡਜ਼, ਮਾਈਕ੍ਰੋਨੇਸ਼ੀਆ ਦੇ ਸੰਘੀ ਰਾਜ, ਨੌਰੂ ਅਤੇ ਸੰਯੁਕਤ ਰਾਜ ਸਨ।

ਬੰਗਲਾਦੇਸ਼, ਭੂਟਾਨ, ਚੀਨ, ਫਰਾਂਸ, ਜਾਪਾਨ, ਮਲੇਸ਼ੀਆ, ਮਾਲਦੀਵ, ਰੂਸ, ਦੱਖਣੀ ਅਫਰੀਕਾ, ਸ਼੍ਰੀਲੰਕਾ ਅਤੇ ਬ੍ਰਿਟੇਨ ਦੇ ਨਾਲ ਭਾਰਤ ਉਨ੍ਹਾਂ 145 ਦੇਸ਼ਾਂ ਵਿੱਚ ਸ਼ਾਮਲ ਸੀ ਜਿਨ੍ਹਾਂ ਨੇ ਮਤੇ ਦੇ ਹੱਕ ਵਿੱਚ ਵੋਟ ਦਿੱਤੀ।

ਮਤੇ ਦੀਆਂ ਸ਼ਰਤਾਂ ਦੁਆਰਾ, ਅਸੈਂਬਲੀ ਪੂਰਬੀ ਯੇਰੂਸ਼ਲਮ ਸਮੇਤ ਕਬਜ਼ੇ ਵਾਲੇ ਫਲਸਤੀਨੀ ਖੇਤਰ ਵਿੱਚ ਅਤੇ ਕਬਜ਼ੇ ਵਾਲੇ ਸੀਰੀਆ ਦੇ ਗੋਲਾਨ ਵਿੱਚ ਬੰਦੋਬਸਤ ਗਤੀਵਿਧੀਆਂ ਅਤੇ ਜ਼ਮੀਨ ਦੀ ਜ਼ਬਤ, ਸੁਰੱਖਿਅਤ ਵਿਅਕਤੀਆਂ ਦੀ ਰੋਜ਼ੀ-ਰੋਟੀ ਵਿੱਚ ਵਿਘਨ, ਜਬਰੀ ਤਬਾਦਲੇ ਨਾਲ ਸਬੰਧਤ ਕਿਸੇ ਵੀ ਗਤੀਵਿਧੀਆਂ ਦੀ ਨਿੰਦਾ ਕਰੇਗੀ। ਨਾਗਰਿਕਾਂ ਦਾ ਅਤੇ ਜ਼ਮੀਨ ਦਾ ਕਬਜ਼ਾ, ਭਾਵੇਂ ਅਸਲ ਵਿੱਚ ਜਾਂ ਰਾਸ਼ਟਰੀ ਕਾਨੂੰਨ ਦੁਆਰਾ। ਮਤਾ 'ਨਿੰਦਾ' ਪੂਰਬੀ ਯੇਰੂਸ਼ਲਮ ਸਮੇਤ, ਅਤੇ ਕਬਜ਼ੇ ਵਾਲੇ ਸੀਰੀਆ ਦੇ ਗੋਲਾਨ ਵਿੱਚ ਕਬਜ਼ੇ ਵਾਲੇ ਫਲਸਤੀਨੀ ਖੇਤਰ ਵਿੱਚ ਬੰਦੋਬਸਤ ਦੀਆਂ ਗਤੀਵਿਧੀਆਂ ਅਤੇ ਜ਼ਮੀਨ ਦੀ ਜ਼ਬਤ, ਸੁਰੱਖਿਅਤ ਵਿਅਕਤੀਆਂ ਦੀ ਰੋਜ਼ੀ-ਰੋਟੀ ਵਿੱਚ ਵਿਘਨ, ਨਾਗਰਿਕਾਂ ਦੇ ਜ਼ਬਰਦਸਤੀ ਤਬਾਦਲੇ ਅਤੇ ਕਿਸੇ ਵੀ ਗਤੀਵਿਧੀਆਂ ਨੂੰ ਸ਼ਾਮਲ ਕਰਦਾ ਹੈ।

# ਮੁੱਖ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਭੋਪਾਲ 'ਚ ਆਪਣੀ ਰਿਹਾਇਸ਼ 'ਤੇ 'ਰਾਮ ਰਥ ਯਾਤਰਾ' ਦਾ ਕੀਤਾ ਸਵਾਗਤ



ਭੁਪਾਲ : ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਭੋਪਾਲ ਸਥਿਤ ਆਪਣੀ ਰਿਹਾਇਸ਼ 'ਤੇ ਰਾਮ ਰਥ ਯਾਤਰਾ ਦਾ ਉਤਸ਼ਾਹ ਨਾਲ ਸਵਾਗਤ ਕੀਤਾ। ਮੁੱਖ ਮੰਤਰੀ ਨੇ ਨਾ ਸਿਰਫ਼ ਇਸ ਰਥ ਯਾਤਰਾ ਦਾ ਸਵਾਗਤ ਕੀਤਾ, ਸਗੋਂ ਉਨ੍ਹਾਂ ਨੇ ਇਸ ਰੱਥ ਯਾਤਰਾ ਵਿੱਚ ਸ਼ਿਰਕਤ ਕੀਤੀ ਅਤੇ ਰੱਥ 'ਤੇ ਸਵਾਰ ਹੋ ਕੇ ਭਗਵਾਨ ਸ਼੍ਰੀ ਰਾਮ ਦੀ ਪੂਜਾ ਵੀ ਕੀਤੀ। ਇਸ ਵਿਸ਼ੇਸ਼ ਮੌਕੇ 'ਤੇ ਉਨ੍ਹਾਂ ਕਿਹਾ ਕਿ ਇਹ ਸਾਡੇ ਸਾਰਿਆਂ ਲਈ ਵੱਡੀ ਖੁਸ਼ਕਿਸਮਤੀ ਵਾਲੀ ਗੱਲ ਹੈ ਕਿ ਰਾਮ ਜਨਮ ਭੂਮੀ ਅਯੁੱਧਿਆ 'ਚ ਭਗਵਾਨ ਰਾਮ ਲਾਲਾ ਦਾ ਮੰਦਰ ਸੰਪੂਰਨ ਹੋਇਆ ਹੈ। 22 ਜਨਵਰੀ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਹੱਥੋਂ ਪ੍ਰਾਣ ਪ੍ਰਤਿਸ਼ਠਾ ਕੀਤੀ ਜਾਵੇਗੀ। ਇਸ ਦੇ ਨਾਲ ਹੀ ਉਨ੍ਹਾਂ ਕਿਹਾ ਕਿ ਅਸੀਂ ਸਾਰੇ ਬਹੁਤ ਖੁਸ਼ ਹਾਂ, ਕਿਉਂਕਿ ਇਸ ਲਈ ਸਾਲਾਂ ਤੋਂ ਸੰਘਰਸ਼ ਚੱਲ ਰਿਹਾ ਸੀ ਅਤੇ ਹੁਣ ਉਹ ਸ਼ੁਭ ਦਿਨ ਆ ਗਿਆ ਹੈ, ਜਦੋਂ ਭਗਵਾਨ ਰਾਮ ਲਾਲਾ ਅਯੁੱਧਿਆ ਦੇ ਇਸ ਵਿਸ਼ਾਲ ਮੰਦਰ ਵਿੱਚ ਬੈਠਣਗੇ।

# ਮੁੱਖ ਮੰਤਰੀ ਨੇ ਕੋਲੇ ਦੇ ਗੈਰ-ਕਾਨੂੰਨੀ ਵਪਾਰ ਰਾਹੀਂ ਪੈਸਾ ਕਮਾਇਆ: ਮਰਾਂਡੀ




ਧਨਬਾਦ: ਮੁੱਖ ਮੰਤਰੀ ਹੇਮੰਤ ਸੋਰੇਨ ਨੇ ਕੋਲੇ ਦੇ ਗੈਰ-ਕਾਨੂੰਨੀ ਵਪਾਰ ਰਾਹੀਂ ਪੈਸਾ ਕਮਾਉਣ ਦਾ ਦਾਅਵਾ ਕਰਦੇ ਹੋਏ ਅਤੇ ਧਨਬਾਦ ਪੁਲਿਸ ਅਪਰਾਧੀਆਂ ਨਾਲ ਹੱਥੋਪਾਈ ਹੈ, ਪ੍ਰਦੇਸ਼ ਭਾਜਪਾ ਦੇ ਪ੍ਰਧਾਨ ਬਾਬੂਲਾਲ ਮਰਾਂਡੀ ਨੇ ਨਾਗਰਿਕਾਂ ਨੂੰ ਸੂਬੇ ਵਿੱਚ ਜੇਐੈਮਐੈਮ ਦੀ ਅਗਵਾਈ ਵਾਲੀ ਗਠਜੋੜ ਸਰਕਾਰ ਦਾ ਤਖਤਾਪਲਟ ਕਰਨ ਅਤੇ ਭਾਜਪਾ ਨੂੰ ਵਾਪਸ ਲਿਆਉਣ ਦੀ ਅਪੀਲ ਕੀਤੀ। ਕਾਨੂੰਨ ਦਾ ਰਾਜ ਸਥਾਪਤ ਕਰਨ ਦੀ ਸ਼ਕਤੀ।

ਧਨਬਾਦ ਦੇ ਵਿਧਾਇਕ ਰਾਜ ਸਿਨਹਾ ਦੁਆਰਾ ਵਿਗੜਦੀ ਕਾਨੂੰਨ ਵਿਵਸਥਾ ਦੇ ਖਿਲਾਫ ਸ਼ਨੀਵਾਰ ਨੂੰ ਆਯੋਜਿਤ 'ਜਨਕਰੋਸ਼ ਰੈਲੀ' ਨੂੰ ਸੰਬੋਧਿਤ ਕਰਦੇ ਹੋਏ, ਮਰਾਂਡੀ ਨੇ ਦੋਸ਼ ਲਗਾਇਆ ਕਿ ਹੇਮੰਤ ਈਡੀ ਦੇ ਸੰਮਨ ਤੋਂ ਬਚ ਰਿਹਾ ਹੈ ਕਿਉਂਕਿ ਉਸਨੇ ਗੈਰ-ਕਾਨੂੰਨੀ ਤਰੀਕਿਆਂ ਨਾਲ ਦੌਲਤ ਇਕੱਠੀ ਕੀਤੀ ਹੈ।

ਉਨ੍ਹਾਂ ਦਾਅਵਾ ਕੀਤਾ ਕਿ ਮੁੱਖ ਮੰਤਰੀ ਨੂੰ ਜਲਦੀ ਹੀ ਜੇਲ੍ਹ ਭੇਜਿਆ ਜਾਵੇਗਾ। ਭਾਜਪਾ ਪ੍ਰਧਾਨ ਨੇ ਅੱਗੇ ਦੋਸ਼ ਲਾਇਆ ਕਿ ਹੇਮੰਤ ਦੇ ਸ਼ਾਸਨਕਾਲ ਵਿੱਚ ਇੱਥੇ ਲੰਬੇ ਸਮੇਂ ਲਈ ਤਾਇਨਾਤ ਪੁਲਿਸ ਅਤੇ ਹੋਰ ਅਧਿਕਾਰੀਆਂ ਨੇ ਕਥਿਤ ਤੌਰ 'ਤੇ ਕੋਲੇ ਦੇ ਗੈਰ-ਕਾਨੂੰਨੀ ਵਪਾਰ ਵਿੱਚ ਸ਼ਾਮਲ ਬਦਮਾਸ਼ਾਂ ਦੀ ਸਰਪ੍ਰਸਤੀ ਕੀਤੀ ਅਤੇ ਕਾਰੋਬਾਰੀਆਂ ਤੋਂ ਜਬਰੀ ਵਸੂਲੀ ਕੀਤੀ, ਉਨ੍ਹਾਂ ਨੂੰ ਵੀ ਜਾਂਚ ਦਾ ਸਾਹਮਣਾ ਕਰਨਾ ਪਵੇਗਾ।

# ਮੌਜੂਦਾ ਦੌਰ ਦੇ ਸੰਘਰਸ਼ 'ਚ ਸਾਰੀ ਜ਼ਿੰਦਗੀ ਜਲਾਵਤਨ ਕੱਟਣ ਵਾਲੇ ਭਾਈ ਲਖਬੀਰ ਸਿੰਘ ਰੋਡੇ ਪਾਕਿਸਤਾਨ 'ਚ ਅਕਾਲ ਚਲਾਣਾ ਕਰ ਗਏ


## ਬੰਦੀ ਸਿੰਘ, ਜਲਾਵਤਨੀ ਅਤੇ ਸੰਘਰਸ਼ੀ ਸਿੰਘਾਂ ਵਲੋਂ ਡੂੰਘੇ ਦੁੱਖ ਦਾ ਪ੍ਰਗਟਾਵਾ

ਨਵੀਂ ਦਿੱਲੀ : ਭਾਈ ਲਖਵੀਰ ਸਿੰਘ ਜੀ ਰੋਡੇ ਜੋ ਕਿ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂ ਵਾਲਿਆਂ ਦੇ ਭਤੀਜੇ ਅਤੇ ਭਾਈ ਜਸਵੀਰ ਸਿੰਘ ਰੋਡੇ ਸਾਬਕਾ ਜੱਥੇਦਾਰ ਅਕਾਲ ਤਖਤ ਸਾਹਿਬ ਦੇ ਭਰਾਤਾ ਸਨ, ਉਨ੍ਹਾਂ ਦੇ ਅਕਾਲ ਚਲਾਣੇ ਦੀ ਦੁਖਦਾਇਕ ਖ਼ਬਰ ਮਿਲੀ ਹੈ। ਖਾਲਿਸਤਾਨ ਦੇ ਸਿਪਾਹ ਸਲਾਰ ਦੇ ਅਕਾਲ ਚਲਾਣੇ ਦੀ ਇਸ ਅਫਸੋਸਜਨਕ ਖ਼ਬਰ ਨਾਲ ਸਿੱਖ ਪੰਥ ਵਿੱਚ ਸ਼ੋਕ ਦੀ ਲਹਿਰ ਹੈ ।20ਵੀਂ ਸਦੀ ਦੇ ਮਹਾਨ ਸ਼ਹੀਦ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂ ਵਾਲਿਆਂ ਦੇ ਬਹੁਤ ਸਾਰੇ ਪਰਿਵਾਰਕ ਮੈਂਬਰਾਂ ਨੇ ਕੌਮ ਲਈ ਸ਼ਹਾਦਤਾਂ ਪ੍ਰਾਪਤ ਕੀਤੀਆਂ ।ਭਾਈ ਲਖਵੀਰ ਸਿੰਘ ਜੀ ਰੋਡੇ ਦੇ ਪਿਤਾ ਜਗੀਰ ਸਿੰਘ ਜੀ ਅਤੇ ਭਰਾ ਸਵਰਨ ਸਿੰਘ ਜੀ ਜੂਨ 84 ਦੇ ਘੱਲੂਘਾਰੇ ਦੌਰਾਨ ਭਾਰਤੀ ਫ਼ੌਜਾਂ ਨਾਲ ਜੂਝਦੇ ਹੋਏ ਸ਼ਹਾਦਤਾਂ ਪ੍ਰਾਪਤ ਕਰ ਗਏ ਸਨ। ਭਾਈ ਲਖਵੀਰ ਸਿੰਘ ਜੀ ਰੋਡੇ ਜੋ ਕਿ ਇੰਟਰਨੈਸ਼ਨਲ ਸਿੱਖ ਯੂਥ ਫੈਡਰੇਸ਼ਨ ਦੇ ਕਨਵੀਨਰ ਰਹੇ ਅਤੇ ਸਿੱਖ ਕੌਮ ਦੇ ਅਜ਼ਾਦ ਘਰ ਖਾਲਿਸਤਾਨ ਦੀ ਪ੍ਰਾਪਤੀ ਲਈ ਜੱਦੋ ਜਹਿਦ ਕਰਦੇ ਰਹੇ । ਆਪਣਾ ਘਰਬਾਰ ਕਾਰੋਬਾਰ ਸਭ ਕੁਝ ਛੱਡ ਕੇ ਪਹਿਲਾ ਇੰਗਲੈਂਡ ਆਏ ਤੇ ਫਿਰ ਕੈਨੇਡਾ ਚਲੇ ਗਏ ।ਪਰ ਕੈਨੇਡਾ ਸਰਕਾਰ ਵੱਲੋਂ ਵੀ ਭਾਈ ਲਖਵੀਰ ਸਿੰਘ ਜੀ ਰੋਡੇ ਨੂੰ ਰਹਿਣ ਦੀ ਇਜਾਜ਼ਤ ਨਹੀ ਦਿੱਤੀ ।ਬਹੁਤ ਲੰਬਾ ਸਮਾਂ ਜਲਾਵਤਨੀ ਕੱਟੀ ਪਰ ਕਿਸੇ ਸਰਕਾਰ ਨਾਲ ਕੋਈ ਸਮਝੌਤਾ ਨਹੀ ਕੀਤਾ ਅਤੇ ਲੰਬਾ ਸਮਾਂ ਪੰਥਕ ਸੇਵਾਵਾਂ ਕਰਦੇ ਰਹੇ ਪਰ ਕੋਈ ਵੀ ਸਰਕਾਰੀ ਲਾਲਚ ਜਾਂ ਡਰਾਵਾ ਨਹੀ ਮੰਨਿਆ ਅਤੇ ਡਟ ਕੇ ਸੇਵਾ ਕਰਦਿਆਂ ਜਾਗਦੀ ਜ਼ਮੀਰ ਦਾ ਸਬੂਤ ਦਿੰਦੇ ਹੋਏ ਆਖ਼ਰੀ ਸਾਹ ਤੱਕ ਖਾਲਿਸਤਾਨ ਨੂੰ ਸਮਰਪਿਤ ਰਹੇ ।ਮਰਦਾਂ ਵਾਂਗ ਆਪਣੇ ਅਕੀਦੇ ਤੋਂ ਕਦੇ ਪਿੱਛੇ ਨਹੀਂ ਹਟੇ ਤੇ ਆਖ਼ਰੀ ਸਾਹ ਤੱਕ ਪੰਥ ਨੂੰ ਸਮਰਪਿਤ ਹੋ ਕੇ ਸੇਵਾਵਾਂ ਨਿਭਾਉਂਦੇ ਹੋਏ ਗੁਰੂ ਚਰਨਾਂ ਵਿੱਚ ਜਾ ਬਿਰਾਜੇ ਹਨ । ਜਿਕਰਯੋਗ ਹੈ ਕਿ ਕੁਝ ਸਮਾਂ ਪਹਿਲਾਂ ਹਿੰਦ ਸਰਕਾਰ ਨੇ ਉਨ੍ਹਾਂ ਦੀ ਪੰਜਾਬ ਵਿਖੇ ਜਾਇਦਾਦ ਨੂੰ ਜਬਤ ਕੀਤਾ ਸੀ ਤੇ ਉਨ੍ਹਾਂ ਦੇ ਜਲਾਵਤਨੀ ਸਮੇਂ ਪਾਕਿਸਤਾਨ ਵਿਚ ਉਨ੍ਹਾਂ ਤੇ ਕਈ ਜਾਨ ਲੇਵਾ ਹਮਲੇ ਵੀਂ ਹੋਏ ਸਨ ।ਇਸ ਦੁੱਖ ਦੀ ਘੜੀ ਵਿਚ ਵੱਖ ਵੱਖ ਜੇਲ੍ਹਾਂ ਅੰਦਰ ਬੰਦ ਭਾਈ ਪਰਮਜੀਤ ਸਿੰਘ ਭਿਓਰਾ, ਭਾਈ ਜਗਤਾਰ ਸਿੰਘ ਤਾਰਾ, ਭਾਈ ਕੁਲਵਿੰਦਰ ਸਿੰਘ ਖਾਨਪੁਰੀ, ਜਲਾਵਤਨੀ ਸਿੰਘ ਭਾਈ ਗਜਿੰਦਰ ਸਿੰਘ ਦਲ ਖਾਲਸਾ, ਭਾਈ ਪਰਮਜੀਤ ਸਿੰਘ ਪੰਮਾ, ਭਾਈ ਜੀਤਾ ਸਿੰਘ, ਭਾਈ ਰਘਬੀਰ ਸਿੰਘ ਵਾਲਸਾਲ, ਭਾਈ ਕਪਤਾਨ ਸਿੰਘ, ਭਾਈ ਕਰਮਜੀਤ ਸਿੰਘ ਹੌਲੈਂਡ, ਭਾਈ ਮਨਜੀਤ ਸਿੰਘ ਸਮਰਾ, ਭਾਈ ਸਰਬਜੀਤ ਸਿੰਘ, ਭਾਈ ਲਵਸ਼ਿੰਦਰ ਸਿੰਘ ਡੱਲੇਵਾਲ, ਭਾਈ ਸੁਰਿੰਦਰ ਸਿੰਘ ਠੀਕਰੀਵਾਲ, ਸਿੱਖ ਫੈਡਰੇਸ਼ਨ ਯੂਕੇ ਵਲੋਂ ਭਾਈ ਅਮਰੀਕ ਸਿੰਘ ਗਿੱਲ, ਭਾਈ ਜਤਿੰਦਰ ਸਿੰਘ, ਭਾਈ ਜਸਵਿੰਦਰ ਸਿੰਘ, ਭਾਈ ਨਰਿੰਦਰਜੀਤ ਸਿੰਘ, ਭਾਈ ਕੁਲਦੀਪ ਸਿੰਘ ਚਹੇੜੂ, ਭਾਈ ਗੁਰਜੀਤ ਸਿੰਘ ਸਮਰਾ, ਭਾਈ ਦੁਬਿੰਦਰਜੀਤ ਸਿੰਘ, ਜਰਮਨ ਤੋਂ ਭਾਈ ਗੁਰਮੀਤ ਸਿੰਘ ਖਨਿਆਣ, ਭਾਈ ਲਖਵਿੰਦਰ ਸਿੰਘ ਮਲੀ, ਭਾਈ ਰੇਸ਼ਮ ਸਿੰਘ ਬੱਬਰ, ਭਾਈ ਸਤਨਾਮ ਸਿੰਘ ਬੱਬਰ, ਭਾਈ ਰਾਜਿੰਦਰ ਸਿੰਘ ਬਬਰ, ਭਾਈ ਅਵਤਾਰ ਸਿੰਘ ਬਬਰ, ਭਾਈ ਹੀਰਾ ਸਿੰਘ ਮਤੇਵਾਲ, ਭਾਈ ਸੁਖਦੇਵ ਸਿੰਘ ਹੇਰਾਂ, ਭਾਈ ਰਘਵੀਰ ਸਿੰਘ ਕੁਹਾੜ, ਭਾਈ ਕਸ਼ਮੀਰ ਸਿੰਘ, ਭਾਈ ਪ੍ਰਸ਼ੋਤਮ ਸਿੰਘ, ਭਾਈ ਗੁਰਦਿਆਲ ਸਿੰਘ ਢਕਾਨਸੂ, ਭਾਈ ਪ੍ਰਤਾਪ ਸਿੰਘ ਅਤੇ ਸਵੀਟਜ਼ਰਲੈਂਡ ਤੋਂ ਭਾਈ ਪ੍ਰਿਤਪਾਲ ਸਿੰਘ, ਭਾਈ ਪ੍ਰਗਟ ਸਿੰਘ ਰੇਬੇਰੋ ਕਾਂਡ, ਭਾਈ ਚਰਨਜੀਤ ਸਿੰਘ ਸੁਜੋਂ ਅਤੇ ਹੋਰ ਬਹੁਤ ਸਾਰੇ ਦੇਸ਼ਾਂ ਤੋਂ ਸਿੰਘਾਂ ਨੇ ਪਰਿਵਾਰ ਨਾਲ ਦੁੱਖ ਸਾਂਝਾ ਕਰਦੇ ਹੋਏ ਸ਼ੋਕ ਸੁਨੇਹੇ ਭੇਜਦੇ ਹੋਏ ਕਿਹਾ ਕਿ ਗੁਰੂ ਮਹਾਰਾਜ ਜੀ ਦੇ ਪਾਵਨ ਚਰਨਾਂ ਵਿੱਚ ਅਰਦਾਸ ਕਰਦੇ ਹਾਂ ਕਿ ਭਾਈ ਸਾਹਿਬ ਜੀ ਦੇ ਸਮੂਹ ਪ੍ਰੀਵਾਰ ਅਤੇ ਸਕੇ ਸੰਬੰਧੀਆਂ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ ਅਤੇ ਵਿੱਛੜੀ ਹੋਈ ਰੂਹ ਨੂੰ ਸਦੀਵ ਕਾਲ ਵਾਸਤੇ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ਿਸ਼ ਕਰਨ ਅਤੇ ਉਨ੍ਹਾਂ ਨੇ ਭਾਈ ਲਖਵੀਰ ਸਿੰਘ ਜੀ ਰੋਡੇ ਦੀਆਂ ਪੰਥ ਪ੍ਰਤੀ ਕੀਤੀਆਂ ਸੇਵਾਵਾਂ ਨੂੰ ਕੇਸਰੀ ਪ੍ਰਣਾਮ ਕਰਦੇ ਹੋਏ ਭਾਈ ਲਖਵੀਰ ਸਿੰਘ ਜੀ ਰੋਡੇ ਨੂੰ ਭਾਵਪੂਰਤ ਸ਼ਰਧਾਂਜਲੀ ਭੇਟ ਕੀਤੀ ।




# ਇੱਕ ਸਾਥੀ ਹੋਰ ਵਿਛੜ ਗਿਆ ਹੈ

ਗਜਿੰਦਰ ਸਿੰਘ, ਦਲ ਖਾਲਸਾ



ਭਾਈ ਲਖਬੀਰ ਸਿੰਘ ਜੀ ਦਾ ਅਕਾਲ ਚਲਾਣਾ ਭਾਵੇਂ 'ਹਰਟ ਅਟੈਕ' ਕਾਰਨ ਹੋਇਆ ਹੈ, ਪਰ ਇਸ ਦੇ ਪਿੱਛੇ ਦੁੱਖਾਂ ਨਾਲ ਭਰੀ ਸੰਘਰਸ਼ ਦੀ ਇੱਕ ਲੰਮੀ ਦਾਸਤਾਨ ਹੈ।

ਅਸੀਂ ਇੱਕ ਸਾਂਝੇ ਸਫਰ ਉਤੇ ਨਿਕਲੇ ਹੋਏ ਸਾਥੀ ਸਾਂ, ਉਹਨਾਂ ਦਾ ਸਟੇਸ਼ਨ ਕਿਸੇ ਤੋਂ ਬਾਦ ਵਿੱਚ ਆਇਆ ਹੈ, ਤੇ ਕਿਸੇ ਤੋਂ ਪਹਿਲਾਂ ਆ ਗਿਆ ਹੈ, ਬਾਕੀ ਸਵਾਰੀਆਂ ਦੀ ਵਾਰੀ ਹਾਲੇ ਆਣੀ ਹੈ।

ਉਹ ਮਿਲਾਪੜੇ ਸੁਭਾਓ ਦੇ ਸਨ, ਹਰ ਮਾਹੌਲ ਵਿੱਚ ਐਡਜਸਟ ਕਰ ਜਾਣ ਵਾਲੇ। ਵਿਚਾਰਾਂ ਵਿੱਚ ਫਰਕ ਦੇ ਬਾਵਜੂਦ, ਇਸ ਫਰਕ ਨੂੰ ਸਮਸਿਆ ਨਹੀਂ ਸਨ ਬਣਾਉਂਦੇ। ਇੱਕ ਵਾਰ ਕਿਸੇ ਖਾਸ ਹਾਲਾਤ ਵਿੱਚ ਉਹਨਾਂ ਨੂੰ ਸਾਡੇ ਘਰ ਪੰਦਰਾਂ ਵੀਹ ਦਿਨ੍ਹਾਂ ਲਈ ਰਹਿਣਾ ਪੈ ਗਿਆ ਸੀ। ਉਹਨਾਂ ਦਿਨ੍ਹਾਂ ਵਿੱਚ ਹੀ ਇੱਕ ਦਿਨ ਉਹਨਾਂ ਦਾ ਜਨਮ ਦਿਨ ਆ ਗਿਆ, ਤਾਂ ਪਤਾ ਲੱਗਾ ਕਿ ਉਹ ਮੇਰੇ ਤੋਂ ਉਮਰ ਵਿੱਚ ਕੁੱਝ ਮਹੀਨੇ ਛੋਟੇ ਹਨ। ਸਾਥੀ ਸਿੰਘ ਨੂੰ ਕਹਿ ਕੇ ਕੇਕ ਮੰਗਵਾਇਆ ਤੇ ਫਿਰ ਅਸੀਂ ਕੱਠੇ ਉਹਨਾਂ ਦਾ ਜਨਮ ਦਿਨ ਮਨਾਇਆ। ਅੱਜ ਮੈਨੂੰ ਉਹ ਤਰੀਕ ਭਾਵੇਂ ਯਾਦ ਨਹੀਂ ਹੈ, ਪਰ ਗੱਲ ਯਾਦ ਹੈ।

ਮੇਰੀ ਬੇਟੀ ਮਿਲਣ ਆਈ ਹੋਈ ਸੀ, ਅਸੀਂ 'ਪੰਜਾ ਸਾਹਿਬ' ਦੇ ਦਰਸ਼ਨਾਂ ਲਈ ਜਾਣ ਦਾ ਪ੍ਰੋਗਰਾਮ ਬਣਾਇਆ। ਮੇਰੀ ਗੱਡੀ ਕੋਈ ਪ੍ਰਾਬਲਮ ਕਰ ਗਈ ਤਾਂ ਮੈਂ ਭਾਈ ਸਾਹਿਬ ਨੂੰ ਫੋਨ ਕੀਤਾ, ਤੇ ਸਾਡਾ ਕੱਠੇ ਜਾਣ ਦਾ ਪ੍ਰੋਗਰਾਮ ਬਣ ਗਿਆ। ਦੂਜੇ ਦਿਨ ਜਦੋਂ ਅਸੀਂ ਸਫਰ ਤੇ ਸਾਂ ਤਾਂ ਮੇਰੀ ਬੇਟੀ ਨੇ ਗੱਡੀ ਚਲਾਣ ਦੀ ਇੱਛਾ ਪ੍ਰਗਟ ਕੀਤੀ। ਉਹਨੂੰ ਗੱਡੀ ਦੀ ਡਰਾਈਵਿੰਗ ਸੀਟ ਸੌਂਪਦੇ ਹੋਏ ਕਹਿੰਦੇ ਦੇਖੀਂ ਦੋ ਲੀਡਰ ਹੁਣ ਤੇਰੇ ਹਵਾਲੇ ਨੇ।

ਇੱਕ ਵਕਤ ਰਿਹਾ ਹੈ, ਜਦੋਂ ਸਾਡਾ ਚਾਰਾਂ ਦਾ ਇੱਕ ਜੁੱਟ ਵਾਂਗ ਵਧੀਆ ਰਿਸ਼ਤਾ ਰਿਹਾ ਹੈ, ਭਾਈ ਲਖਬੀਰ ਸਿੰਘ, ਭਾਈ ਜਗਤਾਰ ਸਿੰਘ ਤਾਰਾ, ਭਾਈ ਰਣਜੀਤ ਸਿੰਘ ਨੀਟਾ ਅਤੇ ਦਾਸ ਦਾ। ਉਹਨਾਂ ਦਿਨ੍ਹਾਂ ਵਿੱਚ ਅਸੀਂ ਚਾਰਾਂ ਨੇ ਵੀ ਕਈ ਵਾਰ ਕੱਠੇ ਨਨਕਾਣਾ ਸਾਹਿਬ ਤੇ ਪੰਜਾ ਸਾਹਿਬ ਦੀ ਯਾਤਰਾ ਕੀਤੀ ਸੀ । ਵਧੀਆ ਵਕਤ ਰਿਹਾ ਸੀ।

ਸਾਡੀ ਜਲਾਵਤਨਾਂ ਦੀ ਜ਼ਿੰਦਗੀ ਕੁੱਝ ਐਸੀ ਰਹੀ ਹੈ ਕਿ ਰਿਸ਼ਤਿਆਂ ਵਿੱਚ ਉਤਾਰ ਚੜ੍ਹਾ ਆਂਦੇ ਜਾਂਦੇ ਰਹੇ ਹਨ, ਕਦੇ ਬਹੁਤ ਮਿਲਣਾ ਰਿਹਾ ਹੈ, ਤੇ ਕਈ ਵਾਰ ਲੰਮਾ ਅਰਸਾ ਬਿਨਾਂ ਮਿਲੇ ਬੀਤ ਜਾਂਦਾ ਰਿਹਾ ਹੈ। ਨੇੜਤਾ ਵੀ ਰਹੀ ਹੈ, ਤੇ ਨਰਾਜ਼ਗੀਆਂ ਵੀ ਰਹੀਆਂ ਹਨ।

ਸਾਡੀ ਜ਼ਿੰਦਗੀ ਵਿੱਚ ਇਕਲਾਪੇ ਤੇ ਉਦਾਸੀਆਂ ਤਾਂ ਸਦਾ ਨਾਲ ਰਹਿਣ ਵਾਂਗ ਰਹੀਆਂ ਹਨ, ਖੁਸ਼ਗਵਾਰ ਪੱਲ ਸਾਵਣ ਦੇ ਛਿਟਿਆਂ ਵਾਂਗ ਹੀ ਆਂਦੇ ਜਾਂਦੇ ਰਹੇ ਹਨ। ਚਾਰ/ਪੰਜ ਸਾਲ ਪਹਿਲਾਂ ਮੇਰੀ ਸਿੰਘਣੀ ਦੇ ਅਕਾਲ ਚਲਾਣੇ ਬਾਦ ਅਫਸੋਸ ਲਈ ਆਏ ਤਾਂ ਬਹੁਤ ਕਮਜ਼ੋਰ ਹੋਏ ਪਏ ਸਨ, ਹੌਲੀ ਹੌਲੀ ਪੌੜੀਆਂ ਚੜ੍ਹਦੇ ਆਏ। ਪਤਾ ਲੱਗਾ ਹਰਟ ਸਰਜਰੀ ਹੋਈ ਹੈ, ਅਪਰੇਸ਼ਨ ਤੋਂ ਬਾਦ ਦੀ ਕਮਜ਼ੋਰੀ ਹੈ। ਕੁੱਝ ਸਮੇਂ ਬਾਦ ਹੀ ਫਿਰ ਠੀਕ ਠਾਕ ਹੋ ਗਏ ਸਨ।

ਹੁਣ ਜਦੋਂ ਹਰਟ ਅਟੈਕ ਨਾਲ ਹੋਏ ਅਕਾਲ ਚਲਾਣੇ ਦੀ ਖਬਰ ਮਿਲੀ ਹੈ, ਤਾਂ ਮਿਲਿਆਂ ਕਾਫੀ ਦੇਰ ਹੋ ਗਈ ਹੋਈ ਸੀ। ਦੁੱਖ ਵਿੱਚ ਤਾਂ ਹਾਂ ਹੀ, ਬਹੁਤ ਅਜੀਬ ਵੀ ਲੱਗ ਰਿਹਾ ਹੈ। ਸੁਣਿਐ ਅਜ ਕੱਲ ਫਿਰ ਇਕਲਾਪਾ ਹੰਡਾ ਰਹੇ ਸਨ।

ਇੱਕ ਸਾਥੀ ਹੋਰ ਵਿਛੜ ਗਿਆ ਹੈ। ਜਾਣਾ ਤਾਂ ਵਾਰੋ ਵਾਰੀ ਸੱਭ ਨੇ ਹੈ, ਪਰ ਜਿਵੇਂ ਸਾਡੀ ਜ਼ਿੰਦਗੀ ਬੁਝਾਰਤ ਬਣੀ ਰਹਿੰਦੀ ਹੈ, ਸਾਡਾ ਜਾਣਾ ਵੀ ਬੁਝਾਰਤ ਹੀ ਰਹਿਣਾ ਹੈ। ਇਹ ਬੁਝਾਰਤਾਂ ਉਦੋਂ ਸੁਲਝਣਗੀਆਂ ਜਦੋਂ ਸਾਡਾ ਕੌਮੀ ਘਰ ਬਣੇਗਾ, ਅਸੀਂ ਭਾਰਤ ਤੇ ਪਾਕਿਸਤਾਨ ਦੇ ਵਿਚਕਾਰ ਆਜ਼ਾਦ ਦੇਸ਼ ਦੇ ਮਾਲਕ ਹੋਵਾਂਗੇ, ਕਿਸੇ ਦੇ ਮਹਿਕੂਮ ਨਹੀਂ, ਦੋਹਾਂ ਦੇ ਆਜ਼ਾਦ ਗਵਾਂਢੀ ਹੋਵਾਂਗੇ। ਉਸ ਦਿਨ ਤੱਕ ਕੌਮ ਕੋਲ ਇਹ ਬੁਝਾਰਤਾਂ ਬਰਦਾਸ਼ਤ ਕਰਨ ਬਿਨ ਕੋਈ ਚਾਰਾ ਨਹੀਂ ਹੈ।

# ਜੰਮੂ-ਕਸ਼ਮੀਰ ਪੀਡੀਪੀ ਮੁਖੀ ਮਹਿਬੂਬਾ ਮੁਫ਼ਤੀ ਨੇ ਪਾਰਟੀ ਦੇ ਵਰਕਰ ਸੰਮੇਲਨ ਨੂੰ ਕੀਤਾ ਸੰਬੋਧਨ



ਬਡਗਾਮ : ਜੰਮੂ-ਕਸ਼ਮੀਰ ਪੀਪਲਜ਼ ਡੈਮੋਕਰੇਟਿਕ ਪਾਰਟੀ (ਜੰਮੂ-ਕਸ਼ਮੀਰ ਪੀਡੀਪੀ) ਦੀ ਮੁਖੀ ਮਹਿਬੂਬਾ ਮੁਫਤੀ ਨੇ ਮੰਗਲਵਾਰ ਨੂੰ ਬਡਗਾਮ ਦੇ ਪੀਰ ਬਾਗ ਵਿਖੇ ਪਾਰਟੀ ਦੇ ਵਰਕਰ ਸੰਮੇਲਨ ਨੂੰ ਸੰਬੋਧਨ ਕੀਤਾ।

# ਮੁਸਲਿਮ ਭਾਈਚਾਰੇ ਦੇ ਲੋਕ ਇਜ਼ਰਾਈਲ ਵਿਰੁੱਧ ਰੋਸ ਰੈਲੀ ਵਿੱਚ ਹਿਸਾ ਲੈਂਦੇ ਹੋਏ



ਕੋਲਕਾਤਾ : ਸ਼ੁੱਕਰਵਾਰ ਨੂੰ ਕੋਲਕਾਤਾ 'ਚ ਹਮਾਸ-ਇਜ਼ਰਾਈਲ ਵਿਚਾਲੇ ਚੱਲ ਰਹੀ ਜੰਗ ਦਰਮਿਆਨ ਇਜ਼ਰਾਈਲ ਖਿਲਾਫ ਰੋਸ ਰੈਲੀ 'ਚ ਮੁਸਲਿਮ ਭਾਈਚਾਰੇ ਦੇ ਲੋਕ ਹਿੱਸਾ ਲੈਂਦੇ ਹੋਏ।

# ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਲਈ ਪੁਲਿਸ, ਪ੍ਰਸ਼ਾਸਨ ਅਤੇ ਅਧਿਆਪਕ ਨਿਭਾਉਂਦੇ ਹਨ ਮੁੱਖ ਭੂਮਿਕਾ: ਐਸ.ਐਸ.ਪੀ

## ਨੌਜਵਾਨਾਂ ਵਲੋਂ ਨਸ਼ਿਆਂ ਖਿਲਾਫ ਸੰਦੇਸ਼ ਦਿੰਦੇ ਹੋਏ ਬੰਗਾ, ਨਵਾਂਸ਼ਹਿਰ ਅਤੇ ਬਲਾਚੌਰ ਤੋਂ ਕੱਢੀ ਗਈ ਮੋਟਰਸਾਈਕਲ ਰੈਲੀ

ਨਸ਼ਿਆਂ ਨੂੰ ਠੱਲ੍ਹ ਪਾਉਣ ਲਈ ਪੁਲਿਸ ਪ੍ਰਸ਼ਾਸਨ ਵਲੋਂ ਐਂਟੀ ਡਰੱਗ ਕੰਪੇਨ ਦੇ ਤਹਿਤ ਕੇ.ਸੀ ਕਾਲਜ ਨਵਾਂਸ਼ਹਿਰ ਵਿਖੇ ਨਸ਼ਿਆਂ ਦੇ ਖਿਲਾਫ ਪੈਨਲ ਡਿਸਕਸ਼ਨ ਕਰਵਾਇਆ ਗਿਆ। ਇਸ ਤੋਂ ਪਹਿਲਾਂ ਨਸ਼ਿਆਂ ਦੇ ਖਿਲਾਫ ਜ਼ਿਲ੍ਹੇ ਦੀਆਂ ਤਿੰਨੋਂ ਸਬ ਡਵੀਜ਼ਨਾਂ ਨਵਾਂਸ਼ਹਿਰ ਵਿਖੇ ਦੁਸਹਿਰਾ ਗਰਾਊਂਡ ਰਾਹੋਂ, ਸਬ ਡਵੀਜ਼ਨ ਬੰਗਾ ਵਿਖੇ ਖਟਕੜ ਕਲਾਂ ਅਤੇ ਸਬ ਡਵੀਜ਼ਨ ਬਲਾਚੌਰ ਵਿਖੇ ਲੈਂਬਰਿਨ ਯੂਨੀਵਰਸਿਟੀ ਰੈਲ ਮਾਜਰਾ ਤੋਂ ਮੋਟਰਸਾਈਕਲ ਰੈਲੀ ਕੱਢੀ ਗਈ ਜਿਸ ਵਿੱਚ ਨੌਜਵਾਨਾਂ ਨੇ ਨਸ਼ਿਆਂ ਤੋਂ ਦੂਰ ਰਹਿਣ ਦਾ ਸੰਦੇਸ਼ ਦਿੱਤਾ। ਇਹ ਮੋਟਰਸਾਈਕਲ ਰੈਲੀ ਵੱਖ-ਵੱਖ ਪਿੰਡਾਂ ਅਤੇ ਕਸਬਿਆਂ ਤੋਂ ਹੁੰਦੀ ਹੋਈ ਕੇ.ਸੀ ਕਾਲਜ ਨਵਾਂਸ਼ਹਿਰ ਵਿਖੇ ਸਮਾਪਤ ਹੋਈ। ਇਸ ਤੋਂ ਬਾਅਦ ਕਾਲਜ ਵਿਖੇ ਪੈਨਲ ਡਿਸਕਸ਼ਨ ਅਤੇ ਜਾਗਰੂਕਤਾ ਸਮਾਗਮ ਕਰਵਾਇਆ ਗਿਆ, ਜਿਸ ਵਿੱਚ ਮੁੱਖ ਮਹਿਮਾਨ ਵਜੋਂ ਐਸ.ਐਸ.ਪੀ. ਡਾ. ਅਖਿਲ ਚੌਧਰੀ ਸ਼ਾਮਲ ਹੋਏ।

ਪੈਨਲ ਡਿਸਕਰਸ਼ਨ ਦੇ ਵਿੱਚ ਜ਼ਿਲ੍ਹਾ ਮਨੋਵਿਗਿਆਨੀ ਡਾ. ਰਾਜਨ ਸ਼ਾਸ਼ਤਰੀ, ਕੈਂਪਸ ਡਾਇਰੈਕਟਰ ਡਾ. ਰਸ਼ਮੀ ਗੁਜਰਾਤੀ, ਬੀ.ਐਡ ਦੇ ਪ੍ਰਿੰਸੀਪਲ ਡਾ. ਕੁਲਜਿੰਦਰ ਕੌਰ, ਪੁਲਿਸ ਵਿਭਾਗ ਤੋਂ ਖੇਡਾਂ ਵਿੱਚ ਗੋਲਡ ਮੈਡਲ ਜਿੱਤਣ ਵਾਲੇ ਮੈਡਮ ਸੰਦੀਪ ਕੌਰ, ਜ਼ਿਲ੍ਹਾ ਖੇਡ ਅਫ਼ਸਰ ਵੰਦਨਾ ਚੌਹਾਨ ਨੇ ਨੌਜਵਾਨਾਂ ਅਤੇ ਵਿਦਿਆਰਥੀਆਂ ਵਲੋਂ ਪੁੱਛੇ ਗਏ ਸਵਾਲਾਂ ਦਾ ਉਤਰ ਦਿੰਦੇ ਹੋਏ ਨਸ਼ਿਆਂ ਤੋਂ ਦੂਰ ਰਹਿਣ ਦੇ ਲਈ ਪ੍ਰੇਰਿਤ ਕੀਤਾ। ਇਸ ਤੋਂ ਬਾਅਦ ਆਜ਼ਾਦ ਰੰਗ ਕਲਾ ਮੰਚ ਫਗਵਾੜਾ ਦੇ ਕਲਾਕਾਰਾਂ ਨੇ 'ਦੀਪਾ' ਨਾਮਕ ਨਾਟਕ ਦਾ ਮੰਚਨ ਕਰਕੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਦਾ ਸੰਦੇਸ਼ ਦਿੱਤਾ।








ਇਸ ਦੌਰਾਨ ਐਸ.ਐਸ.ਪੀ ਡਾ. ਅਖਿਲ ਚੌਧਰੀ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਜਿਸ ਤਰ੍ਹਾਂ ਕਿ ਨਾਟਕ ਵਿੱਚ ਦੱਸਿਆ ਗਿਆ ਸੀ ਕਿ ਮਾਪਿਆਂ ਦਾ ਵਿਦਿਆਰਥੀ ਜੀਵਨ ਦੇ ਵਿਚ ਅਹਿੰਮ ਰੋਲ ਹੁੰਦਾ ਹੈ। ਬੱਚਿਆਂ ਨੂੰ ਆਪਣੇ ਮਾਪਿਆਂ ਤੋਂ ਕੋਈ ਵੀ ਗੱਲ ਛੁਪਾਉਣੀ ਨਹੀਂ ਚਾਹੀਦੀ, ਜੇਕਰ ਬੱਚੇ ਕਿਸੇ ਮੁਸੀਬਤ ਵਿੱਚ ਫੱਸ ਜਾਂਦੇ ਹਨ ਤਾਂ ਮਾਪਿਆਂ ਦੀ ਸਲਾਹ ਲੈਣੀ ਚਾਹੀਦੀ ਹੈ, ਕਿਉਂਕਿ ਅਸਲ ਜਿੰਦਗੀ ਵਿੱਚ ਉਹ ਹੀ ਸੱਚੇ ਮਿੱਤਰ ਹੁੰਦੇ ਹਨ।



ਦਲਜੀਤ ਸਿੰਘ ਅਜਨੋਹਾ
98721-83601

ਉਨ੍ਹਾਂ ਕਿਹਾ ਕਿ ਮਾਪਿਆਂ ਤੋਂ ਬਾਅਦ ਸਕੂਲੀ ਅਤੇ ਕਾਲਜ ਪੱਧਰ 'ਤੇ ਅਧਿਆਪਕ ਹੀ ਮੁੱਖ ਭੂਮਿਕਾ ਨਿਭਾਉਂਦੇ ਹਨ। ਅਧਿਆਪਕਾਂ ਨੂੰ ਸ਼ੁਰੂਆਤ ਵਿੱਚ ਹੀ ਵਿਦਿਆਰਥੀਆਂ ਦਾ ਪਤਾ ਲੱਗ ਜਾਂਦਾ ਹੈ ਕਿ ਉਹ ਕਿਸ ਸੰਗਤ ਵਿੱਚ ਜਾ ਰਿਹਾ ਹੈ। ਜੇਕਰ ਬੱਚਾ ਗਲਤ ਸੰਗਤ ਵਿੱਚ ਪੈ ਜਾਂਦਾ ਹੈ ਤਾਂ ਅਧਿਆਪਕਾਂ ਨੂੰ ਤੁਰੰਤ ਹਰਕਤ ਵਿੱਚ ਆਉਂਦੇ ਹੋਏ ਬੱਚਿਆਂ ਨੂੰ ਮਾੜੀ ਸੰਗਤ ਵਿੱਚੋਂ ਕੱਢਣਾ ਚਾਹੀਦਾ ਹੈ। ਉਨ੍ਹਾਂ ਨੇ ਕਿਹਾ ਕਿ ਨੌਜਵਾਨਾਂ ਨੂੰ ਵਿਦਿਆਰਥੀ ਜੀਵਨ ਦੇ ਵਿੱਚ ਆਪਣਾ ਇਕ ਟੀਚਾ ਰੱਖਣਾ ਚਾਹੀਦਾ ਹੈ ਅਤੇ ਉਸਦੀ ਪ੍ਰਾਪਤੀ ਲਈ ਸਖ਼ਤ ਮਿਹਨਤ ਕਰਨੀ ਚਾਹੀਦੀ ਹੈ। ਉਨ੍ਹਾਂ ਨੇ ਨੌਜਵਾਨਾਂ ਨੂੰ ਰੁਚੀ ਅਨੁਸਾਰ ਕੋਈ ਵੀ ਇਕ ਖੇਡ ਅਪਣਾਉਣ ਲਈ ਉਤਸ਼ਾਹਿਤ ਕੀਤਾ। ਉਨ੍ਹਾਂ ਕਿਹਾ ਕਿ ਜੇਕਰ ਅਸੀਂ ਖੇਡਾਂ ਨੂੰ ਆਪਣੇ ਜੀਵਨ ਵਿੱਚ ਸ਼ਾਮਲ ਕਰਦੇ ਹਾਂ ਤਾਂ ਅਸੀਂ ਨਸ਼ਿਆਂ ਵਰਗੀਆਂ ਨਾਮੁਰਾਦ ਬਿਮਾਰੀਆਂ ਤੋਂ ਬਚ ਸਕਦੇ ਹਾਂ। ਉਨ੍ਹਾਂ ਕਿਹਾ ਕਿ ਨਸ਼ਿਆਂ 'ਤੇ ਠੱਲ੍ਹ ਪਾਉਣ ਲਈ ਪੁਲਿਸ, ਪ੍ਰਸ਼ਾਸਨ ਅਤੇ ਡਾਕਟਰ ਵੀ ਆਪਣਾ-ਆਪਣਾ ਰੋਲ ਨਿਭਾਉਂਦੇ ਹਨ। ਪੁਲਿਸ ਜਿਥੇ ਨਸ਼ਾ ਤਸਕਰਾਂ 'ਤੇ ਨਕੇਲ ਕੱਸਦੀ ਹੈ, ਉਥੇ ਪ੍ਰਸ਼ਾਸਨ ਵਲੋਂ ਸਮੇਂ ਸਮੇਂ 'ਤੇ ਜਾਗਰੂਕਤਾ ਪ੍ਰੋਗਰਾਮ ਕਰਵਾਏ ਜਾਂਦੇ ਹਨ ਅਤੇ ਡਾਕਟਰ ਨਸ਼ੇ ਦੀ ਗ੍ਰਿਫਤ ਵਿਚ ਫਸੇ ਨੌਜਵਾਨਾਂ ਨੂੰ ਬਾਹਰ ਕੱਢਣ ਦੇ ਵਿੱਚ ਸਹਾਇਤਾਂ ਕਰਦੇ ਹਨ।

ਉਨ੍ਹਾਂ ਕਿਹਾ ਕਿ ਪੁਲਿਸ ਵਿਭਾਗ ਵਲੋਂ ਸਮੇਂ ਸਮੇਂ 'ਤੇ ਇਸ ਤਰ੍ਹਾਂ ਦੇ ਜਾਗਰੂਕਤਾ ਸਮਾਗਮ ਕਰਵਾਏ ਜਾਂਦੇ ਹਨ। ਇਸੇ ਕੜੀ ਦੇ ਤਹਿਤ ਆਉਣ ਵਾਲੇ ਸਮੇਂ ਦੇ ਵਿੱਚ ਫੁੱਟਬਾਲ ਮੈਚ ਵੀ ਕਰਵਾਏ ਜਾਣਗੇ। ਉਨ੍ਹਾਂ ਕਿਹਾ ਕਿ ਇਸ ਤੋਂ ਇਲਾਵਾ ਪੁਲਿਸ ਵਲੋਂ ਨੌਜਵਾਨਾਂ ਨੂੰ ਆਪਣੇ ਪੈਰਾਂ ਦੇ ਖੜ੍ਹਾ ਕਰਨ ਦੇ ਲਈ ਵੀ ਸਹਾਇਤਾ ਕੀਤੀ ਜਾਂਦੀ ਹੈ ਜਿਸ ਦੇ ਲਈ ਲੋਨ ਆਦਿ ਮੁਹੱਈਆ ਕਰਵਾਉਣ ਦੇ ਵਿੱਚ ਵੀ ਮੱਦਦ ਕੀਤੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਸਿਰਫ ਪਰਚੇ ਦਰਜ ਕਰਕੇ ਹੀ ਪੂਰੀ ਤਰ੍ਹਾਂ ਨਾਲ ਨਸ਼ਿਆਂ ਦਾ ਖਾਤਮਾਂ ਨਹੀਂ ਹੋ ਸਕਦਾ। ਇਸ ਦੇ ਲਈ ਨੌਜਵਾਨਾਂ ਨੂੰ ਵੀ ਨਸ਼ਿਆਂ ਦਾ ਤਿਆਗ ਕਰਨ ਲਈ ਖੁੱਦ ਕਦਮ ਚੁੱਕਣੇ ਚਾਹੀਦੇ ਹਨ।

ਉਨ੍ਹਾਂ ਨੇ ਨਸ਼ੇ ਦੇ ਖਾਤਮੇ ਲਈ ਸਮਾਜ ਨੂੰ ਵੀ ਜਾਗਰੂਕ ਹੋਣ ਦੀ ਅਪੀਲ ਕਰਦਿਆਂ ਕਿਹਾ ਕਿ ਜੇਕਰ ਕਿਸੇ ਇਲਾਕੇ ਵਿੱਚ ਕੋਈ ਨਸ਼ੀਲੇ ਪਦਾਰਥਾਂ ਦੀ ਵਰਤੋਂ ਕਰਦਾ ਹੈ ਜਾਂ ਨਸ਼ੀਲੇ ਪਦਾਰਥ ਵੇਚਦਾ ਹੈ ਤਾਂ ਇਸ ਦੀ ਸੂਚਨਾ ਐਨ.ਟੀ ਡਰੱਗ ਹੈਲਪਲਾਈਨ ਨੰਬਰ 99883-03232 'ਤੇ ਦਿੱਤੀ ਜਾ ਸਕਦੀ ਹੈ। ਸੂਚਨਾ ਦੇਣ ਵਾਲੇ ਦੀ ਪਹਿਚਾਣ ਗੁਪਤ ਰੱਖੀ ਜਾਵੇਗੀ। ਇਸ ਦੌਰਾਨ ਸਹਾਇਕ ਕਮਿਸ਼ਨਰ ਜਨਰਲ ਡਾ. ਗੁਰਲੀਨ ਕੌਰ ਨੇ ਵੀ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਸਬੰਧੀ ਪ੍ਰੇਰਿਤ ਕਰਦਿਆਂ ਕਿਹਾ ਕਿ ਸਰਕਾਰ ਵਲੋਂ ਨਸ਼ਾ ਛੁਡਾਊ ਕੇਂਦਰ ਖੋਲ੍ਹੇ ਗਏ ਹਨ। ਜੇਕਰ ਕੋਈ ਨਸ਼ਿਆਂ ਦੇ ਜਾਲ ਵਿੱਚ ਫੱਸ ਗਿਆ ਹੈ ਤਾਂ ਉਹ ਨਸ਼ਾ ਛੁਡਾਊ ਕੇਂਦਰ ਵਿਚ ਜਾ ਕੇ ਨਸ਼ਾ ਛੱਡਣ ਸਬੰਧੀ ਸਹਾਇਤਾ ਲੈ ਸਕਦਾ ਹੈ। ਇਨ੍ਹਾਂ ਨਸ਼ਾ ਛੁਡਾਊ ਕੇਂਦਰਾਂ ਦੇ ਵਿੱਚ ਮਾਹਿਰ ਡਾਕਟਰਾਂ ਅਤੇ ਮਨੋਵਿਗਿਆਨੀ ਮਰੀਜ ਨੂੰ ਚੈਕ ਕਰਕੇ ਮੁਫ਼ਤ ਦਵਾਈ ਦਿੰਦੇ ਹਨ। ਉਨ੍ਹਾਂ ਨੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਅਤੇ ਇਸ ਦੇ ਖਾਤਮੇ ਦੇ ਲਈ ਪੁਲਿਸ ਅਤੇ ਜ਼ਿਲ੍ਹਾ ਪ੍ਰਸ਼ਾਸਨ ਦਾ ਸਹਿਯੋਗ ਕਰਨ ਦੀ ਅਪੀਲ ਕੀਤੀ।

ਇਸ ਮੌਕੇ 'ਤੇ ਐਸ.ਪੀ (ਜਾਂਚ) ਡਾ. ਮੁਕੇਸ਼ ਕੁਮਾਰ, ਡੀ.ਐਸ.ਪੀ ਅਮਰ ਨਾਥ, ਡੀ.ਐਸ.ਪੀ ਬੰਗਾ ਸਰਵਨ ਸਿੰਘ ਬੱਲ, ਐਸ.ਐਚ. ਓ ਸਿੱਟੀ ਨਵਾਂਸ਼ਹਿਰ ਨਰੇਸ਼ ਕੁਮਾਰੀ, ਪੰਜਾਬ ਗੁੱਡ ਗਵਰਨੈਂਸ ਫੈਸਲੋ ਸੰਜਨਾ ਸਕਸੈਨਾ ਤੋਂ ਇਲਾਵਾ ਭਾਰੀ ਗਿਣਤੀ ਦੇ ਵਿੱਚ ਨੌਜਵਾਨ ਅਤੇ ਵਿਦਿਆਰਥੀ ਵੀ ਮੌਜੂਦ ਸਨ।

# ਅੱਤਵਾਦ ਦਾ ਲੱਕ ਉਦੋਂ ਟੁੱਟੇਗਾ ਜਦੋਂ ਉਸ ਨੂੰ ਸਥਾਨਕ ਲੋਕਾਂ ਦਾ ਸਾਥ ਨਹੀਂ ਮਿਲੇਗਾ

-ਮੁਖ਼ਤਾਰ ਗਿੱਲ

ਪਿਛਲੇ ਡੇਢ-ਦੋ ਸਾਲਾਂ ਵਿਚ ਕਸ਼ਮੀਰ ਘਾਟੀ ਦੇ ਸਰਹੱਦੀ ਜ਼ਿਲ੍ਹਿਆਂ ਬਾਰਾਮੂਲਾ, ਕੁਪਵਾੜਾ, ਸ਼ੋਪੀਆਂ, ਕੁਲਗਾਮ, ਸ੍ਰੀਨਗਰ, ਪੁਲਵਾਮਾ ਤੇ ਅਨੰਤਨਾਗ ਵਿਚ ਸੁਰੱਖਿਆ ਬਲਾਂ ਦੀ ਚੌਕਸੀ ਤੇ ਸਖ਼ਤੀ ਨਾਲ ਚਲਾਈਆਂ ਜਾ ਰਹੀਆਂ ਤਲਾਸ਼ੀ ਮੁਹਿੰਮਾਂ ਦੇ ਫਲਸਰੂਪ ਹਿੰਸਾ ਜੰਮੂ ਖੇਤਰ ਦੇ ਜ਼ਿਲ੍ਹਿਆਂ ਰਾਜੌਰੀ, ਪੁਣਛ ਤੇ ਰਿਆਸੀ ਵਿਚ ਪਹੁੰਚ ਗਈ ਹੈ। ਇੱਥੇ ਹਿੰਸਕ ਘਟਨਾਵਾਂ ਵਧੀਆਂ ਹਨ। ਪਿਛਲੇ ਬੁੱਧਵਾਰ 22 ਨਵੰਬਰ ਨੂੰ ਰਾਜੌਰੀ ਦੇ ਧਰਮਸਾਲ ਤੇ ਬਾਜ਼ੀਮਾਲ ਖੇਤਰ ਵਿਚ ਅੱਤਵਾਦੀਆਂ ਅਤੇ ਫ਼ੌਜ ਵਿਚਾਲੇ ਹੋਏ ਮੁਕਾਬਲੇ ਵਿਚ ਕੈਪਟਨ ਪ੍ਰਾਂਜਲ, ਕੈਪਟਨ ਸ਼ੁਭਮ, ਹੌਲਦਾਰ ਅਤੇ ਦੋ ਜਵਾਨਾਂ ਸਮੇਤ 5 ਫ਼ੌਜੀ ਸ਼ਹੀਦ ਹੋ ਗਏ। ਜ਼ਖ਼ਮੀ ਮੇਜਰ ਤੇ ਇਕ ਜਵਾਨ ਨੂੰ ਊਧਮਪੁਰ ਦੇ ਕਮਾਂਡ ਹਸਪਤਾਲ 'ਚ ਦਾਖ਼ਲ ਕਰਵਾਇਆ ਗਿਆ। ਇਸ ਇਲਾਕੇ ਦੀ ਘੇਰਾਬੰਦੀ ਤੇ ਤਲਾਸ਼ੀ ਮੁਹਿੰਮ ਦੌਰਾਨ ਚੱਲੇ ਮੁਕਾਬਲੇ ਦੇ ਅਗਲੇ ਦਿਨ ਦੋ ਪਾਕਿਸਤਾਨੀ ਦਹਿਸ਼ਤਗਰਦ ਵੀ ਮਾਰੇ ਗਏ। ਹਿੰਸਕ ਘਟਨਾਵਾਂ ਦੇ ਵਾਧੇ ਦੌਰਾਨ ਇਸ ਸਾਲ ਰਾਜੌਰੀ ਜ਼ਿਲੇ ?ਹ 'ਚ 7 ਦਹਿਸ਼ਤਗਰਦਾਂ ਤੇ 10 ਸੁਰੱਖਿਆਂ ਕਰਮਚਾਰੀਆਂ ਸਣੇ 24 ਲੋਕ ਮਾਰੇ ਗਏ।

ਪੁਣਛ ਜ਼ਿਲ੍ਹੇ ਵਿਚ 15 ਅੱਤਵਾਦੀ ਤੇ 5 ਸੁਰੱਖਿਆ ਕਰਮੀ ਅਤੇ ਰਿਆਸੀ ਜ਼ਿਲੇ ?ਹ ਵਿਚ 3 ਦਹਿਸ਼ਤਗਰਦ ਮਾਰੇ ਜਾ ਚੁੱਕੇ ਹਨ। ਅਧਿਕਾਰੀਆਂ ਨੇ ਦੱਸਿਆ ਕਿ ਜ਼ਿਆਦਾਤਰ ਅੱਤਵਾਦੀ ਸਰਹੱਦ ਪਾਰੋਂ ਘੁਸਪੈਠ ਕਰਨ ਦੀ ਕੋਸ਼ਿਸ਼ ਕਰਦੇ ਹੋਏ ਮਾਰੇ ਗਏ। ਇਸ ਸਾਲ ਜੰਮੂ-ਕਸ਼ਮੀਰ ਵਿਚ 81 ਅੱਤਵਾਦੀ, 27 ਸੁਰੱਖਿਆ ਕਰਮੀਆਂ ਸਮੇਤ 121 ਲੋਕਾਂ ਦੀ ਜਾਨ ਗਈ।

ਇਸ ਤੋਂ ਪਹਿਲਾਂ 14 ਸਤੰਬਰ ਨੂੰ ਦੱਖਣੀ ਕਸ਼ਮੀਰ ਦੇ ਜ਼ਿਲੇ ?ਹ ਅਨੰਤਨਾਗ ਕੋਕਰਾ ਇਲਾਕੇ ਵਿਚ ਫ਼ੌਜ ਦੇ ਕਮਾਂਡਿੰਗ ਅਫ਼ਸਰ, ਮੇਜਰ ਤੇ ਜੰਮੂ-ਕਸ਼ਮੀਰ ਪੁਲਿਸ ਦੇ ਡੀਐੱਸਪੀ ਸ਼ਹੀਦ ਹੋਏ ਸਨ। ਸਾਰੀਆਂ ਮੁਸਤੈਦੀਆਂ, ਸਖ਼ਤ ਤਲਾਸ਼ੀ ਮੁਹਿੰਮਾਂ ਅਤੇ ਸਾਰੇ ਦਾਅਵਿਆਂ ਦੇ ਬਾਵਜੂਦ ਜੰਮੂ-ਕਸ਼ਮੀਰ ਵਿਚ ਅੱਤਵਾਦੀ ਤਨਜ਼ੀਮਾਂ 'ਤੇ ਸ਼ਿਕੰਜਾ ਕੱਸਣਾ ਮੁਸ਼ਕਲ ਹੀ ਨਹੀਂ, ਅਸੰਭਵ ਜਿਹਾ ਲੱਗਦਾ ਹੈ। ਸ਼ਾਇਦ ਹੀ ਕੋਈ ਮਹੀਨਾ ਗੁਜ਼ਰਦਾ ਹੈ ਜਦੋਂ ਅੱਤਵਾਦੀਆਂ ਅਤੇ ਸੁਰੱਖਿਆ ਬਲਾਂ ਵਿਚਾਲੇ ਸੰਘਰਸ਼ ਨਾ ਹੁੰਦਾ ਹੋਵੇ। ਰਾਜੌਰੀ ਜ਼ਿਲੇ ?ਹ ਵਿਚ ਫ਼ੌਜ ਦੇ ਦੋ ਕਪਤਾਨਾਂ, ਇਕ ਹੌਲਦਾਰ ਸਮੇਤ ਦੋ ਜਵਾਨਾਂ ਦੀ ਸ਼ਹੀਦੀ ਉਸੇ ਵਰਤਾਰੇ ਦੀ ਹੀ ਇਕ ਕੜੀ ਹੈ। ਦੋ ਵਿਦੇਸ਼ੀ ਘੁਸਪੈਠੀਆਂ ਦੀ ਇਲਾਕੇ ਵਿਚ ਹੋਂਦ ਦੀ ਸੂਚਨਾ ਨੂੰ ਲੈ ਕੇ ਫ਼ੌਜ ਤਲਾਸ਼ੀ ਮੁਹਿੰਮ 'ਚ ਲੱਗੀ ਹੋਈ ਸੀ। ਤਦੇ ਦਹਿਸ਼ਤਗਰਦਾਂ ਨੇ ਘਾਤ ਲਗਾ ਕੇ ਹਮਲਾ ਕਰ ਦਿੱਤਾ। ਸਥਾਨਕ ਲੋਕਾਂ ਨੇ ਦੱਸਿਆ ਕਿ ਇਲਾਕੇ ਵਿਚ ਸਰਗਰਮ ਅੱਤਵਾਦੀਆਂ ਦਾ ਪਤਾ ਲਗਾਉਣ ਲਈ ਐਤਵਾਰ ਤੋਂ ਹੀ ਇਲਾਕੇ ਦੀ ਘੇਰਾਬੰਦੀ ਅਤੇ ਤਲਾਸ਼ੀ ਮੁਹਿੰਮ ਚਲਾਈ ਜਾ ਰਹੀ ਸੀ। ਇਕ ਪਿੰਡ ਵਾਸੀ ਨੇ ਦੱਸਿਆ ਕਿ ਗੋਲਾਬਾਰੀ ਕਾਰਨ ਸਾਨੂੰ ਘਰਾਂ 'ਚ ਹੀ ਰਹਿਣ ਲਈ ਕਿਹਾ ਗਿਆ। ਸਾਡੇ ਬੱਚੇ ਵੀ ਸਕੂਲ ਨਾ ਜਾ ਸਕੇ। ਲਗਪਗ ਇਕ ਹਫ਼ਤਾ ਪਹਿਲਾਂ ਵੀ ਸੁਰੱਖਿਆ ਬਲਾਂ ਨੇ ਰਾਜੌਰੀ ਇਲਾਕੇ ਵਿਚ 6 ਅੱਤਵਾਦੀਆਂ ਨੂੰ ਮਾਰ ਮੁਕਾਇਆ ਸੀ। ਇਸੇ ਤਰ੍ਹਾਂ ਦੀ ਘਟਨਾ ਦੋ ਮਹੀਨੇ ਪਹਿਲਾਂ ਵੀ ਹੋਈ ਸੀ ਜਿਸ ਵਿਚ ਫ਼ੌਜ ਦੇ ਦੋ ਅਫ਼ਸਰ, ਇਕ ਪੁਲਿਸ ਅਧਿਕਾਰੀ ਤੇ ਫ਼ੌਜ ਦੇ ਦੋ ਜਵਾਨ ਸ਼ਹੀਦ ਹੋ ਗਏ ਸਨ। ਅੱਤਵਾਦੀਆਂ ਦੀਆਂ ਘਾਤ ਲਗਾ ਕੇ ਹਮਲੇ ਕਰਨ ਦੀਆਂ ਮਾੜੀਆਂ-ਮੋਟੀਆਂ ਘਟਨਾਵਾਂ ਹੁੰਦੀਆਂ ਰਹਿੰਦੀਆਂ ਹਨ। ਅਜਿਹੀਆਂ ਫ਼ੌਜੀ ਮੁਹਿੰਮਾਂ 'ਤੇ ਹਮਲੇ ਤੇ ਉਨ੍ਹਾਂ ਵਿਚ ਫ਼ੌਜ ਦੇ ਅਫ਼ਸਰਾਂ ਤੇ ਜਵਾਨਾਂ ਦੇ ਸ਼ਹੀਦੀਆਂ ਪਾਉਣ ਦੀਆਂ ਘਟਨਾਵਾਂ ਨਵੇਂ ਸਵਾਲ ਖੜੇ ?ਹ ਕਰਦੀਆਂ ਹਨ। ਅੱਤਵਾਦੀ ਜਿਸ ਤਰ੍ਹਾਂ ਦੇ ਅਤਿ- ਆਧੁਨਿਕ ਹਥਿਆਰ ਤੇ ਸੂਚਨਾ-ਤਕਨੀਕ ਦੀ ਵਰਤੋਂ ਕਰਦੇ ਹਨ, ਉਹ ਲਗਾਤਾਰ ਸੁਰੱਖਿਆ ਬਲਾਂ ਦੀਆਂ ਮੁਹਿੰਮਾਂ 'ਤੇ ਨਜ਼ਰ ਬਣਾਈ ਰੱਖਦੇ ਹਨ। ਉਨ੍ਹਾਂ ਨਾਲ ਪੁਰਾਣੇ ਤਰੀਕਿਆਂ ਨਾਲ ਸਿੱਝਣਾ ਨਿਰਸੰਦੇਹ ਚੁਣੌਤੀਪੂਰਨ ਹੈ। ਕਸ਼ਮੀਰ ਵਾਦੀ ਵਿੱਚੋਂ ਅੱਤਵਾਦ ਖ਼ਤਮ ਕਰਨ ਦੇ ਇਰਾਦੇ ਨਾਲ ਸੁਰੱਖਿਆ ਬਲਾਂ ਵੱਲੋਂ ਪਿਛਲੇ 8-9 ਸਾਲਾਂ 'ਚ ਵਿੱਤੀ ਮਦਦ ਮੁਹੱਈਆ ਕਰਵਾਉਣ ਵਾਲੇ ਦੇਸ਼ ਵਿਰੋਧੀ ਅਨਸਰਾਂ ਦੀ ਪਛਾਣ ਕਰ ਕੇ ਉਨ੍ਹਾਂ ਖ਼ਿਲਾਫ਼ ਸਖ਼ਤੀ ਨਾਲ ਕਾਰਵਾਈ ਕੀਤੀ ਜਾ ਰਹੀ ਹੈ। ਅੱਤਵਾਦੀ- ਵੱਖਵਾਦੀ ਤਨਜ਼ੀਮਾਂ ਦੇ ਬੈਂਕ ਖਾਤਿਆਂ 'ਤੇ ਨਜ਼ਰ ਰੱਖੀ ਜਾ ਰਹੀ ਹੈ। ਉਨ੍ਹਾਂ ਦੀਆਂ ਜਾਇਦਾਦਾਂ ਕੁਰਕ ਕੀਤੀਆਂ ਗਈਆਂ ਹਨ। ਉਨ੍ਹਾਂ ਨੂੰ ਜੇਲ੍ਹਾਂ ਵਿਚ ਡੱਕਿਆ ਗਿਆ ਹੈ। ਪਾਕਿਸਤਾਨ ਨਾਲ ਸੜਕ ਰਾਹੀਂ ਵਪਾਰ ਬੰਦ ਹੈ। ਅਤਿ-ਆਧੁਨਿਕ ਨਿਗਰਾਨੀ ਪ੍ਰਣਾਲੀ ਤੇ ਸੁਰੱਖਿਆ ਬਲਾਂ ਦੀ ਮੁਸਤੈਦੀ ਕਾਰਨ ਸਰਹੱਦ ਪਾਰੋਂ ਅਸਲਾ ਤੇ ਗੋਲੀ-ਬਾਰੂਦ ਇੱਧਰ ਆਉਣ ਅਤੇ ਘੁਸਪੈਠ ਬੰਦ ਕਰਨ ਦਾ ਵੀ ਦਾਅਵਾ ਕੀਤਾ ਜਾਂਦਾ ਹੈ ਤੇ ਇਹ ਕਿਹਾ ਜਾਂਦਾ ਹੈ ਕਿ ਇਸ ਨਾਲ ਦਹਿਸ਼ਤਗਰਦੀ ਦੀ ਕਮਰ ਟੁੱਟ ਜਾਵੇਗੀ। ਨੋਟਬੰਦੀ ਤੋਂ ਬਾਅਦ ਵੀ ਇਹ ਦਾਅਵਾ ਕੀਤਾ ਜਾਂਦਾ ਰਿਹਾ ਹੈ ਕਿ ਇਸ ਨਾਲ ਦਹਿਸ਼ਤੀ ਘਟਨਾਵਾਂ 'ਤੇ ਨੱਥ ਪਾ ਲਈ ਜਾਵੇਗੀ ਪ੍ਰੰਤੂ ਸਾਰੇ ਦਾਅਵੇ ਖੋਖਲੇ ਸਾਬਿਤ ਹੋ ਰਹੇ ਹਨ। ਅੱਤਵਾਦੀ ਆਪਣੀਆਂ ਸਾਜ਼ਿਸ਼ਾਂ



ਨੂੰ ਅੰਜਾਮ ਦੇਣ ਵਿਚ ਸਫਲ ਹੋਈ ਜਾ ਰਹੇ ਹਨ। ਆਏ ਦਿਨ ਸੁਰੱਖਿਆ ਬਲਾਂ ਨਾਲ ਹੁੰਦੇ ਮੁਕਾਬਲਿਆਂ ਵਿਚ ਉਹ ਮਾਰੇ ਵੀ ਜਾ ਰਹੇ ਹਨ। ਫਿਰ ਵੀ ਉਨ੍ਹਾਂ ਦੀਆਂ ਗਤੀਵਿਧੀਆਂ ਵਿਚ ਕੋਈ ਕਮੀ ਨਹੀਂ ਆ ਰਹੀ। ਉਹ ਆਪਣੀ ਰਣਨੀਤੀ ਬਦਲ-ਬਦਲ ਕੇ ਆਪਣੇ ਮਿੱਥੇ ਨਿਸ਼ਾਨੇ 'ਤੇ ਹਿੰਸਕ ਵਾਰਦਾਤਾਂ ਨੂੰ ਅੰਜਾਮ ਦੇਣ ਅਤੇ ਫ਼ੌਜ ਦੇ ਕਾਫ਼ਲਿਆਂ ਤੇ ਛਾਉਣੀਆਂ 'ਤੇ ਹਮਲੇ ਕਰਨ 'ਚ ਸਫਲ ਵੀ ਹੋ ਜਾਂਦੇ ਹਨ। ਜੰਮੂ-ਕਸ਼ਮੀਰ ਵਿਚ ਦਹਿਸ਼ਤਗਰਦੀ ਨੂੰ ਉਕਸਾਉਣ ਲਈ ਪਾਕਿਸਤਾਨ ਦੀਆਂ ਕੋਸ਼ਿਸ਼ਾਂ ਜੱਗ ਜ਼ਾਹਿਰ ਹਨ।

ਘਾਟੀ ਵਿਚ ਇਨ੍ਹਾਂ ਦੀ ਕੌਣ ਪੁਸ਼ਤ-ਪਨਾਹੀ ਕਰ ਰਿਹਾ ਹੈ ਅਤੇ ਕਿਉਂ ਉਨ੍ਹਾਂ ਦੀਆਂ ਗਤੀਵਿਧੀਆਂ 'ਤੇ ਲਗਾਮ ਲਗਾਉਣਾ ਕਿਉਂ ਚੁਣੌਤੀ ਬਣਿਆ ਹੋਇਆ ਹੈ ? ਇਸ 'ਤੇ ਸਵਾਲ ਉੱਠਣੇ ਸੁਭਾਵਿਕ ਹਨ। ਸਥਾਨਕ ਲੋਕਾਂ ਦੀ ਹਮਾਇਤ ਤੋਂ ਬਿਨਾਂ ਅੱਤਵਾਦ ਦਾ ਉੱਥੇ ਟਿਕੇ ਰਹਿਣਾ ਸੰਭਵ ਨਹੀਂ। ਹੁਣ ਤਾਂ ਕਸ਼ਮੀਰੀ ਨੌਜਵਾਨ ਬੇਰੁਜ਼ਗਾਰੀ ਦੇ ਭੰਨੇ ਕਿਸੇ ਲਾਲਚ ਕਾਰਨ ਅੱਤਵਾਦੀ ਸਫ਼ਾਂ 'ਚ ਸ਼ਾਮਲ ਹੋਣ ਤੇ ਹਥਿਆਰ ਚੁੱਕਣ ਲੱਗੇ ਹਨ। ਜੰਮੂ-ਕਸ਼ਮੀਰ ਦੇ ਸੂਬੇ ਦਾ ਦਰਜਾ ਖੋਹਣ ਤੇ ਜਮਹੂਰੀ ਅਮਲ ਤੋਂ ਕਸ਼ਮੀਰੀਆਂ ਨੂੰ ਦੂਰ ਰੱਖਣ ਕਰਕੇ ਵੀ ਕਸ਼ਮੀਰੀ ਅਵਾਮ 'ਚ ਨਾਰਾਜ਼ਗੀ ਤੇ ਬੇਗਾਨਗੀ ਦਾ ਅਹਿਸਾਸ ਘਰ ਕਰ ਗਿਆ ਲੱਗਦਾ ਹੈ। ਉੱਥੇ 8-9 ਸਾਲਾਂ ਤੋਂ ਵਿਧਾਨ ਸਭਾ ਚੋਣਾਂ ਨਹੀਂ ਕਰਵਾਈਆਂ ਗਈਆਂ। ਇਨ੍ਹਾਂ ਤੱਥਾਂ ਦੇ ਮੱਦੇਨਜ਼ਰ ਅੱਤਵਾਦ ਨਾਲ ਨਿਪਟਣ ਲਈ ਨਵੇਂ ਸਿਰੇ ਤੋਂ ਠੋਸ ਤੇ ਸਪਸ਼ਟ ਰਣਨੀਤੀ ਬਣਾਉਣੀ ਲਾਜ਼ਮੀ ਹੈ। ਦਹਿਸ਼ਤਗਰਦਾਂ ਦਾ ਮਨੋਬਲ ਤਾਂ ਹੀ ਟੁੱਟੇਗਾ ਜਦੋਂ ਉਨ੍ਹਾਂ ਨੂੰ ਸਥਾਨਕ ਲੋਕਾਂ ਦਾ ਸਮਰਥਨ ਮਿਲਣਾ ਬੰਦ ਹੋ ਜਾਵੇਗਾ। ਇਹ ਸਭ ਸੂਬੇ ਦਾ ਦਰਜਾ ਬਹਾਲ ਕਰਨ, ਵਿਧਾਨ ਸਭਾ ਚੋਣਾਂ ਕਰਵਾਏ ਜਾਣ ਤੇ ਕਸ਼ਮੀਰੀ ਨੌਜਵਾਨਾਂ ਲਈ ਰੁਜ਼ਗਾਰ ਦੇ ਕੇ ਅੱਤਵਾਦੀਆਂ ਦੇ ਘਿਨਾਉਣੇ ਮਨਸੂਬਿਆਂ ਤੇ ਹਿੰਸਕ ਵਾਰਦਾਤਾਂ ਨੂੰ ਅਸਫਲ ਬਣਾਇਆ ਜਾ ਸਕਦਾ ਹੈ।

# ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਸਮੁੱਚੇ ਭਾਰਤ ਸਮੇਤ ਪੂਰੀ ਦੁਨੀਆ 'ਚ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ

ਅੰਮ੍ਰਿਤਸਰ : ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਦੇਸ਼ ਵਿਦੇਸ਼ ਦੀ ਸੰਗਤਾਂ ਵਲੋਂ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਇਸ ਪਵਿੱਤਰ ਦਿਹਾੜੇ ਦੇ ਸੰਬੰਧ ਵਿਚ ਤਿੰਨ ਲੱਖ ਦੇ ਕਰੀਬ ਸ਼ਰਧਾਲੂਆਂ ਨੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋ ਕੇ ਗੁਰੂ ਸਾਹਿਬ ਪ੍ਰਤੀ ਸ਼ਰਧਾ ਦਾ ਪ੍ਰਗਟਾਵਾ ਕੀਤਾ। ਇਸ ਮੌਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਗੁਰਦੁਆਰਾ ਬਾਬਾ ਅਟੱਲ ਰਾਏ ਸਾਹਿਬ ਵਿਖੇ ਅਲੌਕਿਕ ਸੁੰਦਰ ਜਲੌਅ ਸਜਾਏ ਗਏ। ਇਸ ਮੌਕੇ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ, ਗ੍ਰੰਥੀ ਸਿੰਘ ਗਿਆਨੀ ਗੁਰਮਿੰਦਰ ਸਿੰਘ ਸਮੇਤ ਪ੍ਰਮੁੱਖ ਸ਼ਖ਼ਸੀਅਤਾਂ ਨੇ ਵੀ ਹਾਜ਼ਰੀ ਭਰੀ। ਇਸੇ ਦੌਰਾਨ ਸ਼੍ਰੋਮਣੀ ਕਮੇਟੀ ਵਲੋਂ ਸ੍ਰੀ ਹਰਿਮੰਦਰ ਸਾਹਿਬ ਨੇੜੇ ਸਥਿਤ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਸ੍ਰੀ ਅਖੰਡ ਪਾਠ ਸਾਹਿਬ





ਅੰਮ੍ਰਿਤਸਰ ਵਿੱਚ ਸਿੱਖਾਂ ਦੇ ਪਹਿਲੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੇ 554ਵੇਂ ਪ੍ਰਕਾਸ਼ ਉਤਸਵ ਮੌਕੇ ਹਰਿਮੰਦਰ ਸਾਹਿਬ ਵਿਖੇ ਦੀਵੇ ਅਤੇ ਮੋਮਬੱਤੀਆਂ ਜਗਾਉਂਦੇ ਹੋਏ ਸ਼ਰਧਾਲੂ





ਨਵੀਂ ਦਿੱਲੀ ਦੇ ਕਨਾਟ ਪਲੇਸ ਵਿਖੇ ਸਿੱਖਾਂ ਦੇ ਪਹਿਲੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੇ 554ਵੇਂ ਪ੍ਰਕਾਸ਼ ਪੁਰਬ ਮੌਕੇ ਗੁਰਦੁਆਰਾ ਬੰਗਲਾ ਸਾਹਿਬ ਵਿਖੇ ਮੋਮਬੱਤੀਆਂ ਜਗਾਉਂਦੇ ਹੋਏ ਸ਼ਰਧਾਲੂ।



ਨਵੀਂ ਦਿੱਲੀ ਦੇ ਕਨਾਟ ਪਲੇਸ ਵਿਖੇ ਪਹਿਲੇ ਸਿੱਖ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੇ 554ਵੇਂ ਪ੍ਰਕਾਸ਼ ਉਤਸਵ 'ਤੇ ਗੁਰਦੁਆਰਾ ਸ੍ਰੀ ਬੰਗਲਾ ਸਾਹਿਬ ਵਿਖੇ ਸੰਗਤਾਂ ਨੇ



ਜੰਮੂ ਦੇ ਚਾਂਦ ਨਗਰ ਗੁਰਦੁਆਰੇ ਵਿੱਚ ਗੁਰੂ ਨਾਨਕ ਦੇਵ ਜੀ ਦੇ 554ਵੇਂ ਪ੍ਰਕਾਸ਼ ਪੁਰਬ ਨੂੰ ਮਨਾਉਣ ਲਈ ਸ਼ਰਧਾਲੂਆਂ ਦੀ ਭੀੜ ਇਕੱਠੀ ਹੋਈ।



ਸ਼ਿਮਲਾ ਦੇ ਪਹਿਲੇ ਸਿੱਖ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੇ 554ਵੇਂ ਪ੍ਰਕਾਸ਼ ਪੁਰਬ ਮੌਕੇ ਗੁਰਦੁਆਰਾ ਸਾਹਿਬ ਸ੍ਰੀ ਗੁਰੂ ਸਿੰਘ ਸਭਾ ਵਿਖੇ ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਸੁਖਵਿੰਦਰ ਸਿੰਘ ਸੁੱਖੂ।




ਨਵੀਂ ਦਿੱਲੀ ਵਿੱਚ, ਗੁਰੂ ਨਾਨਕ ਜਯੰਤੀ ਦੀ ਪੂਰਵ ਸੰਧਿਆ 'ਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਆਯੋਜਿਤ ਇੱਕ 'ਨਗਰ ਕੀਰਤਨ' (ਧਾਰਮਿਕ ਜਲੂਸ) ਵਿੱਚ ਹਿੱਸਾ ਲੈਂਦੇ ਹੋਏ ਵਿਦਿਆਰਥੀ।



ਮੁੰਡਾ ਵਿਖੇ ਗੁਹਾਟੀ ਦੇ ਫੈਂਸੀ ਬਾਜ਼ਾਰ ਵਿਖੇ, ਸ੍ਰੀ ਗੁਰੂ ਨਾਨਕ ਦੇਵ ਜੀ ਦੇ 554ਵੇਂ ਪ੍ਰਕਾਸ਼ ਪੁਰਬ ਦੀ ਪੂਰਵ ਸੰਧਿਆ 'ਤੇ ਬੱਚਿਆਂ ਨੇ ਧਾਰਮਿਕ ਜਲੂਸ ਵਿਚ ਹਿੱਸਾ ਲਿਆ।



ਨਵੀਂ ਦਿੱਲੀ ਦੇ ਕਨਾਟ ਪਲੇਸ ਵਿਖੇ ਪਹਿਲੇ ਸਿੱਖ ਗੁਰੂ, ਗੁਰੂ ਨਾਨਕ ਦੇਵ ਜੀ ਦੇ 554ਵੇਂ ਪ੍ਰਕਾਸ਼ ਉਤਸਵ ਮੌਕੇ ਗੁਰਦੁਆਰਾ ਬੰਗਲਾ ਸਾਹਿਬ ਵਿਖੇ ਅਰਦਾਸ ਕਰਨ ਲਈ ਕਤਾਰਾਂ ਵਿੱਚ ਖੜ੍ਹੇ ਸ਼ਰਧਾਲੂ।



ਕੋਲਕਾਤਾ ਵਿੱਚ ਗੁਰੂ ਨਾਨਕ ਦੇਵ ਜੀ ਦੇ 554ਵੇਂ ਪ੍ਰਕਾਸ਼ ਪੁਰਬ ਮੌਕੇ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਸਿੱਖ ਸ਼ਰਧਾਲੂ ਗੁਰੂ ਗ੍ਰੰਥ ਸਾਹਿਬ ਅੱਗੇ ਅਰਦਾਸ ਕਰਦੇ ਹੋਏ।



ਅੰਮ੍ਰਿਤਸਰ ਦੇ ਪਹਿਲੇ ਸਿੱਖ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੇ 554ਵੇਂ ਪ੍ਰਕਾਸ਼ ਪੁਰਬ ਮੌਕੇ ਹਰਿਮੰਦਰ ਸਾਹਿਬ ਵਿਖੇ ਆਤਿਸ਼ਬਾਜ਼ੀ ਦਾ ਪ੍ਰਦਰਸ਼ਨ



'ਪੰਜ ਪਿਆਰਿਆਂ' ਦੀ ਅਗਵਾਈ ਵਿਚ 'ਨਗਰ ਕੀਰਤਨ' (ਧਾਰਮਿਕ ਜਲੂਸ) ਵਿਚ ਸੰਗਤਾਂ ਨੇ ਹਿੱਸਾ ਲਿਆ।

ਦੇ ਭੋਗ ਪਾਏ ਗਏ। ਇਸ ਮੌਕੇ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਜਥੇ ਵਲੋਂ ਇਲਾਹੀ ਗੁਰਬਾਣੀ ਕੀਰਤਨ ਕੀਤਾ ਗਿਆ। ਅਰਦਾਸ ਭਾਈ ਗੁਰਚਰਨ ਸਿੰਘ ਨੇ ਕੀਤੀ ਅਤੇ ਪਾਵਨ ਹੁਕਮਨਾਮਾ ਪ੍ਰਚਾਰਕ ਭਾਈ ਸਤਵੰਤ ਸਿੰਘ ਨੇ ਸਰਵਣ ਕਰਵਾਉਂਦੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਬਾਰੇ ਚਾਨਣਾ ਪਾਇਆ ਅਤੇ ਗੁਰੂ ਸਾਹਿਬ ਦੇ ਉਪਦੇਸ਼ਾਂ 'ਤੇ ਚੱਲਣ ਦੀ ਪ੍ਰੇਰਨਾ ਕੀਤੀ। ਇਸ ਤੋਂ ਇਲਾਵਾ ਢਾਡੀ, ਕਵੀਸ਼ਰ ਜਥਿਆਂ ਨੇ ਗੁਰ ਇਤਿਹਾਸ ਸਰਵਣ ਕਰਵਾਇਆ। ਇਸ ਮੌਕੇ ਕਵੀ ਦਰਬਾਰ ਵੀ ਕਰਵਾਇਆ ਗਿਆ। ਸ਼ਾਮ ਨੂੰ ਸ੍ਰੀ ਹਰਿਮੰਦਰ ਸਾਹਿਬ ਸਮੂਹ ਤੇ ਬਾਬਾ ਅਟੱਲ ਰਾਏ ਵਿਚੇ ਸੁੰਦਰ ਦੀਪ ਮਾਲਾ ਕੀਤੀ ਗਈ, ਜਿਸ ਦੌਰਾਨ ਦੇਸੀ ਘਿਉ ਦੇ ਦੀਵੇ ਜਗਾਏ ਗਏ ਅਤੇ ਸ੍ਰੀ ਰਹਿਰਾਸ ਸਾਹਿਬ ਦੇ ਪਾਠ ਉਪਰੰਤ ਆਤਿਸ਼ਬਾਜ਼ੀ ਚਲਾਈ ਗਈ। ਇਸ ਮੌਕੇ ਸ਼੍ਰੋਮਣੀ ਕਮੇਟੀ ਮੈਂਬਰ ਸੁਰਜੀਤ ਸਿੰਘ ਭਿੱਟੇਵੱਡ, ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਭਗਵੰਤ ਸਿੰਘ ਧੰਗੇੜਾ, ਬਘੇਲ ਸਿੰਘ, ਨਰਿੰਦਰ ਸਿੰਘ, ਸਤਨਾਮ ਸਿੰਘ ਰਿਆੜ, ਜਗਤਾਰ ਸਿੰਘ ਸ਼ਹੂਰਾ, ਸਤਿੰਦਰ ਸਿੰਘ, ਵਧੀਕ ਮੈਨੇਜਰ ਨਿਸ਼ਾਨ ਸਿੰਘ ਜਫਰਵਾਲ, ਗੁਰਤਿੰਦਰਪਾਲ ਸਿੰਘ ਸਮੇਤ ਸਮੂਹ ਸਟਾਫ਼ ਅਤੇ ਵੱਡੀ ਗਿਣਤੀ ਵਿਚ ਸੰਗਤਾਂ ਹਾਜ਼ਰ ਸਨ।



ਪਟਿਆਲਾ ਦੇ ਗੁਰਦੁਆਰਾ ਦੂਖ ਨਿਵਾਰਨ ਸਾਹਿਬ ਵਿਖੇ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ



ਗੁਰੂ ਨਾਨਕ ਦੇਵ ਜੀ ਦੇ 554ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਗੁਰੂ ਨਾਨਕ ਦੇਵ ਜੀ ਦੇ 554ਵੇਂ ਪ੍ਰਕਾਸ਼ ਪੁਰਬ ਮੌਕੇ ਸ੍ਰੀਨਗਰ ਦੇ ਗੁਰਦੁਆਰਾ ਚਾਟੀ ਪਾਤਸ਼ਾਹੀ ਵਿਖੇ ਸਿੱਖ ਸ਼ਰਧਾਲੂ ਅਰਦਾਸ ਕਰਦੇ ਹੋਏ।



ਜਲੰਧਰ ਵਿੱਚ ਗੁਰੂ ਨਾਨਕ ਜੈਅੰਤੀ ਦੀ ਪੂਰਵ ਸੰਧਿਆ 'ਤੇ ਸ਼ਰਧਾਲੂਆਂ ਨੇ 'ਨਗਰ ਕੀਰਤਨ' (ਧਾਰਮਿਕ ਜਲੂਸ) ਵਿੱਚ ਹਿੱਸਾ ਲਿਆ।

(ਫੋਟੋਆਂ: ਏਐਨਆਈ ਅਤੇ ਸ਼ੋਸ਼ਲ ਮੀਡੀਆ ਤੋਂ ਧੰਨਵਾਦ ਸਹਿਤ)



ਨਵੀਂ ਦਿੱਲੀ ਦੇ ਪਹਿਲੇ ਸਿੱਖ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੇ 554ਵੇਂ ਪ੍ਰਕਾਸ਼ ਉਤਸਵ 'ਤੇ ਗੁਰਦੁਆਰਾ ਬੰਗਲਾ ਸਾਹਿਬ ਵਿਖੇ ਸ਼ਰਧਾਲੂਆਂ ਦੀ ਭੀੜ।



ਨਵੀਂ ਦਿੱਲੀ ਦੇ ਕਨਾਟ ਪਲੇਸ ਵਿਖੇ ਪਹਿਲੇ ਸਿੱਖ ਗੁਰੂ, ਗੁਰੂ ਨਾਨਕ ਦੇਵ ਜੀ ਦੇ 554ਵੇਂ ਪ੍ਰਕਾਸ਼ ਉਤਸਵ ਮੌਕੇ ਗੁਰਦੁਆਰਾ ਬੰਗਲਾ ਸਾਹਿਬ ਵਿਖੇ ਸਰੋਵਰ ਵਿੱਚ ਇਸ਼ਨਾਨ ਕਰਦਾ ਹੋਇਆ ਇੱਕ ਸ਼ਰਧਾਲੂ।



ਗੁਰੂ ਨਾਨਕ ਦੇਵ ਜੀ ਦੇ 554ਵੇਂ ਪ੍ਰਕਾਸ਼ ਪੁਰਬ ਮੌਕੇ ਗੁਰਦੁਆਰਾ ਬੰਗਲਾ ਸਾਹਿਬ ਵਿਖੇ ਨਤਮਸਤਕ ਹੋਏ ਸੰਗਤਾਂ





ਕੋਲਕਾਤਾ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ 554ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਗੁਰੂ ਨਾਨਕ ਜਯੰਤੀ ਮੌਕੇ ਸਿੱਖ ਸ਼ਰਧਾਲੂਆਂ ਨੇ ਲੰਗਰ ਤਿਆਰ ਕੀਤਾ।

# ਅਮਰੀਕਾ ਚ ਭਾਰਤੀ ਵਿਦਿਆਰਥੀ ਤੇ ਤਸ਼ੱਦਦ, 7 ਮਹੀਨੇ ਤੱਕ ਬੰਦੀ ਬਣਾ ਕੇ ਕੀਤੀ ਕੁੱਟਮਾਰ



ਨਿਊਯਾਰਕ : ਅਮਰੀਕਾ ਵਿਚ ਇੱਕ ਭਾਰਤੀ ਵਿਦਿਆਰਥੀ ਨਾਲ ਬੇਰਹਿਮੀ ਦਾ ਹੈਰਾਨ ਕਰਨ ਵਾਲਾ ਮਾਮਲਾ ਸਾਹਮਣੇ ਆਇਆ ਹੈ। ਪੁਲਸ ਨੇ ਸੇਂਟ ਚਾਰਲਸ ਕਾਉਂਟੀ ਦੇ ਇੱਕ ਘਰ 'ਤੇ ਛਾਪਾ ਮਾਰ ਕੇ 20 ਸਾਲਾ ਭਾਰਤੀ ਵਿਦਿਆਰਥੀ ਨੂੰ ਮਹੀਨਿਆਂ ਦੀ ਕੈਦ ਤੋਂ ਛੁਡਵਾਇਆ ਹੈ। ਪੁਲਸ ਨੇ ਭਾਰਤੀ ਵਿਦਿਆਰਥੀ ਨੂੰ ਬੰਧਕ ਬਣਾਉਣ ਦੇ ਦੋਸ਼ ਵਿੱਚ 3 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਹੈ।

ਵਿਦਿਆਰਥੀ ਆਪਣੀ ਪੜ੍ਹਾਈ ਪੂਰੀ ਕਰਨ ਲਈ ਪਿਛਲੇ ਸਾਲ ਭਾਰਤ ਤੋਂ ਅਮਰੀਕਾ ਗਿਆ ਸੀ। ਵਿਦਿਆਰਥੀ ਪਿਛਲੇ 7 ਮਹੀਨਿਆਂ ਤੋਂ ਬੇਸਮੈਂਟ ਵਿੱਚ ਬੰਦ ਸੀ। ਇਸ ਦੌਰਾਨ ਵਿਦਿਆਰਥੀਆਂ ਨਾਲ ਜਾਨਵਰਾਂ ਤੋਂ ਵੀ ਭੈੜਾ ਸਲੂਕ ਕੀਤਾ ਗਿਆ। ਇਸ ਮਿਆਦ ਦਰਮਿਆਨ ਉਸ ਨੂੰ ਬਿਜਲੀ ਦੀਆਂ ਤਾਰਾਂ, ਪੀ.ਵੀ.ਸੀ. ਪਾਈਪਾਂ, ਰਾਡਾਂ, ਡੰਡਿਆਂ ਅਤੇ ਵਾਸ਼ਿੰਗ ਮਸ਼ੀਨ ਦੀਆਂ ਪਾਈਪਾਂ ਨਾਲ ਕੁੱਟਿਆ ਗਿਆ। ਵਿਦਿਆਰਥੀ ਨੂੰ ਗੰਭੀਰ ਸੱਟਾਂ ਲੱਗੀਆਂ ਹਨ। ਉਸ ਨੂੰ ਇਲਾਜ ਲਈ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਇਸ ਮਾਮਲੇ ਵਿੱਚ ਪੁਲਸ ਵੱਲੋਂ ਗ੍ਰਿਫ਼ਤਾਰ ਕੀਤੇ ਗਏ ਤਿੰਨ ਲੋਕਾਂ ਵਿੱਚ ਪੀੜਤਾ ਦਾ ਚਚੇਰਾ ਭਰਾ ਵੀ ਸ਼ਾਮਲ ਹੈ।

ਮੁਲਜ਼ਮਾਂ ਦੀ ਪਛਾਣ ਵੈਂਕਟੇਸ਼ ਆਰ. ਸੱਤਾਰੂ, ਸ਼ਰਵਣ ਵਰਮਾ ਪੇਨਮੇਚਾ ਅਤੇ ਨਿਖਿਲ ਵਰਮਾ ਪੇਨਮਾਤਸਾ ਵਜੋਂ ਹੋਈ ਹੈ। ਪੁਲਸ ਇਸ ਗੱਲ ਦੀ ਜਾਂਚ ਕਰ ਰਹੀ ਹੈ ਕਿ ਵਿਦਿਆਰਥੀ 'ਤੇ ਇਸ ਤਰ੍ਹਾਂ ਤਸ਼ੱਦਦ ਕਰਨ ਦੇ ਪਿੱਛੇ ਦੋਸ਼ੀਆਂ ਦਾ ਕੀ ਮਕਸਦ ਹੋ ਸਕਦਾ ਹੈ।

# ਅਮਰੀਕਾ ਦੀ ਧਰਤੀ 'ਤੇ ਕਿਸੇ ਅਮਰੀਕਨ ਸਿਟੀਜਨ ਦਾ ਕਤਲੇਆਮ ਹਮਲਾ ਗੰਭੀਰ ਮਾਮਲਾ, ਅਸੀਂ ਇਸ ਦੀ ਸਖ਼ਤ ਨਿੰਦਾ ਕਰਦੇ ਹਾਂ : ਜਸਦੀਪ ਸਿੰਘ ਜੱਸੀ

ਵਾਸ਼ਿੰਗਟਨ : ਸਿੱਖਸ ਆਫ ਅਮੇਰਿਕਾ ਦੇ ਚੇਅਰਮੈਨ ਅਤੇ ਸਮਾਜ ਸੇਵੀ ਜਸਦੀਪ ਸਿੰਘ ਜੱਸੀ ਨੇ ਅਮਰੀਕਾ-ਕੈਨੇਡਾ ਦੇ ਭਾਰਤ ਸਬੰਧਾਂ 'ਤੇ ਵਿਸ਼ੇਸ ਖੁਲਾਸਾ ਕੀਤਾ। ਚੇਅਰਮੈਨ ਜੱਸੀ ਨੇ ਬੀਤੇ ਦਿਨੀਂ ਅਮਰੀਕਾ-ਕੈਨੇਡਾ ਭਾਰਤ ਸਬੰਧਾਂ 'ਤੇ ਗੱਲਬਾਤ ਕੀਤੀ ਅਤੇ ਸਵਾਲਾਂ ਦੇ ਜਵਾਬ ਦਿੱਤੇ। ਉਹਨਾਂ ਨੂੰ ਪੁੱਛਿਆ ਗਿਆ ਸੀ ਕਿ ਵੱਖਵਾਦੀ ਪੰਨੂੰ 'ਤੇ ਹੋਏ ਹਮਲੇ ਦੀ ਪਲੈਨਿੰਗ ਨੂੰ ਤੁਸੀਂ ਕਿਸ ਤਰ੍ਹਾਂ ਦੇਖਦੇ ਹੋ? ਸ਼ੁਰੂਆਤ ਵਿੱਚ ਹੀ ਸ: ਜਸਦੀਪ ਸਿੰਘ ਜੱਸੀ ਨੇ ਸਪੱਸ਼ਟ ਕਰਦਿਆਂ ਕਿਹਾ ਕਿ 'ਸਿੱਖਸ ਆਫ ਅਮੇਰਿਕਾ' ਸੰਸਥਾ ਅਤੇ ਨਿੱਜੀ ਤੌਰ 'ਤੇ ਮੈਂ ਕਿਸੇ ਵੀ ਤਰ੍ਹਾਂ ਵੱਖਵਾਦੀ ਵਿਚਾਰਧਾਰਾ ਨੂੰ ਸਪੋਰਟ ਨਹੀਂ ਕਰਦਾ ਅਤੇ ਭਾਰਤ ਦੀ ਏਕਤਾ ਅਤੇ ਅਖੰਡਤਾ ਵਿੱਚ ਯਕੀਨ ਕਰਦੇ ਹਾਂ, ਪਰ ਨਾਲ ਹੀ ਅਮੇਰਿਕਾ ਦੀ ਧਰਤੀ 'ਤੇ ਕਿਸੇ ਅਮੈਰਿਕਨ ਸਿਟੀਜ਼ਨ 'ਤੇ ਕਾਤਲਾਨਾ ਹਮਲਾ ਬਹੁਤ ਹੀ ਗੰਭੀਰ ਮਾਮਲਾ ਹੈ ਅਤੇ ਅਸੀਂ ਇਸ ਦੀ ਸਖ਼ਤ ਨਿੰਦਾ ਕਰਦੇ ਹਾਂ।

ਕੈਨੇਡਾ ਵਿਖੇ ਵੀ ਇਸੇ ਤਰ੍ਹਾਂ ਦੀ ਹੋਈ ਘਟਨਾ 'ਤੇ ਕਾਫ਼ੀ ਚਰਚਾ ਛਿੜੀ ਸੀ। ਜਿਸ ਵਿੱਚ ਨਿੱਝਰ ਦਾ ਕਤਲ ਹੋਇਆ ਸੀ, ਉਸ ਸਮੇਂ ਕੈਨੇਡਾ ਵੱਲੋਂ ਗੱਲਬਾਤ ਨੂੰ ਸਹੀ ਢੰਗ ਨਾਲ ਪੇਸ਼ ਨਹੀਂ ਕੀਤਾ ਗਿਆ ਸੀ। ਪਰ ਇਸ ਦੇ ਉੱਲਟ ਅਮਰੀਕਾ ਨੇ ਇਸ ਮੁੱਦੇ ਨੂੰ ਬਹੁਤ ਹੀ ਵਧੀਆ ਢੰਗ ਨਾਲ ਪੇਸ਼ ਕੀਤਾ ਹੈ। ਉਨ੍ਹਾਂ ਨੇ ਸਭ ਤੋਂ ਪਹਿਲਾਂ ਇਸ ਸੰਬੰਧੀ ਸਬੂਤ ਪੇਸ਼ ਕਰਕੇ ਭਾਰਤ ਨੂੰ ਮੁਹੱਈਆ ਕਰਵਾਏ ਅਤੇ ਬਾਅਦ ਵਿੱਚ ਐੱਫ.ਆਈ.ਆਰ. ਅਤੇ ਹੋਰ ਲੋੜੀਂਦੀ ਕਾਰਵਾਈ ਕੀਤੀ। ਅਸਲ ਵਿੱਚ ਸੁਪਰ ਪਾਵਰ ਅਮੇਰਿਕਾ ਨੇ ਦਿਖਾ ਦਿੱਤਾ ਹੈ ਕਿ ਕਾਰਵਾਈ ਕਿਸ ਤਰ੍ਹਾਂ ਹੋਣੀ ਚਾਹੀਦੀ ਸੀ। ਉਨ੍ਹਾਂ ਨੇ ਕੋਰਟ ਵਿੱਚ ਸਬੂਤ ਪੇਸ਼ ਕਰਕੇ, ਕੇਸ ਫ਼ਾਈਲ ਕਰਕੇ, ਭਾਰਤ ਨੂੰ ਦੱਸ ਦਿੱਤਾ ਸੀ ਕਿ ਇਹ ਸਾਡੇ ਕੋਲ ਸਬੂਤ ਮੌਜੂਦ ਹਨ ਅਤੇ ਇਸ ਮਾਮਲੇ ਵਿੱਚ ਇਹ ਲੋਕ ਸ਼ਾਮਲ ਹਨ। ਇਸ ਦਾ ਸਿੱਧਾ ਨਤੀਜਾ ਤੁਹਾਡੇ ਸਾਹਮਣੇ ਹੈ ਕਿ ਭਾਰਤ ਬੈਕਫੁੱਟ 'ਤੇ ਹੈ ਅਤੇ ਉਸ ਕੋਲ ਕਹਿਣ ਨੂੰ ਕੁਝ ਨਹੀਂ ਹੈ ਅਤੇ ਭਾਰਤੀ ਮੀਡੀਆ ਨੇ ਵੀ ਚੁੱਪੀ ਧਾਰੀ ਹੋਈ ਹੈ।

ਇਸ ਦੇ ਉਲਟ ਜਦੋਂ ਕੈਨੇਡਾ ਦੀ ਘਟਨਾ ਸੀ, ਉਸ ਵੇਲੇ ਭਾਰਤੀ ਵਿਦੇਸ਼ ਮੰਤਰਾਲੇ ਨੇ ਸਖ਼ਤ ਕਾਰਵਾਈ ਕਰਦਿਆਂ ਆਪਣੇ ਡੈਲੀਗੇਟ ਵਾਪਸ ਬੁਲਾ ਲਏ ਸਨ, ਵੀਜ਼ੇ ਬੰਦ ਕਰ ਦਿੱਤੇ ਗਏ ਸਨ। ਕੈਨੇਡਾ-ਭਾਰਤ ਦੇ ਸੰਬੰਧਾਂ ਵਿੱਚ ਕਾਫ਼ੀ



ਤਲਖੀ ਦੇਖਣ ਨੂੰ ਮਿਲ ਰਹੀ ਸੀ, ਪਰ ਅਮਰੀਕਾ ਨੇ ਸਹੀ ਢੰਗ ਨਾਲ ਇਸ ਮਾਮਲੇ ਨੂੰ ਅਮਲੀ ਰੂਪ ਦਿੱਤਾ ਹੈ ਜਿਸ ਦੀ ਜਿੰਨੀ ਸ਼ਲਾਘਾ ਕੀਤੀ ਜਾਵੇਗੀ ਘੱਟ ਹੈ। ਇਸ ਮੌਕੇ ਜਸਦੀਪ ਸਿੰਘ ਜੱਸੀ ਨੇ ਭਾਰਤ ਸਰਕਾਰ ਨੂੰ ਬੇਨਤੀ ਕੀਤੀ ਕਿ ਇਸ ਮਾਮਲੇ ਦਾ ਖੁਲਾਸਾ ਕਰਕੇ ਕਿ ਜਲਦੀ ਤੋਂ ਜਲਦੀ ਸੱਚ ਲੋਕਾਂ ਸਾਹਮਣੇ ਲਿਆਂਦਾ ਜਾਵੇ। ਜੋ ਵਿਅਕਤੀ ਇਸ ਵਿੱਚ ਸ਼ਾਮਲ ਸਨ, ਭਾਵੇਂ ਸਰਕਾਰ ਦੇ ਹੋਣ ਜਾਂ ਕਿਸੇ ਏਜੰਸੀ ਦੇ ਹੋਣ, ਉਨ੍ਹਾਂ 'ਤੇ ਕਾਰਵਾਈ ਕਰਕੇ ਉਨ੍ਹਾਂ ਨੂੰ ਗ੍ਰਿਫ਼ਤਾਰ ਕੀਤਾ ਜਾਵੇ। ਕਿਉਕਿ ਸਾਨੂੰ ਪਤਾ ਹੈ ਕਿ ਭਾਰਤ ਦੀਆਂ ਅਜਿਹੀਆਂ ਨੀਤੀਆਂ ਨਹੀਂ ਹਨ ਪਰ ਜੇਕਰ ਕੋਈ ਅਫ਼ਸਰ ਜਾਂ ਸੰਬੰਧਤ ਇਸ ਵਿੱਚ ਸ਼ਾਮਲ ਹੈ ਤਾਂ ਇਸ ਨਾਲ ਭਾਰਤ ਦੀ ਵੀ ਮਾਨ ਹਾਨੀ ਹੋਈ ਹੈ।

ਇਸ ਸੰਬੰਧ ਵਿੱਚ ਨਿਖਿਲ ਗੁਪਤਾ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ, ਕਿਉਕਿ ਰਿਕਾਰਡਿੰਗ ਪਰੂਫ਼ ਹਨ। ਜਿਸ 'ਤੇ ਅਧਾਰਿਤ ਇਹ ਸਾਰਾ ਕੇਸ ਬਣਿਆ ਹੈ। ਭਾਰਤ ਨੂੰ ਇਹ ਪਰੂਫ਼ ਮੁਹੱਈਆ ਕਰਾ ਦਿੱਤੇ ਗਏ ਸਨ ਅਤੇ ਉਨ੍ਹਾਂ ਦੁਆਰਾ ਵੀ ਤਫਤੀਸ਼ ਚੱਲ ਰਹੀ ਹੈ। ਜਸਦੀਪ ਸਿੰਘ ਜੱਸੀ ਨੇ ਕਿਹਾ ਕਿ ਅਮੇਰਿਕਾ ਨੇ ਇਸ ਕੇਸ ਨੂੰ ਉਸੇ ਤਰ੍ਹਾਂ ਹੈਂਡਲ ਕੀਤਾ ਹੈ, ਜਿਵੇਂ ਕਿਸੇ ਸੁਪਰ ਪਾਵਰ ਨੂੰ ਹੈਂਡਲ ਕਰਨਾ ਚਾਹੀਦਾ ਸੀ। ਉਨ੍ਹਾਂ ਨੇ ਭਾਰਤ ਨਾਲ ਕੈਨੇਡਾ ਵਾਂਗ ਸੰਬੰਧ ਵੀ ਖਰਾਬ ਨਹੀਂ ਕੀਤੇ ਅਤੇ ਇੱਕ ਸਟਰੌਂਗ ਮੈਸੇਜ ਵੀ ਡਿਪਲੋਮੇਟਿਕ ਤਰੀਕੇ ਨਾਲ ਵਾਰਨਿੰਗ ਦੇ ਰੂਪ ਵਿੱਚ ਦਿੱਤਾ। ਜਸਦੀਪ ਸਿੰਘ ਜੱਸੀ ਨੇ ਆਸ ਪ੍ਰਗਟ ਕਰਦਿਆਂ ਕਿਹਾ ਕਿ ਭਾਰਤ ਇਸ ਦੀ ਜਲਦ ਤੋਂ ਜਲਦ ਇਨਵੈਸਟੀਗੇਸ਼ਨ ਕਰਕੇ ਸਾਰੀ ਜਾਣਕਾਰੀ ਜਨਤਕ ਕਰੇਗਾ। ਜੱਸੀ ਨੇ ਸਪੱਸ਼ਟ ਕਰਦਿਆਂ ਕਿਹਾ ਕਿ ਅਮਰੀਕਾ ਅਤੇ ਕੈਨੇਡਾ ਆਪਣੇ ਨਾਗਰਿਕਾਂ ਦੀ ਬਹੁਤ ਅਹਿਮੀਅਤ ਸਮਝਦਾ ਹੈ। ਅਮਰੀਕਾ ਅਤੇ ਕੈਨੇਡਾ ਨੇ ਇਹ ਕਦਮ ਇਸ ਲਈ ਚੁੱਕੇ ਹਨ ਕਿਉਂਕਿ ਅਮਰੀਕੀ ਅਤੇ ਕੈਨੇਡੀਅਨ ਪ੍ਰਸ਼ਾਸਨ ਆਪਣੇ ਨਾਗਰਿਕਾਂ ਦੀ ਸੁਰੱਖਿਆ ਨੂੰ ਲੈ ਕੇ ਬਹੁਤ ਚੌਕੰਨੇ ਰਹਿੰਦੇ ਹਨ। ਉਨ੍ਹਾਂ ਨੇ ਇਹ ਫ਼ੈਸਲੇ ਆਪਣੇ ਨਾਗਰਿਕਾਂ ਨੂੰ ਸੁਰੱਖਿਅਤ ਰੱਖਣ ਲਈ ਲਏ ਹਨ। ਇਸ ਤੋਂ ਸਿੱਖ ਭਾਈਚਾਰੇ ਨੂੰ ਇਹ ਭਾਵ ਨਹੀਂ ਲੈਣਾ ਚਾਹੀਦਾ ਕਿ ਉਹ ਖਾਲਿਸਤਾਨੀਆਂ ਦਾ ਹੁੰਗਾਰਾ ਭਰਦੇ ਹਨ ਜਾਂ ਖਾਲਿਸਤਾਨੀ ਜਾਂ ਵੱਖਵਾਦੀਆਂ ਦੀ ਉਹ ਕਿਸੇ ਤਰ੍ਹਾਂ ਦੀ ਸਪੋਰਟ ਕਰਦੇ ਹਨ।ਇੱਕ ਸਵਾਲ ਦੇ ਜਵਾਬ ਵਿੱਚ ਜੱਸੀ ਨੇ ਕਿਹਾ ਕਿ ਤਰਨਜੀਤ ਸਿੰਘ ਸੰਧੂ ਸਿੱਖ ਭਾਈਚਾਰੇ ਦੀ ਇੱਕ ਸਨਮਾਨਯੋਗ ਸ਼ਖਸੀਅਤ ਹਨ, ਇੱਕ ਡੈਲੀਗੇਟ ਹੋਣ ਦੇ ਨਾਲ-ਨਾਲ ਉਨ੍ਹਾਂ ਦੇ ਪਰਿਵਾਰ ਦਾ ਸਿੱਖੀ ਵਿੱਚ ਬਹੁਤ ਵੱਡਾ ਯੋਗਦਾਨ ਹੈ। ਤਰਨਜੀਤ ਸਿੰਘ ਸੰਧੂ ਜੋ ਕਿ ਇੱਕ ਸਾਬਤ-ਸੂਰਤ ਅਤੇ ਪਗੜੀਧਾਰੀ ਗੁਰਸਿੱਖ ਹਨ ਜਦੋਂ ਉਹ ਡੋਨਾਲਡ ਟਰੰਪ ਅਤੇ ਜੋਅ ਬਾਈਡੇਨ ਨਾਲ ਲੋਕਾਂ ਦੇ ਸਨਮੁੱਖ ਹੁੰਦੇ ਹਨ। ਤਾਂ ਉਹ ਸਿੱਖਾਂ ਦੀ ਇਮੇਜ ਨੂੰ ਬਹੁਤ ਉੱਪਰ ਲੈ ਕੇ ਜਾਂਦੇ ਹਨ। ਉਨ੍ਹਾਂ ਨਾਲ ਗੁਰਦੁਆਰਾ ਸਾਹਿਬ ਵਿੱਚ ਦੁਰਵਿਵਹਾਰ ਕੀਤਾ ਜਾਣਾ ਬਹੁਤ ਹੀ ਨਿੰਦਣਯੋਗ ਹੈ।

ਉਹ ਤਾਂ ਗੁਰਦੁਆਰਾ ਸਾਹਿਬ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ 'ਤੇ ਆਮ ਸਿੱਖ ਵਾਂਗ ਮੱਥਾ ਟੇਕਣ ਆਏ ਸਨ। ਜੇਕਰ ਕਿਸੇ ਨੂੰ ਉਨ੍ਹਾਂ ਦੀ ਕਾਰਜਸ਼ੈਲੀ 'ਤੇ ਇਤਰਾਜ ਹੈ ਤਾਂ ਉਨ੍ਹਾਂ ਨੂੰ ਉਨ੍ਹਾਂ ਦੇ ਦਫ਼ਤਰ ਵਿੱਚ ਮਿਲਿਆ ਜਾ ਸਕਦਾ ਸੀ, ਪਰ ਗੁਰਦੁਆਰਾ ਸਾਹਿਬ ਵਿੱਚ ਅਜਿਹੀ ਮਾੜੀ ਸ਼ਬਦਾਵਲੀ ਵਰਤਣਾ ਬਹੁਤ ਗਲਤ ਗੱਲ ਹੈ ਅਤੇ ਅਸੀਂ ਉਸ ਦੀ ਪੁਰਜ਼ੋਰ ਸ਼ਬਦਾਂ ਵਿੱਚ ਨਿੰਦਾ ਕਰਦੇ ਹਾਂ। ਇੱਕ ਸਵਾਲ ਦਾ ਜਵਾਬ ਦਿੰਦਿਆਂ ਜਸਦੀਪ ਸਿੰਘ ਜੱਸੀ ਨੇ ਕਿਹਾ ਕਿ ਪੰਨੂੰ 'ਤੇ ਹਮਲੇ ਦਾ ਮੁੱਦਾ ਕੋਈ ਨਵਾਂ ਨਹੀਂ ਹੈ, ਮਈ-ਜੂਨ ਤੋਂ ਪਹਿਲਾਂ ਦੀ ਇਹ ਘਟਨਾ ਹੈ। ਅਤੇ ਤੁਸੀਂ ਦੇਖ ਸਕਦੇ ਹੋ ਕਿ ਉਦੋਂ ਤੋਂ ਹੁਣ ਤੱਕ ਅਮਰੀਕਾ ਅਤੇ ਭਾਰਤ ਦੇ ਆਪਸੀ ਸੰਬੰਧਾਂ ਵਿੱਚ ਕੋਈ ਫਰਕ ਨਹੀਂ ਪਿਆ ਹੈ। ਕਿਉਂਕਿ ਭਾਰਤ 100 ਬਿਲੀਅਨ ਡਾਲਰ ਦਾ ਅਮਰੀਕਾ ਨਾਲ ਕਾਰੋਬਾਰ ਕਰਦਾ ਹੈ ਅਤੇ ਉਹ ਕਿਸੇ ਵੀ ਕੀਮਤ 'ਤੇ ਅਮਰੀਕਾ ਨਾਲ ਸੰਬੰਧ ਨਹੀਂ ਵਿਗਾੜ ਸਕਦਾ। ਭਾਰਤ ਕਦੇ ਨਹੀਂ ਚਾਹੇਗਾ ਕਿ ਉਨ੍ਹਾਂ ਦਾ ਆਰਥਿਕ ਨੁਕਸਾਨ ਹੋਵੇ।

# ਅਮਰੀਕਾ ਚ ਓਲਡ ਏਜ ਹੋਮ ਦਾ ਖਰਚ ਨਹੀਂ ਸਹਿਣ ਕਰ ਪਾ ਰਹੇ ਹਨ ਲੋਕ, ਇਸ ਲਈ ਘਰ ਪਰਤੇ

ਵਾਸ਼ਿੰਗਟਨ : ਅਮਰੀਕਾ ਵਿੱਚ ਬਜ਼ੁਰਗਾਂ ਦੀ ਦੇਖਭਾਲ ਕਰਨਾ ਮਹਿੰਗਾ ਹੁੰਦਾ ਜਾ ਰਿਹਾ ਹੈ। ਓਲਡ ਏਜ ਹੋਮ ਦਾ ਕਿਰਾਇਆ ਵਧ ਗਿਆ ਹੈ। ਜਿਸ ਕਾਰਨ ਬਜ਼ੁਰਗ ਘਰ ਪਰਤ ਰਹੇ ਹਨ ਪਰ ਪੂਰੇ ਪਰਿਵਾਰ ਲਈ ਘਰ ਛੋਟੇ ਹੁੰਦੇ ਜਾ ਰਹੇ ਹਨ। ਜਿਸ ਕਾਰਨ ਪਰਿਵਾਰ ਵੀ ਟੁੱਟ ਰਹੇ ਹਨ। ਬਜ਼ੁਰਗਾਂ ਦੀ ਦੇਖਭਾਲ ਕਰਨ ਲਈ, ਦੋਸਤ ਅਤੇ ਰਿਸ਼ਤੇਦਾਰ ਸਮੂਹਿਕ ਪ੍ਰਬੰਧ ਕਰ ਰਹੇ ਹਨ ਜਿੱਥੇ ਉਨ੍ਹਾਂ ਦੇ ਪਰਿਵਾਰ ਦੇ ਬਜ਼ੁਰਗ ਰਹਿ ਸਕਦੇ ਹਨ। ਵਧਦੀ ਮਹਿੰਗਾਈ ਦਰਮਿਆਨ ਸਰਕਾਰੀ ਸਹਾਇਤਾ ਵੀ ਕਾਫੀ ਘਟ ਗਈ ਹੈ। ਜੇਕਰ ਉਹ ਗਰੀਬੀ ਰੇਖਾ ਤੋਂ ਹੇਠਾਂ ਨਹੀਂ ਆਉਂਦੇ ਤਾਂ ਉਨ੍ਹਾਂ ਨੂੰ ਸਰਕਾਰ ਤੋਂ ਕੋਈ ਮਦਦ ਨਹੀਂ ਮਿਲਦੀ। ਦੂਜੇ ਪਾਸੇ ਬਜ਼ੁਰਗਾਂ ਦੀ ਦੇਖਭਾਲ ਲਈ ਨਿਯੁਕਤ ਕੀਤੇ ਗਏ ਲੋਕਾਂ ਦੀਆਂ ਤਨਖਾਹਾਂ ਘੱਟ ਹਨ, ਜਿਸ ਕਾਰਨ ਉਹ ਅਲਜ਼ਾਈਮਰ ਵਰਗੀਆਂ ਬੀਮਾਰੀਆਂ ਤੋਂ ਪੀੜਤ ਬਜ਼ੁਰਗਾਂ ਦੀ ਦੇਖਭਾਲ ਕਰਨ ਲਈ ਤਿਆਰ ਨਹੀਂ ਹਨ। ਅਜਿਹੇ 'ਚ ਬਜ਼ੁਰਗ ਆਪਣੇ ਪਰਿਵਾਰ 'ਤੇ ਨਿਰਭਰ ਹਨ ਪਰ ਉਹ ਉਨ੍ਹਾਂ ਦੀ ਦੇਖਭਾਲ ਕਰਨ ਦੇ ਯੋਗ ਨਹੀਂ ਹਨ।

**ਬਜ਼ੁਰਗਾਂ ਦੀ ਦੇਖਭਾਲ ਦਾ ਖਰਚਾ ਲਗਭਗ 2500 ਰੁਪਏ ਪ੍ਰਤੀ ਘੰਟਾ :** ਇੱਕ ਬਿਰਧ ਆਸ਼ਰਮ ਵਿੱਚ ਬਜ਼ੁਰਗਾਂ ਦੀ ਦੇਖਭਾਲ ਦਾ ਖਰਚਾ ਲਗਭਗ 2500 ਰੁਪਏ ਪ੍ਰਤੀ ਘੰਟਾ ਹੈ। ਬਿਊਰੋ ਆਫ ਲੇਬਰ ਸਟੈਟਿਸਟਿਕਸ ਦੇ ਅਨੁਸਾਰ, 2022 ਵਿੱਚ ਲਗਭਗ 3.7



ਮਿਲੀਅਨ ਲੋਕਾਂ ਕੋਲ ਦੇਖਭਾਲ ਸਹਾਇਕ ਵਜੋਂ ਨੌਕਰੀਆਂ ਸਨ। ਇਨ੍ਹਾਂ ਵਿੱਚੋਂ ਅੱਧੇ ਪ੍ਰਤੀ ਸਾਲ 25 ਲੱਖ ਰੁਪਏ ਜਾਂ ਪ੍ਰਤੀ ਘੰਟਾ 1200 ਰੁਪਏ ਤੋਂ ਘੱਟ ਕਮਾ ਰਹੇ ਸਨ। ਅਗਲੇ ਦਹਾਕੇ ਵਿੱਚ ਅਜਿਹੇ ਲੋਕਾਂ ਦੀ ਗਿਣਤੀ ਵਿੱਚ 20% ਵਾਧਾ ਹੋਣ ਦੀ ਸੰਭਾਵਨਾ ਹੈ। ਪਰ ਕੰਮ ਦੇ ਹਾਲਾਤ ਔਖੇ ਹਨ। ਤਨਖਾਹਾਂ ਆਮ ਤੌਰ 'ਤੇ ਘੱਟ ਹੁੰਦੀਆਂ ਹਨ ਅਤੇ ਕੰਮ ਦੇ ਘੰਟੇ ਨਿਸ਼ਚਿਤ ਨਹੀਂ ਹੁੰਦੇ ਹਨ।

**8 ਮਿਲੀਅਨ ਅਮਰੀਕੀ ਅਲਜ਼ਾਈਮਰ ਤੋਂ ਪੀੜਤ ਹਨ :** ਨਿਊਯਾਰਕ ਟਾਈਮਜ਼ ਅਤੇ KFF ਹੈਲਥ ਨਿਊਜ਼ ਦੇ ਸਰਵੇਖਣ ਅਨੁਸਾਰ, 65 ਸਾਲ ਅਤੇ ਇਸ ਤੋਂ ਵੱਧ ਉਮਰ ਦੇ ਲਗਭਗ 8 ਮਿਲੀਅਨ ਅਮਰੀਕੀਆਂ ਨੂੰ ਅਲਜ਼ਾਈਮਰ ਹੈ। ਅਜਿਹੇ 10 ਲੱਖ ਲੋਕਾਂ ਨੂੰ ਹੀ ਨਰਸਿੰਗ ਹੋਮ ਦੀ ਸਹੂਲਤ ਮਿਲੀ ਹੈ। 30 ਲੱਖ ਬੇਸਹਾਰਾ ਹਨ।

# ਬਾਈਡੇਨ ਦੀ ਵਧੇਗੀ ਮੁਸ਼ਕਲ, ਮਹਾਦੋਸ਼ ਜਾਂਚ ਲਈ ਸਦਨ 'ਚ ਜਲਦ ਹੋਵੇਗੀ ਵੋਟਿੰਗ

ਵਾਸ਼ਿੰਗਟਨ : ਅਮਰੀਕੀ ਰਾਸ਼ਟਰਪਤੀ ਜੋਅ ਬਾਈਡੇਨ ਦੀਆਂ ਮੁਸ਼ਕਿਲਾਂ ਆਉਣ ਵਾਲੇ ਸਮੇਂ 'ਚ ਵਧ ਸਕਦੀਆਂ ਹਨ। ਇਹ ਸੰਕੇਤ ਅਮਰੀਕੀ ਪ੍ਰਤੀਨਿਧੀ ਸਭਾ ਦੇ ਸਪੀਕਰ ਮਾਈਕ ਜੌਨਸਨ ਨੇ ਦਿੱਤੇ ਹਨ। ਉਸ ਨੇ ਕਿਹਾ ਹੈ ਕਿ ਰਿਪਬਲਿਕਨ ਜੋਅ ਬਾਈਡੇਨ ਵਿਰੁੱਧ ਮਹਾਦੋਸ਼ ਦੀ ਜਾਂਚ ਸ਼ੁਰੂ ਕਰਨ ਲਈ ਜਲਦੀ ਹੀ ਰਸਮੀ ਤੌਰ 'ਤੇ ਵੋਟ ਕਰ ਸਕਦੇ ਹਨ। ਤੁਹਾਨੂੰ ਦੱਸ ਦੇਈਏ ਕਿ ਅਮਰੀਕੀ ਪ੍ਰਤੀਨਿਧੀ ਸਭਾ ਦੇ ਸਾਬਕਾ ਸਪੀਕਰ ਕੇਵਿਨ ਮੈਕਕਾਰਥੀ ਖ਼ਿਲਾਫ਼ ਮਹਾਦੋਸ਼ ਲਿਆ ਸਕਦੀ ਹੈ। ਇਸ ਦੇ ਨਾਲ ਹੀ ਬਾਈਡੇਨ ਨੇ ਆਪਣੇ 'ਤੇ ਲੱਗੇ ਦੋਸ਼ਾਂ ਨੂੰ ਰੱਦ ਕਰ ਦਿੱਤਾ ਹੈ।

ਅਮਰੀਕੀ ਸਦਨ ਦੇ ਸਪੀਕਰ ਮਾਈਕ ਜੌਨਸਨ ਨੇ ਸੰਕੇਤ ਦਿੱਤਾ ਕਿ ਰਿਪਬਲਿਕਨ ਬਾਈਡੇਨ 'ਤੇ ਮਹਾਦੋਸ਼ ਦੀ ਜਾਂਚ ਸ਼ੁਰੂ ਕਰਨ ਲਈ ਰਸਮੀ ਤੌਰ 'ਤੇ ਵੋਟਿੰਗ ਦੇ ਨੇੜੇ ਹਨ। ਉਨ੍ਹਾਂ ਕਿਹਾ ਕਿ ਮੈਨੂੰ ਲੱਗਦਾ ਹੈ ਕਿ ਇਸ ਸਮੇਂ ਸਾਨੂੰ ਕੁਝ ਕਰਨਾ ਪਵੇਗਾ। ਜੀਓਪੀ ਸੰਮੇਲਨ ਦੀ ਚੇਅਰਵੁਮੈਨ ਐਲਿਸ ਸਟੇਫਨਿਕ ਦੇ ਨਾਲ ਮੌਜੂਦ ਮਾਈਕ ਜੌਨਸਨ ਨੇ ਭਰੋਸਾ ਪ੍ਰਗਟਾਇਆ ਕਿ ਜਾਂਚ ਨੂੰ ਅਧਿਕਾਰਤ ਕਰਨ ਲਈ ਲੋੜੀਂਦੀਆਂ



ਵੋਟਾਂ ਸਨ। ਉਨ੍ਹਾਂ ਕਿਹਾ ਕਿ ਵ੍ਹਾਈਟ ਹਾਊਸ ਤੋਂ ਜਾਣਕਾਰੀ ਲੈਣ ਲਈ ਇਹ ਜ਼ਰੂਰੀ ਕਦਮ ਸੀ। ਮਾਈਕ ਜੌਨਸਨ ਨੇ ਕਿਹਾ ਕਿ ਐਲਿਸ ਅਤੇ ਮੈਂ ਦੋਵਾਂ ਨੇ ਦੋ ਵਾਰ ਡੋਨਾਲਡ ਟਰੰਪ ਦੀ ਮਹਾਦੋਸ਼ ਰੱਖਿਆ ਟੀਮ ਵਿਚ ਸੇਵਾ ਕੀਤੀ ਸੀ। ਜਦੋਂ ਡੈਮੋਕਰੇਟਸ ਨੇ ਇਸਦੀ ਵਰਤੋਂ ਪੱਖਪਾਤੀ ਰਾਜਨੀਤਿਕ ਉਦੇਸ਼ਾਂ ਲਈ ਕੀਤੀ।

ਤੁਹਾਨੂੰ ਦੱਸ ਦੇਈਏ ਕਿ ਕੇਵਿਨ ਮੈਕਕਾਰਥੀ ਨੇ ਦੋਸ਼ ਲਗਾਇਆ ਹੈ ਕਿ ਰਿਪਬਲਿਕਨ ਪਾਰਟੀ ਨੇ ਰਾਸ਼ਟਰਪਤੀ ਬਾਈਡੇਨ 'ਤੇ ਕਈ ਗੰਭੀਰ ਅਤੇ ਭਰੋਸੇਯੋਗ ਦੋਸ਼ਾਂ ਦਾ ਖੁਲਾਸਾ ਕੀਤਾ ਹੈ। ਜਿਹਨਾਂ ਦੀ ਜਾਂਚ ਚੱਲ ਰਹੀ ਹੈ। ਇਹ ਦੋਸ਼ ਜੋਅ ਬਾਈਡੇਨ ਦੇ ਬੇਟੇ ਹੰਟਰ ਬਾਈਡੇਨ ਦੇ ਵਿਦੇਸ਼ੀ ਕਾਰੋਬਾਰ ਨਾਲ ਸਬੰਧਤ ਹਨ। ਹਾਲਾਂਕਿ ਜਾਂਚ ਦਾ ਘੇਰਾ ਅਜੇ ਸਪੱਸ਼ਟ ਨਹੀਂ ਹੈ। ਰਾਸ਼ਟਰਪਤੀ ਬਾਈਡੇਨ ਨੇ ਦੋਸ਼ਾਂ ਨੂੰ ਰੱਦ ਕਰਦਿਆਂ ਕਿਹਾ ਹੈ ਕਿ ਉਨ੍ਹਾਂ ਨੇ ਕਦੇ ਵੀ ਹੰਟਰ ਬਾਈਡੇਨ ਦੇ ਕਾਰੋਬਾਰੀ ਭਾਈਵਾਲਾਂ ਨਾਲ ਵਪਾਰ ਬਾਰੇ ਗੱਲ ਨਹੀਂ ਕੀਤੀ। ਸਤੰਬਰ 2023 ਵਿੱਚ ਜਦੋਂ ਬਾਈਡੇਨ ਨੂੰ ਇਸ ਬਾਰੇ ਪੁੱਛਿਆ ਗਿਆ ਸੀ ਤਾਂ ਬਾਈਡੇਨ ਨੇ ਕਿਹਾ ਸੀ ਕਿ ਕੱਟੜਪੰਥੀ ਰਿਪਬਲਿਕਨ ਪਾਰਟੀ ਦੇ ਨੇਤਾ ਉਸ 'ਤੇ ਮਹਾਦੋਸ਼ ਲਗਾ ਕੇ ਸਰਕਾਰ ਨੂੰ ਡੇਗਣਾ ਚਾਹੁੰਦੇ ਹਨ।

ਦਰਅਸਲ ਰਿਪਬਲਿਕਨ ਪਾਰਟੀ ਦੇ ਨੇਤਾ ਕਈ ਮਹੀਨਿਆਂ ਤੋਂ ਜੋਅ ਬਾਈਡੇਨ ਅਤੇ ਉਨ੍ਹਾਂ ਦੇ ਬੇਟੇ ਹੰਟਰ ਦੇ ਵਪਾਰਕ ਸੌਦਿਆਂ ਦੀ ਜਾਂਚ ਕਰ ਰਹੇ ਹਨ। ਉਹ ਮਹਾਦੋਸ਼ ਦੇ ਆਧਾਰ ਲਈ ਸਬੂਤ ਇਕੱਠੇ ਕਰ ਰਹੇ ਹਨ। ਹਾਲਾਂਕਿ ਰਿਪਬਲਿਕਨ ਜਾਂਚ ਵਿੱਚ ਹੁਣ ਤੱਕ ਕੁਝ ਵੀ ਠੋਸ ਸਾਹਮਣੇ ਨਹੀਂ ਆਇਆ ਹੈ। ਇਸ ਦੇ ਨਾਲ ਹੀ ਪੂਰੇ ਸਦਨ ਨੇ ਵੀ ਅਜੇ ਤੱਕ ਮਹਾਦੋਸ਼ ਜਾਂਚ ਨੂੰ ਰਸਮੀ ਤੌਰ 'ਤੇ ਅਧਿਕਾਰਤ ਕਰਨ ਲਈ ਵੋਟਿੰਗ ਨਹੀਂ ਕੀਤੀ ਹੈ। ਹੰਟਰ ਬਾਈਡੇਨ ਨੇ ਆਪਣੇ ਕਾਰੋਬਾਰੀ ਸੌਦਿਆਂ ਦੀ ਜਾਂਚ ਕਰਨ ਵਾਲੀਆਂ ਕਮੇਟੀਆਂ ਦੇ ਸਾਹਮਣੇ ਜਨਤਕ ਤੌਰ 'ਤੇ ਗਵਾਹੀ ਦੇਣ ਦੀ ਪੇਸ਼ਕਸ਼ ਵੀ ਕੀਤੀ ਹੈ।

# ਪੰਜਾਬ ਦੀ ਧੀ ਨੇ ਅਮਰੀਕਾ ਚ ਗੱਡੇ ਝੰਡੇ, ਦਾਦਾ-ਦਾਦੀ ਨੂੰ ਵਧਾਈਆਂ ਦੇਣ ਘਰ ਪਹੁੰਚ ਰਹੇ ਲੋਕ

ਨਡਾਲਾ : ਨਡਾਲਾ ਦੇ ਪਿੰਡ ਮਿਰਜ਼ਾਪੁਰ ਦੀ ਹੋਣਹਾਰ ਧੀ ਕੋਮਲ ਪੰਨੂ ਨੇ ਅਮਰੀਕਾ 'ਚ ਆਪਣੀ ਪੜ੍ਹਾਈ ਪੂਰੀ ਕਰਦਿਆਂ ਅਮਰੀਕਾ ਫ਼ੌਜ 'ਚ ਭਰਤੀ ਹੋ ਕੇ ਮਾਪਿਆਂ, ਇਲਾਕੇ ਅਤੇ ਪੰਜਾਬ ਦਾ ਨਾਂ ਰੌਸ਼ਨ ਕੀਤਾ ਹੈ। ਇਸ ਸਬੰਧੀ ਅਮਰੀਕਾ ਤੋਂ ਫੋਨ 'ਤੇ ਜਾਣਕਾਰੀ ਦਿੰਦਿਆਂ ਕੋਮਲ ਪੰਨੂ ਦੇ ਪਿਤਾ ਬਿਕਰਮਜੀਤ ਸਿੰਘ ਪੰਨੂ ਨੇ ਦੱਸਿਆ ਕਿ ਉਹ ਅੱਜ ਤੋਂ 10 ਸਾਲ ਪਹਿਲਾਂ ਚੰਗੇ ਭਵਿੱਖ ਦੀ ਭਾਲ 'ਚ




ਅਮਰੀਕਾ ਗਿਆ ਸੀ। ਉਸ ਦੀ ਬੇਟੀ ਕੋਮਲ ਨੇ 8ਵੀਂ ਤੱਕ ਪੜ੍ਹਾਈ ਕਰਕੇ 2019 ਵਿਚ ਪਰਿਵਾਰ ਸਮੇਤ ਅਮਰੀਕਾ ਆ ਗਈ, ਜਿੱਥੇ ਉਸ ਨੇ ਆਪਣੀ ਗ੍ਰੈਜੂਏਸ਼ਨ ਪੂਰੀ ਕਰਕੇ ਅਮਰੀਕਾ ਦੇ ਸੈਕਰਮਿੰਟੋ ਵਿਖੇ ਰੈਂਕ ਈ-2 'ਚ ਅਮਰੀਕਾ ਫ਼ੌਜ ਨੂੰ ਜੁਆਇਨ ਕੀਤਾ ਹੈ। ਕੋਮਲ ਪੰਨੂ ਦੀ ਇਸ ਪ੍ਰਾਪਤੀ 'ਤੇ ਪਿੰਡ ਮਿਰਜ਼ਾਪੁਰ ਵਿਚ ਰਹਿੰਦੇ ਦਾਦਾ-ਦਾਦੀ ਨੂੰ ਲੋਕ ਵਧਾਈਆਂ ਦੇਣ ਪਹੁੰਚ ਰਹੇ ਹਨ।

# ਭਾਜਪਾ ਦੇ ਸੰਸਦ ਮੈਂਬਰਾਂ ਨੇ ਦਿੱਤਾ ਸੰਸਦ ਦੀ ਮੈਂਬਰਸ਼ਿਪ ਤੋਂ ਅਸਤੀਫਾ









Narendra Singh Tomar (Madhya Pradesh) | Prahlad Singh Patel (Madhya Pradesh) | Rakesh Singh (Madhya Pradesh) | Uday Pratap Singh (Madhya Pradesh)
Riti Pathak (Madhya Pradesh) | Rajyavardhan Singh Rathore (Rajasthan) | Diya Kumari (Rajasthan) | Kirori Lal Meena (Rajasthan)
Baba Balak Nath (Rajasthan), Not Come to the House | Renuka Singh (Chhattisgarh) Not Come to the House | Arun Sao (Chhattisgarh) | Gomati Sai (Chhattisgarh)

ਨਵੀਂ ਦਿੱਲੀ : ਰਾਜਸਥਾਨ, ਮੱਧ ਪ੍ਰਦੇਸ਼ ਅਤੇ ਛੱਤੀਸਗੜ੍ਹ ਵਿੱਚ ਹਾਲ ਹੀ ਵਿੱਚ ਹੋਈਆਂ ਵਿਧਾਨ ਸਭਾ ਚੋਣਾਂ ਵਿੱਚ ਜਿੱਤ ਦਰਜ ਕਰਨ ਵਾਲੇ ਭਾਜਪਾ ਦੇ 10 ਸੰਸਦ ਮੈਂਬਰਾਂ ਨੇ ਬੁੱਧਵਾਰ ਤੱਕ ਆਪਣੀ ਸੰਸਦੀ ਮੈਂਬਰਸ਼ਿਪ ਛੱਡ ਦਿੱਤੀ ਹੈ। ਦੋ ਹੋਰ ਸੰਸਦ ਮੈਂਬਰ ਬਾਬਾ ਬਾਲਕਨਾਥ ਅਤੇ ਰੇਣੂਕਾ ਸਿੰਘ ਅੱਜ ਸਦਨ ਵਿੱਚ ਨਹੀਂ ਆਏ।

ਭਾਜਪਾ ਆਗੂ ਨਰਿੰਦਰ ਸਿੰਘ ਤੋਮਰ ਅਤੇ ਪ੍ਰਹਿਲਾਦ ਸਿੰਘ ਪਟੇਲ ਉਨ੍ਹਾਂ ਦੋ ਸੰਸਦ ਮੈਂਬਰ ਹਨ ਜੋ ਸੰਸਦ ਤੋਂ ਅਸਤੀਫ਼ੇ ਦੇਣ ਵੇਲੇ ਕੇਂਦਰੀ ਮੰਤਰੀ ਸਨ। ਭਾਜਪਾ ਦੇ ਸੰਸਦ ਮੈਂਬਰਾਂ ਰਾਕੇਸ਼ ਸਿੰਘ, ਉਦੈ ਪ੍ਰਤਾਪ ਅਤੇ ਰੀਤੀ ਪਾਠਕ ਨੇ ਮੱਧ ਪ੍ਰਦੇਸ਼ ਵਿੱਚ ਚੋਣ ਜਿੱਤਣ ਤੋਂ ਬਾਅਦ ਲੋਕ ਸਭਾ ਦੀ ਮੈਂਬਰਸ਼ਿਪ ਛੱਡ ਦਿੱਤੀ ।


ਭਾਜਪਾ ਦੇ ਸੰਸਦ ਮੈਂਬਰਾਂ ਅਰੁਣ ਸਾਓ ਅਤੇ ਗੋਮਤੀ ਸਾਈਂ ਨੇ ਛੱਤੀਸਗੜ੍ਹ ਵਿੱਚ ਜਿੱਤਣ ਵਾਲੇ ਉਮੀਦਵਾਰਾਂ ਦੀ ਸੂਚੀ ਵਿੱਚ ਸ਼ਾਮਲ ਹੋਣ ਤੋਂ ਬਾਅਦ ਲੋਕ ਸਭਾ ਤੋਂ ਅਸਤੀਫਾ ਦੇ ਦਿੱਤਾ, ਜਿੱਥੇ ਵਿਧਾਨ ਸਭਾ ਚੋਣਾਂ ਦੋ ਪੜਾਵਾਂ ਵਿੱਚ ਹੋਈਆਂ ਸਨ। ਲੋਕ ਸਭਾ ਮੈਂਬਰ ਰਾਜਵਰਧਨ ਸਿੰਘ ਰਾਠੌਰ, ਦੀਆ ਕੁਮਾਰੀ ਅਤੇ ਰਾਜ ਸਭਾ ਮੈਂਬਰ ਕਰੋੜੀ ਲਾਲ ਮੀਣਾ ਨੇ ਵੀ ਰਾਜਸਥਾਨ ਵਿੱਚ ਜਿੱਤ ਹਾਸਲ ਕਰਨ ਤੋਂ ਬਾਅਦ ਅਸਤੀਫ਼ਾ ਦੇ ਦਿੱਤਾ ਹੈ। ਭਾਜਪਾ ਦੇ ਕੌਮੀ ਪ੍ਰਧਾਨ ਜੇਪੀ ਨੱਡਾ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਲੋਕ ਸਭਾ ਸਪੀਕਰ ਓਮ ਬਿਰਲਾ ਅਤੇ ਰਾਜ ਸਭਾ ਦੇ ਚੇਅਰਮੈਨ ਤੇ ਮੀਤ ਪ੍ਰਧਾਨ ਜਗਦੀਪ ਧਨਖੜ ਨਾਲ ਮੁਲਾਕਾਤ ਦੌਰਾਨ ਉਪਰੋਕਤ ਆਗੂਆਂ ਦੇ ਵਫ਼ਦ ਦੀ ਅਗਵਾਈ ਕੀਤੀ। ਨਿਊਜ਼ ਏਜੰਸੀ ਏਐਨਆਈ ਨੇ ਸੂਤਰਾਂ ਦੇ ਹਵਾਲੇ ਨਾਲ ਦੱਸਿਆ ਕਿ ਨੱਡਾ ਅਤੇ ਪ੍ਰਧਾਨ ਮੰਤਰੀ ਮੋਦੀ ਨਾਲ ਮੀਟਿੰਗ ਤੋਂ ਬਾਅਦ ਸੰਸਦ ਮੈਂਬਰਾਂ ਵਜੋਂ ਅਸਤੀਫ਼ਾ ਦੇਣ ਦਾ ਫੈਸਲਾ ਲਿਆ ਗਿਆ।

ਮੱਧ ਪ੍ਰਦੇਸ਼ ਦੇ ਨਰਸਿੰਘਪੁਰ ਤੋਂ ਵਿਧਾਇਕ ਚੋਣ ਜਿੱਤਣ ਵਾਲੇ ਭਾਜਪਾ ਨੇਤਾ ਪ੍ਰਹਿਲਾਦ ਸਿੰਘ ਪਟੇਲ ਨੇ ਏਐਨਆਈ ਨੂੰ ਦੱਸਿਆ, 'ਮੈਂ ਸੰਸਦ ਮੈਂਬਰ ਵਜੋਂ ਅਸਤੀਫ਼ਾ ਦੇ ਦਿੱਤਾ ਹੈ ਅਤੇ ਜਲਦੀ ਹੀ ਕੈਬਨਿਟ ਮੰਤਰੀ ਦੇ ਅਹੁਦੇ ਤੋਂ ਅਸਤੀਫ਼ਾ ਦੇ ਦੇਵਾਂਗਾ।'

ਅਸਤੀਫ਼ੇ ਸੰਵਿਧਾਨ ਦੇ ਅਨੁਸਾਰ ਸਨ, ਜੋ ਕਿਸੇ ਵਿਅਕਤੀ ਨੂੰ ਸੰਸਦ ਦੇ ਦੋਵਾਂ ਸਦਨਾਂ ਜਾਂ ਸੰਸਦ ਦੇ ਮੈਂਬਰ (ਕਿਸੇ ਸਦਨ ਵਿੱਚ) ਅਤੇ ਇੱਕ ਰਾਜ ਵਿਧਾਨ ਸਭਾ ਦਾ ਇੱਕ ਮੈਂਬਰ ਹੋਣ ਤੋਂ ਰੋਕਦਾ ਹੈ। ਜੇਕਰ ਕੋਈ ਸੇਵਾ ਕਰ ਰਿਹਾ ਸੰਸਦ ਮੈਂਬਰ ਰਾਜ ਵਿਧਾਨ ਸਭਾ ਲਈ ਵਿਧਾਇਕ ਵਜੋਂ ਚੁਣਿਆ ਜਾਂਦਾ ਹੈ, ਤਾਂ ਉਹਨਾਂ ਕੋਲ ਵਿਧਾਨ ਸਭਾ ਚੋਣਾਂ ਦੇ ਨਤੀਜੇ ਦੇ ਐਲਾਨ ਤੋਂ 14 ਦਿਨ ਦਾ ਸਮਾਂ ਹੁੰਦਾ ਹੈ ਕਿ ਉਹ ਸੰਸਦ ਵਿੱਚ ਉਹਨਾਂ ਦੀ ਸੀਟ ਆਪਣੇ ਆਪ ਖਾਲੀ ਹੋਣ ਤੋਂ ਪਹਿਲਾਂ ਦੋ ਸੀਟਾਂ ਵਿੱਚੋਂ ਇੱਕ ਤੋਂ ਅਸਤੀਫਾ ਦੇ ਦੇਣ।

# ਇਤਾਈ (ITAI) ਇਜਰਾਈਲ ਦਾ ਪੁੱਤ ਜਿਸ ਨੂੰ ਰੱਬ ਨੇ ਦੂਜੀ ਜ਼ਿੰਦਗੀ ਬਖਸ਼ੀ

## ITAI *15 ਸਾਲਾ ਦਾ ਬੱਚਾ ਹੈ ਅਤੇ ਟ੍ਰਾਈਐਥਲੀਟ ਹੈ*



7 ਅਕਤੂਬਰ ਨੂੰ ਉਹ ਸਵੇਰੇ ਉੱਠ ਕੇ ਰੇਲਗੱਡੀ 'ਤੇ ਚੜ੍ਹਨ ਲਈ ਜਾ ਰਿਹਾ ਸੀ ਜਿਥੇ ਉਸਦਾ ਟਾਕਰਾ ਬੇਰਹਿਮ ਇਨਸਾਨਾ ਚ ਲੁਕੇ ਜਾਨਵਰਾਂ ਹਮਾਸ ਨਾਲ ਹੋ ਗਿਆ ਉਸ ਨੂੰ ਹਮਾਸ ਦੇ ਇਕ ਇਸਲਾਮਿਕ ਅੱਤਵਾਦੀ ਨੇ ਸਿਰ ਵਿਚ ਗੋਲੀ ਮਾਰ ਦਿੱਤੀ ਸੀ ਅਤੇ ਉਸ ਨੂੰ ਮਰਿਆ ਸਮਝਕੇ ਛੱਡਕੇ ਚਲੇ ਗਏ ਪਰ ਉਹ ਮਰਿਆ ਨਹੀਂ ਸੀ।


ਕਹਿੰਦੇ ਜਿਸਨੂੰ ਰੱਬ ਨੇ ਰੱਖਣਾ ਉਸਨੂੰ ਕੌਣ ਮਾਰ ਸਕਦਾ ਉਹ ਬਚ ਗਿਅ

ਜਦੋਂ ਅੱਤਵਾਦੀ ਉਸ ਤੋਂ ਅੱਗੇ ਵਧੇ ਤਾਂ ਇਤਾਈ ਉੱਠਿਆ ਅਤੇ ਆਪਣੇ ਆਪ ਨੂੰ ਸਭਾਲਿਆ ਇਨਾ ਚਿਰ 'ਚ ਇਜ਼ਰਾਈਲੀ ਫੌਜ ਪਹੁੰਚ ਗਈ ਅਤੇ ਉਸਨੂੰ ਲਭ ਲਿਆ ਅਤੇ ਤੁਰੰਤ ਡਾਕਟਰੀ ਸਹਾਇਤਾ ਪ੍ਰਾਪਤ ਕੀਤੀ।

ਪਰ ਅਫ਼ਸੋਸ ਦੀ ਗੱਲ ਇਹ ਹੈ ਕਿ, ਇਤਾਈ ਨੇ ਆਪਣੀ ਸੱਜੀ ਅੱਖ ਗੁਆ ਦਿੱਤੀ।

ਪਰ ਉਹ ਹੁਣ ਠੀਕ ਹੋ ਗਿਆ ਹੈ ਅਤੇ ਅੱਜ ਉਹ ਆਪਣੀ ਅਗਲੀ ਸਿਖਲਾਈ ਲਈ ਤਿਆਰ ਬਰ ਤਿਆਰ ਹੋ ਗਿਆ ਹੈ। ਜਿਸ ਨਾਲ ਹੁਣ ਲੋਕਾਂ 'ਚ ਖ਼ੁਸ਼ੀ ਦੀ ਲਹਿਰ ਹੈ।

ਇਹ ਪੁਲਵਾਮਾ ਆਤਮਘਾਤੀ ਹਮਲਾਵਰ ਆਦਿਲ ਅਹਿਮਦ ਡਾਰ ਸੀ। ਉਸਨੇ 14 ਫਰਵਰੀ 2019 ਨੂੰ ਆਤਮਘਾਤੀ ਹਮਲੇ ਵਿੱਚ ਆਪਣੇ ਆਪ ਨੂੰ ਉਡਾਉਣ ਤੋਂ ਪਹਿਲਾਂ ਆਪਣੇ ਵੀਡੀਓ ਸੰਦੇਸ਼ ਵਿੱਚ ਹਿੰਦੂਆਂ ਨੂੰ 'ਗਊ ਪਿਸ਼ਾਬ ਪੀਣ ਵਾਲੇ' ਕਹਿ ਕੇ ਮਜ਼ਾਕ ਉਡਾਇਆ। ਉਦੋਂ ਤੋਂ, ਹਿੰਦੂਆਂ ਦੇ ਵਿਰੁੱਧ ਗੌਮੂਤਰ ਜੀਵਾਂ ਵਿਚ ਵਾਧਾ ਹੀ ਨਹੀਂ ਹੋਇਆ, ਸਗੋਂ ਆਮ ਵੀ ਹੋ ਗਿਆ ਹੈ।



# ਰਾਜਸਥਾਨ ਵਿਧਾਨ ਸਭਾ ਚੋਣਾਂ 'ਚ ਭਾਜਪਾ ਨੇ 4 ਸਾਧੂਆਂ ਨੂੰ ਮੈਦਾਨ 'ਚ ਉਤਾਰਿਆ ਅਤੇ ਸਾਰੇ ਹੀ ਜਿੱਤੇ

- ਨਾਥ ਸੰਪਰਦਾ ਦੇ ਅੱਠਵੇਂ ਮਹੰਤ ਅਤੇ ਸੰਸਦ ਮੈਂਬਰ ਮਹੰਤ ਬਾਲਕਨਾਥ ਯੋਗੀ ਨੇ ਅਲਵਰ ਦੇ ਤਿਜਾਰਾ ਹਲਕੇ ਤੋਂ ਜਿੱਤ ਹਾਸਲ ਕੀਤੀ।
- ਹਤੋਜ ਧਾਮ ਦੇ ਮੁੱਖ ਪੁਜਾਰੀ ਬਾਲ ਮੁਕੁੰਦ ਅਚਾਰੀਆ ਜੈਪੁਰ ਦੇ ਹਵਾ ਮਹਿਲ ਹਲਕੇ ਤੋਂ ਜਿੱਤੇ।
- ਬਾੜਮੇਰ ਦੇ ਤਾਰਾ ਤਾਰਾ ਮੱਠ ਦੇ ਮੁਖੀ ਮਹੰਤ ਪ੍ਰਤਾਪ ਪੁਰੀ ਪੋਖਰਣ 'ਚ ਜੇਤੂ ਰਹੇ।
- ਮੁੰਦਰਾ ਮਾਤਾ ਮੰਦਰ ਦੇ ਮਹੰਤ ਓਤਾਰਾਮ ਦੇਵਾਸੀ ਪਿਛਲੀ ਭਾਜਪਾ ਸਰਕਾਰ ਵਿੱਚ ਗੋ-ਪਾਲਨ (ਗਊ ਪਾਲਣ) ਦੇ ਪਹਿਲੇ ਮੰਤਰੀ ਸਨ। ਹੁਣ ਉਹ ਸਿਰੋਹੀ ਤੋਂ ਚੁਣੇ ਗਏ ਹਨ।



ਇਹ ਪ੍ਰਭਾਵਸ਼ਾਲੀ ਸਾਧੂ ਆਪਣੀਆਂ ਸੰਸਥਾਵਾਂ ਰਾਹੀਂ ਪਹਿਲਾਂ ਹੀ ਵੱਡੇ-ਵੱਡੇ ਸਮਾਜ ਸੇਵੀ ਕੰਮ ਕਰਕੇ ਲੋਕਾਂ ਦਾ ਪਿਆਰ ਤੇ ਸਤਿਕਾਰ ਜਿੱਤ ਰਹੇ ਹਨ। ਉਨ੍ਹਾਂ ਨੂੰ ਸਿੱਧੀ ਰਾਜਨੀਤੀ ਵਿੱਚ ਕੁੱਦਦਿਆਂ, ਸੱਤਾ ਸੰਭਾਲਣ ਅਤੇ ਲੋਕਾਂ ਦੀ ਹੋਰ ਵੀ ਸੇਵਾ ਕਰਨ ਲਈ ਤਿਆਰ ਦੇਖ ਕੇ ਖੁਸ਼ੀ ਹੁੰਦੀ ਹੈ। ਇਹ ਦੇਸ਼ ਦੇ ਹੋਰ ਸਾਰੇ ਖੇਤਰਾਂ ਲਈ ਪ੍ਰੇਰਨਾ ਦਾ ਕੰਮ ਕਰੇ।

# ਖਾਲੜਾ ਪਾਰਕ ਵਾਲੇ ਬਾਬਿਆਂ ਨੇ ਮਨਾਇਆ ਸਰਪੰਚ ਅਵਤਾਰ ਸਿੰਘ ਚੌਹਾਨ ਦਾ 85ਵਾਂ ਜਨਮ ਦਿਨ

ਫਰਿਜਨੋ (ਕੈਲੀਫੋਰਨੀਆਂ) (ਗੁਰਿੰਦਰਜੀਤ ਨੀਟਾ ਮਾਛੀਕੇ/ਕੁਲਵੰਤ ਧਾਲੀਆਂ) : ਸਥਾਨਿਕ ਖਾਲੜਾ ਪਾਰਕ ਵਾਲੇ ਬਾਬਿਆਂ ਨੇ ਰਲਕੇ ਆਪਣੇ ਸਾਥੀ ਸਰਪੰਚ ਅਵਤਾਰ ਸਿੰਘ ਚੌਹਾਨ ਦਾ 85ਵਾਂ ਜਨਮਦਿਨ ਬੜੀ ਸ਼ਾਨੋ ਸ਼ੌਕਤ ਨਾਲ ਖਾਲੜਾ ਪਾਰਕ ਫਰਿਜਨੋ ਵਿੱਚ ਇੱਕ ਸਾਦੇ ਤੇ ਪ੍ਰਭਾਵਸ਼ਾਲੀ ਸਮਾਗਮ ਦੌਰਾਨ ਮਨਾਇਆ। ਖਾਲੜਾ ਪਾਰਕ ਵਾਲੇ ਬਾਬਿਆਂ ਨੇ ਕੇਕ ਕੱਟਿਆ ਤੇ ਸਰਪੰਚ ਸਾਬ ?ਹ ਨੂੰ ਹਾਰ ਪਾਕੇ ਉਹਨਾਂ ਦਾ ਵਿਸ਼ੇਸ਼ ਜਨਮਦਿਨ ਮਨਾਇਆ। ਇਹ ਸਮਾਗਮ ਸਰਪੰਚ ਸਾਬ੍ਹ ਲਈ ਇੱਕ ਸਰਪਰਾਈਜ਼ ਪਾਰਟੀ ਰੱਖਕੇ ਮਨਾਇਆ ਗਿਆ। ਸਰਪੰਚ ਅਵਤਾਰ ਸਿੰਘ ਚੌਹਾਨ ਨੇ ਕਿਹਾ ਕਿ ਮੇਰੇ ਜਨਮਦਿਨ ਤੇ ਇਹ ਪਾਰਟੀ ਕਰਨ ਲਈ ਮੈਂ ਤਹਿ ਦਿਲੋਂ ਸਭਨਾਂ ਮੈਂਬਰਾਂ ਦਾ ਧੰਨਵਾਦੀ ਹਾਂ, ਉਹਨਾਂ ਕਿਹਾ ਕਿ ਮੈਂ ਜ਼ਿੰਦਗੀ ਦਾ ਇੱਕ ਇੱਕ ਸਾਹ ਕਮਿਊਨਟੀ ਦੀ ਸੇਵਾ ਵਿੱਚ ਲਾਵਾਂਗਾ । ਇੱਥੇ ਇਹ ਵੀ ਜਿਕਰਯੋਗ ਹੈ ਕਿ ਸ. ਅਵਤਾਰ ਸਿੰਘ ਚੌਹਾਨ ਪੰਜਾਬ ਦੇ ਨਗਰ ਪਿੰਡ ਦੇ ਲੰਮਾ ਸਮਾਂ ਸਰਪੰਚ ਰਹਿ ਚੁੱਕੇ ਹਨ, ਅਤੇ ਪਿਛਲੇ ਲੰਮੇ ਅਰਸੇ ਤੋਂ ਕੈਲੀਫੋਰਨੀਆਂ ਦੇ ਸ਼ਹਿਰ ਫਰਿਜਨੋ ਵਿਖੇ ਰਹਿ ਰਹੇ ਹਨ ' ਤੇ ਕਮਿਊਂਨਟੀ ਦੇ ਕੰਮਾਂ ਵਿੱਚ ਵੱਧ ਚੜਕੇ ਹਿੱਸਾ ਲੈ ਰਹੇ ਹਨ। ਹਰ ਸਾਲ ਖਾਲੜਾ ਸਾਬ੍ਹ ਦੀ ਯਾਦ ਵਿੱਚ ਮਨਾਏ ਜਾਂਦੇ ਸਮਾਗਮ ਵਿੱਚ ਵੀ ਸਰਪੰਚ ਅਵਤਾਰ ਸਿੰਘ ਚੌਹਾਨ ਅਹਿਮ ਭੂਮਿਕਾ ਨਿਭਾਉਂਦੇ ਆ ਰਹੇ ਹਨ। ਇਸ ਮੌਕੇ ਮਾਸਟਰ ਸੁਲੱਖਣ ਸਿੰਘ, ਹਰਦੇਵ ਸਿੰਘ ਰਾਊਕੇ, ਸਾਧੂ ਸਿੰਘ ਸੰਘਾ, ਹੈਰੀ ਮਾਨ, ਮਨਜੀਤ ਕੁਲਾਰ ਦੇ ਨਾਲ ਹੋਰ ਬਹੁਤ ਸਾਰੇ ਪਤਵੰਤੇ ਮਜੂਦ ਰਹੇ।



# ਭਾਈ ਵੀਰ ਸਿੰਘ ਖਿਲਾਫ਼ ਸਾਹਿਤ ਮਾਫ਼ੀਆ ਦਾ ਬਿਰਤਾਂਤ

ਡਾ. ਗੁਰਵਿੰਦਰ ਸਿੰਘ ਧਾਲੀਵਾਲ

ਭਾਈ ਵੀਰ ਸਿੰਘ ਆਧੁਨਿਕ ਪੰਜਾਬੀ ਸਾਹਿਤ ਦੇ ਮੋਢੀ ਸਾਹਿਤਕਾਰ ਹਨ। ਉਹਨਾਂ ਦੀ ਪੰਜਾਬੀ ਸਾਹਿਤ 'ਚ ਆਮਦ ਤੋਂ ਪਹਿਲਾਂ ਪੰਜਾਬੀ ਵਾਕ ਬਣਤਰ, ਸ਼ਬਦਾਵਲੀ, ਠੇਠਤਾ ਅਤੇ ਰਵਾਨੀ ਦੇ ਨਮੂਨੇ ਟਾਵੇਂ ਹੀ ਮਿਲਦੇ ਹਨ। ਇਥੋਂ ਤੱਕ ਕਿ ਵੀਹਵੀਂ ਸਦੀ ਦੇ ਸ਼ੁਰੂ ਵਿਚ ਭਾਈ ਸਾਹਿਬ ਦੇ ਸਮਕਾਲੀ ਲੇਖਕਾਂ ਦੀ ਵਾਰਤਕ, ਪੰਜਾਬੀ ਨਾਲੋਂ ਬ੍ਰਿਜ ਅਤੇ ਹਿੰਦੀ ਦੇ ਵਧੇਰੇ ਨੇੜੇ ਜਾਪਦੀ ਹੈ। ਪੰਜਾਬੀ ਵਿਚ ਨਿੱਕੀ ਕਵਿਤਾ, ਨਾਵਲ, ਨਾਟਕ, ਜੀਵਨੀ ਸਾਹਿਤ, ਅਨੁਵਾਦ ਅਤੇ ਸੰਪਾਦਨ ਕਾਰਜਾਂ ਸਮੇਤ, ਅਨੇਕਾਂ ਹੋਰ ਸਾਹਿਤ-ਰੂਪਾਂ ਰਾਹੀਂ ਭਾਈ ਸਾਹਿਬ ਨੇ ਮਾਂ-ਬੋਲੀ ਦਾ ਖਜ਼ਾਨਾ ਭਰਪੂਰ ਕਰ ਦਿੱਤਾ। ਪੰਜਾਬੀ ਪੱਤਰਕਾਰੀ ਦਾ ਮੁੱਢ ਬੰਨਣ ਅਤੇ ਮੂੰਹ-ਮੁਹਾਂਦਰਾ ਨਿਖਾਰਨ ਵਿਚ ਵੀ ਭਾਈ ਵੀਰ ਸਿੰਘ ਦੀ ਦੇਣ ਅੱਖੋਂ ਪਰੋਖੇ ਨਹੀਂ ਕੀਤੀ ਜਾ ਸਕਦੀ। ਗੁਰਬਾਣੀ ਸਾਹਿਤ ਦੀ ਵਿਆਖਿਆ ਅਤੇ ਗੁਰੂ ਸਾਹਿਬਾਨ ਤੋਂ ਲੈ ਕੇ, ਮਹਾਨ ਸਿੱਖ ਸ਼ਖ਼ਸੀਅਤਾਂ ਬਾਰੇ ਵਡਮੁੱਲਾ ਸਾਹਿਤ ਭਾਈ ਵੀਰ ਸਿੰਘ ਦੀ ਇਤਿਹਾਸਕ ਦੇਣ ਹੈ। 1898 ਵਿਚ ਪ੍ਰਕਾਸ਼ਿਤ ਨਾਵਲ 'ਸੁੰਦਰੀ' ਨਾਲ ਪੰਜਾਬੀ ਪਾਠਕਾਂ ਦੀ ਗਿਣਤੀ ਵਿਚ ਚੋਖਾ ਵਾਧਾ ਹੀ ਨਹੀਂ ਹੋਇਆ, ਸਗੋਂ ਪੰਜਾਬੀ ਸਾਹਿਤ ਅੰਦਰ ਅਥਾਹ ਸੰਭਾਵਨਾਵਾਂ ਨੇ ਵੀ ਜਨਮ ਲਿਆ। ਮਗਰੋਂ ਨਾਵਲ ਬਿਜੈ ਸਿੰਘ, ਸਤਵੰਤ ਕੌਰ, ਮਹਾਂਕਾਵਿ ਰਾਣਾ ਸੂਰਤ ਸਿੰਘ, ਕਾਵਿ-ਸੰਗ੍ਰਹਿ; ਲਹਿਰਾਂ ਦੇ ਹਾਰ, ਮਟਕ ਹੁਲਾਰੇ, ਕੰਬਦੀ ਕਲਾਈ, ਪ੍ਰੀਤ ਵੀਣਾ ਤੇ ਮੇਰੇ ਸਾਈਆਂ ਜੀਉ, ਨਾਟਕ ; ਰਾਜਾ ਲੱਖ ਦਾਤਾ ਸਿੰਘ, ਵੱਡ-ਅਕਾਰੀ ਜੀਵਨੀ ਸਾਹਿਤ; ਬਾਬਾ ਨੌਧ ਸਿੰਘ, ਸੰਤ ਬਿਮਲਾ ਸਿੰਘ, ਭਰਥਰੀ ਹਰੀ ਜੀਵਨ ਅਤੇ ਨੀਤੀ ਸਾਹਿਤ, ਬਾਲ-ਸਾਹਿਤ ਵਿਚ ਗੁਰ ਬਾਲਮ ਸਾਖੀਆਂ, ਦੇਵੀ ਪੂਜਨ ਪੜਤਾਲ ਅਤੇ ਸੰਤ ਗਾਥਾ ਆਦਿ ਰਾਹੀਂ ਨਿਆਣੇ ਤੋਂ ਸਿਆਣੇ ਤੱਕ, ਹਰ ਵਰਗ ਦੇ ਪੰਜਾਬੀ ਪਾਠਕ ਨੂੰ ਭਾਈ ਵੀਰ ਸਿੰਘ ਨੇ ਪੰਜਾਬੀ ਸਾਹਿਤ ਅਤੇ ਗੁਰਮੁਖੀ ਲਿੱਪੀ ਨਾਲ ਜੋੜਿਆ।

ਭਾਈ ਵੀਰ ਸਿੰਘ ਨੇ ਪੰਜਾਬੀ ਸਾਹਿਤ ਨੂੰ ਸੰਸਾਰ ਪੱਧਰ ਤੱਕ ਲਿਜਾਣ ਵਾਸਤੇ ਜਿੱਥੇ ਪੰਜਾਹ ਤੋਂ ਵੱਧ ਕਿਤਾਬਾਂ ਲਿਖੀਆਂ ਅਤੇ ਅਨੇਕਾਂ ਨਵੇਂ ਸਾਹਿਤ ਰੂਪਾਂ ਨੂੰ ਪੰਜਾਬੀ ਸਾਹਿਤ ਵਿਚ ਲਿਆਂਦਾ, ਉੱਥੇ ਪੰਜਾਬੀ ਸਾਹਿਤ ਦੀ ਝੋਲੀ ਵਿਚ ਕਈ ਹੋਰ ਮਹਾਨ ਸਾਹਿਤਕਾਰ ਪਾਕੇ ਅਜਿਹਾ ਉਪਕਾਰ ਕੀਤਾ, ਜੋ ਸ਼ਬਦਾਂ ਵਿਚ ਬਿਆਨ ਨਹੀਂ ਹੋ ਸਕਦਾ। ਆਪਣੇ ਸਮਿਆਂ ਵਿਚ ਸੰਸਾਰ ਪੱਧਰ ਦੇ ਸਾਹਿਤ ਦੇ ਚੋਟੀ ਦੇ ਲਿਖਾਰੀ ਪ੍ਰੋ. ਪੂਰਨ ਸਿੰਘ ਵਲੋਂ ਮਾਂ ਬੋਲੀ ਪੰਜਾਬੀ ਵਿਚ ਲਿਖਣਾ ਅਤੇ ਸਿਖਰਲੇ ਪੱਧਰ ਦੀਆ ਲਿਖਤਾਂ ਪੰਜਾਬੀ ਸਾਹਿਤ ਦੇ ਖਜ਼ਾਨੇ 'ਚ ਪਾਉਣਾ, ਭਾਈ ਸਾਹਿਬ ਸਦਕਾ ਹੀ ਸੰਭਵ ਹੋ ਸਕਿਆ। ਲੋਕ ਮੁਹਾਵਰੇ 'ਚ ਮਾਖਿਓਂ ਮਿੱਠੀ ਪੰਜਾਬੀ ਕਵਿਤਾ ਦਾ ਲਿਖਾਰੀ ਧਨੀ ਰਾਮ ਚਾਤ੍ਰਿਕ, ਭਾਈ ਸਾਹਿਬ ਦੀ ਪ੍ਰੇਰਨਾ ਅਤੇ ਸਹਿਯੋਗ ਸਦਕਾ ਹੀ ਗੁਰਮੁਖੀ ਦੇ ਵਿਹੜੇ ਦਾ ਗੁਲਾਬ ਬਣਿਆ। ਇਥੇ ਹੀ ਬੱਸ ਨਹੀਂ, ਦਵਿੰਦਰ ਸਤਿਆਰਥੀ ਜਿਹੇ ਲੋਕ-ਸਾਹਿਤ ਦੇ ਧਨੀਆਂ ਤੋਂ ਲੈ ਕੇ ਪੱਤਰਕਾਰ, ਨਾਵਲਕਾਰ, ਨਾਟਕਕਾਰ ਅਤੇ ਅਨੇਕਾਂ ਕਲਾਕਾਰ ਭਾਈ ਵੀਰ ਸਿੰਘ ਦੇ ਥਾਪੜੇ ਅਤੇ ਹੱਲਾਸ਼ੇਰੀ ਸਦਕਾ, ਪੰਜਾਬੀ ਅੰਬਰ ਦੇ ਸਿਤਾਰੇ, ਚੰਦ ਅਤੇ ਸੂਰਜ ਬਣੇ।

ਭਾਈ ਵੀਰ ਸਿੰਘ 1890 ਵਿਆਂ ਤੋਂ ਲੈਕੇ 1950ਵਿਆਂ ਤੱਕ ਪੰਜਾਬੀ ਸਾਹਿਤ ਖੇਤਰ ਦੀ ਅਗਵਾਈ ਕਰਦੇ ਰਹੇ ਅਤੇ ਨਿਰੰਤਰ ਕਲਮ ਚਲਾਉਂਦਿਆਂ ਸਾਹਿਤਕ ਸੇਵਾ ਨਿਭਾਉਂਦੇ ਰਹੇ।

ਕੋਮਲ ਭਾਵੀ, ਮਿੱਠ ਬੋਲੜੇ, ਪ੍ਰੇਮ-ਭਿੱਜੇ, ਰਹੱਸਵਾਦੀ ਅਤੇ ਉੱਚੀ ਬਿਰਤੀ ਵਾਲੇ ਮਹਾਨ ਵਿਦਵਾਨ ਭਾਈ ਵੀਰ ਸਿੰਘ ਆਧੁਨਿਕ ਪੰਜਾਬੀ ਸਾਹਿਤ ਦੇ ਪਿਤਾਮਾ ਕਹੇ ਜਾ ਸਕਦੇ ਹਨ। ਸਮਕਾਲੀਆਂ ਵਿਚੋਂ ਜੋ ਦੇਣ ਮਹਾਂਕਵੀ ਰਵਿੰਦਰ ਨਾਥ ਟੈਗੋਰ ਦੀ ਬੰਗਾਲੀ ਸਾਹਿਤ ਨੂੰ ਹੈ, ਉਸ ਪੱਧਰ ਦੀ ਹੀ ਦੇਣ ਭਾਈ ਵੀਰ ਸਿੰਘ ਦੀ ਪੰਜਾਬੀ ਨੂੰ ਹੈ। ਬੇਸ਼ੱਕ ਇਹ ਸੱਚ ਹੈ ਕਿ ਟੈਗੋਰ ਦੀ ਆਮਦ ਤੱਕ ਬੰਗਾਲੀ ਭਾਸ਼ਾ ਵਿਚ ਵਿਦਿਅਕ ਪਾਸਾਰ, ਵਿਸ਼ਵ ਵਿਦਿਆਲੇ ਅਤੇ ਸਾਹਿਤਕ ਫੈਲਾਓ ਉੱਚ ਪੱਧਰ 'ਤੇ ਸੀ, ਜਿਸਨੇ ਟੈਗੋਰ ਨੂੰ ਵਿਸ਼ਵ-ਪ੍ਰਸਿੱਧ ਕਰਨ 'ਚ ਅਹਿਮ ਭੂਮਿਕਾ ਨਿਭਾਈ, ਦੂਜੇ ਪਾਸੇ ਪੰਜਾਬੀ ਖੇਤਰ 'ਚ ਭਾਈ ਵੀਰ ਸਿੰਘ ਦੀ ਆਮਦ ਤੱਕ ਵਿਦਿਅਕ ਅਤੇ ਸਾਹਿਤਕ ਪੱਧਰ 'ਤੇ ਵੱਡੀ ਘਾਟ ਸੀ। ਲਾਹੌਰ ਯੂਨੀਵਰਸਿਟੀ ਵਿਚ ਪੰਜਾਬੀ ਦੀ ਪੜ੍ਹਾਈ ਤਾਂ ਕਿਤੇ ਮਗਰੋਂ ਸ਼ੁਰੂ ਹੋਈ। ਅਜਿਹੇ ਸਮੇਂ ਭਾਈ ਵੀਰ ਸਿੰਘ ਵਲੋਂ ਪੰਜਾਬੀ ਬੋਲੀ ਅਤੇ ਗੁਰਮੁਖੀ ਲਿਪੀ ਦੀ ਸਾਹਿਤ ਸਿਰਜਣਾ ਲਈ ਚੋਣ ਕਰਨਾ, ਇਨਕਲਾਬੀ ਕਦਮ ਕਿਹਾ ਜਾ ਸਕਦਾ ਹੈ।

ਭਾਈ ਵੀਰ ਸਿੰਘ ਦੇ ਸਮਕਾਲੀ ਅਲਾਮਾ ਇਕਬਾਲ ਨੂੰ ਉਰਦੂ ਸਾਹਿਤ 'ਚ 'ਸ਼ਾਇਰ-ਏ-ਮਿੱਲਤ' ਦਾ ਦਰਜਾ ਹਾਸਿਲ ਹੈ। ਵਿਦੇਸ਼ ਤੋਂ ਉੱਚ-ਪੱਧਰੀ ਪੜ੍ਹਾਈ ਕਰਨ ਮਗਰੋਂ ਡਾ. ਇਕਬਾਲ ਨੇ ਸਾਹਿਤ ਸਿਰਜਣਾ ਲਈ ਉਰਦੂ ਦੀ ਚੋਣ ਕੀਤੀ, ਹਾਲਾਂਕਿ ਉਹ ਪੰਜਾਬੀ ਸੀ, ਪਰ ਉਸਨੇ ਪੰਜਾਬੀ ਵਿਚ ਨਹੀਂ ਲਿਖਿਆ। ਇਸ ਦੇ ਬਾਵਜੂਦ ਉਰਦੂ ਪ੍ਰੇਮੀਆਂ ਨੇ 'ਸ਼ਾਇਰ-ਏ-ਮਿੱਲਤ' ਭਾਵ ਕੌਮੀ ਸ਼ਾਇਰ ਦਾ ਮਾਣ ਦੇ ਕੇ ਡਾ. ਇਕਬਾਲ ਨੂੰ ਸਿਰਮੌਰ ਲਿਖਾਰੀ ਪ੍ਰਵਾਨਿਆ। ਡਾ. ਭਾਈ ਵੀਰ ਸਿੰਘ ਵੀ ਸਰਦੇ-ਪੁਜਦੇ ਪਰਿਵਾਰ ਵਿਚੋਂ ਸਨ। ਭਾਸ਼ਾ ਪੱਖੋਂ ਅੰਗਰੇਜ਼ੀ, ਹਿੰਦੀ, ਸੰਸਕ੍ਰਿਤ, ਉਰਦੂ, ਫਾਰਸੀ ਦੇ ਗਿਆਤਾ ਸਨ। ਪਰਿਵਾਰਿਕ ਪਿਛੋਕੜ ਕਰਕੇ ਉੱਚ ਪੱਧਰੀ ਸਾਇੰਸ ਵਿੱਦਿਆ ਲਈ ਇੰਗਲੈਂਡ ਦੀ ਕਿਸੇ ਵੀ ਯੂਨੀਵਰਸਿਟੀ ਵਿਚ ਜਾ ਸਕਦੇ ਸਨ। ਅੰਗਰੇਜ਼ੀ ਵਿਚ ਸਾਹਿਤ ਲਿਖ ਕੇ ਉੱਚਾ ਨਾਮ ਕਮਾ ਸਕਦੇ ਸਨ। ਇਹਨਾਂ ਸੁਨਹਿਰੀ ਮੌਕਿਆਂ ਦੇ ਬਾਵਜੂਦ ਭਾਈ ਵੀਰ ਸਿੰਘ ਨੇ 'ਪੰਜਾਬੀ ਸਪੂਤ ਹੋਣ ਦਾ ਸਬੂਤ' ਦਿੰਦਿਆਂ ਪੰਜਾਬੀ ਬੋਲੀ, ਸਾਹਿਤ ਅਤੇ ਗੁਰਮੁਖੀ ਲਿੱਪੀ ਦਾ ਰਾਹ ਚੁਣਿਆ ਅਤੇ ਸਾਰੀ ਜ਼ਿੰਦਗੀ ਪੰਜਾਬੀ ਨੂੰ ਸਮਰਪਿਤ ਕਰ ਦਿੱਤੀ। ਇਹ ਕੋਈ ਛੋਟੀ ਗੱਲ ਨਹੀਂ ਸੀ, ਬਲਕਿ ਪੰਜਾਬੀ ਸਾਹਿਤ ਖੇਤਰ ਨੂੰ ਵੀਹਵੀਂ ਸਦੀ 'ਚ ਉੱਚੇ ਪੱਧਰ ਤੱਕ ਲਿਜਾਣ ਦਾ ਵੱਡਾ ਉਪਰਾਲਾ ਸੀ। ਭਾਈ ਵੀਰ ਸਿੰਘ ਨੂੰ ਸੰਨ 1956 ਵਿਚ ਕਾਵਿ ਰਚਨਾ 'ਮੇਰੇ ਸਾਈਆਂ ਜੀਉ' ਲਈ ਸਾਹਿਤ ਅਕੈਡਮੀ ਪੁਰਸਕਾਰ ਮਿਲਿਆ। 'ਸ਼੍ਰੋਮਣੀ ਸਾਹਿਤਕਾਰ' ਵਜੋਂ ਪੰਜਾਬੀ ਵਿਚ ਇਹ ਪੁਰਸਕਾਰ ਲੈਣ ਵਾਲੇ ਪਹਿਲੇ ਸਾਹਿਤਕਾਰ ਭਾਈ ਵੀਰ ਸਿੰਘ ਹੀ ਹਨ।

ਜਿਥੇ 1950ਵਿਆਂ ਵਿਚ ਇਕ ਪਾਸੇ ਭਾਈ ਵੀਰ ਸਿੰਘ ਨੂੰ ਭਾਰਤੀ ਸਾਹਿਤ ਅਕੈਡਮੀ ਸ਼੍ਰੋਮਣੀ ਪੁਰਸਕਾਰ ਮਿਲਦਾ ਹੈ, ਉਥੇ ਦੂਜੇ ਪਾਸੇ ਪੰਜਾਬੀ ਸਾਹਿਤ 'ਚ ਇਕ ਵਿਸ਼ੇਸ਼ ਧੜੇ ਵਲੋਂ ਉਹਨਾਂ ਖਿਲਾਫ਼ ਈਰਖਾ ਦਾ ਦੌਰ ਵੀ ਇਥੋਂ ਹੀ ਸ਼ੁਰੂ ਹੁੰਦਾ ਹੈ। ਪੰਜਾਬੀ ਸਾਹਿਤ ਦੇ ਅਣਥੱਕ ਸੇਵਾਦਾਰ ਨੂੰ ਸਮਕਾਲੀ 'ਸਾਹਿਤ ਮਾਫ਼ੀਆ' ਭੰਡਣ ਲੱਗਦਾ ਹੈ। ਸਾਹਿਤਕ ਸੂਝ-ਬੂਝ ਤੋਂ ਸੱਖਣੇ ਲੋਕ ਉਦੋਂ ਤੋਂ ਲੈ ਕੇ ਹੁਣ ਤੱਕ ਭਾਈ ਵੀਰ ਸਿੰਘ ਨੂੰ ਮਿਥ ਕੇ ਭੰਡਦੇ ਆ ਰਹੇ ਹਨ। ਸਵੈ-ਨਿਰਧਾਰਤ ਆਲੋਚਨਾ ਪੈਮਾਨੇ 'ਤੇ ਭਾਈ ਵੀਰ ਸਿੰਘ ਨੂੰ ਰੱਦ ਕਰਨ ਵਾਲੇ ਇਹ ਆਲੋਚਕ ਦੋਸ਼ ਲਾਉਂਦੇ ਹਨ ਕਿ ਭਾਈ ਵੀਰ ਸਿੰਘ ਪਿਛਾਂਹ-ਖਿੱਚੂ ਲੇਖਕ ਹੈ, ਉਸਦੀ ਸ਼ਾਇਰੀ ਸਮਕਾਲੀ ਹਾਲਤਾਂ ਦੀ ਵਿਆਖਿਆ ਨਹੀਂ ਕਰਦੀ, ਫੋਕਾ ਰੋਮਾਂਸਵਾਦ ਬਿਆਨ ਕਰਦੀ ਹੈ, ਭਾਈ ਵੀਰ ਸਿੰਘ ਸਿੱਖੀ ਪ੍ਰਤੀ ਭਾਵੁਕ ਹੋ ਕੇ ਲਿਖਦਾ ਹੈ, ਉਹ ਅੰਗਰੇਜ਼ ਸਾਮਰਾਜ ਦੀ ਆਲੋਚਨਾ ਨਹੀਂ ਕਰਦਾ, ਆਜ਼ਾਦੀ ਦੀ ਗੱਲ ਨਹੀਂ ਕਰਦਾ ਅਤੇ ਉਹ 'ਪੰਜਾਬ ਦੇ ਤਾਣੇ-ਪੇਟੇ ਨੂੰ ਲੀਰੋ-ਲੀਰ' ਕਰਦਾ ਹੈ।

ਦਰਅਸਲ ਭਾਈ ਵੀਰ ਸਿੰਘ ਦੀ ਸਾਹਿਤਕ ਦੇਣ ਨੂੰ ਛੁਟਿਆਉਣ ਲਈ 'ਸਾਹਿਤ ਮਾਫ਼ੀਆ' ਯੋਜਨਾਬੱਧ ਢੰਗ ਨਾਲ ਪ੍ਰਚਾਰ ਕਰਦਾ ਆ ਰਿਹਾ ਹੈ। ਅਜਿਹਾ ਬਿਰਤਾਂਤ ਸਿਰਜ ਕੇ ਮਾਫ਼ੀਆ ਭਾਈ ਸਾਹਿਬ ਨੂੰ ਆਧੁਨਿਕ ਪੰਜਾਬੀ ਸਾਹਿਤ ਦੇ ਮੋਢੀ ਲਿਖਾਰੀ ਵਜੋਂ ਬਣਦੀ ਥਾਂ ਖੋਹਣ ਵਿਚ ਕਿਸੇ ਹੱਦ ਤੱਕ ਸਫ਼ਲ ਵੀ ਹੋਇਆ ਹੈ। ਪੰਜਾਬੀ ਵਿਦਿਅਕ ਅਦਾਰਿਆਂ, ਸਾਹਿਤਕ ਸੰਸਥਾਵਾਂ, ਕਾਲਜਾਂ ਅਤੇ ਯੂਨੀਵਰਸਿਟੀਆਂ 'ਤੇ ਪਿਛਲੀ ਅੱਧੀ ਸਦੀ ਤੋਂ ਵੱਧ ਸਮੇਂ ਤੱਕ, ਇਹੀ ਮਾਫ਼ੀਆ ਕਾਬਜ਼ ਚੱਲਿਆ ਆ ਰਿਹਾ ਹੈ। ਅਜਿਹੇ ਈਰਖਾਲੂ ਆਲੋਚਕਾਂ ਵਲੋਂ ਭਾਈ ਵੀਰ ਸਿੰਘ ਵਿਰੁੱਧ ਨਫ਼ਰਤ ਫੈਲਾਉਣ 'ਚ ਸਫਲ ਹੋਣ ਦਾ ਕਾਰਨ ਇਹ ਵੀ ਹੈ ਕਿ ਭਾਈ ਸਾਹਿਬ ਦੀ ਸਾਹਿਤਕ ਦੇਣ ਤੋਂ ਜਾਣੂੰ ਲਿਖਾਰੀਆਂ ਦੀ ਜਾਂ ਤਾਂ ਗਿਣਤੀ ਹੀ ਨਿਗੂਣੀ ਹੈ ਅਤੇ ਜਾਂ ਫਿਰ ਉਹ 'ਸਾਹਿਤ ਮਾਫ਼ੀਆ' ਨਾਲ ਟੱਕਰ ਲੈਣ ਤੋਂ ਡਰਦੇ ਹਨ। ਹੈਰਾਨੀ ਵਾਲੀ ਗੱਲ ਇਹ ਹੈ ਕਿ ਭਾਈ ਵੀਰ ਸਿੰਘ ਦੇ 'ਪੰਜਾਬੀ ਦੇ ਮਹਾਨ ਵਿਦਵਾਨ' ਹੋਣ ਦੇ ਬਾਵਜੂਦ, 'ਪੰਜਾਬੀ ਦੇ ਹੀ ਲੇਖਕਾਂ ਤੇ ਆਲੋਚਕਾਂ ਦੀਆਂ ਜੁੰਡਲੀਆਂ' ਉਹਨਾਂ ਨੂੰ ਨਫ਼ਰਤ ਕਿਉਂ ਕਰਦੀਆਂ ਹਨ ਅਤੇ ਛੁਟਿਆ ਕਿਉਂ ਰਹੀਆਂ ਹਨ?

ਅਸਲ ਵਿੱਚ ਭਾਈ ਵੀਰ ਸਿੰਘ ਦੇ ਸਾਹਿਤ ਨਾਲ ਈਰਖਾ ਕਰਨ ਦਾ ਸਭ ਤੋਂ ਵੱਡਾ ਕਾਰਨ ਉਹਨਾਂ ਦਾ ਸਿੱਖੀ ਤੋਂ ਪ੍ਰੇਰਿਤ ਹੋਣਾ ਹੈ। ਭਾਈ ਵੀਰ ਸਿੰਘ ਦੀਆਂ ਲਿਖਤਾਂ ਦਾ ਮਨੋਰਥ ਨਿਸ਼ਚਿਤ ਰੂਪ ਵਿਚ ਪੰਜਾਬੀ ਬੋਲੀ ਦਾ ਪ੍ਰਚਾਰ ਅਤੇ ਗੁਰਮੁਖੀ ਲਿਪੀ ਨੂੰ ਪ੍ਰਫੁਲਤ ਕਰਨਾ ਹੈ। ਚਾਹੇ ਕਵਿਤਾ ਹੋਵੇ, ਚਾਹੇ ਨਾਵਲ, ਚਾਹੇ ਕਹਾਣੀ ਤੇ ਚਾਹੇ ਨਾਟਕ, ਭਾਈ ਵੀਰ ਸਿੰਘ ਪਾਠਕਾਂ ਨੂੰ ਪੰਜਾਬੀ ਪੜ੍ਹਨ ਲਈ ਪ੍ਰੇਰਦੇ ਹਨ। ਇਥੇ ਉਹ ਖੁੱਲ੍ਹ ਦਿਲੀ ਨਾਲ ਸਵਿਕਾਰਦੇ ਹਨ ਕਿ ਉਹਨਾਂ ਦੀ ਪ੍ਰੇਰਨਾ ਸਿੱਖੀ ਜੀਵਨ ਜਾਚ ਅਤੇ ਗੁਰੂ ਗ੍ਰੰਥ ਸਾਹਿਬ ਹਨ।

ਗੁਰਮੁਖੀ ਲਿਪੀ ਅਤੇ ਪੰਜਾਬੀ ਬੋਲੀ ਰਾਹੀਂ ਸਿੱਖੀ ਵਿਰਾਸਤ ਨੂੰ ਅਗਲੀ ਪੀੜ੍ਹੀ ਤੱਕ ਪਹੁੰਚਾਉਂਦੇ ਹੋਏ ਭਾਈ ਵੀਰ ਸਿੰਘ ਨਾਵਲ 'ਸੁੰਦਰੀ' ਦੀ ਭੂਮਿਕਾ ਵਿੱਚ ਲਿਖਦੇ ਹਨ, ''ਇਸ ਪੁਸਤਕ ਦੇ ਲਿਖਣ ਤੋਂ ਸਾਡਾ ਤਾਤਪਰਜ ਇਹ ਹੈ ਕਿ ਪੁਰਾਣੇ ਸਮਾਚਾਰ ਪੜ੍ਹ-ਸੁਣ ਕੇ ਸਿੱਖ ਲੋਕ ਆਪਣੇ ਧਰਮ ਵਿਚ ਪੱਕੇ ਹੋਣ, ਪਰਮੇਸ਼ਰ ਦੀ ਭਗਤੀ ਤੇ ਜਗਤ ਦੇ ਵਿਹਾਰ, ਦੋਹਾਂ ਨੂੰ ਨਿਭਾਉਣ, ਕੁਰੀਤੀਆਂ ਦਾ ਤਿਆਗ ਹੋਵੇ, ਧਰਮ ਦਾ ਵਾਧਾ ਹੋਵੇ, ਆਪਣੇ ਉੱਤਮ ਅਸੂਲ ਪਿਆਰੇ ਲੱਗਣ, ਆਪਣੇ ਵਿਚ ਜਥੇਬੰਦ ਹੋਕੇ ਸਿੰਘ, ਦੂਜੀਆਂ ਕੌਮਾਂ ਨੂੰ ਇਕ ਰਸ ਜਾਣ ਕੇ, ਕਿਸੇ ਨਾਲ 'ਅਤਿ ਵੈਰ ਤੇ ਕਿਸੇ ਨਾਲ ਅਤਿ ਮੋਹ ਨਾ ਕਰਨ', ਸਗੋਂ 'ਮਾਨਸ ਕੀ ਜਾਤਿ ਸਭੈ ਏਕੈ ਪਹਿਚਾਨਬੋ' ਵਾਲੀ ਗੁਰੂ ਸਿੱਖਿਆ ਪੁਰ ਟੁਰ ਕੇ, ਅਟੱਲ ਰਹਿਣ।'' ਇਹ ਸੱਚ ਹੈ ਕਿ ਭਾਈ ਸਾਹਿਬ ਨੇ ਜਦੋਂ ਪੰਜਾਬੀ ਸਾਹਿਤ ਖੇਤਰ 'ਚ ਪੈਰ ਧਰਿਆ, ਉੱਦੋਂ ਇਕ ਪਾਸੇ ਈਸਾਈ ਮਿਸ਼ਨਰੀ ਤੇ ਦੂਜੇ ਪਾਸੇ ਆਰੀਆ ਸਮਾਜੀ ਸਿੱਖੀ 'ਤੇ ਹਮਲੇ ਕਰ ਕਹੇ ਸਨ। ਸਾਰੀਆਂ ਤਾਕਤਾਂ ਇਕੱਠੀਆਂ ਹੋ ਕੇ ਸਿੱਖੀ, ਪੰਜਾਬੀ ਅਤੇ ਗੁਰਮੁਖੀ ਨੂੰ ਖਤਮ ਕਰਨ 'ਤੇ ਤੁਲੀਆਂ ਸਨ। ਉਦੋਂ ਸਿੰਘ ਸਭਾ ਲਹਿਰ ਨੇ ਇਹਨਾਂ ਤਾਕਤਾਂ ਨਾਲ ਟੱਕਰ ਲਈ ਅਤੇ ਆਰੀਆ ਸਮਾਜ ਤੇ ਈਸਾਈ ਮਿਸ਼ਨਰੀਆਂ ਨੂੰ ਨੱਥ ਪਾਈ। ਪ੍ਰੋ. ਗੁਰਮੁਖ ਸਿੰਘ, ਗਿਆਨੀ ਦਿੱਤ ਸਿੰਘ, ਭਾਈ ਕਾਹਨ ਸਿੰਘ ਨਾਭਾ ਸਮੇਤ ਸਮੂਹ ਸਿੰਘ ਸਭੀਏ, ਕਲਮ ਦੇ ਤਲਵਾਰੀਏ ਬਣ ਕੇ ਸਿੱਖੀ ਤੇ ਪੰਜਾਬੀ ਨੂੰ ਖਤਮ ਕਰਨ ਵਾਲੀਆਂ ਤਾਕਤਾਂ ਖਿਲਾਫ਼ ਡਟੇ। ਭਾਈ ਵੀਰ ਸਿੰਘ ਇਸ ਲਹਿਰ ਨੂੰ ਅਗਲੇ ਪੜਾਓ ਤੱਕ ਲੈ ਕੇ ਗਏ। ਸਿੱਖੀ ਦੇ ਪ੍ਰਚਾਰ ਦੇ ਪ੍ਰਭਾਵ ਸਦਕਾ ਹੀ ਕਈ ਸਿੱਖ ਵਿਦਵਾਨ ਆਰੀਆ ਸਮਾਜ ਨੂੰ ਛੱਡ ਕੇ, ਆਪਣੇ ਸਿੱਖੀ ਵਿਰਸੇ ਨਾਲ ਜੁੜੇ। ਉਹਨਾਂ ਲੇਖਕਾਂ ਨੇ ਗੁਰਮੁਖੀ ਲਿੱਪੀ ਅਤੇ ਪੰਜਾਬੀ ਭਾਸ਼ਾ ਵਿਚ ਲਿਖਣਾ ਸ਼ੁਰੂ ਕੀਤਾ।



ਉਦੋਂ ਤੋਂ ਹੀ ਆਰੀਆ ਸਮਾਜੀਆਂ ਅੰਦਰ ਭਾਈ ਵੀਰ ਸਿੰਘ ਪ੍ਰਤੀ ਨਫ਼ਰਤ ਬਣੀ ਹੋਈ ਸੀ, ਜੋ ਕਿ ਧਨੀ ਰਾਮ ਚਾਤ੍ਰਿਕ ਅਤੇ ਪ੍ਰੋ. ਪੂਰਨ ਸਿੰਘ ਨੂੰ ਭਾਈ ਵੀਰ ਸਿੰਘ ਦੇ ਪੰਜਾਬੀ ਸਾਹਿਤ ਖੇਤਰ 'ਚ ਲਿਆਉਣ ਕਰਕੇ ਸਿਖਰ 'ਤੇ ਪਹੁੰਚ ਗਈ। ਆਰੀਆ ਸਮਾਜੀਆਂ ਨੇ ਹੀ ਗੁਰਮੁਖੀ ਲਿਪੀ ਦੀ ਥਾਂ ਦੇਵਨਾਗਰੀ ਲਿਪੀ ਅਤੇ ਪੰਜਾਬੀ ਦੀ ਥਾਂ ਹਿੰਦੀ ਨੂੰ ਅਪਨਾਉਣ 'ਤੇ ਜ਼ੋਰ ਦਿੱਤਾ ਸੀ। ਅੱਜ-ਕੱਲ੍ਹ ਵੀ ਜੋ 'ਇਕ ਭਾਸ਼ਾ ਇਕ ਰਾਸ਼ਟਰ' ਦਾ ਨਾਅਰਾ ਦਿੱਤਾ ਜਾ ਰਿਹਾ ਹੈ, ਉਹ ਅਸਲ ਵਿਚ 'ਆਰੀਆ ਸਮਾਜੀ ਬਿਰਤਾਂਤ ਦਾ ਹੀ ਸੰਗਠਿਤ ਰੂਪ' ਹੈ। ਇਸ ਦਾ ਸ਼ਿਕਾਰ ਕਈ ਦੇਸ਼ ਭਗਤ ਪੰਜਾਬੀ ਵੀ ਹੋਏ, ਜਿਹੜੇ ਆਰੀਆ ਸਮਾਜ ਦੇ ਪ੍ਰਚਾਰ ਅਧੀਨ ਪੰਜਾਬੀ ਦੀ ਥਾਂ ਹਿੰਦੀ ਨੂੰ ਅਪਨਾਉਣ ਅਤੇ ਗੁਰਮੁਖੀ ਦੀ ਥਾਂ ਦੇਵਨਾਗਰੀ ਵਿਚ ਲਿਖਣ ਨੂੰ ਪ੍ਰਚਾਰਦੇ ਰਹੇ। ਭਾਈ ਵੀਰ ਸਿੰਘ ਨੇ ਅਜਿਹੇ ਸਮੇਂ 'ਕਲਮ ਨੂੰ ਪੰਜਾਬੀ ਤੇ ਗੁਰਮੁਖੀ ਦੇ ਬਚਾਓ ਲਈ ਤਲਵਾਰ' ਬਣਾ ਕੇ ਵਰਤਿਆ ਅਤੇ ਵਿਰੋਧੀ ਤਾਕਤਾਂ ਨਾਲ ਟੱਕਰ ਲੈਂਦੇ ਹੋਏ, ਉਹ ਪੰਜਾਬੀ ਬੋਲੀ ਦੇ ਯੋਧੇ ਬਣ ਕੇ ਨਿੱਤਰੇ।

ਕੀ ਗੁਰਬਾਣੀ ਸਾਹਿਤ ਅਤੇ ਸਿੱਖ ਵਿਰਾਸਤ ਤੋਂ ਪ੍ਰੇਰਨਾ ਲੈਣ ਵਾਲਾ ਵਿਅਕਤੀ ਪੰਜਾਬੀ ਸਾਹਿਤਕਾਰ ਨਹੀਂ ਹੋ ਸਕਦਾ? ਇਹ ਬਿਰਤਾਂਤ ਨਿਰਾ ਪਾਖੰਡ ਅਤੇ ਦੰਭ ਹੈ। ਸੰਸਾਰ ਦੇ ਸਰਵੋਤਮ ਸਾਹਿਤ ਵੱਲ ਨਿਗ੍ਹਾ ਮਾਰੀਏ, ਤਾਂ ਸਾਨੂੰ ਇਸ ਦਾ ਉੱਤਰ ਸਹਿਜੇ ਹੀ ਮਿਲ ਜਾਂਦਾ ਹੈ। ਇੰਗਲੈਂਡ ਦਾ ਮਹਾਂਕਵੀ ਮਿਲਟਨ ਅਤੇ ਇਟਲੀ ਦਾ ਮਹਾਂ-ਕਵੀ ਦਾਂਤੇ ਇਸਦੀ ਮਿਸਾਲ ਹਨ। ਦੋਵੇਂ ਸੰਸਾਰ ਸਾਹਿਤ ਦੇ ਮੰਨੇ-ਪ੍ਰਮੰਨੇ ਲਿਖਾਰੀ ਹਨ। ਜੌਹਨ ਮਿਲਟਨ ਦੀ ਲਿਖਤ 'ਪੈਰਾਈਇਜ਼ ਲੌਸਟ' ਵਿਸ਼ਵ ਸਾਹਿਤ ਦਾ ਸ਼ਾਹਕਾਰ ਮੰਨੀ ਜਾਂਦੀ ਹੈ। ਇਉਂ ਹੀ ਦਾਂਤੇ ਦੀ ਲਿਖਤ 'ਡਿਵਾਈਨ ਕਾਮੇਡੀ' ਨੂੰ ਸਾਹਿਤ ਜਗਤ ਵਿਚ ਉੱਚਾ ਥਾਂ ਹਾਸਿਲ ਹੈ। ਇਹ ਦੋਵੇਂ ਲਿਖਤਾਂ ਬਾਈਬਲ 'ਤੇ ਆਧਾਰਿਤ ਹਨ। ਦਾਂਤੇ ਅਤੇ ਮਿਲਟਨ ਈਸਾਈਅਤ ਤੋਂ ਪ੍ਰੇਰਿਤ ਹਨ। ਇਸ ਦੇ ਬਾਵਜੂਦ ਉਹਨਾਂ ਦੀ ਸਾਹਿਤਕ ਸ਼ਖ਼ਸੀਅਤ ਨੂੰ ਛੁਟਿਆਉਣ ਦਾ ਕੋਈ ਹੀਆ ਨਹੀਂ ਕਰਦਾ। ਦੋਵੇਂ ਮਹਾਂਕਵੀ ਵਜੋਂ ਜਾਣੇ ਜਾਂਦੇ ਹਨ। ਜੇਕਰ ਮਿਲਟਨ ਤੇ ਦਾਂਤੇ ਬਾਈਬਲ ਤੋਂ ਪ੍ਰੇਰਨਾ ਲੈ ਕੇ ਸੰਸਾਰ ਪੱਧਰ 'ਤੇ ਮਹਾਨ ਸਾਹਿਤਕਾਰ ਬਣ ਸਕਦੇ ਹਨ, ਤਾਂ ਫਿਰ ਭਾਈ ਵੀਰ ਸਿੰਘ ਗੁਰੂ ਗ੍ਰੰਥ ਸਾਹਿਬ ਤੋਂ ਪ੍ਰੇਰਨਾ ਲੈ ਕੇ ਮਹਾਂਕਵੀ ਕਿਉਂ ਨਹੀਂ ਬਣ ਸਕਦੇ? ਭਾਈ ਸਾਹਿਬ ਦੀ ਲਿਖਤ ਗੁਰਬਾਣੀ ਦੀ ਜੀਵਨ ਜਾਚ ਨੂੰ ਪੰਜਾਬੀ ਸਾਹਿਤ ਖੇਤਰ ਵਿਚ, ਵੱਖ-ਵੱਖ ਸਾਹਿਤਕ ਰੂਪਾਕਾਰਾਂ ਰਾਹੀਂ ਪੇਸ਼ ਕਰਦੀ ਹੋਈ ਅਮਰ ਹੋ ਨਿਬੜਦੀ ਹੈ; ਇਉਂ ਭਾਈ ਵੀਰ ਸਿੰਘ ਪੰਜਾਬੀ ਵਿਚ ਮਿਲਟਨ ਅਤੇ ਦਾਂਤੇ ਵਾਂਗ ਕੱਦਾਵਰ ਤੇ ਸਿਰਮੌਰ ਵਿਦਵਾਨ ਹੋ ਨਿਬੜਦੇ ਹਨ।

ਪੱਛਮੀ ਸਾਹਿਤ ਪਰੰਪਰਾ ਤੋਂ ਮਗਰੋਂ ਭਾਰਤੀ ਸਾਹਿਤ ਪਰੰਪਰਾ ਵੱਲ ਨਿਗ੍ਹਾ ਮਾਰੀਏ, ਤਾਂ ਇਥੇ ਹੀ ਅਨੇਕਾਂ ਮਿਸਾਲਾਂ ਹਨ। ਮਹਾਂਕਵੀ ਤੁਲਸੀ ਦਾਸ ਹੋਣ ਜਾਂ ਮਹਾਂਕਵੀ ਸੂਰਦਾਸ, ਇਹਨਾਂ ਨੂੰ ਸਾਹਿਤ ਵਿਚ ਉੱਚਾ ਦਰਜਾ ਹਾਸਿਲ ਹੈ। ਜੇ ਤੁਲਸੀ ਦਾਸ ਸ੍ਰੀ ਰਾਮ ਦੇ ਗੁਣਗਾਨ ਕਰਕੇ ਤੇ ਰਾਮਾਇਣ ਲਿਖਕੇ ਮਹਾਂਕਵੀ ਹੋ ਸਕਦੇ ਹਨ, ਜੇ ਸੂਰਦਾਸ ਸ੍ਰੀ ਕ੍ਰਿਸ਼ਨ ਬਾਰੇ ਲਿਖਕੇ ਮਹਾਂਕਵੀ ਹੋ ਸਕਦੇ ਹਨ ਤਾਂ ਕੀ ਭਾਈ ਵੀਰ ਸਿੰਘ ਗੁਰੂ ਨਾਨਕ ਚਮਤਕਾਰ, ਅਸ਼ਟ ਗੁਰੂ ਚਮਤਕਾਰ ਅਤੇ ਕਲਗੀਧਰ ਚਮਤਕਾਰ ਲਿਖ ਕੇ, ਮਹਾਂਕਵੀ ਨਹੀਂ ਹੋ ਸਕਦੇ? ਦੋਹਰੇ ਮਾਪਦੰਡ ਭਾਈ ਵੀਰ ਸਿੰਘ ਲਈ ਹੀ ਕਿਉਂ? ਇਥੇ ਹੀ ਬੱਸ ਨਹੀਂ ਅਖੌਤੀ ਖੱਬੇ ਪੱਖੀ ਆਲੋਚਕ ਭਾਈ ਵੀਰ ਸਿੰਘ ਨੂੰ ਸਿੱਖੀ ਪ੍ਰਤੀ ਉਪਭਾਵੁਕ ਹੋ ਕੇ ਲਿਖਣ ਵਾਲਾ ਗਰਦਾਨਦੇ ਹਨ। ਦੂਜੇ ਪਾਸੇ ਅਜਿਹੇ ਆਲੋਚਕਾਂ ਦੀ ਆਪਣੀ ਲਿਖਤ ਖੱਬੇ ਪੱਖੀ ਫਲਸਫੇ ਪ੍ਰਤੀ ਹੱਦੋਂ ਵੱਧ ਉਪ-ਭਾਵੁਕਤਾ 'ਚੋਂ ਪੈਦਾ ਹੁੰਦੀ ਹੈ। ਅਖੌਤੀ ਅਗਾਂਹ ਵਧੂ ਪਹੁੰਚ ਦਾ ਨਾਂ ਵਰਤ ਕੇ ਇਹ ਲੇਖਕ ਆਪਣੇ ਘੜੇ ਮਾਪ-ਦੰਡ ਪੂਰੀ ਕੱਟੜਤਾ ਨਾਲ ਪ੍ਰਚਾਰਦੇ ਹਨ। ਇਹਨਾਂ ਦੀਆਂ ਕਵਿਤਾਵਾਂ, ਕਹਾਣੀਆਂ, ਨਾਵਲ, ਨਾਟਕ ਆਦਿ ਰੂਸੀ ਲਿਖਤਾਂ ਦੀ ਕੱਚ-ਘਰੜ ਨਕਲ ਤੋਂ ਵੱਧ ਕੁਝ ਨਹੀਂ। 'ਦਿੱਤਾ ਹੈ' ਅਤੇ

'ਸਿੱਧ ਕਰਨਾ ਹੈ' ਆਦਿ ਸੰਦ ਇਹਨਾਂ ਦੀ ਆਲੋਚਨਾ ਦਾ ਅਧਾਰ ਹਨ। ਜੋ ਲਿਖਤ ਇਹਨਾਂ ਦੇ ਢਾਂਚੇ 'ਚ ਫਿੱਟ ਨਹੀਂ, ਉਹ ਲਿਖਤ ਮਿਆਰੀ ਨਹੀਂ ਅਤੇ ਜੋ ਲਿਖਤ ਕੱਟੜਤਾ ਨਾਲ ਖੱਬੇ ਪੱਖੀ ਮਾਪਦੰਡ ਦੇ ਚੌਖਟੇ 'ਚ ਢੁਕਦੀ ਹੈ, ਉਹੀ ਮਿਆਰੀ ਹੈ। ਇਹਨਾਂ ਸਾਹਿਤ ਮਾਫੀਏ ਦੇ ਕੱਟੜ ਵਾਦੀਆਂ ਦੀ ਜੁੰਡਲੀ ਭਾਈ ਵੀਰ ਸਿੰਘ ਨੂੰ ਤਾਂ ਸਿੱਖੀ ਪ੍ਰਤੀ ਭਾਵੁਕ ਦੱਸਦੀ ਹੈ, ਪਰ ਇਹਨਾਂ ਨੂੰ ਆਪਣੀ ਭਾਵੁਕਤਾ ਨਜ਼ਰ ਨਹੀਂ ਆਉਂਦੀ। ਉਂਝ ਵੀ ਜੇਕਰ ਇਹ ਲੇਖਕ ਤੇ ਆਲੋਚਕ ਪੱਛਮੀ ਢਾਂਚੇ ਨੂੰ ਅਪਨਾ ਕੇ ਖ਼ੁਦ ਨੂੰ ਸਹੀ ਦੱਸਦੇ ਹਨ, ਤਾਂ ਭਾਈ ਵੀਰ ਸਿੰਘ ਤੇ ਉਹਨਾਂ ਦੇ ਰਾਹ 'ਤੇ ਚੱਲਣ ਵਾਲੇ ਧਰਾਤਲ ਪੱਧਰ 'ਤੇ ਗੁਰਬਾਣੀ ਤੇ ਵਿਰਸੇ ਨੂੰ ਅਪਨਾ ਕੇ ਗ਼ਲਤ ਕਿਵੇਂ ਹਨ ? ਇਹਨਾਂ ਕੱਚ ਘਰੜ ਆਲੋਚਕਾਂ ਦੀ ਸੋਚ ਤਾਂ 'ਘਰ ਦਾ ਜੋਗੀ ਜੋਗੜਾ, ਬਾਹਰਲਾ ਜੋਗੀ ਸਿੱਧ' ਵਾਲੀ ਹੈ।

ਭਾਈ ਵੀਰ ਸਿੰਘ 'ਤੇ ਅੱਜ ਕੱਲ੍ਹ ਦੇ ਹੀਰ ਵੰਨੇ ਵਾਲੇ ਨਵੇਂ 'ਚੁੰਝ ਵਿਦਵਾਨ' ਇਹ ਦੋਸ਼ ਵੀ ਲਾਉਂਦੇ ਹਨ ਕਿ ਭਾਈ ਸਾਹਿਬ ਨੇ 'ਪੰਜਾਬ ਦੇ ਫੈਬਰਿਕ' ਭਾਵ ਤਾਣੇ ਪੇਟੇ ਨੂੰ ਤਹਿਸ ਨਹਿਸ ਕੀਤਾ। ਇਸ ਦੋਸ਼ ਦਾ ਅਧਾਰ ਅਖੌਤੀ ਆਲੋਚਕ ਭਾਈ ਸਾਹਿਬ ਦਾ ਸਿੱਖੀ ਨੂੰ ਸਮਰਪਿਤ ਹੋਣਾ ਮੰਨਦੇ ਹਨ। ਇਹ ਦੋਸ਼ ਨਿਰਮੂਲ ਹੈ ਤੇ ਸਾਜਿਸ਼ੀ ਢੰਗ ਨਾਲ ਮੜ੍ਹਿਆ ਗਿਆ ਹੈ। ਪਹਿਲੀ ਗੱਲ ਤਾਂ ਇਹ ਹੈ ਕਿ ਸਿੱਖੀ ਨੇ ਪੰਜਾਬ ਦਾ ਫੈਬਰਿਕ ਨਸ਼ਟ ਨਹੀਂ ਕੀਤਾ, ਸਗੋਂ ਮਜ਼ਬੂਤ ਕੀਤਾ ਹੈ, ਗੁਰੂ ਗ੍ਰੰਥ ਸਾਹਿਬ ਵਾਹਦ ਇਕੋ-ਇਕ ਸੋਮਾ ਹਨ, ਜੋ ਰੰਗ, ਨਸਲ, ਜਾਤ, ਫਿਰਕੇ, ਬੋਲੀ ਤੇ ਖੇਤਰ ਆਦਿ ਤੋਂ ਉੱਪਰ ਹੋਕੇ, ਸਭ ਨੂੰ ਇਕ ਲੜੀ ਵਿਚ ਜੋੜਦੇ ਹਨ। ਸਿੱਖੀ ਤਾਂ ਮਨੂੰਵਾਦੀ ਵਿਤਕਰੇ, ਊਚ ਨੀਚ, ਛੂਆ-ਛਾਤ, ਵਰਣ-ਵੰਡ ਆਦਿ ਨੂੰ ਰੱਦ ਕਰਕੇ, ਸਭ ਨੂੰ ਬਰਾਬਰਤਾ ਦਿੰਦੀ ਹੈ। ਭਾਈ ਵੀਰ ਸਿੰਘ ਦੀ ਹਰ ਲਿਖਤ ਵੀ ਜਿਥੇ ਉਕਤ ਗੌਰਵਮਈ ਵਿਰਸੇ 'ਤੇ ਫ਼ਖ਼ਰ ਮਹਿਸੂਸ ਕਰਨਾ ਸਿਖਾਉਂਦੀ ਹੈ, ਉਥੇ ਵਿਤਕਰਿਆਂ ਦੀਆਂ ਵਲਗਣਾਂ ਵੀ ਤੋੜਦੀ ਹੈ। ਭਾਈ ਸਾਹਿਬ ਨੇ ਪੰਜਾਬ ਦਾ ਤਾਣਾ ਪੇਟਾ ਗ਼ਰਕ ਨਹੀਂ ਕੀਤਾ, ਸਗੋਂ ਗ਼ਰਕ ਹੋਣੋ ਬਚਾਇਆ ਹੈ। ਗੁਰਮੁਖੀ ਸਾਹਿਤ ਵਿਚ ਲਾਲਾ ਧਨੀ ਰਾਮ ਚਾਤ੍ਰਿਕ ਦਾ ਪ੍ਰਵੇਸ਼ ਕਰਵਾਉਣ ਵਾਲੇ ਕੋਈ ਹੋਰ ਨਹੀਂ, ਸਗੋਂ ਭਾਈ ਵੀਰ ਸਿੰਘ ਹਨ। ਉਸ ਸਮੇਂ ਆਰੀਆ ਸਮਾਜੀ ਪੰਜਾਬ ਵਿਚ ਜਾ ਕੇ ਇਥੋਂ ਦੇ ਪੰਜਾਬੀ ਹਿੰਦੂ ਨੂੰ ਪੰਜਾਬੀ ਨਾਲੋਂ ਤੋੜ ਰਹੇ ਸਨ, ਪਰ ਭਾਈ ਵੀਰ ਸਿੰਘ ਪੰਜਾਬੀ ਹਿੰਦੂ ਨੂੰ ਵੀ ਪੰਜਾਬੀ ਨਾਲ ਜੋੜ ਰਹੇ ਸਨ। ਇਉਂ ਭਾਈ ਸਾਹਿਬ ਨੇ ਮਜ਼ਬੀ ਵਲਗਣਾਂ ਤੋਂ ਉੱਪਰ, ਪੰਜਾਬ ਤੇ ਪੰਜਾਬੀ ਦੀ ਫੈਬਰਿਕ ਨੂੰ ਮਜ਼ਬੂਤ ਕਰਨ 'ਚ ਵੱਡੀ ਭੂਮਿਕਾ ਨਿਭਾਈ ਹੈ।

ਜਿੱਥੇ ਪੰਜਾਬ ਦੀ ਵੰਡ ਤੋਂ ਪਹਿਲਾਂ ਦੇ ਆਰੀਆਂ ਸਮਾਜੀ ਤੱਤ ਭਾਈ ਵੀਰ ਸਿੰਘ ਦੇ ਪੰਜਾਬੀ ਪ੍ਰਚਾਰ ਤੋਂ ਈਰਖਾ ਖਾਂਦੇ ਸਨ, ਉੱਥੇ ਪੰਜਾਬ ਦੀ ਵੰਡ ਮਗਰੋਂ ਉਹਨਾਂ ਚੋਂ ਹੀ ਬਹੁਤੇ ਅਖੌਤੀ ਪੱਬੇ ਪੱਖੀ ਬਣ ਕੇ, ਭਾਈ ਸਾਹਿਬ ਨੂੰ ਰੱਦ ਕਰਨ ਲਈ ਹੋਰ ਕਾਰਨ ਲੱਭਣ ਤੁਰ ਪਏ। ਉਦੋਂ ਤੋਂ ਲੈ ਕੇ ਹੁਣ ਤੱਕ ਇਹ ਕੋਸ਼ਿਸ਼ਾਂ ਜਾਰੀ ਹਨ। ਉਹ ਦੋਸ਼ ਲਾਉਂਦੇ ਹਨ ਕਿ ਭਾਈ ਵੀਰ ਸਿੰਘ ਨੇ ਸਮਕਾਲੀ ਹਾਲਤਾਂ ਬਾਰੇ ਕਿਉਂ ਨਹੀਂ ਲਿਖਿਆ ਅਤੇ ਅੰਗਰੇਜ਼ਾਂ ਖਿਲਾਫ਼ ਕੁੱਝ ਕਿਉਂ ਨਹੀਂ ਬੋਲਿਆ ਦੋਸ਼ ਲਾਇਆ ਜਾਂਦਾ ਹੈ ਕਿ ਜੋ ਜ਼ੁਲਮ ਤੇ ਧੱਕੇਸ਼ਾਹੀ ਵੇਖ ਕੇ ਚੁੱਪ ਰਹੇ, ਉਹ ਸਾਹਿਤਕਾਰ ਨਹੀਂ। ਇਹ ਪਰਿਭਾਸ਼ਾ ਸਹੀ ਹੈ, ਪਰ ਇਹ ਸਾਹਿਤ ਮਾਫ਼ੀਆ ਆਪਣੇ ਵਰਗ ਦੇ ਲੇਖਕਾਂ 'ਤੇ ਅਜਿਹੀ ਪਰਿਭਾਸ਼ਾ ਲਾਗੂ ਨਹੀਂ ਕਰਦਾ। ਅਜਿਹੀ ਅਸਾਹਿਤਕ ਬੇਈਮਾਨੀ ਦੀ ਇਕ ਉਦਾਹਰਣ ਇਹ ਹੈ ਕਿ 1984 ਵਿਚ ਦਿੱਲੀ ਸਮੇਤ ਭਾਰਤ ਦੇ ਕੋਨੇ ਕੋਨੇ 'ਚ ਹੋਏ ਸਿੱਖ ਕਤਲੇਆਮ ਵੇਲੇ ਅਖੌਤੀ ਅਗਾਂਹ ਵਧੂ ਲੇਖਕਾਂ ਦੀ ਢਾਣੀ ਦੇ ਮੋਢੀਆਂ ਦੀ ਬੰਦ ਜ਼ੁਬਾਨ! ਦਿੱਲੀ ਵਿਚ ਜਦੋਂ ਸਿੱਖ ਨਸਲਕੁਸ਼ੀ ਹੋ ਰਹੀ ਸੀ ਤੇ ਹਜ਼ਾਰਾਂ ਸਿੱਖ ਮਾਰੇ ਜਾ ਰਹੇ ਸਨ, ਧੀਆਂ ਦੇ 'ਗੈਂਗ ਰੇਪ' ਹੋ ਰਹੇ ਸਨ, ਉਸ ਵੇਲੇ ਦਿੱਲੀ ਵਿਚ ਹੀ ਕਵਿੱਤਰੀ ਅੰਮ੍ਰਿਤਾ ਪ੍ਰੀਤਮ ਵੀ ਮੌਜੂਦ ਸੀ। ਉਸਨੇ ਇਸ ਦੇ ਖਿਲਾਫ਼ ਇਕ ਸ਼ਬਦ ਵੀ ਨਹੀਂ ਬੋਲਿਆ। ਅਫ਼ਸੋਸ ਕਿ ਭਾਈ ਵੀਰ ਸਿੰਘ ਨੂੰ ਕਟਿਹਰੇ 'ਚ ਖੜ੍ਹਾ ਕਰਨ ਵਾਲਾ 'ਸਾਹਿਤ ਮਾਫ਼ੀਆ' ਅੰਮ੍ਰਿਤਾ ਪ੍ਰੀਤਮ ਦੀ ਚੁੱਪ 'ਤੇ ਖਾਮੋਸ਼ ਰਹਿੰਦਾ ਹੈ। ਮੰਨ ਲੈਂਦੇ ਹਾਂ ਕਿ ਅਖੌਤੀ ਅਗਾਂਹ ਵਧੂਆਂ ਨੂੰ ਸਿੱਖ ਕਤਲੇਆਮ ਬਾਰੇ ਬੋਲਣ 'ਤੇ ਤਕਲੀਫ ਹੁੰਦੀ ਹੈ, ਪਰ ਜਦੋਂ ਭਾਰਤ 'ਚ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਐਮਰਜੈਂਸੀ ਲਾਈ, ਉਦੋਂ ਵੀ ਖੱਬੇ ਪੱਖੀ ਚੁੱਪ ਰਹੇ। ਚੁੱਪ ਹੀ ਨਹੀਂ, ਬਲਕਿ ਐਮਰਜੈਂਸੀ ਦੀ ਹਮਾਇਤ ਕਰਦੇ ਰਹੇ। ਪਰ ਭਾਈ ਵੀਰ ਸਿੰਘ ਸਮਕਾਲੀ ਸਰਕਾਰ ਖਿਲਾਫ ਨਾਂ ਬੋਲਣ ਕਰਕੇ ਸਾਹਿਤਕਾਰ ਦਾ ਫਰਜ਼ ਨਹੀਂ ਨਿਭਾ ਰਹੇ। ਅਜਿਹਾ ਦੋਗਲਾਪਣ ਸਾਹਿਤ ਮਾਫੀਏ ਦਾ ਕਿਰਦਾਰ ਹੈ!

ਭਾਈ ਸਾਹਿਬ ਵੀਰ ਸਿੰਘ ਦੇ ਸਮਕਾਲੀ ਰਵਿੰਦਰ ਨਾਥ ਟੈਗੋਰ ਅਤੇ ਡਾ. ਮੁਹੰਮਦ ਇਕਬਾਲ ਦੀ ਗੱਲ ਕਰੀਏ, ਤਾਂ ਉਹਨਾਂ ਦੀ ਸਮਕਾਲੀ ਭੂਮਿਕਾ ਬਾਰੇ ਖੱਬੇ ਪੱਖੀ ਚੁੱਪ ਹਨ। ਮਹਾਂਕਵੀ ਟੈਗੋਰ ਨੇ ਜਾਰਜ ਪੰਜਵੇਂ ਦੀ ਭਾਰਤ ਫੇਰੀ ਮੌਕੇ 'ਜਨ ਗਨ ਮਨ' ਗੀਤ ਲਿਖਿਆ, ਜੋ ਕਿ ਪ੍ਰਸ਼ੰਸਾ ਮਈ ਸਾਹਿਤ ਦਾ ਹੀ ਰੂਪ ਸੀ। ਜਾਰਜ ਪੰਚਮ ਦੀ ਆਮਦ 'ਤੇ ਲਿਖਿਆ ਇਹ ਗੀਤ ਅੱਜ ਭਾਰਤ ਦਾ ਰਾਸ਼ਟਰੀ ਗੀਤ ਹੈ। ਖੱਬੇ ਪੱਖੀ ਇਹ ਸੱਚ ਬਿਆਨ ਕਰਨ ਤੋਂ ਗੁਰੇਜ ਕਰਦੇ ਹਨ। ਟੈਗੋਰ ਨੂੰ ਅੰਗਰੇਜ਼ਾਂ ਵਲੋਂ 'ਸਰ' ਦਾ ਖਿਤਾਬ ਮਿਲਿਆ ਸੀ, ਜੋ ਕਿ ਉਹ ਵੱਡੇ ਹਮਾਇਤੀ ਨੂੰ ਦਿਆ ਕਰਦੇ ਸਨ। ਇਹ ਸਹੀ ਹੈ ਕਿ ਜਲ੍ਹਿਆਂਵਾਲਾ ਬਾਗ਼ ਦੇ ਸਾਕੇ ਵੇਲੇ ਟੈਗੋਰ ਨੇ ਇਹ ਖਿਤਾਬ ਵਾਪਿਸ ਕੀਤਾ ਸੀ। ਇਸ ਤੋਂ ਇਲਾਵਾ ਟੈਗੋਰ ਦੀ ਕੋਈ ਵੀ ਲਿਖਤ ਅੰਗਰੇਜ਼ ਸਾਮਰਾਜ ਖਿਲਾਫ਼ ਨਹੀਂ, ਪਰ ਟੈਗੋਰ ਦੀ ਕਾਮਰੇਡ ਸਹੁੰ ਖਾਂਦੇ ਹਨ, ਜਦਕਿ ਭਾਈ ਵੀਰ ਸਿੰਘ ਨੂੰ ਬੁਰੀ ਤਰ੍ਹਾਂ ਭੰਡਦੇ ਹਨ। ਡਾ. ਮੁਹੰਮਦ ਇਕਬਾਲ ਨੂੰ ਮੁਸਲਿਮ 'ਕੌਮ ਦੇ ਸ਼ਾਇਰ' ਦਾ ਰੁਤਬਾ ਦਿੰਦੇ ਹਨ, ਜਦਕਿ ਇਕਬਾਲ ਨੇ ਆਪਣੀ ਲਿਖਤ ਵਿਚ ਕਿਧਰੇ ਵੀ ਅੰਗਰੇਜ਼ ਸਾਮਰਾਜ ਨੂੰ ਨਹੀਂ ਨਿੰਦਿਆ। ਵੱਡੇ-ਵੱਡੇ ਸਾਹਿਤਕਾਰ ਉਸਦੇ ਸ਼ੇਅਰ ਪੜ੍ਹਦੇ ਹੋਏ ਅਸ਼-ਅਸ਼ ਕਰਦੇ ਹਨ, ਪਰ ਡਾ. ਇਕਬਾਲ ਦੀ ਅੰਗਰੇਜ਼ਾਂ ਖਿਲਾਫ਼ ਚੁੱਪ 'ਤੇ ਖਾਮੋਸ਼ ਰਹਿੰਦੇ ਹਨ। ਹੁਣ ਗੱਲ ਭਾਈ ਵੀਰ ਸਿੰਘ ਦੀ ਕਰਦੇ ਹਾਂ। ਅੱਜ ਦੀ ਤਾਰੀਖ਼ ਵਿਚ ਅਸੀ ਸਪੱਸ਼ਟ ਹਾਂ ਕਿ ਅੰਗਰੇਜ਼ਾਂ ਨੇ ਭਾਰਤ ਨੂੰ ਬਸਤੀ ਬਣਾ ਕੇ ਜਿਵੇਂ ਲੁੱਟਿਆ, ਲੋਕਾਂ 'ਤੇ ਜੋ ਕਹਿਰ ਢਾਹਿਆਂ, ਜਲ੍ਹਿਆਂ ਵਾਲਾ ਬਾਗ ਕਾਂਢ ਕਰਕੇ ਸੈਂਕੜੇ ਬੈਕਸੂਰ ਮਾਰੇ ਅਤੇ ਪੰਜਾਬ ਅਤੇ ਭਾਰਤ ਦੇ ਜਿਵੇਂ ਟੁਕੜੇ ਕੀਤੇ, ਉਹ ਨਾਮੁਆਫ਼ ਕਰਨ ਯੋਗ ਗੁਨਾਹ ਹਨ। ਇਹ ਵੀ ਸੱਚ ਹੈ ਕਿ 1849 ਵਿਚ ਪੰਜਾਬ ਨੂੰ ਗ਼ੁਲਾਮ ਬਣਾਉਣ ਲਈ ਅੰਗਰੇਜ਼ਾਂ ਨਾਲ ਪੂਰਬੀਆਂ ਨੇ ਮਿਲ ਕੇ, ਸਿੱਖ ਰਾਜ ਖਤਮ ਕੀਤਾ, ਜਿਸ ਦਾ ਸਿੱਖਾਂ ਅੰਦਰ ਲਗਾਤਾਰ ਰੋਸ ਸੀ। ਸਿੰਘ ਸਭਾ ਲਹਿਰ ਦੌਰਾਨ ਵੀ ਇਹ ਵਰਤਾਰਾ ਝਲਕਦਾ ਹੈ। ਭਾਈ ਵੀਰ ਸਿੰਘ ਦਾ ਜਲ੍ਹਿਆਂਵਾਲਾ ਬਾਗ਼ ਸਾਕੇ ਬਾਰੇ ਨਾ ਲਿਖਣਾ ਜਾਂ ਅੰਗਰੇਜ਼ਾਂ ਦਾ ਵਿਰੋਧ ਨਾ ਕਰਨਾ ਵੀ ਉਸੇ ਪ੍ਰਸੰਗ ਦਾ ਹਿੱਸਾ ਹੈ। ਇਸ ਦੇ ਬਾਵਜੂਦ ਭਾਈ ਸਾਹਿਬ ਦੀ ਉਕਤ ਪਹੁੰਚ 'ਤੇ ਅਸਹਿਮਤੀ ਪ੍ਰਗਟਾਉਣਾ ਜਾਇਜ਼ ਹੈ ਤੇ ਆਲੋਚਨਾ ਕਰਨੀ ਸਹੀ ਹੈ, ਪਰ ਇਸ ਆਧਾਰ 'ਤੇ ਭਾਈ ਵੀਰ ਸਿੰਘ ਨਾਲ ਈਰਖਾ ਕਰਨੀ ਅਤੇ ਆਪਣੇ ਖੇਮੇ ਦੇ ਲੇਖਕਾਂ ਦੀ ਪੁਸ਼ਤ-ਪਨਾਹੀ ਕਰਨੀ, ਦੋਗਲੀ ਪਹੁੰਚ ਹੀ ਕਹੀ ਜਾਵੇਗੀ। ਇਹ ਦੋਹਰੇ ਮਾਪਦੰਡ ਇਉਂ ਹੀ ਹਨ ਜਿਵੇਂ ਕਿ ਪੰਜਾਬ ਅੰਦਰ ਖਾੜਕੂਵਾਦ ਦੇ ਦੌਰ ਸਮੇਂ ਖੱਬੇ ਪੱਖੀਆਂ ਦੀ ਇਕ ਢਾਣੀ ਦਾ ਨਾਅਰਾ ਸੀ ਕਿ ਪੰਜਾਬ ਵਿਚ ਖ਼ਾਲਿਸਤਾਨ ਉਹਨਾਂ ਦੀਆਂ ਲਾਸ਼ਾਂ 'ਤੇ ਬਣੇਗਾ। ਅੱਜ ਪੂਰਾ ਭਾਰਤ 'ਹਿੰਦੂ ਰਾਸ਼ਟਰ' ਬਣਨ ਜਾ ਰਿਹਾ ਹੈ, ਹੁਣ ਉਹਨਾਂ ਦੀਆਂ ਲਾਸ਼ਾਂ ਕਿਧਰੇ ਨਹੀਂ ਵਿਛੀਆਂ, ਸਗੋਂ ਉਹਨਾਂ ਦੇ ਜਿਉਂਦੇ ਜੀਅ ਹੀ ਹਿੰਦੂ ਰਾਸ਼ਟਰ ਕਾਇਮ ਹੋ ਰਿਹਾ ਹੈ। ਇਉਂ ਹੀ ਭਾਈ ਵੀਰ ਸਿੰਘ ਬਾਰੇ ਦੋਗਲਾਪਣ ਸਰਾਸਰ ਬੇਇਨਸਾਫੀ ਅਤੇ ਬੇਈਮਾਨੀ ਹੈ। ਭਾਈ ਵੀਰ ਸਿੰਘ ਆਧੁਨਿਕ ਪੰਜਾਬੀ ਸਾਹਿਤ ਨੂੰ ਕੌਮਾਂਤਰੀ ਪੱਧਰ ਤੱਕ ਲਿਜਾਣ 'ਚ ਵੀਹਵੀਂ ਸਦੀ ਦੇ ਮੁੱਢ ਤੋਂ ਲੈ ਕੇ ਅੱਧੀ ਸਦੀ ਤੱਕ ਸਰਗਰਮ ਰਹਿੰਦੇ ਹਨ। ਭਾਈ ਸਾਹਿਬ ਦੀ ਸਾਹਿਤਕ ਦੇਣ ਨੂੰ ਅੱਜ ਪੰਜਾਬ ਤੋਂ ਲੈਕੇ ਦੁਨੀਆਂ ਦੇ ਕੋਨੇ-ਕੋਨੇ ਤੱਕ ਪਹੁੰਚਾਉਣਾ ਹੀ ਉਹਨਾਂ ਦਾ 150 ਸਾਲਾਂ ਜਨਮ ਦਿਹਾੜਾ ਮਨਾਉਣਾ ਕਿਹਾ ਜਾ ਸਕਦਾ ਹੈ। ਪੰਜਾਬੀ ਦੇ ਵਰਡਜ਼ਬਰਥ, ਮਿਲਟਨ ਅਤੇ ਦਾਂਤੇ ਕਹੇ ਜਾ ਸਕਣ ਦੇ ਸਮਰੱਥ ਮਹਾਂਕਵੀ ਭਾਈ ਵੀਰ ਸਿੰਘ ਦਾ ਸਾਹਿਤਕ ਮੁਲਾਂਕਣ ਅਜੇ ਤੱਕ ਸਹੀ ਢੰਗ ਨਾਲ ਹੋ ਹੀ ਨਹੀਂ ਸਕਿਆ। ਭਾਈ ਵੀਰ ਸਿੰਘ ਦੇ ਜਨਮ ਦਿਹਾੜੇ ਦੀ ਡੇਢ ਸੌ ਸਾਲਾ ਸ਼ਤਾਬਦੀ ਮਨਾਉਂਦੇ ਹੋਏ, ਨਵੇਂ ਸਿਰਿਓਂ ਇਹ ਕਾਰਜ ਆਰੰਭਣ ਦੀ ਲੋੜ ਹੈ। ਭਾਈ ਸਾਹਿਬ ਦੀ ਸਾਹਿਤਕ ਦੇਣ ਨੂੰ ਰੱਦ ਕਰਨ 'ਤੇ ਤੁਲੀਆਂ ਤਾਕਤਾਂ ਦਾ ਦਲੀਲ ਪੂਰਨ ਜਵਾਬ ਦੇਣਾ ਜ਼ਰੂਰੀ ਹੋ ਗਿਆ ਹੈ। 'ਸਾਹਿਤ ਮਾਫ਼ੀਆ' ਦੀਆਂ ਸਾਜਿਸ਼ਾਂ ਨੂੰ ਜੱਗ-ਜਾਹਿਰ ਕਰਕੇ ਹੀ ਭਾਈ ਵੀਰ ਸਿੰਘ ਖਿਆਫ਼ ਝੂਠਾ ਬਿਰਤਾਂਤ ਨਕਾਰਿਆ ਜਾ ਸਕਦਾ ਹੈ।

---



# ਇਕੱਲੀ ਮਾਂ ਦਾ ਕਿਰਦਾਰ ਨਿਭਾਉਣਾ ਔਖਾ ਹੈ

'ਬੱਚੇ ਲਈ ਆਪਣੇ ਆਪ ਨੂੰ ਬਦਲਣਾ ਪਵੇਗਾ' ਆਧੁਨਿਕਤਾ ਦੀ ਅੰਨ੍ਹੀ ਦੌੜ ਵਿੱਚ ਵਹਿ ਰਹੇ ਨੌਜਵਾਨਾਂ ਵਿੱਚ ਤਲਾਕ ਇੱਕ ਆਮ ਗੱਲ ਬਣ ਗਈ ਹੈ। ਆਪਸੀ ਝਗੜੇ ਅਤੇ ਝਗੜੇ ਤਲਾਕ ਵਿੱਚ ਖਤਮ ਹੁੰਦੇ ਹਨ। ਇਸ ਵਿੱਚ ਔਰਤ ਨਿਸ਼ਚਿਤ ਰੂਪ ਵਿੱਚ ਹਾਰ ਜਾਂਦੀ ਹੈ, ਕਿਉਂਕਿ ਉਸਦੇ ਬੱਚੇ ਦੀ ਜ਼ਿੰਮੇਵਾਰੀ ਵੀ ਉਸਦੇ ਸਿਰ ਹੁੰਦੀ ਹੈ। ਤਲਾਕ ਦੇ 90 ਫੀਸਦੀ ਤੋਂ ਵੱਧ ਮਾਮਲਿਆਂ ਵਿੱਚ ਔਰਤਾਂ ਬੱਚਿਆਂ ਦੇ ਪਾਲਣ-ਪੋਸ਼ਣ ਦੀ ਜ਼ਿੰਮੇਵਾਰੀ ਲੈਂਦੀਆਂ ਹਨ। ਅਦਾਲਤ ਵੀ ਇਸ ਮਾਮਲੇ ਵਿੱਚ ਉਨ੍ਹਾਂ ਦੀ ਮਦਦ ਕਰਦੀ ਹੈ। ਇਹ ਮੰਨਿਆ ਜਾਂਦਾ ਹੈ ਕਿ ਔਰਤਾਂ ਦੇ ਬੱਚਿਆਂ ਨੂੰ ਪਾਲਣ ਦੀ ਜ਼ਿੰਮੇਵਾਰੀ ਮਰਦਾਂ ਦੀ ਹੈ ।ਚੰਗੀ ਤਰ੍ਹਾਂ ਕਰ ਸਕਦਾ ਹੈ। ਅੱਜ ਦੇ ਸਮੇਂ ਵਿੱਚ ਸਿੰਗਲ ਮਦਰ ਇੱਕ ਬਹੁਤ ਹੀ ਆਮ ਚੀਜ਼ ਹੈ ਜਿੱਥੇ ਬੱਚੇ ਦੀ ਭਾਵਨਾਤਮਕ ਹੀ ਨਹੀਂ ਸਗੋਂ ਆਰਥਿਕ ਜ਼ਿੰਮੇਵਾਰੀ ਵੀ ਔਰਤ ਦੇ ਮੋਢਿਆਂ 'ਤੇ ਆ ਜਾਂਦੀ ਹੈ। ਇਕੱਲੀ ਮਾਂ ਬਣਨਾ ਚੁਣੌਤੀਆਂ ਨਾਲ ਭਰਿਆ ਕੰਮ ਹੈ ਕਿਉਂਕਿ ਮਾਂ ਅਤੇ ਪਿਤਾ ਦੋਵਾਂ ਦੀ ਜ਼ਿੰਮੇਵਾਰੀ ਹੈ। ਉਸ ਦੇ ਮੋਢੇ 'ਤੇ. ਹਾਲਾਂਕਿ, ਥੋੜ੍ਹੀ ਜਿਹੀ ਸਿਆਣਪ ਅਤੇ ਜਾਗਰੂਕਤਾ ਨਾਲ, ਤੁਸੀਂ ਇੱਕ ਮਹਾਨ ਮਾਂ ਬਣ ਸਕਦੇ ਹੋ. ਅੱਜ ਅਸੀਂ ਆਪਣੇ ਪਾਠਕਾਂ ਨੂੰ ਕੁਝ ਅਜਿਹੀਆਂ ਗੱਲਾਂ ਬਾਰੇ ਦੱਸਣ ਜਾ ਰਹੇ ਹਾਂ, ਜਿਨ੍ਹਾਂ ਨੂੰ ਜੇਕਰ ਇਕ ਮਾਂ ਹੀ ਧਿਆਨ 'ਚ ਰੱਖਦੀ ਹੈ ਤਾਂ ਉਹ ਆਪਣੇ ਬੱਚਿਆਂ ਦੀ ਚੰਗੀ ਮਾਂ ਅਤੇ ਸਾਥੀ ਬਣ ਸਕਦੀ ਹੈ ।ਹਨ. ਆਓ ਇੱਕ ਨਜ਼ਰ ਮਾਰੀਏ - ਬੰਧਨ ਬਣਾਓ ਇਕੱਲੀ ਮਾਂ ਨੂੰ ਆਪਣੇ ਬੱਚੇ ਨੂੰ ਮਾਂ ਅਤੇ ਪਿਤਾ ਦੋਵਾਂ ਦਾ ਪਿਆਰ ਦੇਣਾ ਪੈਂਦਾ ਹੈ। ਅਜਿਹੀ ਸਥਿਤੀ ਵਿੱਚ, ਤੁਹਾਡੇ ਲਈ ਆਪਣੇ ਬੱਚੇ ਨਾਲ ਬੰਧਨ ਬਣਾਉਣਾ ਮਹੱਤਵਪੂਰਨ ਹੈ। ਬੱਚੇ ਨਾਲ ਬੰਧਨ ਬਣਾਉਣ ਲਈ, ਉਸ ਨੂੰ ਬਹੁਤ ਪਿਆਰ ਕਰੋ, ਉਸ ਨਾਲ ਗੱਲ ਕਰੋ, ਉਸ ਨਾਲ ਖੇਡੋ ਅਤੇ ਹੋ ਸਕੇ ਤਾਂ ਉਸ ਨਾਲ ਦੋਸਤ ਵਰਗਾ ਰਿਸ਼ਤਾ ਬਣਾਉਣ ਦੀ ਕੋਸ਼ਿਸ਼ ਕਰੋ। ਤਾਂ ਜੋ ਉਹ ਤੁਹਾਨੂੰ ਬਿਨਾਂ ਕਿਸੇ ਝਿਜਕ ਦੇ ਆਪਣੇ ਮਨ ਦੀ ਹਰ ਗੱਲ ਦੱਸ ਸਕੇ। ਸਕਾਰਾਤਮਕ ਸੋਚਦੇ ਰਹੋ ਸਿੰਗਲ ਮਦਰ ਹੋਣ ਦੇ ਨਾਤੇ ਤੁਹਾਡੇ 'ਤੇ ਦੋਹਰੀ ਜ਼ਿੰਮੇਵਾਰੀ ਹੈ, ਅਜਿਹੇ 'ਚ ਤੁਹਾਨੂੰ ਹਮੇਸ਼ਾ ਆਪਣੀ ਸੋਚ ਨੂੰ ਸਕਾਰਾਤਮਕ ਰੱਖਣਾ ਚਾਹੀਦਾ ਹੈ। ਦਫ਼ਤਰ ਵਿੱਚ ਤੁਹਾਡਾ ਦਿਨਭਾਵੇਂ ਕਿੰਨੀ ਵੀ ਮਾੜੀ ਜਾਂ ਗੁੱਸੇ ਵਾਲੀ ਗੱਲ ਹੋਵੇ, ਤੁਹਾਨੂੰ ਹਮੇਸ਼ਾ ਸ਼ਾਂਤ ਅਤੇ ਸਕਾਰਾਤਮਕ ਰਹਿਣਾ ਪੈਂਦਾ ਹੈ ਕਿਉਂਕਿ ਜਦੋਂ ਤੁਸੀਂ ਸ਼ਾਮ ਨੂੰ ਆਪਣੇ ਬੱਚੇ ਕੋਲ ਵਾਪਸ ਆਉਂਦੇ ਹੋ, ਤਾਂ ਤੁਹਾਨੂੰ ਉਨ੍ਹਾਂ ਨੂੰ ਪੂਰਾ ਸਮਾਂ ਦੇਣਾ ਪੈਂਦਾ ਹੈ। ਇਕੱਲੀ ਮਾਂ ਹੋਣ ਦੇ ਨਾਤੇ, ਤੁਹਾਨੂੰ ਹਮੇਸ਼ਾ ਯਾਦ ਰੱਖਣਾ ਚਾਹੀਦਾ ਹੈ ਕਿ ਕੋਈ ਤੀਜਾ ਵਿਅਕਤੀ ਤੁਹਾਡੇ ਅਤੇ ਤੁਹਾਡੇ ਬੱਚੇ ਵਿਚਕਾਰ ਨਹੀਂ ਆਵੇਗਾ। ਆਪਣੇ ਦਿਲ ਨੂੰ ਵਿਸ਼ਵਾਸ ਨਾਲ ਭਰੋ ਆਪਣੇ ਬੱਚੇ ਨੂੰ ਕਦੇ ਵੀ ਗਰੀਬ ਨਾ ਮਹਿਸੂਸ ਹੋਣ ਦਿਓ ਅਤੇ ਆਪਣੀ ਗੱਲਬਾਤ ਵਿੱਚ ਕੈਚਫਰੇਜ਼ ਦੀ ਵਰਤੋਂ ਨਾ ਕਰੋ ਭਾਵੇਂ ਤੁਹਾਡਾ ਪਿਤਾ ਅੱਜ ਉੱਥੇ ਮੌਜੂਦ ਸੀ ਜਾਂ ਗਲਤੀ ਨਾਲ ਵੀ। ਪਿਤਾ ਤੋਂ ਬਿਨਾਂ ਬੱਚੇ ਇਸ ਤਰ੍ਹਾਂ ਦੇ ਹੁੰਦੇ ਹਨ। ਆਪਣੇ ਬੱਚੇ ਵਿੱਚ ਇਹ ਵਿਸ਼ਵਾਸ ਪੈਦਾ ਕਰੋ ਕਿ ਉਹਉਹ ਕਿਸੇ ਵੀ ਤਰ੍ਹਾਂ ਬੱਚਿਆਂ ਤੋਂ ਘੱਟ ਨਹੀਂ ਹਨ। ਜੇਕਰ ਦੂਸਰਾ ਵਿਅਕਤੀ ਵੀ ਉਸ ਨੂੰ ਘਟੀਆ ਮਹਿਸੂਸ ਕਰਨ ਦੀ ਕੋਸ਼ਿਸ਼ ਕਰਦਾ ਹੈ, ਤਾਂ ਉਸ ਨੂੰ ਦ੍ਰਿੜਤਾ ਨਾਲ ਕਹੋ ਕਿ ਅਸੀਂ ਜਿਵੇਂ ਹਾਂ, ਬਿਲਕੁਲ ਠੀਕ ਹਾਂ ਅਤੇ ਜ਼ਿੰਦਗੀ ਦਾ ਆਨੰਦ ਮਾਣ ਰਹੇ ਹਾਂ। ਨਿਯਮ ਅਤੇ ਸੀਮਾਵਾਂ ਸਥਾਪਿਤ ਕਰੋ ਸੰਯੁਕਤ ਪਾਲਣ-ਪੋਸ਼ਣ ਦੀਆਂ ਯੋਜਨਾਵਾਂ ਦੇ ਦੌਰਾਨ, ਇਹ ਭੁੱਲਣਾ ਆਸਾਨ ਹੈ ਕਿ ਤੁਸੀਂ ਬਾਲਗ ਹੋ ਅਤੇ ਉਹ ਬੱਚੇ ਹਨ। ਸਮਾਨਾਂਤਰ ਪਾਲਣ-ਪੋਸ਼ਣ ਲਈ ਸਭ ਤੋਂ ਵਧੀਆ ਮਾਰਗ ਤੁਹਾਡੇ ਬੱਚਿਆਂ ਅਤੇ ਇਸ ਵਿੱਚ ਸ਼ਾਮਲ ਸਾਬਕਾ ਸਾਥੀ ਲਈ ਨਿਯਮ ਅਤੇ ਸੀਮਾਵਾਂ ਸਥਾਪਤ ਕਰਨਾ ਹੈ। ਤੁਹਾਨੂੰ ਨਿਯਮ ਅਤੇ ਦਿਸ਼ਾ-ਨਿਰਦੇਸ਼ ਬਣਾਉਣੇ ਪੈਣਗੇ ਜੋ ਹਰ ਕਿਸੇ ਲਈ ਸਵੀਕਾਰਯੋਗ ਹੋਣ। ਸਭ ਤੋਂ ਮਹੱਤਵਪੂਰਨ ਚੀਜ਼ਇਹ ਇਸ ਲਈ ਹੈ ਤਾਂ ਜੋ ਇਹ ਤੁਹਾਡੇ ਬੱਚਿਆਂ ਲਈ ਜੀਵਨ ਨੂੰ ਆਸਾਨ ਅਤੇ ਸੁਵਿਧਾਜਨਕ ਬਣਾਵੇ। ਇਹ ਵੀ ਸਪੱਸ਼ਟ ਹੋਣਾ



ਵਿਜੈ ਗਰਗ ਸਾਬਕਾ
ਪੀ.ਈ..ਐਸ. - 1
ਸੇਵਾਮੁਕਤ ਪ੍ਰਿੰਸਪਲ


ਚਾਹੀਦਾ ਹੈ ਕਿ ਤੁਸੀਂ ਆਪਣੇ ਬੱਚਿਆਂ ਤੋਂ ਕਿਸ ਤਰ੍ਹਾਂ ਦੇ ਵਿਵਹਾਰ ਦੀ ਉਮੀਦ ਰੱਖਦੇ ਹੋ ਅਤੇ ਤੁਸੀਂ ਆਪਣੇ ਸਾਬਕਾ ਜਾਂ ਉਨ੍ਹਾਂ ਦੇ ਜੀਵਨ ਵਿੱਚ ਸ਼ਾਮਲ ਕਿਸੇ ਵੀ ਵਿਅਕਤੀ ਤੋਂ ਕਿਸ ਤਰ੍ਹਾਂ ਦੇ ਵਿਵਹਾਰ ਦੀ ਉਮੀਦ ਕਰਦੇ ਹੋ। ਜਵਾਬ ਦੇਣਾ ਸਿਖਾਓ ਅਕਸਰ ਇਕੱਲੀਆਂ ਮਾਵਾਂ ਆਪਣੇ ਬੱਚਿਆਂ ਨੂੰ ਲੋਕਾਂ ਦੇ ਬੇਰਹਿਮ ਅਤੇ ਅਣਚਾਹੇ ਸਵਾਲਾਂ ਤੋਂ ਬਚਾਉਣ ਵਿੱਚ ਆਪਣੇ ਆਪ ਨੂੰ ਬੇਵੱਸ ਪਾਉਂਦੀਆਂ ਹਨ। ਜਦੋਂ ਦੂਜੇ ਬੱਚੇ ਪੁੱਛਦੇ ਹਨ ਕਿ ਤੁਹਾਡੇ ਪਿਤਾ ਕਿੱਥੇ ਹਨ ਜਾਂ ਤੁਹਾਡੇ ਪਿਤਾ ਤੁਹਾਡੇ ਨਾਲ ਜਾਂ ਸਕੂਲ ਦੇ ਸਮਾਗਮਾਂ ਵਿੱਚ ਕਿਉਂ ਨਹੀਂ ਰਹਿੰਦੇ ਹਨ। ਬੱਚੇ ਇਸ ਗੱਲ ਤੋਂ ਬੇਚੈਨ ਹੋ ਜਾਂਦੇ ਹਨ ਕਿ ਉਹ ਸਕੂਲ ਜਾਂ ਮਾਤਾ-ਪਿਤਾ-ਅਧਿਆਪਕ ਮੀਟਿੰਗਾਂ ਵਿੱਚ ਕਿਉਂ ਨਹੀਂ ਆਉਂਦੇ। ਜੇਕਰ ਇਕੱਲੀ ਮਾਂ ਸ਼ੁਰੂ ਤੋਂ ਹੀ ਕਹਾਣੀਆਂ ਜਾਂ ਉਦਾਹਰਣਾਂ ਰਾਹੀਂ ਬੱਚਿਆਂ ਨੂੰ ਸਥਿਤੀ ਬਾਰੇ ਸਮਝਾਵੇ ਤਾਂ ਬੱਚਿਆਂ ਲਈ ਅਜਿਹੇ ਸਵਾਲਾਂ ਦੇ ਜਵਾਬ ਦੇਣਾ ਆਸਾਨ ਹੋ ਜਾਵੇਗਾ। ਬੱਚਾ ਆਤਮ-ਵਿਸ਼ਵਾਸ ਮਹਿਸੂਸ ਕਰਨ ਲੱਗਦਾ ਹੈ। ਨਾਂਹ ਕਹਿਣਾ ਜ਼ਰੂਰੀ ਹੈ ਇਹ ਸਭ ਜਾਣਦੇ ਹਨ ਕਿ ਔਰਤਾਂ ਮਰਦਾਂ ਨਾਲੋਂ ਜ਼ਿਆਦਾ ਭਾਵੁਕ ਹੁੰਦੀਆਂ ਹਨ। ਸਿੰਗਲ ਮਾਵਾਂ ਲਈ ਵੀ ਇਹ ਸਭ ਤੋਂ ਵੱਡੀ ਸਮੱਸਿਆ ਹੈ। ਬੱਚੇ ਦੀ ਜ਼ਿੱਦ ਕਾਰਨ ਇਕੱਲੀ ਮਾਂ ਉਨ੍ਹਾਂ ਨੂੰ ਨਾਂਹ ਕਰਨ ਤੋਂ ਅਸਮਰੱਥ ਹੈ। ਇਸ ਦਾ ਸਭ ਤੋਂ ਵੱਡਾ ਪੱਖਇਸ ਦਾ ਅਸਰ ਇਹ ਹੁੰਦਾ ਹੈ ਕਿ ਬੱਚੇ ਦੀ ਜ਼ਿੱਦ ਵਧ ਜਾਂਦੀ ਹੈ। ਇੰਨਾ ਹੀ ਨਹੀਂ, ਕਈ ਵਾਰ ਬੱਚੇ ਆਪਣੀ ਗੱਲ ਪੂਰੀ ਕਰਨ ਲਈ ਰੋਂਦੇ ਹਨ ਅਤੇ ਮਾਂ ਵੀ ਉਨ੍ਹਾਂ ਨੂੰ ਮਨਾਉਣ ਲਈ ਹਾਂ ਕਹਿ ਦਿੰਦੀ ਹੈ। ਅਜਿਹੀ ਸਥਿਤੀ ਵਿਚ ਕਈ ਵਾਰ ਇਕੱਲੀ ਮਾਂ ਨੂੰ ਆਪਣੇ ਬੱਚੇ ਦੀ ਜ਼ਿੱਦ ਨੂੰ ਅਣਚਾਹੇ ਹੀ ਸਵੀਕਾਰ ਕਰਨਾ ਪੈਂਦਾ ਹੈ। ਇਸ ਲਈ, ਇਹ ਬਹੁਤ ਮਹੱਤਵਪੂਰਨ ਹੈ ਕਿ ਬੱਚੇ ਨੂੰ ਗਲਤ ਕੰਮਾਂ ਵਿੱਚ ਸ਼ਾਮਲ ਨਾ ਕਰੋ. ਬੱਚੇ ਨੂੰ ਸਮਾਂ ਦਿਓ ਇਕੱਲੀ ਮਾਂ ਹੋਣ ਦੇ ਨਾਤੇ, ਤੁਹਾਡੇ ਕੋਲ ਮਾਪਿਆਂ ਦੋਵਾਂ ਦੀਆਂ ਜ਼ਿੰਮੇਵਾਰੀਆਂ ਹਨ। ਅਜਿਹੇ 'ਚ ਤੁਹਾਡੇ ਲਈ ਉਨ੍ਹਾਂ ਨੂੰ ਸਮਾਂ ਦੇਣਾ ਜ਼ਰੂਰੀ ਹੈ। ਜੇਕਰ ਤੁਸੀਂ ਦਫਤਰ ਦੇ ਕੰਮ ਵਿਚ ਬਹੁਤ ਰੁੱਝੇ ਹੋਏ ਹੋ, ਫਿਰ ਵੀ ਲੋੜ ਪੈਣ 'ਤੇ ਬੱਚਾ ਆ ਸਕਦਾ ਹੈ। ਜੇਕਰ ਆਰ ਤੁਹਾਨੂੰ ਫੋਨ ਕਰਦਾ ਹੈ ਤਾਂ ਉਸ ਸਮੇਂ ਹਾਜ਼ਰ ਰਹੋ। ਇਸ ਨਾਲ ਤੁਹਾਡੇ ਅਤੇ ਬੱਚੇ ਵਿਚਕਾਰ ਪਿਆਰ ਦੀ ਭਾਵਨਾ ਵਧੇਗੀ। ਭਾਵਨਾਤਮਕ ਭਾਵਨਾਵਾਂ ਦੇ ਕਾਰਨ, ਬੱਚਾ ਨਾ ਸਿਰਫ ਤੁਹਾਡੀਆਂ ਗੱਲਾਂ ਨੂੰ ਮੰਨੇਗਾ, ਸਗੋਂ ਅਨੁਸ਼ਾਸਨ ਵਧਾਉਣ ਦੀ ਕੋਸ਼ਿਸ਼ ਵੀ ਕਰੇਗਾ, ਜਿਸ ਨਾਲ ਲੋਕ ਉਸਦੀ ਮਾਂ ਦੀ ਤਾਰੀਫ਼ ਕਰਨ। ਸਮਾਂ ਪ੍ਰਬੰਧਨ ਸਿਖਾਓ ਕਿਸੇ ਨੇ ਕਿਹਾ ਕਿ ਜਿਸ ਨੇ ਬਹੁਤ ਸਾਰੀਆਂ ਡਿਗਰੀਆਂ ਹਾਸਲ ਕਰ ਲਈਆਂ ਹਨ ਪਰ ਸਮੇਂ ਦਾ ਪ੍ਰਬੰਧਨ ਨਹੀਂ ਸਿੱਖਿਆ, ਉਸ ਨੇ ਜ਼ਿੰਦਗੀ ਵਿੱਚ ਕੁਝ ਨਹੀਂ ਕੀਤਾ। ਬੱਚੇ ਦਾ ਸਕੂਲ, ਟਿਊਸ਼ਨ, ਖਾਣਾ ਅਤੇ ਖੇਡਣ ਦਾ ਸਮਾਂ ਤੈਅ ਕਰੋ।

# ਇਸ ਵਾਰ ਸਰਕਾਰ ਦਾ ਸਦਨ 'ਚ ਵਿਰੋਧੀ ਪਾਰਟੀਆਂ ਪ੍ਰਤੀ ਵਤੀਰਾ ਰਿਹਾ ਨਰਮ



ਵਰਤਮਾਨ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਤੋਂ ਬਾਅਦ ਪਹਿਲੀ ਵਾਰ ਪੰਜਾਬ ਵਿਧਾਨ ਸਭਾ ਦਾ ਇਜਲਾਸ ਪਿਛਲੇ ਇਜਲਾਸਾਂ ਦੇ ਮੁਕਾਬਲੇ ਸ਼ਾਂਤੀਪੂਰਨ ਰਿਹਾ। ਸਰਕਾਰ ਦੀ ਤਰਫ਼ੋਂ ਵਿਰੋਧੀਆਂ ਦੇ ਨੁਕਤਾਚੀਨੀ ਕਰਨ 'ਤੇ ਹੱਲਾ-ਗੁੱਲਾ ਨਹੀਂ ਕੀਤਾ ਗਿਆ। ਇਸ ਤੋਂ ਪਹਿਲਾਂ ਜਦੋਂ ਕੋਈ ਵੀ ਵਿਰੋਧੀ ਪਾਰਟੀ ਦਾ ਵਿਧਾਇਕ ਸਰਕਾਰ ਦੀ ਕਾਰਗੁਜ਼ਾਰੀ ਦੀ ਆਲੋਚਨਾ ਕਰਦਾ ਸੀ ਤਾਂ ਸਰਕਾਰੀ ਪੱਖ ਇਲਜ਼ਾਮ-ਦਰ-ਇਲਜ਼ਾਮ ਲਗਾਉਣ ਲੱਗ ਜਾਂਦਾ ਸੀ। ਇੱਥੋਂ ਤੱਕ ਕਿ ਵਿਰੋਧੀ ਪਾਰਟੀ ਦੇ ਮੈਂਬਰਾਂ ਦੇ ਮੂਹਰੇ ਆ ਕੇ ਬੋਲਣ ਲੱਗ ਜਾਂਦੇ ਸਨ। ਇਕ ਕਿਸਮ ਨਾਲ ਬੋਲਣ ਤੋਂ ਰੋਕਦੇ ਸਨ। ਇਸ ਤੋਂ ਪਹਿਲਾਂ ਹੁਣ ਤੱਕ ਜਿੰਨੇ ਵੀ ਇਜਲਾਸ ਹੋਏ ਹਨ, ਸਾਰਿਆਂ ਵਿਚ ਸਰਕਾਰ ਤੇ ਵਿਰੋਧੀ ਪਾਰਟੀਆਂ 'ਚ ਇੱਟ-ਖੜੱਕਾ ਤੇ ਤਕਰਾਰਬਾਜ਼ੀ ਹੁੰਦੀ ਰਹੀ ਹੈ। ਇਕ-ਦੂਜੇ 'ਤੇ ਦੂਸ਼ਣਬਾਜ਼ੀ ਦਾ ਜ਼ੋਰ ਹੁੰਦਾ ਸੀ। ਸਰਕਾਰ ਦੇ ਮੰਤਰੀ, ਵਿਧਾਨਕਾਰ ਤੇ ਵਿਰੋਧੀ ਪਾਰਟੀਆਂ ਦੇ ਵਿਧਾਨਕਾਰਾਂ ਦਰਮਿਆਨ ਹੱਥੋਪਾਈ ਤੱਕ ਦੀ ਨੌਬਤ ਆ ਜਾਂਦੀ ਸੀ। ਇਕ-ਦੂਜੇ ਨੂੰ ਧਮਕੀਆਂ ਦਾ ਦੌਰ ਵੀ ਚੱਲਦਾ ਸੀ।

ਗ਼ੈਰ-ਜਮਹੂਰੀ ਸ਼ਬਦਾਵਲੀ ਦੀ ਵਰਤੋਂ ਵੀ ਆਮ ਹੁੰਦੀ ਸੀ। ਮੁੱਖ ਮੰਤਰੀ ਸਿਰਫ਼ ਪਹਿਲੇ ਦਿਨ ਹੀ ਸਦਨ 'ਚ ਆਏ। ਦੂਜੇ ਦਿਨ ਗ਼ੈਰ ਹਾਜ਼ਰ ਰਹੇ। ਇਸ ਤੋਂ ਪਹਿਲਾਂ ਮੁੱਖ ਮੰਤਰੀ ਇਜਲਾਸ 'ਚ ਬੋਲਣ ਲੱਗਿਆਂ ਵਿਰੋਧੀਆਂ 'ਤੇ ਤਾਬੜਤੋੜ ਹਮਲੇ ਕਰਦੇ ਸਨ। ਵਿਰੋਧੀ ਧਿਰ ਨੂੰ ਡਿਫੈਂਸਿਵ ਬਣਾ ਦਿੰਦੇ ਸਨ। ਇਸ ਵਾਰ ਉਨ੍ਹਾਂ ਦਾ ਵਤੀਰਾ ਵਿਰੋਧੀਆਂ ਨਾਲ ਹਮਲਾਵਰ ਦੀ ਥਾਂ ਮਿਲਵਰਤਨ, ਸਲੀਕੇ ਤੇ ਸ਼ਿਸ਼ਟਾਚਾਰ ਵਾਲਾ ਰਿਹਾ। ਇਹ ਅਚੰਭੇ ਦੀ ਗੱਲ ਹੈ ਕਿ ਮੁੱਖ ਮੰਤਰੀ 'ਚ ਇਹ ਤਬਦੀਲੀ ਕਿਸ ਵਜ ?ਹਾ ਕਾਰਨ ਆਈ ਹੈ। ਇੱਥੋਂ ਤੱਕ ਕਿ ਉਨ੍ਹਾਂ ਨੇ ਵਿਧਾਨ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਦੇ ਸ਼ਾਲ ਦੀ ਤਾਰੀਫ਼ ਕੀਤੀ। ਮੁੱਖ ਮੰਤਰੀ ਨੇ ਪਹਿਲੀ ਵਾਰ ਵਿਧਾਨ ਸਭਾ 'ਚ ਵਿਰੋਧੀ ਧਿਰ ਦੀ ਉਸਾਰੂ ਨੁਕਤਾਚੀਨੀ ਨੂੰ 'ਜੀ ਆਇਆਂ' ਕਿਹਾ। ਇਸ ਤੋਂ ਪਹਿਲਾਂ ਵਿਰੋਧੀਆਂ ਵੱਲੋਂ ਨੁਕਤਾਚੀਨੀ ਕਰਨ ਕਰਕੇ ਸਰਕਾਰੀ ਬੈਂਚ ਸ਼ੋਰ ਮਚਾ ਦਿੰਦੇ ਸਨ। ਇਸ ਵਾਰ ਅਜਿਹੀ ਹਰਕਤ ਨਹੀਂ ਹੋਈ। ਉਨ੍ਹਾਂ ਇਹ ਵੀ ਕਿਹਾ ਕਿ ਸਰਕਾਰ ਵਿਰੋਧੀ ਧਿਰ ਨਾਲ ਟਕਰਾਅ ਨਹੀਂ ਚਾਹੁੰਦੀ। ਵਿਧਾਨ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਅਤੇ ਵਿਧਾਇਕ ਰਾਣਾ ਗੁਰਜੀਤ ਸਿੰਘ ਨੇ ਵੀ ਸ਼ਿਸ਼ਟਾਚਾਰ ਵਿਖਾਉਂਦਿਆਂ ਮੁੱਖ ਮੰਤਰੀ ਕੋਲ ਜਾ ਕੇ ਗੱਲਬਾਤ ਕੀਤੀ। ਇਹ ਵੀ ਕਿਹਾ ਜਾਂਦਾ ਹੈ ਕਿ ਉਨ੍ਹਾਂ ਮੁੱਖ ਮੰਤਰੀ ਨੂੰ ਉਨ੍ਹਾਂ ਦੀ ਪਤਨੀ ਦੇ ਜਨਮ ਦਿਨ ਦੀ ਵਧਾਈ ਵੀ ਦਿੱਤੀ। ਕਾਂਗਰਸ ਪਾਰਟੀ ਦੇ ਦੋ ਵਿਧਾਇਕਾਂ ਅਰੁਣਾ ਚੌਧਰੀ ਨੇ ਆਪਣੇ ਹਲਕੇ 'ਚ ਨਵੀਂ ਤਹਿਸੀਲ ਦੇ ਉਦਘਾਟਨੀ ਸਮਾਗਮ ਤੇ ਬਰਿੰਦਰਜੀਤ ਸਿੰਘ ਪਾਹੜਾ ਨੇ ਬਾਬਾ ਬੰਦਾ ਸਿੰਘ ਬਹਾਦਰ ਟਰਮੀਨਲ (ਬੱਸ ਅੱਡੇ) ਦੇ ਸਮਾਗਮਾਂ 'ਚ ਮੁੱਖ ਮੰਤਰੀ ਨੂੰ ਆਉਣ ਦੀ ਬੇਨਤੀ ਕੀਤੀ। ਕਾਂਗਰਸ ਵਿਧਾਇਕ ਦੇ ਕਹਿਣ ਤੋਂ ਬਾਅਦ ਇਕ ਮੁੱਖ ਮੰਤਰੀ ਨਹੀਂ ਸਗੋਂ ਦੋ-ਦੋ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਅਰਵਿੰਦ ਕੇਜਰੀਵਾਲ 2 ਦਸੰਬਰ ਨੂੰ ਗੁਰਦਾਸਪੁਰ ਦੇ ਬਾਬਾ ਬੰਦਾ ਸਿੰਘ ਬਹਾਦਰ ਟਰਮੀਨਲ ਦਾ ਉਦਘਾਟਨ ਕਰਨ ਲਈ ਪਹੁੰਚ ਰਹੇ ਹਨ। ਵਿਧਾਨ ਸਭਾ 'ਚ ਪਹਿਲੇ ਦਿਨ ਦਾ ਅਜਿਹਾ ਮਾਹੌਲ ਪੰਜਾਬ ਦੇ ਲੋਕਾਂ ਲਈ ਸ਼ੁਭ ਸ਼ਗਨ ਲੱਗਦਾ ਸੀ ਕਿਉਂਕਿ ਸਰਕਾਰ ਤੇ ਵਿਰੋਧੀ ਧਿਰ ਪੰਜਾਬ ਦੇ ਵਿਕਾਸ ਲਈ ਸੰਜੀਦਾ ਵਿਖਾਈ ਦਿੰਦੇ ਨਜ਼ਰ ਆਏ। ਇਸ ਦੋ ਰੋਜ਼ਾ ਇਜ਼ਲਾਸ 'ਚ ਕੁੱਲ 6 ਬਿੱਲ ਸਰਬਸੰਮਤੀ ਨਾਲ ਪਾਸ ਕੀਤੇ ਗਏ। ਪਹਿਲੇ ਦਿਨ 'ਪੰਜਾਬ ਗੁਡਜ਼ ਤੇ ਸਰਵਿਸ ਟੈਕਸ ਸੋਧ ਬਿੱਲ 2023' ਅਤੇ 'ਵਿੱਤੀ ਜ਼ਿੰਮੇਵਾਰੀ ਤੇ ਬਜਟ ਪ੍ਰਬੰਧਨ ਸੋਧ ਬਿੱਲ 2023' ਦੋਵੇਂ ਸਰਬਸੰਮਤੀ ਨਾਲ ਪਾਸ ਹੋਏ ਹਨ। ਪਹਿਲੇ ਦਿਨ ਇਜਲਾਸ ਦੁਪਹਿਰ 2 ਵਜੇ ਤੋਂ ਸ਼ਾਮ 6 ਵਜੇ ਅਤੇ



ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
94178 13072
ujagarsingh48@yahoo.com

ਦੂਜੇ ਦਿਨ ਸਵੇਰੇ ਦਸ ਵਜੇ ਸ਼ੁਰੂ ਹੋ ਕੇ 12 ਵਜੇ ਖ਼ਤਮ ਹੋ ਗਿਆ। ਦੂਜੇ ਦਿਨ ਤਿੰਨ ਮਾਲ ਵਿਭਾਗ ਦੇ ਅਤੇ ਇਕ ਜਲ ਸਰੋਤ ਵਿਭਾਗ ਦਾ ਕੁੱਲ ਚਾਰ ਬਿੱਲ ਪਾਸ ਕੀਤੇ ਗਏ ਜਿਨ੍ਹਾਂ ਵਿਚ 'ਜਾਇਦਾਦ ਦਾ ਤਬਾਦਲਾ (ਪੰਜਾਬ ਸੋਧਨ) ਬਿੱਲ 2023', ਰਜਿਸਟ ?ਰੇਸ਼ਨ (ਪੰਜਾਬ ਸੋਧਨ ) ਬਿੱਲ 2023', ਭਾਰਤੀ ਸਟੈਂਪ (ਪੰਜਾਬ ਸੋਧਨ) ਬਿੱਲ 2023' ਅਤੇ 'ਪੰਜਾਬ ਕੈਨਾਲ ਐਂਡ ਡਰੇਨੇਜ ਬਿੱਲ 2023' ਸਰਬਸੰਮਤੀ ਨਾਲ ਪਾਸ ਕੀਤੇ ਗਏ। ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਵੱਲੋਂ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੂੰ ਬਿੱਲਾਂ 'ਤੇ ਵਿਚਾਰ-ਵਟਾਂਦਰਾ ਕਰਨ ਲਈ ਸਦਨ ਦੀਆਂ ਬੈਠਕਾਂ 'ਚ ਵਾਧਾ ਕਰਨ ਲਈ ਕਹਿਣ ਦੇ ਬਾਵਜੂਦ ਤੁੱਥ ਮੜੁੱਥ 'ਚ ਹੀ ਚਾਰੇ ਬਿੱਲ ਪਾਸ ਕਰ ਕੇ ਸਦਨ ਉਠਾ ਦਿੱਤਾ ਗਿਆ। ਛੇ ਘੰਟਿਆਂ ਦੇ ਇਜਲਾਸ 'ਤੇ ਕਰੋੜਾਂ ਰੁਪਏ ਖ਼ਰਚ ਕਰ ਕੇ ਪੰਜਾਬ ਦੀ ਆਰਥਿਕਤਾ ਨੂੰ ਢਾਹ ਲਾਈ ਗਈ ਹੈ। ਬਾਜਵਾ ਦੇ ਸਦਨ ਦੀ ਬੈਠਕ ਵਧਾਉਣ ਤੇ ਗ਼ੈਰ-ਕਾਨੂੰਨੀ ਮਾਈਨਿੰਗ, ਕਾਨੂੰਨ ਪ੍ਰਬੰਧ ਤੇ ਨਸ਼ਿਆਂ ਦੇ ਮੁੱਦਿਆਂ 'ਤੇ ਬਹਿਸ ਕਰਨ ਨੂੰ ਸਪੀਕਰ ਨੇ ਅਣਡਿੱਠ ਕਰ ਦਿੱਤਾ। ਕਿਸਾਨ ਅੰਦੋਲਨ ਸਮੇਂ ਕੇਂਦਰ ਸਰਕਾਰ ਵੱਲੋਂ 9 ਦਸੰਬਰ 2021 ਨੂੰ ਕਿਸਾਨਾਂ ਨਾਲ ਹੋਏ ਸਮਝੌਤੇ 'ਤੇ ਅਮਲ ਨਾ ਹੋਣ ਸਬੰਧੀ ਮਤਾ ਪ੍ਰਤਾਪ ਸਿੰਘ ਬਾਜਵਾ ਵੱਲੋਂ ਪੇਸ਼ ਕੀਤਾ ਗਿਆ ਜਿਸ 'ਤੇ ਸਪੀਕਰ ਸੰਧਵਾਂ ਨੇ ਕਾਨੂੰਨੀ ਨੁਕਤੇ ਦਾ ਬਹਾਨਾ ਬਣਾ ਕੇ ਰੱਦ ਕਰ ਦਿੱਤਾ ਕਿ ਬਿੱਲ ਸਦਨ ਦੇ ਟੇਬਲ 'ਤੇ ਰੱਖਿਆ ਗਿਆ ਪਰ ਪੇਸ਼ ਨਹੀਂ ਕੀਤਾ ਗਿਆ। ਹਾਲਾਂਕਿ ਪਹਿਲੇ ਦਿਨ ਸਪੀਕਰ ਨੇ ਇਸ ਨੂੰ ਅਗਲੇ ਦਿਨ ਵਿਚਾਰਨ ਦੀ ਗੱਲ ਕੀਤੀ ਸੀ। ਵਿਰੋਧੀ ਧਿਰ ਦੇ ਨੇਤਾ ਨੇ ਮਾਈਨਿੰਗ ਤੇ ਆਮ ਆਦਮੀ ਕਲੀਨਿਕਾਂ ਦੀਆਂ ਖ਼ਾਮੀਆਂ ਬਾਰੇ ਤਾਂ ਗੱਲ ਕੀਤੀ ਪਰ ਇਸ ਦੇ ਨਾਲ ਹੀ ਆਪਣੇ ਵਿਧਾਨ ਸਭਾ ਹਲਕੇ ਕਾਦੀਆਂ 'ਚ ਇਕ ਵੀ ਆਮ ਆਦਮੀ ਕਲੀਨਿਕ ਨਾ ਖੋਲ੍ਹਣ 'ਤੇ ਇਤਰਾਜ਼ ਕੀਤਾ ਜਿਸ ਦਾ ਅਸਿੱਧਾ ਅਰਥ ਹੈ ਕਿ ਉਸ ਦੇ ਹਲਕੇ 'ਚ ਆਮ ਆਦਮੀ ਕਲੀਨਿਕ ਖੋਲ੍ਹੀ ਜਾਵੇ। ਮੁੱਖ ਮੰਤਰੀ ਤੇ ਸਿਹਤ ਮੰਤਰੀ ਨੇ ਪ੍ਰਤਾਪ ਸਿੰਘ ਬਾਜਵਾ ਦੇ ਹਲਕੇ 'ਚ ਕਲੀਨਿਕ ਖੋਲ੍ਹਣ ਦਾ ਵਾਅਦਾ ਕੀਤਾ।

ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਬੜੀ ਸੰਜੀਦਗੀ ਤੇ ਸਹਿਜਤਾ ਨਾਲ ਵਿਰੋਧੀਆਂ ਦੀ ਤਸੱਲੀ ਕਰਵਾਈ। ਮੁੱਖ ਮੰਤਰੀ ਨੇ ਭਾਰਤੀ ਜਨਤਾ ਪਾਰਟੀ ਦੀ ਕੇਂਦਰ ਸਰਕਾਰ ਨੂੰ ਪੰਜਾਬ ਨਾਲ ਵਿਤਕਰਾ ਕਰਨ 'ਤੇ ਆੜੇ ਹੱਥੀਂ ਲਿਆ। ਕਾਂਗਰਸ ਤੇ ਅਕਾਲੀ ਦਲ ਬਾਰੇ ਕੁਝ ਨਹੀਂ ਕਿਹਾ। ਸਰਕਾਰ ਦਾ ਸਦਨ ਵਿਚ ਵਿਰੋਧੀ ਪਾਰਟੀਆਂ ਬਾਰੇ ਵਤੀਰਾ ਨਰਮ ਰਿਹਾ ਪਰ ਕਾਂਗਰਸ ਪਾਰਟੀ ਨੇ ਸਰਕਾਰ ਦੇ ਇਜਲਾਸ ਦਾ ਸਮਾਂ ਨਾ ਵਧਾਉਣ ਤੇ ਬਿੱਲਾਂ 'ਤੇ ਬਹਿਸ ਨਾ ਕਰਨ ਦਾ ਤਿੱਖਾ ਵਿਰੋਧ ਕੀਤਾ। ਪਰ ਸਰਕਾਰ ਅਤੇ ਸਪੀਕਰ ਦੇ ਕੰਨਾਂ 'ਤੇ ਜੂੰ ਨਹੀਂ ਸਰਕੀ। ਵਿਰੋਧੀ ਪਾਰਟੀਆਂ ਤੇ ਸਰਕਾਰੀ ਵਿਧਾਇਕਾਂ ਨੂੰ ਸਿਫ਼ਰ ਕਾਲ ਦੇ ਸਮੇਂ ਦੌਰਾਨ ਹੀ ਆਪਣੀ ਗੱਲ ਕਹਿਣ ਦਾ ਇਤਫ਼ਾਕ ਹੋਇਆ ਜੋ ਨਾ ਦੇ ਬਰਾਬਰ ਸੀ। ਇਸ ਇਜਲਾਸ ਵਿਚ ਇਕ ਨਵੀਂ ਗੱਲ ਵੇਖਣ ਨੂੰ ਮਿਲੀ ਕਿ ਪਹਿਲੀ ਵਾਰ ਹੀ ਆਮ ਆਦਮੀ ਪਾਰਟੀ ਦੇ ਪੰਜ ਵਿਧਾਇਕਾਂ ਜਿਨ੍ਹਾਂ ਵਿਚ ਕੁੰਵਰ ਵਿਜੇ ਪ੍ਰਤਾਪ ਸਿੰਘ ਨੇ ਅੰਮ੍ਰਿਤਸਰ ਨਗਰ ਨਿਗਮ ਵੱਲੋਂ ਕੂੜੇ ਦੇ ਢੇਰ, ਗੰਧਲਾ ਪਾਣੀ ਆਦਿ, ਕੁਲਜੀਤ ਸਿੰਘ ਰੰਧਾਵਾ ਵੱਲੋਂ ਹੜ੍ਹਾਂ ਤੋਂ ਪ੍ਰਭਾਵਿਤ ਕਿਸਾਨਾਂ ਨੂੰ ਮੁਆਵਜ਼ਾ ਨਾ ਮਿਲਣ, ਫ਼ੌਜਾ ਸਿੰਘ ਸਰਾਰੀ ਵੱਲੋਂ ਹਰਿਆਣਾ ਤੇ ਰਾਜਸਥਾਨ ਦੇ ਲੋਕਾਂ ਦੀ ਪੰਜਾਬ 'ਚ ਭਰਤੀ ਕਰਨ, ਕੁਲਵੰਤ ਸਿੰਘ ਵੱਲੋਂ ਨਾਜਾਇਜ਼ ਟੈਕਸੀਆਂ, ਸਨੌਰ ਦੇ ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ ਨੇ ਹੜ੍ਹਾਂ ਦੇ ਨੁਕਸਾਨ, ਅਜੀਤਪਾਲ ਸਿੰਘ ਕੋਹਲੀ ਨੇ ਪੁਰਾਣੇ ਬੱਸ ਅੱਡੇ ਅਤੇ ਵਿਜੈ ਸਿੰਗਲਾ ਤੇ ਸਰਬਜੀਤ ਕੌਰ ਮਾਣੂੰਕੇ ਨੇ ਸਰਕਾਰ ਦੀ ਕਾਰਗੁਜ਼ਾਰੀ 'ਤੇ ਨਾਖ਼ੁਸ਼ੀ ਪ੍ਰਗਟ ਕੀਤੀ।

ਡਾ. ਸਰਦਾਰਾ ਸਿੰਘ ਜੌਹਲ

# ਹਰ ਪਹਿਲੂ ਤੋਂ ਗੰਭੀਰ ਸਥਿਤੀ ਵਿਚ ਹੈ ਪੰਜਾਬ

ਲਗਭਗ 3 ਲੱਖ 50 ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਹੈ, ਜੋ ਕਿ ਨਿਵੇਸ਼ ਅਤੇ ਬੁਨਿਆਦੀ ਢਾਂਚੇ ਦੇ ਵਿਕਾਸ ਲਈ ਲਗਭਗ ਕੋਈ ਫੰਡ ਨਹੀਂ ਛੱਡ ਦਾ, ਹਰ ਸਾਲ ਵੱਧ ਤੋਂ ਵੱਧ ਕਰਜ਼ਾ ਲੈ ਕੇ ਜਿਸ ਦਾ ਵਿਆਜ ਦਿੱਤਾ ਜਾਂਦਾ ਹੈ। ਇਸ ਤੋਂ ਇਲਾਵਾ ਬੇਰੁਜ਼ਗਾਰੀ, ਘੱਟ-ਰੁਜ਼ਗਾਰੀ ਅਤੇ ਛੁਪੀ ਬੇਰੁਜ਼ਗਾਰੀ ਤੋਂ ਇਲਾਵਾ, ਨਿੱਜੀ ਕਰਜ਼ੇ, ਨਸ਼ੇ, ਉਦਯੋਗਾਂ ਦਾ ਪਲਾਇਨ, ਵਿਦਿਆਰਥੀ ਪ੍ਰਵਾਸ ਆਮ ਪ੍ਰਵਾਸ, ਪ੍ਰਸ਼ਾਸਨਿਕ ਘਾਟ, ਨਿਆਂ ਪ੍ਰਦਾਨ ਕਰਨ ਵਿਚ ਘਾਟ/ਬੇਲੋੜੀ ਦੇਰੀ, ਵਿਆਪਕ ਭ੍ਰਿਸ਼ਟਾਚਾਰ, ਖਾਸ ਤੌਰ 'ਤੇ ਹੇਠਲੇ ਪੱਧਰਾਂ 'ਤੇ ਜਿਥੇ ਆਮ ਲੋਕਾਂ ਦਾ ਵਾਹ ਪੈਂਦਾ ਹੈ ; ਕੁਦਰਤੀ ਸ੍ਰੋਤਾਂ ਦੀ ਹੋ ਰਹੀ ਕਮੀ ਤੇ ਪ੍ਰਦੂਸ਼ਣ ਆਦਿ ਗੰਭੀਰ ਸਮੱਸਿਆਵਾਂ ਪੰਜਾਬ ਨੂੰ ਦਰਪੇਸ਼ ਹਨ। ਧਰਤੀ ਹੇਠਲੇ ਪਾਣੀ ਦੇ ਘਟਣ ਬਾਰੇ ਖਾਸ ਤੌਰ 'ਤੇ ਚਿੰਤਤ ਹੋਣਾ ਚਾਹੀਦਾ ਹੈ। ਪੰਜਾਬ ਹਰ ਸਾਲ ਇੱਕ ਕਿਲੋਮੀਟਰ ਘਣ (1੦✡3) ਧਰਤੀ ਹੇਠਲਾ ਪਾਣੀ ਕੱਢ ਰਿਹਾ ਹੈ, ਇਸ ਨੂੰ 220 ਲੱਖ ਟਨ ਅਨਾਜ ਵਿਚ ਪੈਕ ਕਰਕੇ ਰਾਜ ਤੋਂ ਬਾਹਰ ਭੇਜ ਰਿਹਾ ਹੈ। ਸੈਂਟਰਲ ਬੋਰਡ ਆਫ਼ ਗਰਾਊਂਡ ਵਾਟਰ ਨੇ ਆਪਣੀ ਰਿਪੋਰਟ ਵਿਚ ਅਨੁਮਾਨ ਲਗਾਇਆ ਹੈ ਕਿ ਅਗਲੇ 16 ਸਾਲਾਂ ਵਿਚ ਧਰਤੀ ਹੇਠਲਾ ਪਾਣੀ 1000 ਫੁੱਟ ਹੇਠਾਂ ਚਲਾ ਜਾਵੇਗਾ। ਇਸ ਦਾ ਮਤਲਬ ਹੈ ਕਿ ਸਾਡੇ ਕੋਲ ਪੀਣ ਜੋਗਾ ਪਾਣੀ ਵੀ ਨਹੀਂ ਰਹੇਗਾ। ਅਸੀਂ ਆਉਣ ਵਾਲੀਆਂ ਪੀੜ੍ਹੀਆਂ ਦੇ ਪੀਣ ਵਾਲੇ ਪਾਣੀ ਦੀ ਵਰਤੋਂ ਫਸਲਾਂ ਦੇ ਉਤਪਾਦਨ, ਉਦਯੋਗਿਕ ਅਤੇ ਉਸਾਰੀ ਕੰਮਾਂ ਲਈ ਕਰ ਰਹੇ ਹਾਂ ਅਤੇ ਇਸ ਦੀ ਬੇਰਹਿਮੀ ਨਾਲ ਦੁਰਵਰਤੋਂ ਕਰ ਰਹੇ ਹਾਂ। ਇਹ ਇਸ ਲਈ ਹੈ ਕਿਉਂਕਿ ਪਾਣੀ ਦਾ ਸਹੀ ਮੁੱਲ ਨਹੀਂ ਹੈ ਅਤੇ ਮੁਫਤ ਬਿਜਲੀ ਨੇ ਪਾਣੀ ਨਿਗਲ਼ਣ ਵਾਲੀ ਝੋਨੇ ਦੀ ਫਸਲ ਨੂੰ ਉਤਸ਼ਾਹਿਤ ਕੀਤਾ ਹੈ। ਅਨੁਮਾਨ ਹੈ ਕਿ ਇੱਕ ਕਿਲੋ ਚੌਲ ਪੈਦਾ ਕਰਨ ਲਈ ਲਗਭਗ 5000 ਲੀਟਰ ਪਾਣੀ ਦੀ ਵਰਤੋਂ ਹੁੰਦੀ ਹੈ।

ਮੈਂ 1986 ਵਿਚ ਫ਼ਸਲ ਵਿਭਿੰਨਤਾ ਬਾਰੇ ਆਪਣੀ ਰਿਪੋਰਟ ਰਾਹੀਂ ਸੂਬੇ ਦੇ ਪਾਣੀ ਦੇ ਸੰਤੁਲਨ ਨੂੰ ਕਾਇਮ ਰੱਖਣ ਲਈ ਚੌਲਾਂ ਹੇਠਲਾ ਰਕਬਾ 20 ਫ਼ੀਸਦੀ ਘਟਾਉਣ ਦੀ ਸਿਫਾਰਿਸ਼ ਕੀਤੀ ਸੀ ਅਤੇ ਫਿਰ 2002 ਵਿਚ ਚੌਲਾਂ ਦੇ ਰਕਬੇ ਨੂੰ 10 ਲੱਖ ਹੈਕਟੇਅਰ ਤੱਕ ਘਟਾਉਣ ਦੀ ਸਿਫਾਰਿਸ਼ ਕੀਤੀ ਸੀ। ਮੈਂ ਕੇਂਦਰ ਸਰਕਾਰ ਤੋਂ 1600 ਕਰੋੜ ਰੁਪਏ ਵੀ Diversification ਵਾਸਤੇ ਮਨਜ਼ੂਰ ਕਰਾਏ ਸਨ, ਪਰ ਰਾਜ ਸਰਕਾਰ ਦੀ ਸਿਆਸੀ ਉਦਾਸੀਨਤਾ ਕਾਰਨ ਹੱਥੋਂ ਇਹ ਪੈਸੇ ਜਾਂਦੇ ਲੱਗੇ। ਮੈਂ ਕਈ ਵਾਰ ਸੁਝਾਅ/ਅਪੀਲਾਂ ਕਰਦਾ ਰਿਹਾ, ਪਰ ਸਰਕਾਰ ਜਾਂ ਕਿਸਾਨਾਂ ਵਿਚੋਂ ਕਿਸੇ ਨੇ ਵੀ ਧਿਆਨ ਨਹੀਂ ਦਿੱਤਾ। ਵੋਟ ਬੈਂਕ ਦੀ ਰਾਜਨੀਤੀ ਨੇ ਸੂਬੇ ਦੇ ਕੀਮਤੀ ਅਤੇ ਸੀਮਤ ਜਲ ਸਰੋਤਾਂ ਨੂੰ ਤਬਾਹ ਕਰ ਦਿੱਤਾ ਹੈ।

ਇਸ ਤੋਂ ਇਲਾਵਾ, ਨਹਿਰੀ ਪਾਣੀ ਪੰਜਾਬ ਦੇ ਫ਼ਸਲੀ ਪੈਟਰਨ ਦੀਆਂ ਲੋੜਾਂ ਦਾ ਇਕ ਚੌਥਾਈ ਹਿੱਸਾ ਵੀ ਪੂਰਾ ਨਹੀਂ ਕਰਦਾ। ਹੈਰਾਨੀ ਦੀ ਗੱਲ ਹੈ ਕਿ ਪੰਜਾਬ ਅਤੇ ਹਰਿਆਣਾ ਪਾਣੀਆਂ ਦੇ ਹੱਕ ਨੂੰ ਲੈ ਕੇ ਝਗੜ ਰਹੇ ਹਨ, ਜਦੋਂ ਕਿ ਰਾਜਸਥਾਨ ਜਿਸ ਦਾ ਪੰਜਾਬ ਦੇ ਦਰਿਆਵਾਂ ਨਾਲ ਕੋਈ ਸਬੰਧ ਨਹੀਂ ਹੈ, ਨੂੰ ਇਨ੍ਹਾਂ ਦੋਵਾਂ ਰਾਜਾਂ ਨੂੰ




ਮਿਲਾਕੇ ਇਨ੍ਹਾਂ ਤੋਂ ਵੱਧ ਪਾਣੀ ਮਿਲ ਰਿਹਾ ਹੈ। ਜੇ ਕੇਂਦਰ ਸਰਕਾਰ ਨਿਆਂ ਦਿੰਦੀ ਹੈ ਅਤੇ ਦੋਵੇਂ ਰਾਜ ਇਕੱਠੇ ਬੈਠਦੇ ਹਨ, ਤਾਂ ਮੇਰੇ ਹਿਸਾਬ ਨਾਲ ਹੱਲ ਹੇਠਾਂ ਦਿੱਤੇ ਅਨੁਸਾਰ ਹੋ ਸਕਦਾ ਹੈ-

1. ਪੰਜ ਸਾਲਾਂ ਦੀ ਚਲਦੀ ਗਤੀਸ਼ੀਲ ਔਸਤ ਨਾਲ ਪੰਜਾਬ ਦੇ ਦਰਿਆਵਾਂ ਅਤੇ ਜਮਨਾ ਦੇ ਉਪਲਬਧ ਪਾਣੀ ਦਾ ਮੁਲਾਂਕਣ ਕੀਤਾ ਜਾਏ।

2. ਉਪਲਬਧ ਪਾਣੀ ਨੂੰ 60:40 ਦੇ ਅਨੁਪਾਤ ਵਿਚ ਵੰਡਿਆ ਜਾਏ ਜਿਵੇਂ ਹੋਰ ਸੰਪਤੀਆਂ ਪੰਜਾਬ ਅਤੇ ਹਰਿਆਣਾ ਵਿਚ ਵੰਡੀਆਂ ਗਈਆਂ ਹਨ।

3. ਪਹਿਲਾਂ ਦੋਵਾਂ ਰਾਜਾਂ ਦੀਆਂ ਕੁੱਲ ਪਾਣੀ ਦੀਆਂ ਲੋੜਾਂ ਪੂਰੀਆਂ ਕੀਤੀਆ ਜਾਣ।

4. ਜੇਕਰ ,ਅਤੇ ਸਿਰਫ਼ ਜੇਕਰ ਵਾਧੂ ਪਾਣੀ ਹੋਵੇ ਤਾਂ ਇਸ ਨੂੰ ਉਸੇ ਅਨੁਪਾਤ ਅਨੁਸਾਰ ਲੈ ਕੇ ਕਿਤੇ ਹੋਰ ਵੀ ਸਪਲਾਈ ਕੀਤੀ ਜਾ ਸਕਦਾ ਹੈ।

5. ਦਰਿਆਈ ਬੇਸਿਨਾਂ ਵਿਚੋਂ ਵਗਦੀਆਂ ਨਦੀਆਂ ਉੱਤੇ ਸਭ ਤੋਂ ਪਹਿਲਾ ਹੱਕ ਦਰਿਆਈ ਬੇਸਿਨਾਂ ਦਾ ਹੁੰਦਾ ਹੈ।

6. ਵਰਤਮਾਨ ਵਿਚ ਲੰਬੇ ਸਮੇਂ ਦੀ ਔਸਤ ਦੇ ਆਧਾਰ 'ਤੇ ਪਾਣੀ ਦੀ ਵੰਡ ਕੀਤੀ ਗਈ ਹੈ। ਨਤੀਜੇ ਵਜੋਂ ਪੰਜਾਬ ਨੂੰ ਬਚਿਆ ਹੋਇਆ ਪਾਣੀ ਮਿਲਦਾ ਹੈ। ਪਰ ਸਮੇਂ ਦੇ ਨਾਲ ਦਰਿਆਵਾਂ ਵਿਚ ਪਾਣੀ ਦਾ ਵਹਾਅ ਘਟ ਗਿਆ ਹੈ। ਜਦੋਂ ਕਿ ਹਰਿਆਣਾ ਅਤੇ ਰਾਜਸਥਾਨ ਨੂੰ ਆਪਣਾ ਪੂਰਾ ਹਿੱਸਾ ਮਿਲ ਰਿਹਾ ਹੈ, ਪੰਜਾਬ ਦੀ ਸਪਲਾਈ ਵਿਚ ਭਾਰੀ ਕਮੀ ਆਈ ਹੈ। ਪਰ ਜਦੋਂ ਹੜ੍ਹ ਆਉਂਦੇ ਹਨ ਤਾਂ ਨੁਕਸਾਨ ਪੰਜਾਬ ਦਾ ਹੀ ਹੁੰਦਾ ਹੈ।

7. ਨਿਰਪੱਖ ਤੌਰ 'ਤੇ ਪੰਜਾਬ ਦੇ ਪਾਣੀਆਂ ਦਾ ਹਿੱਸਾ ਲੈਣ ਵਾਲੇ ਰਾਜਾਂ ਨੂੰ ਵੀ ਹੜ੍ਹ ਦੇ ਨੁਕਸਾਨ ਦਾ ਮੁਆਵਜ਼ਾ ਦੇਣਾ ਬਣਦਾ ਹੈ ।

8. ਪੰਜਾਬ ਅਤੇ ਹਰਿਆਣਾ ਦੇ ਸਿਆਸਤਦਾਨਾਂ/ਸਰਕਾਰਾਂ ਨੂੰ ਅਪੀਲ ਹੈ ਕਿ ਝਗੜੇ ਦੀ ਸਥਿਤੀ ਤੋਂ ਬਾਹਰ ਆ ਕੇ ਸਹਿਯੋਗ ਕਰਨ ਤਾਂ ਜੋ ਦੋਵਾਂ ਰਾਜਾਂ ਤੋਂ ਲੁੱਟਿਆ ਜਾ ਰਿਹਾ ਪਾਣੀ ਦਾ ਹੱਕ ਲੈ ਸਕਣ। ਇਸ ਨਾਲ ਦੋਵਾਂ ਰਾਜਾਂ ਕੋਲ ਲੋੜੀਂਦਾ ਪਾਣੀ ਹੋਵੇਗਾ।

9. ਮੇਰਾ ਸੁਝਾਅ ਹੈ ਕਿ ਟਿਊਬਵੈੱਲਾਂ ਨਾਲ ਸਿੰਚਾਈ ਵਾਲੇ ਖੇਤਰਾਂ ਵਿਚ ਚੌਲਾਂ ਦੀ ਕਾਸ਼ਤ ਬੰਦ ਕਰ ਦਿੱਤੀ ਜਾਵੇ। ਉਹ ਫ਼ਸਲਾਂ ਉਗਾਉਣੀਆਂ ਸ਼ੁਰੂ ਕਰਨੀਆ ਚਾਹੀਦੀਆਂ ਹਨ, ਜਿਨ੍ਹਾਂ ਨੂੰ ਜ਼ਮੀਨ ਹੇਠਲਾ ਪਾਣੀ ਨਾ ਮਿਲਣ ਕਾਰਨ ਕਿਸਾਨ ਉਗਾਉਣ ਲਈ ਮਜਬੂਰ ਹੋਣਗੇ।

10. ਸਰਕਾਰ ਨੂੰ ਸਾਰੇ ਉਦੇਸ਼ਾਂ ਲਈ ਵਰਤੇ ਜਾਣ ਵਾਲੇ ਪਾਣੀ ਦੀ ਸਹੀ ਕੀਮਤ ਲਗਾਉਣੀ ਚਾਹੀਦੀ ਹੈ ਤਾਂ ਜੋ ਗੰਭੀਰ ਤਬਾਹੀ ਤੋਂ ਬਚਿਆ ਜਾ ਸਕੇ ਜੋ ਸਾਡੇ ਸਾਹਮਣੇ ਨਜ਼ਰ ਆ ਰਹੀ ਹੈ। ਜਿੱਥੋਂ ਤੱਕ ਝੋਨੇ ਦੀ ਫ਼ਸਲ ਦੀ ਪਰਾਲੀ ਦੇ ਪ੍ਰਬੰਧਨ ਦਾ ਸਬੰਧ ਹੈ, ਨਿੱਜੀ ਖੇਤਰ ਵਿਚ ਉੱਚਿਤ ਸਬਸਿਡੀਆਂ ਵਾਲੇ ਸੇਵਾ ਕੇਂਦਰਾਂ ਦੀ ਸਥਾਪਨਾ ਕੀਤੀ ਜਾਏ, ਜਿਸ ਵਿਚ ਕਿਰਾਏ 'ਤੇ ਉਪਲਬਧ ਹੋਰ ਮਸ਼ੀਨਰੀ ਦੇ ਨਾਲ ਕਾਫੀ ਸੰਖਿਆ ਵਿਚ ਸੁਪਰ ਸੀਡਰ ਅਦਿ ਉਪਲਬਧ ਹੋਣ ਅਤੇ ਪਰਾਲੀ ਸਾੜਨ ਵਾਲਿਆਂ ਨਾਲ ਸਖ਼ਤੀ ਨਾਲ ਨਜਿੱਠਿਆ ਜਾਏ। ਪੰਜਾਬੀਆਂ ਨੂੰ ਅਪੀਲ ਹੈ ਕਿ ਰਾਜਨੀਤਕ ਸਬੰਧਾਂ ਨੂੰ ਇਕ ਪਾਸੇ ਰੱਖ ਕੇ ਘੱਟੋ-ਘੱਟ ਇੱਕ ਵਾਰ ਪੰਜਾਬ ਦੇ ਗੰਭੀਰ ਮੁੱਦਿਆਂ ਨਾਲ ਨਜਿੱਠਣ ਲਈ ਪੰਜਾਬੀ ਬਣੋ। ਇਕੱਠੇ ਬੈਠ ਕੇ ਬਣਦੇ ਫ਼ੈਸਲੇ ਕਰੋ, ਨਹੀਂ ਤਾਂ ਪੰਜਾਬ ਅਤੇ ਪੰਜਾਬੀ ਵਸੇਬੇ ਨੂੰ ਉਜਾੜੇ ਦਾ ਸਾਹਮਣਾ ਕਰਨਾ ਪਵੇਗਾ।

# ਖਤਰਨਾਕ ਹੈ ਧਰਮ ਆਧਾਰਿਤ ਵਧਦੀ ਹਿੰਸਾ

ਰਵਿੰਦਰ ਚੋਟ



ਜੰਗਲੀ ਮਨੁੱਖ ਨੇ ਸੱਭਿਅਕ ਹੋਣ ਵੱਲ ਜਿੰਨੇ ਕਦਮ ਪੁੱਟੇ ਹਨ, ਇਸ ਨੇ ਆਪਣੇ ਵੱਖਰੇ ਕਬੀਲੇ ਸਿਰਜਣ ਵੱਲ ਵੀ ਉਸ ਤੋਂ ਵੱਧ ਕਦਮ ਪੁੱਟੇ ਹਨ। ਜੰਗਲ 'ਚ ਇਸ ਨੂੰ ਜਾਨਵਰਾਂ ਦੇ ਸ਼ਿਕਾਰ ਲਈ ਅਤੇ ਖੂੰਖਾਰ ਜਾਨਵਰਾਂ ਨੂੰ ਮਾਰਨ ਲਈ ਮਨੁੱਖੀ ਸਮੂਹ ਬਣਾਉਣੇ ਪਏ। ਇਕ-ਦੂਸਰੇ ਤੋਂ ਸ਼ਿਕਾਰ ਖੋਹਣ ਲਈ ਸਮੂਹ ਆਪਸ 'ਚ ਵੀ ਲੜਦੇ ਰਹੇ। ਇਨ੍ਹਾਂ ਸਮੂਹਾਂ ਤੋਂ ਹੀ ਵੱਖਰੇ-ਵੱਖਰੇ ਕਬੀਲੇ ਹੋਂਦ 'ਚ ਆਏ। ਸ਼ਾਇਦ ਉਹੀ ਜੰਗਲੀ-ਰੁਚੀ ਸੱਭਿਆ ਸਮਾਜ ਸਿਰਜਣ ਤੋਂ ਬਾਅਦ ਵੀ ਇਸ ਦੇ ਅਵਚੇਤਨ ਦਾ ਹਿੱਸਾ ਬਣੀ ਹੋਈ ਹੈ। ਇਨ੍ਹਾਂ ਕਬੀਲਿਆਂ 'ਚ ਮਜ਼੍ਹਬ, ਧਰਮ, ਜਾਤਪਾਤ ਅਤੇ ਉਚ-ਨੀਚ ਦੀਆਂ ਦੀਵਾਰਾਂ ਉੱਸਰਦੀਆਂ ਗਈਆਂ। ਹਰ ਮਜ਼੍ਹਬ ਦੇ ਆਗੂਆਂ ਨੇ ਆਪਣੇ-ਆਪਣੇ ਕਬੀਲੇ ਦੀ ਵਿਚਾਰਧਾਰਾ ਘੜੀ ਅਤੇ ਸਖ਼ਤ ਨਿਯਮ ਬਣਾਏ, ਸਖ਼ਤੀ ਨਾਲ ਉਨ੍ਹਾਂ ਨਿਯਮਾਂ ਦੀ ਪਾਲਣਾ ਕਰਵਾਈ। ਹੌਲੀ-ਹੌਲੀ ਬੰਦੇ ਨੂੰ ਬੰਦਾ ਬਣਾਉਣ ਲਈ ਵੱਖਰੇ-ਵੱਖਰੇ ਧਰਮ ਹੋਂਦ 'ਚ ਆਏ ਸਨ ਪਰ ਆਪਣੀਆਂ ਸਵਾਰਥੀ ਸੋਚਾਂ ਕਾਰਨ ਬੰਦੇ ਆਪਣੇ ਦਾਇਰਿਆਂ 'ਚ ਸੀਮਤ ਹੋ ਕੇ ਇਕ-ਦੂਸਰੇ ਨਾਲ ਸਿੰਗ ਫਸਾ ਕੇ ਬੈਠ ਗਏ। ਭਾਵੇਂ ਹਰ ਧਰਮ ਦੀ ਰੂਹ ਇਨਸਾਨੀਅਤ/ਮਨੁੱਖਤਾ ਅਤੇ ਮਾਨਵਤਾ ਦਾ ਪ੍ਰਚਾਰ ਕਰਦੀ ਹੈ ਪਰ ਧਰਮਾਂ ਦੇ ਪੈਰੋਕਾਰਾਂ ਨੇ ਆਪਣੀ ਜੰਗਲੀ ਰੁਚੀ ਕਾਰਨ ਦੂਸਰੇ ਧਰਮ ਦੇ ਪੀਰਾਂ-ਪੈਗ਼ੰਬਰਾਂ, ਧਾਰਮਿਕ ਗ੍ਰੰਥਾਂ ਅਤੇ ਧਾਰਮਿਕ ਸਥਾਨਾਂ ਨੂੰ ਨੀਚਾ ਵਿਖਾਉਣ ਦੀ ਕੋਸ਼ਿਸ਼ ਕੀਤੀ।

ਇਹੀ ਜੰਗਲੀ ਰੁਚੀ ਹੁਣ ਇਨਸਾਨ ਨੂੰ ਬਹੁਤ ਹੇਠਲੇ ਪੱਧਰ 'ਤੇ ਲੈ ਆਈ ਹੈ। ਕੁਝ ਸਮਾਂ ਪਹਿਲਾਂ ਹਰਿਆਣੇ ਦੇ ਨੂਹ ਸ਼ਹਿਰ ਵਿਖੇ ਦੋ ਮਸਜਿਦਾਂ ਅਤੇ ਦੁਕਾਨਾਂ ਨੂੰ ਅੱਗ ਲਗਾਈ ਗਈ। ਹਰਿਆਣੇ 'ਚ ਹਿੰਦੂਆਂ ਅਤੇ ਮੁਸਲਮਾਨਾਂ ਵਿਚਕਾਰ ਟਕਰਾਅ ਬਹੁਤ ਮੰਦਭਾਗਾਂ ਹੋ ਨਿਬੜਿਆ। ਹਿੰਦੂ ਪ੍ਰੀਸ਼ਦ ਅਤੇ ਬਜਰੰਗ ਦਲ ਵਲੋਂ ਕੱਢੀ ਗਈ ਸ਼ੋਭਾ ਯਾਤਰਾ ਦੌਰਾਨ ਹੋਏ ਦੰਗਿਆ ਦਾ ਸੇਕ ਨੂਹ, ਸੁਹਾਣਾ, ਗੁਰੂਗਰਾਮ ਕਸਬਿਆਂ ਤੋਂ ਹੁੰਦਾ ਹੋਇਆ ਫਰੀਦਾਬਾਦ ਤੱਕ ਪਹੁੰਚਿਆ ਸੀ। ਭੜਕੀ ਭੀੜ ਵਲੋਂ ਇਕ ਖ਼ਾਸ ਫ਼ਿਰਕੇ ਦੀ ਦੁਕਾਨ ਨੂੰ ਅੱਗ ਲਗਾਈ ਗਈ। ਗੁਰੂਗਰਾਮ ਦੇ ਸੈਕਟਰ 56-57 'ਚ ਨਿਰਮਾਣ ਅਧੀਨ ਇਕ ਧਾਰਮਿਕ ਸਥਾਨ ਨੂੰ ਤੋੜਨ ਦੀ ਕੋਸ਼ਿਸ਼ ਕੀਤੀ ਗਈ ਕੁਝ ਮੌਤਾਂ ਵੀ ਹੋਈਆਂ। ਅਫ਼ਵਾਹ ਇਹ ਸੀ ਕਿ ਮੋਨੂੰ ਮਾਨੇਸਰ, ਜਿਸ ਉਤੇ ਦੋ ਮੁਸਲਮਾਨਾਂ ਦੀ ਹੱਤਿਆ ਦਾ ਦੋਸ਼ ਲੱਗਿਆ ਹੋਇਆ ਹੈ ਉਹ ਵੀ ਸ਼ੋਭਾ ਯਾਤਰਾ 'ਚ ਆ ਰਿਹਾ ਹੈ ਪਰ ਉਹ ਨਹੀਂ ਆਇਆ। ਮੁਸਲਮਾਨਾਂ ਨੂੰ ਪਹਿਲਾਂ ਹੀ ਉਸ ਨਾਲ ਨਫ਼ਰਤ ਸੀ। ਉਸ ਵਲੋਂ ਦਿੱਤੀਆਂ ਗਈਆਂ ਧਮਕੀਆਂ ਵੀ ਨਫ਼ਰਤ ਦਾ ਕਾਰਨ ਬਣੀਆਂ। ਮਨੀਪੁਰ 'ਚ ਤਾਂ ਇਹ ਸੰਪਰਦਾਇਕ ਹਿੰਸਾ ਲਗਭਗ ਪਿਛਲੇ ਕਈ ਮਹੀਨਿਆਂ ਤੋਂ ਚੱਲ ਰਹੀ ਹੈ। ਇਹ ਹਿੰਸਾ ਕੁੱਕੀ ਭਾਈਚਾਰੇ ਅਤੇ ਮੈਤੇਈ ਭਾਈਚਾਰੇ 'ਚ ਚੱਲ ਰਹੇ ਟਕਰਾਅ ਕਾਰਨ ਹੈ। ਇਹ ਅੱਗ ਤਾਂ ਲੰਬੇ ਅਰਸੇ ਤੋਂ ਸੁਲਗ ਰਹੀ ਹੈ ਪਰ ਜਦੋਂ ਮੈਤੇਈ ਪੁਰਸ਼ਾਂ ਨੇ ਕੁਕੀ ਭਾਈਚਾਰੇ ਨਾਲ ਸੰਬੰਧਿਤ ਦੋ ਔਰਤਾਂ ਨੂੰ ਨੰਗਨ ਕਰਕੇ ਸ਼ਰੇਆਮ ਉਨ੍ਹਾਂ ਨਾਲ ਕੁਕਰਮ ਕੀਤੇ ਅਤੇ ਉਨ੍ਹਾਂ ਨੂੰ ਇਸੇ ਹਾਲਤ 'ਚ ਬਾਜ਼ਾਰਾਂ 'ਚ ਘੁੰਮਾਇਆ ਤਾਂ ਇਹ ਅੱਗ ਭਾਂਬੜ ਬਣ ਗਈ, ਜਿਹੜੀ ਕਿ ਹੁਣ ਬੁਝਣ ਦਾ ਨਾਂਅ ਨਹੀਂ ਲੈ ਰਹੀ। ਹਰ ਰੋਜ਼ ਕੱਟ-ਵੱਢ ਹੋ ਰਹੀ ਹੈ, ਲੋਕ ਮਾਰੇ ਜਾ ਰਹੇ ਹਨ, ਸੈਂਕੜੇ ਲੋਕ ਜ਼ਖਮੀ ਹੋ ਰਹੇ ਹਨ ਪਰ ਸਰਕਾਰਾਂ ਜਾਣਬੁੱਝ ਕੇ ਆਪਣੇ ਰਾਜਨੀਤਕ ਹਿੱਤਾਂ ਦੀ ਪੂਰਤੀ ਲਈ ਇਸ ਹਿੰਸਾ ਨੂੰ ਰੋਕਣ ਵੱਲ ਪੁਖ਼ਤਾ ਕਦਮ ਨਹੀਂ ਉਠਾ ਰਹੀਆਂ। ਇਹ ਵੀ ਦੋਸ਼ ਲੱਗ ਰਹੇ ਹਨ ਕਿ ਸਰਕਾਰਾਂ ਕੁੱਕੀ ਲੋਕਾਂ ਦੇ ਜੰਗਲਾਂ 'ਤੇ ਕਾਰਪੋਰੇਟ ਸੈਕਟਰ ਦਾ ਕਬਜ਼ਾ ਵੀ ਕਰਵਾਉਣਾ ਚਾਹੁੰਦੀਆਂ ਹਨ। ਕੁੱਕੀ ਭਾਈਚਾਰੇ ਦੇ ਮਾਰੇ ਗਏ ਲੋਕਾਂ ਨੂੰ ਦਫ਼ਨਾਉਣ 'ਤੇ ਵੀ ਪਾਬੰਦੀਆਂ ਲੱਗ ਰਹੀਆਂ ਹਨ। ਆਜ਼ਾਦੀ ਤੋਂ ਪਹਿਲਾਂ ਵੀ ਇਹੋ ਜਿਹੇ ਮੰਦਭਾਗੇ ਵਰਤਾਰੇ ਹੁੰਦੇ ਰਹੇ ਹਨ। ਇਸੇ ਲਈ ਸਾਲ 1904 'ਚ ਉਰਦੂ ਦੇ ਉੱਘੇ ਸ਼ਾਇਰ ਮੁਹੰਮਦ ਇਕਬਾਲ ਨੇ ਦੇਸ਼ ਪਿਆਰ ਦੀ ਇਕ ਗ਼ਜ਼ਲ 'ਚ ਲਿਖਿਆ ਸੀ, "ਮਜ਼ਬ ਨਹੀਂ ਸਿਖਾਤਾ ਆਪਸ ਮੇਂ ਵੈਰ ਰੱਖਣਾ"।

ਪਰ ਹੁਣ ਵਰਤਾਰਾ ਇਸ ਦੇ ਉਲਟ ਹੋ ਗਿਆ ਹੈ। ਫਿਰਕੂ ਦੰਗਿਆ ਦਾ ਇਤਿਹਾਸ ਭਾਵੇਂ ਸਾਰੇ ਸੰਸਾਰ 'ਚ ਮਿਲਦਾ ਹੈ ਪਰ ਸਾਡੇ ਮੁਲਕ 'ਚ ਇਨ੍ਹਾਂ ਦਾ ਰੰਗ ਕੁਝ ਜ਼ਿਆਦਾ ਹੀ ਗੂੜਾ ਹੈ। ਭਾਗਲਪੁਰ ਵਿਖੇ ਸੰਨ 1989, ਮਿਤੀ 24 ਅਕਤੂਬਰ ਨੂੰ ਰਾਮ ਸ਼ਿਲਾ ਪੂਜਨ ਸਮੇਂ ਕੱਢੀ ਗਈ ਯਾਤਰਾ ਤੋਂ ਬਾਅਦ ਦੰਗੇ ਭੜਕੇ ਅਤੇ ਹਿੰਦੂ ਮੁਸਲਮਾਨਾਂ 'ਚ ਮਾਰ-ਧਾੜ ਸ਼ੁਰੂ ਹੋਈ, ਜਿਹੜੀ ਕਿ ਦੋ ਮਹੀਨੇ ਚਲਦੀ ਰਹੀ। ਸ਼ੁਰੂ 'ਚ ਹੀ 27 ਅਕਤੂਬਰ, 1989 ਨੂੰ 116 ਲੋਕਾਂ ਨੂੰ ਮਾਰ ਕੇ ਖੇਤਾਂ 'ਚ ਦਫ਼ਨਾ ਕੇ ਉਪਰ ਗੋਭੀ ਬੀਜ ਦਿੱਤੀ ਗਈ। ਇਨ੍ਹਾਂ ਦੰਗਿਆਂ 'ਚ ਲਗਭਗ 1062 ਲੋਕਾਂ ਦੀ ਮੌਤ ਹੋਈ। ਇਸੇ ਤਰ੍ਹਾਂ ਗੁਜਰਾਤ 'ਚ ਗੋਧਰਾ ਕਾਂਡ ਤੋਂ ਬਾਅਦ ਸੰਨ 2002 ਵਿਚ ਦੰਗੇ ਭੜਕੇ, ਜਿਸ 'ਚ 790 ਮੁਸਲਮਾਨ ਅਤੇ 254 ਹਿੰਦੂ ਮਾਰੇ ਗਏ। ਗੁਜਰਾਤ 'ਚ 1969 ਈ: ਸਤੰਬਰ 'ਚ ਵੀ ਇਨ੍ਹਾਂ ਦੋਵੇ ਫ਼ਿਰਕਿਆਂ 'ਚ ਦੰਗੇ ਭੜਕੇ ਸਨ; ਕਿਉਂਕਿ ਮੁਸਲਿਮ ਲੋਕਾਂ ਨੇ ਕੁਝ ਹਿੰਦੂ ਸਾਧੂਆਂ 'ਤੇ ਹਮਲਾ ਕਰ ਦਿੱਤਾ ਸੀ ਅਤੇ ਇਕ ਮੰਦਰ ਨੂੰ ਨੁਕਸਾਨ ਪਹੁੰਚਾਇਆ ਸੀ। ਇਸ ਤੋਂ ਬਾਅਦ ਹਿੰਦੂਆਂ ਨੇ ਮੁਸਲਿਮ ਦਰਗਾਹ 'ਤੇ ਹਮਲਾ ਕਰ ਕੇ ਬੰਦੇ ਮਾਰ ਦਿੱਤੇ ਸਨ। ਇਨ੍ਹਾਂ ਦੰਗਿਆਂ 'ਚ ਦੋਵੇਂ ਧਿਰਾਂ ਦੇ ਤਕਰੀਬਨ 512 ਲੋਕ ਮਾਰੇ ਗਏ ਸਨ, ਜਿਨ੍ਹਾਂ 'ਚ 430 ਮੁਸਲਿਮ ਸਨ। ਹਜ਼ਾਰਾਂ ਲੋਕ ਜ਼ਖ਼ਮੀ ਹੋਏ ਸਨ ਅਤੇ 48000 ਲੋਕਾਂ ਦੀ ਜਾਇਦਾਦ ਤਬਾਹ ਹੋਈ ਸੀ। ਕਲਕੱਤਾ ਵਿਖੇ ਸੰਨ 1946 'ਚ 16 ਅਗਸਤ ਤੋਂ 19 ਅਗਸਤ ਤੱਕ ਹਿੰਦੂਆਂ ਤੇ ਮੁਸਲਮਾਨਾਂ 'ਚ ਭੇੜ ਹੁੰਦਾ ਰਿਹਾ। ਇਕ ਅੰਦਾਜ਼ੇ ਮੁਤਾਬਿਕ ਇਨ੍ਹਾਂ ਚਾਰ ਦਿਨਾਂ 'ਚ 5000 ਲੋਕ ਮਾਰੇ ਗਏ ਅਤੇ 15000 ਜ਼ਖ਼ਮੀ ਹੋਏ ਸਨ। ਜੰਮੂ-ਕਸ਼ਮੀਰ 'ਚ ਵੀ ਪੈਦਾ ਹੋਈ ਮਿਲੀਟੈਂਸੀ ਦੇ ਕਾਰਨ ਬਹੁਤ ਸਾਰੇ ਦੰਗੇ ਹੁੰਦੇ ਰਹੇ। ਇਹ ਵੀ ਮਜ਼੍ਹਬਾਂ ਦਾ ਵਿਕਰਾਲ ਰੂਪ ਹੀ ਸੀ। ਇਸ ਕਾਰਨ ਸੰਨ 1990 'ਚ ਤਕਰੀਬਨ 177 ਹਿੰਦੂ ਅਤੇ 679 ਮੁਸਲਿਮ ਮਾਰੇ ਗਏ। ਸੰਨ 1991 'ਚ 34 ਹਿੰਦੂ ਅਤੇ 549 ਮੁਸਲਿਮ ਜਾਨੋਂ ਗਏ। ਸੰਨ 1992 'ਚ 67 ਹਿੰਦੂ ਅਤੇ 747 ਮੁਸਲਿਮ ਜਾਨ ਤੋਂ ਹੱਥ ਧੋ ਬੈਠੇ। ਸੰਨ 1993 'ਚ 88 ਹਿੰਦੂ ਅਤੇ 891 ਮੁਸਲਿਮ ਮਾਰੇ ਗਏ। ਦੋਵਾਂ ਧਰਮਾਂ 'ਚ ਅਜੇ ਵੀ ਖਿੱਚੋਤਾਣ ਚਲਦੀ ਰਹਿੰਦੀ ਹੈ ਅਤੇ ਇਕ-ਦੂਜੇ ਦੇ ਬੰਦੇ ਮਰਦੇ ਰਹਿੰਦੇ ਹਨ। ਸੰਨ 1984 'ਚ ਦਿੱਲੀ ਦੰਗਿਆਂ ਵਿਚ ਸਿੱਖ ਭਾਈਚਾਰੇ ਨਾਲ ਸੰਬੰਧਿਤ ਲਗਭਗ 3000 ਲੋਕ ਮਾਰ ਦਿੱਤੇ ਗਏ ਅਤੇ ਹੋਰ 40 ਸ਼ਹਿਰਾਂ 'ਚ ਵੀ ਅੰਦਾਜ਼ਨ ਹਜ਼ਾਰਾਂ ਲੋਕਾਂ ਨੂੰ ਜ਼ਿੰਦਗੀ ਤੋਂ ਹੱਥ ਧੋਣੇ ਪਏ। ਇਹ ਵੀ ਇਕ ਕਿਸਮ ਦਾ ਮਜ਼੍ਹਬੀ ਵਰਤਾਰਾ ਸੀ। ਇਸੇ ਤਰ੍ਹਾਂ ਦਿੱਲੀ ਦੇ ਸ਼ਾਹੀਨ ਬਾਗ 'ਚ ਮੁਸਲਿਮ ਔਰਤਾਂ ਵਲੋਂ ਦਿੱਤਾ ਗਿਆ ਧਰਨਾ ਭਾਵੇਂ ਸੀ.ਏ.ਏ, ਐਨ.ਆਰ.ਸੀ. ਅਤੇ ਐਨ.ਪੀ.ਆਰ. ਐਕਟਾਂ ਦੇ ਖ਼ਿਲਾਫ਼ ਸੀ ਪਰ ਡੂੰਘਾਈ 'ਚ ਵੇਖਿਆ ਮਹਿਸੂਸ ਹੁੰਦਾ ਹੈ ਕਿ ਇਹ ਅੰਦੋਲਨ ਵੀ ਮਜ਼੍ਹਬੀ ਧੱਕੇਸ਼ਾਹੀ ਖ਼ਿਲਾਫ਼ ਹੀ ਸੀ, ਕਿਉਂਕਿ ਇਸ 'ਚ ਹਿੱਸਾ ਲੈਣ ਵਾਲੀਆਂ ਔਰਤਾਂ ਵੀ ਲਗਭਗ ਇਕੋ ਮਜ਼੍ਹਬ ਨਾਲ ਸੰਬੰਧ ਰੱਖਦੀਆ ਸਨ। ਬਹੁਤ ਸਾਰੇ ਦੇਸ਼ਾਂ ਦੀ ਵੰਡ ਵੀ ਮਜ਼੍ਹਬ ਦੇ ਆਧਾਰ 'ਤੇ ਹੀ ਹੋਈ, ਜਿਵੇਂ ਕਿ ਹਿੰਦੋਸਤਾਨ ਤੇ ਪਾਕਿਸਤਾਨ। ਇਨ੍ਹਾਂ ਦੋਹਾਂ ਮੁਲਕਾਂ ਦੀ ਵੰਡ ਨੇ ਤਕਰੀਬਨ ਦਸ ਲੱਖ ਤੋਂ ਵੱਧ ਭਾਰਤੀ ਨਿਗਲ ਲਏ, ਹਜ਼ਾਰਾਂ ਔਰਤਾਂ ਦੀ ਬੇਪੱਤੀ ਹੋਈ, ਹਜ਼ਾਰਾਂ ਯਤੀਮ ਹੋਏ, ਕਰੋੜਾਂ ਦੀਆਂ ਜਾਇਦਾਦਾਂ ਤਬਾਹ ਹੋਈਆਂ ਅਤੇ ਦੋਵੇਂ ਖਿੱਤਿਆਂ ਦੇ ਸਾਂਝੇ ਸਭਿਆਚਾਰਕ ਵਿਰਸੇ ਬਿਖਰ ਗਏ।

ਦੋਵੇਂ ਦੇਸ਼ਾਂ ਦੀ ਆਰਥਿਕ ਹਾਲਤ ਵੀ ਬੁਰੀ ਤਰ੍ਹਾਂ ਪਤਲੀ ਪੈ ਗਈ, ਜਿਸ ਨੂੰ ਸੁਧਾਰਨ ਲਈ ਅਜੇ ਤੱਕ ਜੱਦੋ-ਜਹਿਦ ਚੱਲ ਰਹੀ ਹੈ। ਹੋਰ ਵੀ ਬਹੁਤ ਸਾਰੇ ਦੇਸ਼ ਜਿਵੇਂ ਕਿ ਬੋਸਨੀਆਂ ਤੇ ਯੂਗੋਸਲਾਵੀਆ ਵੰਡੇ ਗਏ, ਕਿਉਂਕਿ ਬੋਸਨੀਆਂ 'ਚ ਵੀ ਮੁਸਲਿਮ ਲੋਕ ਜ਼ਿਆਦਾ ਸਨ। ਆਇਰਲੈਂਡ ਦੇ ਵਖਰੇਵੇਂ ਦਾ ਕਾਰਨ ਵੀ ਪ੍ਰੋਟੈਸਟੈਂਟ ਅਤੇ ਕੈਥੋਲਿਕ ਬਣੇ। ਤੀਮੋਰ ਤੇ ਇੰਡੋਨੇਸ਼ੀਆ, ਉੱਤਰੀ ਸੁਡਾਨ ਤੇ ਦੱਖਣੀ ਸੁਡਾਨ, ਇਜ਼ਰਾਈਲ ਤੇ ਪੋਲਿਸਟਰੇਟ ਆਦਿ ਵੀ ਧਰਮਾਂ/ਫ਼ਿਰਕਿਆਂ ਦੇ ਅਧਾਰ 'ਤੇ ਵੰਡੇ ਗਏ। ਕਿਤੇ ਸੁੰਨੀ ਤੇ ਸ਼ੀਆ ਦੇ ਵੀ ਮਸਲੇ ਹਨ। ਭਾਰਤ, ਰੋਮਾਨੀਆ, ਨਿਪਾਲ, ਤੁਰਕੀ, ਆਸਟ੍ਰੇਲੀਆ, ਕੈਨੇਡਾ, ਸਿੰਘਾਪੁਰ, ਦੱਖਣੀ ਅਫ਼ਰੀਕਾ, ਦੱਖਣੀ ਕੋਰੀਆ, ਸਵਿਟਜ਼ਰਲੈਂਡ ਆਦਿ ਦੇਸ਼ਾਂ ਦਾ ਕੋਈ ਰਾਸ਼ਟਰੀ ਧਰਮ ਨਹੀਂ ਹੈ। ਧਰਮਾਂ ਨੇ ਲੋਕਾਂ ਨੂੰ ਰਾਜਨੀਤੀ ਨਾਲੋਂ ਵੀ ਵੱਧ ਵੰਡਿਆ ਹੈ। ਇਸ ਦੇ ਨਾਲ-ਨਾਲ ਧਰਮਾਂ 'ਚ ਭ੍ਰਿਸ਼ਟਾਚਾਰ ਅਤੇ ਮਸੰਦਪੁਣੇ ਨੇ ਇਨ੍ਹਾਂ ਦਾ ਉਦੇਸ਼ ਹੀ ਬਦਲ ਦਿੱਤਾ ਹੈ, ਜਿੱਥੇ ਧਰਮ ਬੰਦੇ ਨੂੰ ਸੱਭਿਅਕ ਬਣਾਉਣ ਲਈ ਪੈਦਾ ਹੋਏ ਸਨ, ਉੱਥੇ ਓਨਾ ਹੀ ਇਹ ਬੰਦੇ ਨੂੰ ਇਨਸਾਨੀਅਤ ਤੋਂ ਦੂਰ ਲਿਜਾ ਰਹੇ ਹਨ। ਜਿਹੜੇ ਮੁਲਕਾਂ ਨੂੰ ਅਸੀਂ ਨਾਸਤਿਕ ਸਮਝਦੇ ਹਾਂ ਉਨ੍ਹਾਂ ਮੁਲਕਾਂ ਵੱਲ ਆਸਤਿਕ ਮੁਲਕਾਂ ਦੇ ਬੱਚੇ ਰੋਜ਼ੀ-ਰੋਟੀ ਲਈ ਪਲਾਇਨ ਕਰ ਰਹੇ ਹਨ। ਇਕ ਫ਼ਿਰਕੇ ਦੇ ਧਾਰਮਿਕ ਸਥਾਨ ਢਾਹ ਕੇ ਦੂਸਰੇ ਧਰਮ ਦੇ ਸਥਾਨ ਉਸਾਰੇ ਜਾਂਦੇ ਰਹੇ ਹਨ ਅਤੇ ਹੁਣ ਵੀ ਇਹੀ ਦੁਹਰਾਇਆ ਜਾ ਰਿਹਾ ਹੈ।

ਅੰਗਰੇਜ਼ਾਂ ਨੇ 'ਪਾੜੋ ਤੇ ਰਾਜ ਕਰੋ' ਦੀ ਨੀਤੀ ਸਾਰੇ ਥਾਈਂ ਰਾਜ ਕਰਨ ਲਈ ਵਰਤੀ ਅਤੇ ਜਿੱਥੇ ਵੀ ਉਹ ਗਏ, ਉੱਥੇ ਦੇ ਲੋਕਾਂ ਦੇ ਜ਼ਿਹਨ 'ਚ ਵੀ ਇਸ ਦਾ ਬੀਜ, ਬੀਜ ਗਏ। ਸਾਡੇ ਦੇਸ਼ 'ਚ ਧਰਮਾਂ ਦਾ ਵੀ ਇਹੀ ਵਰਤਾਰਾ ਚੱਲ ਰਿਹਾ ਹੈ। ਧਰਮਾਂ ਦੇ ਕੁਝ ਲਾਲਚੀ ਲੀਡਰ ਲੋਕਾਂ ਨੂੰ ਧਰਮ ਅਤੇ ਧਾਰਮਿਕ ਸਥਾਨਾਂ ਦੇ ਨਾਂਅ 'ਤੇ ਆਪਣੇ ਨਿੱਜੀ ਹਿੱਤਾਂ ਦੀ ਪੂਰਤੀ ਲਈ ਲੜਾਉਂਦੇ ਹਨ। ਹਰ ਧਰਮ ਦੇ ਸਿਰਜਕਾਂ ਨੇ ਇਨਸਾਨੀਅਤ, ਮਨੁੱਖਤਾ ਤੇ ਮਾਨਵਤਾ ਦਾ ਪਾਠ ਪੜ੍ਹਾਇਆ ਹੈ ਪਰ ਪੈਰੋਕਾਰਾਂ ਨੇ ਉਨ੍ਹਾਂ ਦੀ ਸਿੱਖਿਆ 'ਤੇ ਅਮਲ ਕਰਨ ਦੀ ਬਜਾਏ ਅਰਥਾਂ ਦੇ ਅਨਰਥ ਕਰ ਛੱਡੇ ਹਨ। ਧਾਰਮਿਕ ਸਥਾਨਾਂ ਨੂੰ ਵੀ ਫ਼ਿਰਕਿਆਂ, ਜਾਤਾਂ-ਗੋਤਾਂ ਤੇ ਉਚ-ਨੀਚ 'ਚ ਵੰਡ ਛੱਡਿਆ ਹੈ। ਜੇਕਰ ਮਨੁੱਖ ਨੇ ਸਹੀ ਪਾਠ ਪੜਿਆ ਹੁੰਦਾ ਤਾਂ ਅੱਜ ਧਾਰਮਿਕ ਸਥਾਨਾਂ ਦੀ ਗਿਣਤੀ ਬਹੁਤ ਘੱਟ ਹੋਣੀ ਸੀ। ਵਿੱਦਿਅਕ-ਅਦਾਰਿਆਂ, ਸਰਕਾਰੀ ਮਹਿਕਮਿਆਂ 'ਚ ਹੱਕਾਂ ਲਈ ਲੜਨ ਲਈ ਯੂਨੀਅਨਾਂ ਵੀ ਜਾਤਾਂ ਆਧਾਰਿਤ ਬਣੀਆਂ ਹੋਈਆਂ ਹਨ। ਮਜ਼੍ਹਬਾਂ ਦੀ ਹੋ ਰਹੀ ਦੁਰਵਰਤੋਂ ਸੰਬੰਧੀ ਪੰਜਾਬੀ ਦੇ ਸਿਰਮੌਰ ਗ਼ਜ਼ਲਕਾਰ ਉਲਫ਼ਤ ਬਾਜਵਾ ਨੇ ਠੀਕ ਹੀ ਲਿਖਿਆ ਸੀ-

**"ਚੰਗਾ ਰੱਬ ਦਾ ਰਾਹ ਦਿਖਲਾਇਆ ਮਜ਼੍ਹਬਾਂ ਨੇ,**
**ਜਗ ਨੂੰ ਭੰਬਲ ਭੂਸੇ ਪਾਇਆ ਮਜ਼੍ਹਬਾਂ ਨੇ**
**ਵੇਦ ਕਿਤਾਬਾਂ ਵਿੱਚ ਹੈ ਪਾਠ ਮੁਹੱਬਤ ਦਾ,**
**ਪਰ ਨਫ਼ਰਤ ਦਾ ਪਾਠ ਪੜ੍ਹਾਇਆ ਮਜ਼੍ਹਬਾਂ ਨੇ।**
**ਬਣ-ਮਾਣਸ ਬਣਿਆ ਸੀ ਬੰਦਾ ਮਸਾਂ ਮਸਾਂ,**
**ਇਸ ਨੂੰ ਬਾਂਦਰ ਫੇਰ ਬਣਾਇਆ ਮਜ਼੍ਹਬਾਂ ਨੇ।"**

# ਅਜੋਕੇ ਦੌਰ 'ਚ ਹੈ ਆਨਲਾਈਨ ਠੱਗੀਆਂ ਦਾ ਬੋਲਬਾਲਾ

ਡਿਜੀਟਲ ਯੁੱਗ ਦੇ ਆਉਣ ਨਾਲ ਸਾਡੇ ਬਹੁਤ ਸਾਰੇ ਕੰਮ ਆਸਾਨੀ ਨਾਲ ਹੋਣ ਲੱਗ ਪਏ ਹਨ। ਸਮੇਂ ਦੀ ਬੱਚਤ ਹੋ ਰਹੀ ਹੈ। ਭੱਜ-ਦੌੜ ਕਰਨ ਅਤੇ ਲੰਬੀਆਂ ਕਤਾਰਾਂ ਵਿਚ ਖੜ੍ਹ ਕੇ ਪਰੇਸ਼ਾਨ ਹੋਣ ਤੋਂ ਰਾਹਤ ਮਿਲਦੀ ਹੈ ਕਿਉਂਕਿ ਵੱਡੇ-ਵੱਡੇ ਭੁਗਤਾਨ ਘਰ ਬੈਠੇ-ਬਿਠਾਏ ਹੀ ਇੰਟਰਨੈੱਟ ਰਾਹੀਂ ਕੀਤੇ ਜਾਣ ਲੱਗੇ ਹਨ। ਜਿੱਥੇ ਘਰੇ ਬੈਠੇ ਹੀ ਆਨਲਾਈਨ ਚੀਜ਼ਾਂ ਦੀ ਖ਼ਰੀਦੋ-ਫ਼ਰੋਖ਼ਤ ਕੀਤੀ ਜਾ ਸਕਦੀ ਹੈ, ਪੈਸਿਆਂ ਦਾ ਲੈਣ-ਦੇਣ ਆਰਾਮ ਨਾਲ ਕੀਤਾ ਜਾਣ ਲੱਗਿਆ ਹੈ, ਉੱਥੇ ਹੀ ਆਨਲਾਈਨ ਠੱਗੀਆਂ ਮਾਰਨ ਦੇ ਤਰੀਕੇ ਵੀ ਬੜੇ ਚਿੰਤਾਜਨਕ ਤੇ ਹੈਰਾਨ ਕਰਨ ਵਾਲੇ ਸਾਹਮਣੇ ਆ ਰਹੇ ਹਨ। ਸਾਡੇ ਡਿਜੀਟਲ ਤੰਤਰ ਨੇ ਇਨ੍ਹਾਂ ਅੱਗੇ ਗੋਡੇ ਟੇਕ ਦਿੱਤੇ ਹਨ। ਕੋਈ ਵੀ ਆਮ ਵਿਅਕਤੀ ਆਪਣੀ ਜ਼ਿੰਦਗੀ ਭਰ ਦੀ ਖ਼ੂਨ-ਪਸੀਨੇ ਦੀ ਜੋੜੀ ਹੋਈ ਕਮਾਈ ਗੁਆ ਕੇ ਇਨਸਾਫ਼ ਦਾ ਇੰਤਜ਼ਾਰ ਕਰਦਾ ਰਹਿੰਦਾ ਹੈ ਤੇ ਉੱਤੋਂ ਉਹ ਸਮਾਜ ਵਿਚ ਇਕ ਬੇਸਮਝ ਅਤੇ ਮਜ਼ਾਕ ਦਾ ਪਾਤਰ ਬਣ ਕੇ ਰਹਿ ਜਾਂਦਾ ਹੈ। ਪਰ ਇਹੋ ਜਿਹੀਆਂ ਠੱਗੀਆਂ ਦੇ ਸ਼ਿਕਾਰ ਹੋਏ ਲੋਕਾਂ ਨੂੰ ਘੱਟ ਹੀ ਇਨਸਾਫ਼ ਮਿਲਦਾ ਹੈ। ਜਿਹੜੇ ਫੋਨ ਨੰਬਰਾਂ ਰਾਹੀਂ ਉਹ ਭੋਲੇ-ਭਾਲੇ ਲੋਕਾਂ ਨਾਲ ਸੰਪਰਕ ਬਣਾਉਂਦੇ ਹਨ, ਕਈ ਵਾਰ ਉਹ ਠੱਗੀ ਮਾਰਨ ਤੋਂ ਬਾਅਦ ਵੀ ਨਿਧੜਕ ਹੋ ਕੇ ਉਨ੍ਹਾਂ ਦੀ ਵਰਤੋਂ ਕਰਦੇ ਰਹਿੰਦੇ ਹਨ। ਕੀ



ਆਨਲਾਈਨ ਠੱਗਾਂ ਦੀ ਤਕਨੀਕ ਨੂੰ ਸਰਕਾਰੀ ਤਕਨੀਕੀ ਸਿਸਟਮ ਲੱਭ ਨਹੀਂ ਸਕਦਾ ਜਾਂ ਹੋਰ ਕਾਰਨ ਹਨ। ਇਹ ਵੀ ਸੋਚਣ ਦਾ ਵਿਸ਼ਾ ਹੈ। ਅਖ਼ਬਾਰਾਂ ਰਾਹੀਂ ਜਾਂ ਸੋਸ਼ਲ ਮੀਡੀਆ 'ਤੇ ਬਹੁਤ ਹੀ ਵਧੀਆ ਘਰੇਲੂ ਸਾਮਾਨ ਬਹੁਤ ਸਸਤੇ ਭਾਅ ਵੇਚਣ ਦੀਆਂ ਮਸ਼ਹੂਰੀਆਂ ਪਾ ਕੇ ਲੋਕਾਂ ਨੂੰ ਕਿਸੇ ਦੇ ਝੂਠੇ ਸਰਕਾਰੀ ਪਛਾਣ ਪੱਤਰ ਵਿਖਾ ਕੇ ਪਹਿਲਾਂ ਛੋਟੀ ਰਕਮ ਵਸੂਲਣਾ ਤੇ ਫਿਰ ਹੋਰ ਭਰੋਸੇ ਵਿਚ ਲੈ ਕੇ ਸਾਰੀ ਰਕਮ ਵਸੂਲ ਕੇ ਫੋਨਾਂ ਨੂੰ ਬੰਦ ਕਰ ਦੇਣਾ ਆਮ ਜਿਹੀ ਗੱਲ ਹੋ ਗਈ ਹੈ। ਪਰ ਆਮ ਲੋਕਾਂ ਨੂੰ ਇਹੋ ਜਿਹੇ ਲਾਲਚ ਵਿਚ ਨਹੀਂ ਆਉਣਾ ਚਾਹੀਦਾ। ਅੱਜ ਦੇ ਮਨੁੱਖ ਨੂੰ ਇਕ ਗੱਲ ਦਿਮਾਗ ਵਿਚ ਰੱਖ ਕੇ ਚੱਲਣ ਦੀ ਲੋੜ ਹੈ ਕਿ ਆਨਲਾਈਨ ਦਿੱਤੇ ਗਏ ਲਾਲਚ ਠੱਗੀ ਦਾ ਦੂਜਾ ਨਾਂ ਹੋ ਸਕਦੇ ਹਨ। ਕਈ ਵਾਰ ਏਟੀਐੱਮਜ਼ 'ਤੇ ਕਈ ਅਣਜਾਣ ਲੋਕ ਕਿਸੇ ਬਜ਼ੁਰਗ ਵਿਅਕਤੀ ਦੀ ਸਹਾਇਤਾ ਕਰਨ ਦੇ ਬਹਾਨੇ ਏਟੀਐੱਮ ਬਦਲ ਲੈਂਦੇ ਹਨ ਤੇ ਉਦੋਂ ਪਤਾ ਲੱਗਦਾ ਹੈ ਜਦੋਂ ਖਾਤਾ ਖ਼ਾਲੀ ਹੋ ਜਾਂਦਾ ਹੈ। ਕਈ ਵਾਰੀ ਅਚਾਨਕ ਫੋਨ ਆਉਂਦਾ ਹੈ ਜਿਸ 'ਤੇ ਵੱਡੀ ਲਾਟਰੀ ਨਿਕਲਣ ਬਾਰੇ ਕਿਹਾ ਜਾਂਦਾ ਹੈ। ਲੋਕ ਮੁਫ਼ਤ ਦੇ ਲਾਲਚ ਵਿਚ ਆ ਕੇ ਦਿੱਤੇ ਨੰਬਰ ਤੇ ਸੰਪਰਕ ਕਰਦੇ ਹਨ ਤਾਂ ਅਗਾਂਹ ਵੀ ਲਾਟਰੀ ਨਿਕਲਣ ਦੀ ਪੁਸ਼ਟੀ ਕੀਤੀ ਜਾਂਦੀ ਹੈ। ਨਾਲ ਹੀ ਸਾਨੂੰ ਕੋਈ ਖਾਤਾ ਨੰਬਰ ਦੇ ਕੇ ਉਸ ਵਿਚ ਐਡਵਾਂਸ ਟੈਕਸ ਜਮ੍ਹਾਂ ਕਰਵਾਉਣ ਲਈ ਕਿਹਾ ਜਾਂਦਾ ਹੈ। ਲਾਲਚ ਵਿਚ ਆ ਕੇ ਜਿਵੇਂ ਹੀ ਵਿਅਕਤੀ ਥੋੜ੍ਹੀ ਰਕਮ ਭਰ ਦਿੰਦਾ ਹੈ ਤਾਂ ਉਨ੍ਹਾਂ ਕੋਲ ਖਾਤੇ ਦੀ ਸਾਰੀ ਜਾਣਕਾਰੀ ਜਾਂਦੇ ਹੀ ਖਾਤਾ ਖ਼ਾਲੀ ਕਰ ਦਿੱਤਾ ਜਾਂਦਾ ਹੈ। ਆਨਲਾਈਨ ਸ਼ਾਪਿੰਗ ਕੰਪਨੀਆਂ ਦੇ ਨਾਂ 'ਤੇ ਵੀ ਠੱਗੀ ਮਾਰ ਲਈ ਜਾਂਦੀ ਹੈ।

# ਕੈਨੇਡਾ ਹੁਣ ਪਸੰਦੀਦਾ ਮੰਜ਼ਿਲ ਨਹੀਂ



*ਕੌਮਾਂਤਰੀ ਵਿਦਿਆਰਥੀਆਂ ਨੂੰ ਆਮ ਤੌਰ 'ਤੇ ਘੱਟੋ-ਘੱਟ ਉਜਰਤ ਅਦਾ ਕੀਤੀ ਜਾਂਦੀ ਹੈ ਜਿਸ ਨਾਲ ਛੋਟੇ ਅਤੇ ਪ੍ਰਚੂਨ ਕਾਰੋਬਾਰੀਆਂ ਨੂੰ ਆਪਣੇ ਕਾਰੋਬਾਰ ਚਲਾਉਣ ਵਿਚ ਕਾਫ਼ੀ ਮਦਦ ਮਿਲਦੀ ਹੈ। ਦੋ ਸਾਲਾਂ ਦੀ ਪੜ੍ਹਾਈ ਅਤੇ ਇਕ ਸਾਲ ਕੈਨੇਡਾ ਵਿਚ ਕੰਮ ਕਰਨ ਦਾ ਤਜਰਬਾ (1560 ਘੰਟੇ) ਲੈਣ ਤੋਂ ਬਾਅਦ ਕੋਈ ਸ਼ਖ਼ਸ ਸਥਾਈ ਨਿਵਾਸ (ਪੀਆਰ) ਲਈ ਦਰਖਾਸਤ ਦੇਣ ਦੇ ਯੋਗ ਹੋ ਜਾਂਦਾ ਹੈ ਪਰ ਪੀਆਰ ਵਿਆਪਕ ਦਰਜਾਬੰਦੀ ਪ੍ਰਣਾਲੀ (ਸੀਆਰਐਸ) ਦੇ ਅੰਕਾਂ ਦੇ ਆਧਾਰ 'ਤੇ ਦਿੱਤਾ ਜਾਂਦਾ ਹੈ।*

ਇਹ ਮੰਨਿਆ ਜਾਂਦਾ ਰਿਹਾ ਹੈ ਕਿ ਪਿਛਲੇ ਪੰਜ ਦਹਾਕਿਆਂ ਤੋਂ ਵੱਧ ਅਰਸੇ ਦੌਰਾਨ ਕੈਨੇਡਾ ਪਰਵਾਸ ਕਰ ਗਏ ਲੋਕਾਂ ਦਾ ਤਜਰਬਾ ਆਮ ਤੌਰ 'ਤੇ ਸੁਖਾਵਾਂ ਰਿਹਾ ਹੈ। ਭਰਵੀਂ ਕਮਾਈ ਦਾ ਟੀਚਾ ਹਾਸਲ ਕਰਨ ਲਈ ਕੈਨੇਡਾ ਪਰਵਾਸੀਆਂ ਲਈ ਪਸੰਦੀਦਾ ਟਿਕਾਣਾ ਬਣਿਆ ਰਿਹਾ ਹੈ ਪਰ ਹੁਣ ਹਾਲਾਤ ਵਿਗੜ ਗਏ ਹਨ। ਉੱਥੋਂ ਪਰਵਾਸੀਆਂ ਨੇ ਹੋਰ ਮੁਲਕਾਂ ਦਾ ਰੁਖ਼ ਕਰਨਾ ਸ਼ੁਰੂ ਕਰ ਦਿੱਤਾ ਹੈ ਜਾਂ ਫਿਰ ਉਹ ਵਤਨ ਵਾਪਸ ਮੁੜਨ ਲੱਗ ਪਏ ਹਨ। ਇੰਸਟੀਚਿਊਟ ਫਾਰ ਕੈਨੇਡੀਅਨ ਸਿਟੀਜ਼ਨਸ਼ਿਪ (ਆਈਸੀਸੀ) ਲਈ ਕਾਨਫਰੰਸ ਬੋਰਡ ਆਫ ਕੈਨੇਡਾ ਦੇ ਕਰਵਾਏ ਹਾਲੀਆ ਸਰਵੇਖਣ 'ਦਿ ਲੀਕੀ ਬੱਕਿਟ: ਏ ਸਟੱਡੀ ਆਫ ਇਮੀਗ੍ਰੈਂਟ ਰਿਟੈਂਸ਼ਨ ਟ ?ਰੈਂਡਜ਼ ਇਨ ਕੈਨੇਡਾ' ਤੋਂ ਪਤਾ ਲੱਗਦਾ ਹੈ ਕਿ 1980ਵਿਆਂ ਤੋਂ ਲੈ ਕੇ ਕੈਨੈਡਾ ਆਉਣ ਵਾਲੇ ਪਰਵਾਸੀਆਂ ਦੀ ਗਿਣਤੀ ਵਿਚ ਵਾਧਾ ਹੋ ਰਿਹਾ ਸੀ। 2017 ਅਤੇ 2019 ਵਿਚ ਇਸ ਰੁਝਾਨ ਵਿਚ ਉਛਾਲ ਆਇਆ ਅਤੇ ਇਸ ਵਿਚ ਔਸਤ ਆਮਦ ਨਾਲੋਂ 31 ਫ਼ੀਸਦ ਵਾਧਾ ਹੋਇਆ। ਕੋਵਿਡ-19 ਤੋਂ ਬਾਅਦ ਇਸ ਸੰਖਿਆ ਵਿਚ ਇਸ ਕਰ ਕੇ ਵਾਧਾ ਹੋਇਆ ਕਿਉਂਕਿ ਕੈਨੇਡੀਅਨਾਂ ਦੀ ਆਰਥਿਕ ਹਾਲਤ ਵਿਚ ਆਮ ਤੌਰ 'ਤੇ ਨਿਘਾਰ ਆਇਆ ਸੀ।

ਪਰਵਾਸੀਆਂ ਦੀ ਆਮਦ ਦੀ ਉੱਚੀ ਦਰ ਅਤੇ ਮੋੜਵੇਂ ਪਰਵਾਸ ਨਾਲ ਕੈਨੇਡਾ ਦੇ ਜਨਸੰਖਿਆ ਸਮਤੋਲ ਉਪਰ ਨਾਂਹਮੁਖੀ ਅਸਰ ਪਿਆ ਹੈ। ਸਟੈਟਿਸਟਿਕ ਕੈਨੇਡਾ ਨੇ ਇਹ ਗੱਲ ਦਰਜ ਕੀਤੀ ਹੈ ਕਿ 2010 ਵਿਚ ਕੈਨੈਡਾ ਦੀ 14.1 ਫ਼ੀਸਦ ਆਬਾਦੀ ਦੀ ਉਮਰ 65 ਸਾਲ ਜਾਂ ਇਸ ਤੋਂ ਜ਼ਿਆਦਾ ਸੀ। 2022 ਵਿਚ ਇਹ ਦਰ ਵਧ ਕੇ 19 ਫ਼ੀਸਦ ਹੋ ਗਈ ਸੀ। ਜੇ ਪਰਵਾਸ ਵਿਚ ਕੋਈ ਰੁਕਾਵਟ ਆਈ ਤਾਂ ਇਹ ਰੁਝਾਨ ਹੋਰ ਤੇਜ਼ ਹੋਣ ਦੇ ਆਸਾਰ ਹਨ। ਕੰਮਕਾਜੀ ਉਮਰ ਵਰਗ (15-64) ਦੇ ਹਿਸਾਬ ਨਾਲ 1966 ਵਿਚ 65 ਸਾਲ ਤੋਂ ਵੱਡੀ ਉਮਰ ਦੇ ਕੈਨੇਡੀਅਨਾਂ ਦੀ ਸੰਖਿਆ 7.8 ਫ਼ੀਸਦ ਸੀ; 2022 ਵਿਚ ਇਨ੍ਹਾਂ ਦੀ ਦਰ ਘਟ ਕੇ 3.4 ਫ਼ੀਸਦ ਰਹਿ ਗਈ ਸੀ ਅਤੇ 2050 ਤੱਕ ਇਹ ਸੰਖਿਆ ਤਿੰਨ ਫੀਸਦ ਤੋਂ ਹੇਠਾਂ ਆ ਜਾਣ ਦੀ ਸੰਭਾਵਨਾ ਹੈ। ਇਸ ਕਰ ਕੇ ਕਰਦਾਤਿਆਂ ਦੀ ਸੰਖਿਆ ਘਟਣ ਅਤੇ ਪੈਨਸ਼ਨਰਾਂ ਤੇ ਆਮਦਨ ਸਹਾਇਤਾ 'ਤੇ ਆਸ਼ਰਿਤਾਂ ਦੀ ਸੰਖਿਆ ਵਧਣ ਕਰ ਕੇ ਸਰਕਾਰੀ ਮਾਲੀਏ ਅਤੇ ਖਰਚ ਉਪਰ ਸਿੱਧਾ ਪ੍ਰਭਾਵ ਪੈਂਦਾ ਹੈ। ਬਜ਼ੁਰਗਾਂ ਦੀ ਕੁੱਲ ਸੰਖਿਆ ਵਧਣ ਨਾਲ ਦੇਸ਼ ਦੀ ਸਿਹਤ ਪ੍ਰਣਾਲੀ ਉਪਰ ਵੀ ਦਬਾਅ ਵਧ ਜਾਂਦਾ ਹੈ।

ਬਜ਼ੁਰਗਾਂ ਦੇ ਮੁਕਾਬਲੇ ਕੰਮਕਾਜੀ ਉਮਰ ਵਰਗ ਦੇ ਕੈਨੇਡੀਅਨਾਂ ਦਾ ਬਦਲ ਰਿਹਾ ਅਨੁਪਾਤ ਸਰਕਾਰ ਅਤੇ ਨੀਤੀਘਾੜਿਆਂ ਲਈ ਵੱਡੀ ਚੁਣੌਤੀ ਬਣਿਆ ਹੋਇਆ ਹੈ। ਨੀਤੀਘਾੜਿਆਂ ਨੇ ਕੌਮਾਂਤਰੀ ਵਿਦਿਆਰਥੀਆਂ ਨੂੰ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਸਥਾਈ ਨਿਵਾਸ (ਪੀਆਰ) ਦਾ ਦਰਜਾ ਦੇਣ ਸਮੇਤ ਕੈਨੈਡਾ ਦੇ ਬਹੁਤੇਰੇ ਪਰਵਾਸ ਬਦਲਾਂ ਰਾਹੀਂ ਨੌਜਵਾਨਾਂ ਨੂੰ ਆਵਾਸ ਦਾ ਸੱਦਾ ਦੇਣ 'ਤੇ ਟੇਕ ਰੱਖੀ ਹੋਈ ਸੀ ਅਤੇ ਇਹ ਸਿਲਸਿਲਾ ਹਾਲੇ ਵੀ ਜਾਰੀ ਹੈ। ਕੈਨੇਡਾ ਦੀ 2024 ਵਿਚ 485000 ਅਤੇ 2025 ਵਿਚ 5 ਲੱਖ ਲੋਕਾਂ ਨੂੰ ਆਵਾਸ ਲਈ ਸੱਦਣ ਦੀ ਯੋਜਨਾ ਹੈ। ਕੈਨੇਡਾ ਪੁੱਜੇ ਪਰਵਾਸੀਆਂ ਵਿਚ ਉਚ ਹੁਨਰਮੰਦ ਕਾਮੇ, ਆਰਜ਼ੀ ਵਿਦੇਸ਼ੀ ਕਾਮੇ ਅਤੇ ਕੌਮਾਂਤਰੀ ਵਿਦਿਆਰਥੀ ਸ਼ਾਮਲ ਹਨ। ਇਨ੍ਹਾਂ 'ਚੋਂ ਹਰ ਵੰਨਗੀ ਦੇ ਕਾਮਿਆਂ ਦੀਆਂ ਆਪੋ-ਆਪਣੀਆਂ ਮੁਸ਼ਕਿਲਾਂ ਹਨ। ਉਚ ਹੁਨਰਮੰਦ ਕਾਮੇ ਬਹੁਤ ਉਤਸ਼ਾਹ ਨਾਲ ਕੈਨੇਡਾ ਪਹੁੰਚਦੇ ਹਨ ਪਰ ਉਨ੍ਹਾਂ ਨੂੰ ਇੱਥੇ ਪਹੁੰਚਦਿਆਂ ਸਾਰ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਹੁਨਰ ਅਤੇ ਤਜਰਬਾ ਹੋਣ ਦੇ ਬਾਵਜੂਦ ਇਨ੍ਹਾਂ 'ਚੋਂ ਕਈਆਂ ਨੂੰ ਆਪਣੀ ਮੁਹਾਰਤ ਮੁਤਾਬਕ ਕੰਮ ਲੱਭਣ ਵਿਚ ਦਿੱਕਤਾਂ ਪੇਸ਼ ਆਉਂਦੀਆਂ ਹਨ; ਉਨ੍ਹਾਂ ਨੂੰ ਆਪਣੇ ਪਰਿਵਾਰਾਂ ਦਾ ਗੁਜ਼ਰ ਬਸਰ ਕਰਨ ਲਈ ਕਈ ਵਾਰ ਘੱਟ ਉਜਰਤ ਵਾਲੇ ਕੰਮ ਕਰਨ ਲਈ ਮਜਬੂਰ ਹੋਣਾ ਪੈਂਦਾ ਹੈ। ਬਹੁਤੇ ਕੇਸਾਂ ਵਿਚ ਕੈਨੇਡੀਅਨ ਮਾਲਕ ਨਵੇਂ ਕਾਮਿਆਂ ਦੀ ਵਿਦਿਅਕ ਯੋਗਤਾ ਅਤੇ ਤਜਰਬੇ ਨੂੰ ਨਹੀਂ ਦੇਖਦੇ। ਕੁਝ ਮਾਲਕ ਉੱਤਰੀ ਅਮਰੀਕਾ ਵਿਚ ਪੜ੍ਹੇ ਵਿਅਕਤੀਆਂ ਨੂੰ ਕੰਮ ਦੇਣਾ ਪਸੰਦ ਕਰਦੇ ਹਨ ਭਾਵੇਂ ਉਨ੍ਹਾਂ ਕੋਲ ਦੂਜੇ ਪਰਵਾਸੀਆਂ ਜਿੰਨੀ ਵਿਦਿਅਕ ਯੋਗਤਾ ਅਤੇ ਤਜਰਬਾ ਨਹੀਂ ਹੁੰਦਾ।

ਲਾਇਸੈਂਸ ਲੈਣ ਦੀ ਪ੍ਰਕਿਰਿਆ ਕਾਫ਼ੀ ਗੁੰਝਲਦਾਰ ਤੇ ਖਰਚੀਲੀ ਹੈ ਅਤੇ ਇਸ ਨੂੰ ਪੂਰਾ ਕਰਨ ਵਿਚ ਕਾਫ਼ੀ ਸਮਾਂ ਲਗਦਾ ਹੈ। ਕੈਨੇਡਾ ਵਲੋਂ ਸਕੂਲ ਵਿਚ ਦਾਖ਼ਲੇ ਤੋਂ ਫੌਰੀ ਬਾਅਦ ਪਾਰਟ-ਟਾਈਮ ਕੰਮ ਕਰਨ ਦੀ ਖੁੱਲ੍ਹ ਦੇਣ ਦੇ ਨੇਮ ਸਰਲ ਕਰਨ ਤੋਂ ਬਾਅਦ ਕੌਮਾਂਤਰੀ ਵਿਦਿਆਰਥੀਆਂ ਦੀ ਆਮਦ ਵਿਚ ਵਾਧਾ ਹੋਇਆ ਸੀ। ਇਸ ਨਾਲ ਕੈਨੇਡੀਅਨ ਅਰਥਚਾਰੇ ਨੂੰ ਵੀ ਭਰਵਾਂ ਲਾਭ ਮਿਲਿਆ। 2022 ਤੱਕ ਸਿੱਖਿਆ ਸੰਸਥਾਵਾਂ ਵਿਚ 8 ਲੱਖ ਤੋਂ ਜ਼ਿਆਦਾ ਸਟੱਡੀ ਪਰਮਿਟ ਧਾਰਕ ਦਾਖ਼ਲ ਸਨ। ਸਾਲ 2022 ਵਿਚ ਕੈਨੇਡਾ ਦੀ ਕੁੱਲ ਘਰੇਲੂ ਪੈਦਾਵਾਰ ਵਿਚ ਕੌਮਾਂਤਰੀ ਵਿਦਿਆਰਥੀਆਂ ਦਾ ਯੋਗਦਾਨ ਅੰਦਾਜ਼ਨ 22 ਅਰਬ ਡਾਲਰ 'ਤੇ ਪਹੁੰਚ ਗਿਆ ਸੀ ਅਤੇ ਇਸ ਨਾਲ ਕਰੀਬ 200000 ਨੌਕਰੀਆਂ ਪੈਦਾ ਕਰਨ ਵਿਚ ਮਦਦ ਮਿਲੀ ਸੀ।

ਕੌਮਾਂਤਰੀ ਵਿਦਿਆਰਥੀਆਂ ਨੂੰ ਆਮ ਤੌਰ 'ਤੇ ਘੱਟੋ-ਘੱਟ ਉਜਰਤ ਅਦਾ ਕੀਤੀ ਜਾਂਦੀ ਹੈ ਜਿਸ ਨਾਲ ਛੋਟੇ ਅਤੇ ਪ੍ਰਚੂਨ ਕਾਰੋਬਾਰੀਆਂ ਨੂੰ ਆਪਣੇ ਕਾਰੋਬਾਰ ਚਲਾਉਣ ਵਿਚ ਕਾਫ਼ੀ ਮਦਦ ਮਿਲਦੀ ਹੈ। ਦੋ ਸਾਲਾਂ ਦੀ ਪੜ੍ਹਾਈ ਅਤੇ ਇਕ ਸਾਲ ਕੈਨੇਡਾ ਵਿਚ ਕੰਮ ਕਰਨ ਦਾ ਤਜਰਬਾ (1560 ਘੰਟੇ) ਲੈਣ ਤੋਂ ਬਾਅਦ ਕੋਈ ਸ਼ਖ਼ਸ ਸਥਾਈ ਨਿਵਾਸ (ਪੀਆਰ) ਲਈ ਦਰਖਾਸਤ ਦੇਣ ਦੇ ਯੋਗ ਹੋ ਜਾਂਦਾ ਹੈ ਪਰ ਪੀਆਰ ਵਿਆਪਕ ਦਰਜਾਬੰਦੀ ਪ੍ਰਣਾਲੀ (ਸੀਆਰਐੱਸ) ਦੇ ਅੰਕਾਂ ਦੇ ਆਧਾਰ 'ਤੇ ਦਿੱਤਾ ਜਾਂਦਾ ਹੈ। ਸੀਆਰਐੱਸ ਅੰਕ ਆਧਾਰਿਤ ਪ੍ਰਣਾਲੀ ਹੈ ਜਿਸ ਦੀ ਵਰਤੋਂ ਕਿਸੇ ਦੇ ਸਕੋਰ ਅਤੇ ਐਕਸਪ੍ਰੈੱਸ ਐਂਟਰੀ ਪੂਲ ਵਿਚ ਇਸ ਦੇ ਦਰਜੇ ਨੂੰ ਮਾਪਣ ਲਈ ਕੀਤੀ ਜਾਂਦੀ ਹੈ। ਸੀਆਰਐੱਸ ਅੰਕ ਵਡੇਰੇ ਤੌਰ 'ਤੇ ਬਿਨੈਕਾਰ ਦੀ ਭਾਸ਼ਾਈ ਹੁਨਰ, ਵਿਦਿਆ, ਕੰਮ ਦੇ ਤਜਰਬੇ ਅਤੇ ਉਮਰ ਨਾਲ ਜੁੜੇ ਹੁੰਦੇ ਹਨ। ਪੀਆਰ ਲਈ ਦਰਖਾਸਤਕਾਰਾਂ ਦੇ ਡਰਾਅ ਦੇ ਹਰ ਗੇੜ ਵਿਚ ਸੀਆਰਐੱਸ ਕੱਟ-ਆਫ ਜ਼ੁਦਾ ਹੁੰਦੀ ਹੈ। ਸਾਲ 2022 ਵਿਚ ਵੱਖੋ ਵੱਖਰੇ ਡਰਾਅ ਲਈ ਸੀਆਰਐੱਸ ਸਕੋਰ 491 ਤੋਂ 557 ਵਿਚਕਾਰ ਸੀ। ਕੱਟ-ਆਫ ਕੀਮਤ ਪੂਲ ਵਿਚ ਬਿਨੈਕਾਰਾਂ ਦੀ ਸੰਖਿਆ, ਉਨ੍ਹਾਂ ਦੇ ਸੀਆਰਐੱਸ ਅੰਕਾਂ ਅਤੇ ਆਵਾਸ ਅਧਿਕਾਰੀਆਂ ਦੀਆਂ ਤੈਅ ਕੀਤੀਆਂ ਅਰਜ਼ੀਆਂ ਦੇ ਆਧਾਰ 'ਤੇ ਨਿਰਧਾਰਤ ਕੀਤੀ ਜਾਂਦੀ ਹੈ। 23 ਅਕਤੂਬਰ 2023 ਨੂੰ ਪੂਲ ਵਿਚ 214873 ਅਰਜ਼ੀਆਂ ਸਨ ਅਤੇ ਇਨ੍ਹਾਂ 'ਚੋਂ ਸਿਰਫ਼ 3600 ਬਿਨੈਕਾਰਾਂ ਦਾ ਸਕੋਰ 431 ਜਾਂ ਇਸ ਤੋਂ ਜ਼ਿਆਦਾ ਸੀ ਅਤੇ ਇਨ੍ਹਾਂ ਨੂੰ 26 ਅਕਤੂਬਰ ਦੇ ਡਰਾਅ ਲਈ ਸੱਦਿਆ ਗਿਆ ਸੀ। ਘੱਟੋ-ਘੱਟ ਲੋੜਾਂ ਪੂਰੀਆਂ ਕਰਨ ਵਾਲੇ ਹੋਰ ਬਿਨੈਕਾਰਾਂ ਨੂੰ ਹੋਰ ਤਰੀਕਿਆਂ ਦੀ ਵਰਤੋਂ ਕਰ ਕੇ ਵਾਧੂ ਅੰਕ ਜੁਟਾਉਣ ਲਈ ਕਈ ਮਹੀਨਿਆਂ ਜਾਂ ਫਿਰ ਸਾਲਾਂ ਦੀ ਇੰਤਜ਼ਾਰ ਕਰਨੀ ਪਵੇਗੀ। ਤਦ ਤੱਕ ਉਨ੍ਹਾਂ ਕੋਲ ਤਿੰਨ ਸਾਲਾਂ ਦੇ ਵਰਕ ਪਰਮਿਟ ਤਹਿਤ ਆਰਜ਼ੀ ਕਾਮੇ ਦਾ ਦਰਜਾ ਰਹੇਗਾ। ਕਿਸੇ ਮਾਲਕ ਤੋਂ ਸਿੱਧੇ ਤੌਰ 'ਤੇ ਨੌਕਰੀ ਦੀ ਪੇਸ਼ਕਸ਼ ਮਿਲਣ ਜਾਂ ਉਸ ਜ਼ਰੀਏ ਲੇਬਰ ਮਾਰਕਿਟ ਇੰਪੈਕਟ ਅਸੈਸਮੈਂਟ (ਐੱਲਐੱਮਆਈਏ) ਪ੍ਰਵਾਨਗੀ ਪ੍ਰਾਪਤ ਕਰ ਕੇ ਵਾਧੂ ਅੰਕ ਹਾਸਲ ਕੀਤੇ ਜਾ ਸਕਦੇ ਹਨ। ਦੇਖਣ ਨੂੰ ਇਹ ਸਾਧਾਰਨ ਕੰਮ ਜਾਪਦਾ ਹੈ ਪਰ ਜਦੋਂ ਪੂਲ 'ਚ ਬਹੁਤ ਸਾਰੀਆਂ ਅਰਜ਼ੀਆਂ ਹੋਣ ਤੇ ਨਵੀਆਂ ਦਰਖਾਸਤਾਂ ਦੀ ਸੰਖਿਆ ਘੱਟ ਹੋਵੇ ਤਾਂ ਬਹੁਤ ਸਾਰੇ ਉਮੀਦਵਾਰਾਂ ਨੂੰ ਪੀਆਰ ਲਈ ਦਰਖਾਸਤ ਦੇਣ ਦਾ ਸੱਦਾ ਨਹੀਂ ਮਿਲਦਾ।

ਕਦੀ ਕਦੀ ਸਰਕਾਰ ਸੀਆਰਐੱਸ ਅੰਕਾਂ ਦੀ ਲੋੜ ਵਿਚ ਢਿੱਲ ਦੇ ਦਿੰਦੀ ਹੈ ਜਿਵੇਂ ਇਸ ਨੇ 2021 ਵਿਚ ਸਕੋਰ ਘਟਾ ਕੇ 75 ਕਰ ਦਿੱਤਾ ਸੀ ਜਿਸ ਨਾਲ ਹਜ਼ਾਰਾਂ ਬਿਨੈਕਾਰਾਂ ਨੂੰ ਲਾਭ ਮਿਲਿਆ ਸੀ। ਉਂਝ, ਇਸ ਤਰ੍ਹਾਂ ਦੀਆਂ ਛੋਟਾਂ ਬਾਬਤ ਕੋਈ ਸਪੱਸ਼ਟਤਾ ਨਹੀਂ ਹੈ ਕਿ ਛੋਟ ਕਿੰਨੀ ਕੁ ਮਿਲੇਗੀ ਜਾਂ ਕਦੋਂ ਮਿਲੇਗੀ। ਸਿੱਟੇ ਵਜੋਂ ਕਈ ਕੌਮਾਂਤਰੀ ਵਿਦਿਆਰਥੀ ਆਪਣੇ ਦੇਸ਼ ਪਰਤ ਜਾਂਦੇ ਹਨ। ਦੇਖਣ ਵਿਚ ਆਇਆ ਹੈ ਕਿ ਭਾਰਤੀ ਵਿਦਿਆਰਥੀ ਕਾਫ਼ੀ ਦੇਰ ਡਟੇ ਰਹਿੰਦੇ ਹਨ ਅਤੇ ਆਪਣਾ ਸੀਆਰਐੱਸ ਸਕੋਰ ਵਧਾਉਣ ਲਈ ਲੰਮਾ ਸਮਾਂ ਉਡੀਕ ਕਰਦੇ ਹਨ ਅਤੇ ਕਈ ਹੋਰ ਹਥਕੰਡੇ ਵੀ ਅਪਣਾਉਂਦੇ ਹਨ ਪਰ ਇਹ ਗੱਲ ਸਾਰਿਆਂ 'ਤੇ ਨਹੀਂ ਢੁਕਦੀ। ਸੀਬੀਸੀ ਨਿਊਜ਼ ਨੇ 30 ਅਪਰੈਲ 2022 ਨੂੰ ਸਟੈਟਿਸਟਿਕ ਕੈਨੇਡਾ ਦੇ ਹਵਾਲੇ ਨਾਲ ਰਿਪੋਰਟ ਦਿੱਤੀ ਸੀ ਕਿ 50% ਕੌਮਾਂਤਰੀ ਵਿਦਿਆਰਥੀਆਂ ਕੋਲ ਪੜ੍ਹਾਈ ਦਾ ਸਮਾਂ ਪੂਰਾ ਹੋਣ ਤੋਂ ਬਾਅਦ ਕੋਈ ਟੈਕਸ ਰਿਕਾਰਡ ਨਹੀਂ ਸੀ ਜਿਸ ਤੋਂ ਇਸ ਸਮਝਿਆ ਜਾਂਦਾ ਹੈ ਕਿ ਉਹ ਆਪਣੇ ਵਤਨ ਪਰਤ ਗਏ ਹਨ। ਇਸੇ ਚੈਨਲ ਨੇ ਆਈਸੀਸੀ ਦੇ ਸਰਵੇਖਣ ਦਾ ਵੀ ਹਵਾਲਾ ਦਿੱਤਾ ਜਿਸ ਵਿਚ ਕਿਹਾ ਗਿਆ ਸੀ ਕਿ ਯੂਨੀਵਰਸਿਟੀ ਦੀ ਪੜ੍ਹਾਈ ਵਾਲੇ ਨਵੇਂ ਕੈਨੇਡੀਅਨਾਂ 'ਚੋਂ 23 ਫ਼ੀਸਦ ਦਾ ਕਹਿਣਾ ਸੀ ਕਿ ਉਨ੍ਹਾਂ ਨੇ ਅਗਲੇ ਦੋ ਸਾਲਾਂ ਵਿਚ ਦੇਸ਼ ਛੱਡ ਕੇ ਚਲੇ ਜਾਣ ਦੀ ਯੋਜਨਾ ਬਣਾਈ ਹੈ।

ਸਿਸਟਮ ਨਾਲ ਜੁੜੀਆਂ ਬੰਦਸ਼ਾਂ ਅਤੇ ਨੀਤੀਗਤ ਕਮਜ਼ੋਰੀਆਂ ਤੋਂ ਇਲਾਵਾ ਇਸ ਮੁਲਕ ਵਿਚ ਜ਼ਿੰਦਗੀ ਦੀ ਗੁਜ਼ਰ ਬਸਰ ਮਹਿੰਗੀ ਹੋਣ ਕਰ ਕੇ ਪਰਵਾਸੀ ਇੱਥੇ ਵੱਸਣ ਦਾ ਆਪਣਾ ਸੁਫ਼ਨਾ ਤਿਆਗਣ ਲਈ ਮਜਬੂਰ ਹੋ ਰਹੇ ਹਨ। ਕੈਨੇਡਾ ਮਹਿੰਗਾਈ ਦੀ ਮਾਰ ਹੇਠ ਹੈ ਅਤੇ ਉਜਰਤਾਂ ਵਿਚ ਖੜੋਤ ਆ ਜਾਣ ਕਰ ਕੇ ਕੈਨੇਡੀਅਨਾਂ ਦੀ ਅਸਲ ਕਮਾਈ ਘਟ ਰਹੀ ਹੈ। ਕੈਨੇਡਾ ਵਿਚ ਆਉਣ ਲਈ ਇਮੀਗ੍ਰੇਸ਼ਨ, ਸ਼ਰਨਾਰਥੀ ਅਤੇ ਨਾਗਰਿਕਤਾ ਜਿਹੇ ਪ੍ਰੋਗਰਾਮ ਉਪਲਬਧ ਹਨ ਪਰ ਇਕੇਰਾਂ ਇੱਥੇ ਆਉਣ ਤੋਂ ਬਾਅਦ ਇਨ੍ਹਾਂ ਨੂੰ ਸੰਭਾਲਣ ਜਾਂ ਬਰਕਰਾਰ ਰੱਖਣ ਦਾ ਕੋਈ ਹੀਲਾ ਵਸੀਲਾ ਨਹੀਂ। ਸਥਾਈ ਨਿਵਾਸ ਦਾ ਰਾਹ ਕਾਫ਼ੀ ਜਟਿਲ ਅਤੇ ਉਲਝਣਾਂ ਭਰਿਆ ਹੈ; ਇਸ ਵਿਚ ਸਪੱਸ਼ਟਤਾ ਦੀ ਕਮੀ ਹੈ ਅਤੇ ਇਸ ਦਾ ਸੰਚਾਲਨ ਅਣਕਿਆਸੀਆਂ ਨੀਤੀਆਂ ਕਰਦੀਆਂ ਹਨ।




## Metrimonial

Suitable match for Parminder Singh Josan Sikh boy, trucking business in Canada, age 29 years, Height 5'-7".

Contact 913-256-9498



# ਰੱਖੋ ਖਿਆਲ ਗਲੇ ਦੀ ਖਰਾਸ਼ ਵਿੱਚ



*''ਜੱਦ ਕੁੱਝ ਵੀ ਖਾਣਾ-ਪੀਣਾ ਅਤੇ ਨਿਗਲਨਾ ਔਖਾ ਹੋ ਜਾਵੇ ਤਾਂ ਸਮਝੋ ਗਲੇ ਅੰਦਰ ਵਾਇਰਲ, ਬੈਕਟੀਰੀਅਲ ਇਨਫੈਕਸ਼ਨ ਹੋ ਗਈ ਹੈ। ਲਾਪ੍ਰਵਾਹੀ ਨਾ ਵਰਤ ਕੇ ਆਪਣੇ ਫੈਮਿਲੀ ਡਾਕਟਰ ਨਾਲ ਸੰਪਰਕ ਕਰਕੇ ਇਲਾਜ਼ ਕਰਨਾ ਜ਼ਰੂਰੀ ਹੋ ਜਾਂਦਾ ਹੈ'' - ਅਨਿਲ ਧੀਰ ਕਾਲਮਨਿਸਟ. ਥੈਰਾਪਿਸਟ. ਹੈਲਥ ਐਜੂਕੇਟਰ ਅਵਾਰਡ ਵਿਜੇਤਾ. ਸੋਸ਼ਲ ਐਕਟੀਵਿਸਟ*

ਠੰਡੇ ਮੌਸਮ ਵਿਚ ਗਲੇ ਅੰਦਰ ਦਰਦ, ਜਲਨ ਅਤੇ ਖਰਾਸ਼, ਹਰ ਉਮਰ, ਛੋਟੇ ਬੱਚੇ, ਨੌਜਵਾਨ, ਔਰਤਾਂ ਅਤੇ ਬਜ਼ੁਰਗਾਂ ਵਿਚ ਆਮ ਦੇਖੀ ਜਾ ਰਹੀ ਹੈ। ਇਹ ਵਾਇਰਲ-ਬੈਕਟੀਰੀਅਲ ਇਨਫੈਕਸ਼ਨ ਹੈ। ਗਲੇ ਦੀ ਇਨਫੈਕਸ਼ਨ ਦਾ ਆਮ ਕਾਰਨ ਗਰੁੱਪ ਸਟ੍ਰੈਪਟੋਕੋਕਸ (ਜੀਏਬੀਐਚਐਸ) ਹੈ। ਵਾਇਰਸ 5 ਤੋਂ 16 ਸਾਲ ਦੇ ਬੱਚਿਆਂ ਵਿਚ 72% ਗਲੇ ਦਾ ਕਾਰਨ ਬਣਦਾ ਹੈ। ਕਰੀਬਨ 96% ਪੰਜ ਸਾਲ ਤੋਂ ਘੱਟ ਉਮਰ ਦੇ ਬੱਚਿਆਂ 'ਤੇ ਅਟੈਕ ਕਰਦਾ ਹੈ।

ਸੋਰ-ਥਰੋਟ ਦੀ ਹਾਲਤ ਵਿਚ ਖਾਣ-ਪੀਣ ਦੀ ਚੀਜ਼ ਨੂੰ ਨਿਗਲਨਾ ਔਖਾ ਹੋ ਜਾਂਦਾ ਹੈ। ਦਰਦ, ਖਰਾਸ਼ ਘੱਟ ਜਾਂ ਜਿਆਦਾ ਅਤੇ ਲੰਬੇ



ਅਨਿਲ ਧੀਰ
ਕਾਲਮਨਿਸਟ
healthmedia1@hotmail.com

ਸਮੇਂ ਤੱਕ ਵੀ ਰਹਿ ਸਕਦੀ ਹੈ। ਗਲੇ ਅੰਦਰ ਨਾੜੀਆਂ ਸੁੱਜ ਜਾਂਦੀਆਂ ਹਨ। ਨਾਲ ਹੀ ਵਿਅਕਤੀ ਨੂੰ ਸਿਰ ਦਰਦ, ਜਿਸਮ ਦਰਦ ਨਾਲ ਬੁਖਾਰ ਹੋ ਜਾਂਦਾ ਹੈ। ਗਲੇ ਦੀ ਆਵਾਜ਼ ਗੰਦੀ, ਬੋਲਣਾ ਔਖਾ ਅਤੇ ਟਾਨਸਿਲ ਲਾਲ ਦਿਸਦੇ ਹਨ। ਗਲੇ ਅੰਦਰ ਖਰਾਸ਼ ਵਾਇਰਲ, ਬੈਕਟੀਰੀਅਲ ਇਨਫੈਕਸ਼ਨ, ਕੋਵਿਡ ਦੇ ਵੇਰੀਐਂਟਸ, ਜ਼ੁਕਾਮ, ਫਲੂ, ਖਾਂਸੀ, ਐਲਰਜੀ, ਖੁਸ਼ਕ ਹਵਾ, ਇੰਡਸਟਰੀਅਲ, ਮੌਸਮੀ ਪ੍ਰਦੂਸ਼ਨ, ਤੰਬਾਕੂਨੋਸ਼ੀ ਦਾ ਧੂੰਆ, ਮਸਾਲੇਦਾਰ ਭੋਜਨ, ਮੱਸਲ-ਤਣਾਅ, ਜੀਆਰਡੀ, ਅਤੇ ਐਚਆਈਵੀ ਇਨਫੈਕਸ਼ਨ, ਜੀਭ, ਗਲੇ ਦਾ ਕੈਂਸਰ ਵਗੈਰਾ ਕਾਰਨ ਵੀ ਹੋ ਸਕਦਾ ਹੈ।




**ਗਲੇ ਦਾ ਰੱਖੋ ਖਿਆਲ :**

- ਆਪਣਾ ਖਾਣਾ-ਪੀਣਾ ਕਿਸੇ ਨਾਲ ਵੀ ਸਾਂਝਾ ਨਾ ਕਰੋ ਅਤੇ ਬਰਤਨ ਅਲੱਗ ਰੱਖੋ। ਪਰਸਨਲ ਸਫਾਈ ਦਾ ਪੂਰਾ ਧਿਆਣ ਰੱਖਣਾ ਚਾਹੀਦਾ ਹੈ। ਸੈਨੀਟਾਈਜ਼ਰ ਇਸਤੇਮਾਲ ਕਰੋ। ਨੱਕ-ਮੂੰਹ ਮਾਸਕ ਨਾਲ ਕਵਰ ਕਰੋ
- ਸਟ੍ਰੈਪ ਥਰੋਟ ਦੀ ਇਨਫੈਕਸ਼ਨ ਵਾਲੇ ਬੱਚੇ, ਅਤੇ ਬਾਹਰ ਕੰਮ ਕਰਨ ਵਾਲਿਆਂ ਨੂੰ ਡਾਕਟਰੀ ਸਲਾਹ ਨਾਲ ਇਲਾਜ ਸ਼ੁਰੂ ਕਰਨ ਨਾਲ ਘਰ ਹੀ ਆਰਾਮ ਕਰਨਾ ਚਾਹੀਦਾ ਹੈ।
- ਅਦਰਕ ਵਾਲੇ ਗਰਮ ਪਾਣੀ ਵਿਚ 1 ਚਮਚ ਸ਼ਹਿਦ ਮਿਲਾ ਕੇ ਦਿਨ ਵਿਚ 3-4 ਬਾਰ ਪੀਓ।
- ਸੋਜਸ਼ ਅਤੇ ਬੈਕਟੀਰੀਆ ਦੇ ਅਸਰ ਨੂੰ ਘਟਾਉਣ ਲਈ ਕੋਸੇ ਨਮਕ ਵਾਲੇ ਪਾਣੀ ਦੇ ਗਰਾਰੇ (ਗਾਰਗਲ) 2-3 ਬਾਰ ਕਰੋ।
- ਤਾਜ਼ੀ ਵੇਜੀਟੇਬਲ-ਸੂਪ, ਚਿਕਨ-ਸੂਪ, ਗਰਮ ਪਾਣੀ ਅਤੇ ਗ੍ਰੀਨ-ਟੀ, ਗਰਮ ਕਾਫੀ ਬਾਰ-ਬਾਰ ਪੀਂਦੇ ਰਹੋ।
- ਬੈਡਰੂਮ ਅੰਦਰ ਕੂਲ-ਫਾਸਟ ਵੱਪੋਰਾਈਜ਼ਰ ਜਾਂ ਹਿਮਡਿਫਾਇਰ ਦਾ ਇਸਤੇਮਾਲ ਕਰੋ। ਇਹ ਗਲੇ ਅੰਦਰ ਜਿਆਦਾ ਖੁਸ਼ਕੀ ਨਹੀਂ ਹੋਣ ਦੇਵੇਗਾ।
- ਪੇਪਰਮਿੰਟ ਯੁਕਤ ਚੂਸਨ ਵਾਲੀ ਕਫ ਕੈਂਡੀ 5-6 ਤੱਕ ਚੂਸ ਸਕਦੇ ਹੋ। ਪੇਪਰਮਿੰਟ ਵਿਚ ਮੌਜੂਦ ਮੇਨਥੋਲ ਜੋ ਐਂਟੀ-ਇਨਫਲੇਮੇਂਟਰੀ, ਐਂਟੀ-ਬੈਕਟੀਰੀਅਲ ਅਤੇ ਐਂਟੀਵਾਇਰਲ ਹੋਣ ਕਰਕੇ ਗਲੇ ਦੀ ਤਕਲੀਫ ਵਿਚ ਆਰਾਮ ਮਿਲਦਾ ਹੈ।
- ਦੇਸੀ ਮੁਲੱਠੀ ਦਾ ਚੂਰਨ 2-ਚੁਟਕੀ ਸ਼ਹਿਦ ਵਿਚ ਮਿਕਸ ਕਰਕੇ ਕੱਝ ਦਿਨ ਰੋਜਾਨਾਂ 3 ਬਾਰ ਇਸਤੇਮਾਲ ਕਰੋ।
- ਜੇ ਤੁਸੀਂ ਸਿਗਰੇਟ ਪੀਂਦੇ ਹੋ, ਤਾਂ ਛੱਡ ਦਿਓ। ਸਿਗਰੇਟ ਦਾ ਧੂੰਆ ਗਲੇ ਅੰਦਰ ਇਰੀਟੇਸ਼ਨ ਵਧਾ ਦਿੰਦਾ ਹੈ।
- ਸਰੀਰ ਅੰਦਰ ਇਮਉਨਿਟੀ ਬਰਕਰਾਰ ਰੱਖਣ ਲਈ ਸਬਜ਼ੀਆਂ ਵਿਚ ਅਦਰਕ, ਲਸਣ, ਪਿਆਜ਼, ਸਲਾਦ 'ਚ ਆਂਵਲਾ, ਸੰਤਰਾ, ਕੀਵੀ, ਸਟ੍ਰਾਬਰੀ, ਰਸਬੇਰੀ, ਨਿੰਬੂ-ਪਾਣੀ 'ਤੇ ਫੂਡ ਸਪਲੀਮੈਂਟਸ, ਵਿਟਾਮਿਨ-ਸੀ, ਈ, ਜ਼ਿੰਕ ਅਤੇ ਮੈਗਨੀਸ਼ੀਅਮ ਨੂੰ ਆਪਣੀ ਖੁਰਾਕ ਵਿਚ ਸ਼ਾਮਿਲ ਕਰੋ।
- ਦਰਦ ਦੀ ਹਾਲਤ ਵਿੱਚ ਪੇਨ-ਕਿਲਰ ਟੇਬਲੇਟ, ਕਫ ਸਿਰਪ ਵੀ ਲੈ ਸਕਦੇ ਹੋ।

**ਨੋਟ:** ਲਗਾਤਾਰ ਗਲਾ ਖਰਾਬ ਰਹਿਣ, ਖੰਘ, ਅਤੇ ਤੇਜ਼ ਬੁਖਾਰ ਦੀ ਹਾਲਤ ਵਿਚ ਆਪਣੇ ਫੈਮਿਲੀ ਡਾਕਟਰ ਦੀ ਸਲਾਹ ਲੈਣੀ ਚਾਹੀਦੀ ਹੈ। ਲਾਪ੍ਰਵਾਹੀ ਅਤੇ ਮਸਾਲੇਦਾਰ ਜੰਕ ਫੂਡ ਤਕਲੀਫ ਵੱਧਾ ਸਕਦੀ ਹੈ।

# ਮਾਂ ਬੱਚੇ ਨੂੰ ਦੁੱਧ ਜ਼ਰੂਰ ਪਿਆਵੇ



ਮਾਂ ਅਤੇ ਬੱਚੇ 'ਚ ਜੇਕਰ ਰਿਸ਼ਤਾ ਗੂੜ੍ਹਾ ਕਾਇਮ ਹੁੰਦਾ ਹੈ ਤਾਂ ਉਹ ਮਾਂ ਵਲੋਂ ਬੱਚੇ ਨੂੰ ਆਪਣਾ ਦੁੱਧ ਪਿਆਉਣਾ ਹੈ। ਮਾਂ ਦੇ ਦੁੱਧ 'ਚੋਂ ਬੱਚੇ ਨੂੰ ਪੌਸ਼ਟਿਕਤਾ ਮਿਲਦੀ ਹੈ, ਜੋ ਡੱਬਾ ਬੰਦ ਦੁੱਧ ਵਿਚੋਂ ਨਹੀਂ ਮਿਲ ਪਾਉਂਦੀ।

ਮਾਂ ਦਾ ਦੁੱਧ ਬੱਚੇ ਦਾ ਬੌਧਿਕ ਵਿਕਾਸ ਕਰਦਾ ਹੈ ਅਤੇ ਰੋਗਾਂ ਨਾਲ ਲੜਨ ਦੀ ਸ਼ਕਤੀ ਦਿੰਦਾ ਹੈ, ਜਿਸ ਕਾਰਨ ਬੱਚੇ ਦੇ ਫੇਫੜੇ ਅਤੇ ਪਾਚਣਤੰਤਰ ਦੀਆਂ ਬਿਮਾਰੀਆਂ ਨਾਲ ਹੋਣ ਵਾਲੀ ਸੰਭਾਵਨਾ ਲਗਭਗ ਖ਼ਤਮ ਹੋ ਜਾਂਦੀ ਹੈ। ਡਾਕਟਰਾਂ ਦਾ ਮੰਨਣਾ ਹੈ ਕਿ ਨਵਜਨਮੇ ਬੱਚੇ ਨੂੰ ਸ਼ੁਰੂ ਤੋਂ ਹੀ ਜੇਕਰ ਮਾਂ ਦਾ ਦੁੱਧ ਮਿਲਦਾ ਰਹੇ ਤਾਂ ਉਹ ਸਿਹਤਮੰਦ ਅਤੇ ਲੰਬੀ ਉਮਰ ਦਾ ਹੁੰਦਾ ਹੈ।

ਦੁੱਧ ਇਕ ਸੰਪੂਰਨ ਖੁਰਾਕ ਹੈ, ਇਸ ਲਈ ਨਵਜਨਮੇ ਬੱਚਿਆਂ ਨੂੰ ਜਨਮ ਤੋਂ ਕੁਝ ਘੰਟਿਆਂ ਦੇ ਅੰਦਰ ਜੇਕਰ ਮਾਂ ਆਪਣਾ ਦੁੱਧ ਪਿਆਉਂਦੀ ਹੈ ਤਾਂ ਉਸ ਨੂੰ ਮਿਰਗੀ ਅਤੇ ਦਿਮਾਗ ਨਾਲ ਸੰਬੰਧਿਤ ਰੋਗ ਲੱਗਣ ਤੋਂ ਬਚਾਅ ਹੁੰਦਾ ਹੈ। ਇਕ ਤਾਜ਼ਾ ਰਿਪੋਰਟ ਅਨੁਸਾਰ ਇਹ ਗੱਲ ਸਪੱਸ਼ਟ ਹੋਈ ਹੈ ਕਿ ਮਾਂ ਦਾ ਦੁੱਧ ਪੀਣ ਵਾਲੇ ਬੱਚਿਆਂ 'ਚ ਗੁਲੂਕੋਜ਼ ਦੀ ਭਰਪੂਰ ਮਾਤਰਾ ਮਿਲਦੀ ਹੈ।

**ਓਪਰਾ ਜਾਂ ਡੱਬਾਬੰਦ ਦੁੱਧ ਪਿਲਾਉਣ ਦੇ ਨੁਕਸਾਨ**

- ਡੱਬਾਬੰਦ ਦੁੱਧ ਕਦੀ ਵੀ ਤਾਜ਼ਾ ਨਹੀਂ ਹੁੰਦਾ ਅਤੇ ਨਾ ਹੀ ਸਰੀਰ ਦੇ ਅਨੁਕੂਲ ਹੁੰਦਾ ਹੈ, ਇਸ ਨਾਲ ਕੀ ਨੁਕਸਾਨ ਹੋ ਸਕਦੇ ਹਨ, ਇਹ ਤੁਸੀਂ ਵੀ ਨਹੀਂ ਜਾਣਦੇ।
- ਚਰਬੀ ਦੀ ਮਾਤਰਾ ਸਹੀ ਨਹੀਂ ਹੁੰਦੀ।
- ਓਪਰਾ ਦੁੱਧ ਹਰ ਬੱਚਾ ਹਜ਼ਮ ਕਰ ਲਏ, ਇਹ ਜ਼ਰੂਰੀ ਨਹੀਂ ਹੁੰਦਾ। ਇਸ ਨਾਲ ਉਸ ਦੇ ਪੇਟ ਵਿਚ ਦਰਦ, ਗੈਸ, ਕਬਜ਼ ਆਦਿ ਵਰਗੀਆਂ ਸਮੱਸਿਆਵਾਂ ਪੈਦਾ ਹੋ ਸਕਦੀਆਂ ਹਨ।
- ਡੱਬਾਬੰਦ ਦੁੱਧ ਪਿਲਾਉਣਾ, ਬੱਚੇ ਦਾ ਪੇਟ ਭਰਨਾ ਹੀ ਹੈ ਪਰ ਉਸ ਦੇ ਸਰੀਰਕ ਵਿਕਾਸ ਦੇ ਵਿਰੁੱਧ ਹੈ।
- ਬੱਚੇ 'ਚ ਰੋਗ ਰੋਕੂ ਸਮਰੱਥਾ ਦੀ ਘਾਟ ਪਾਈ ਜਾਂਦੀ ਹੈ। ਅਜਿਹੇ ਬੱਚੇ ਸਹੀ ਤਰੀਕੇ ਨਾਲ ਕੰਮ ਨਹੀਂ ਕਰਨ ਤੋਂ ਅਸਮਰੱਥ ਹੁੰਦੇ ਹਨ।
- ਜਿਗਰ ਸੰਬੰਧੀ ਰੋਗ ਅਜਿਹੇ ਹੀ ਬੱਚਿਆਂ 'ਚ ਦੇਖਣ ਨੂੰ ਮਿਲਦੇ ਹਨ।
- ਡੱਬਾਬੰਦ ਦੁੱਧ ਕਈ ਦਿਨ ਪਹਿਲਾਂ ਪੈਕ ਕੀਤਾ ਜਾਂਦਾ ਹੈ, ਜੋ ਬੱਚਿਆਂ ਦੀ ਸਿਹਤ ਪੱਖ ਤੋਂ ਠੀਕ ਨਹੀਂ ਹੈ।

ਦੁੱਧ ਪਿਲਾਉਂਦੇ ਸਮੇਂ ਅਸੀਂ ਜਿਸ ਬੋਤਲ ਦੀ ਵਰਤੋਂ ਕਰਦੇ ਹਾਂ, ਉਸ ਦੀ ਸਾਫ਼-ਸਫ਼ਾਈ 'ਚ ਜ਼ਰਾ ਜਿੰਨੀ ਵੀ ਗ਼ਲਤੀ ਹੋ ਜਾਵੇ, ਤਾਂ ਬੱਚੇ ਨੂੰ ਨੁਕਸਾਨ ਪਹੁੰਚ ਸਕਦਾ ਹੈ। ਇਸ ਨਾਲ ਡਾਇਰੀਆ, ਉਲਟੀ ਵਰਗੀਆਂ ਸ਼ਿਕਾਇਤਾਂ ਹੋ ਸਕਦੀਆਂ ਹਨ। ਇਸ ਲਈ ਬੱਚੇ ਦੀ ਦੁੱਧ ਪਿਲਾਉਣ ਤੋਂ 8 ਘੰਟੇ ਪਹਿਲਾਂ ਇਕ ਵਾਰ ਬੋਤਲ ਅਤੇ ਨਿੱਪਲ ਨੂੰ ਪਾਣੀ 'ਚ ਉਬਾਲ ਕੇ ਹੀ ਪਿਲਾਉਣਾ ਚਾਹੀਦਾ ਹੈ।

ਬਾਜ਼ਾਰ ਵਿਚ ਉਪਲਬੱਧ ਪਲਾਸਟਿਕ ਦੇ ਨਿੱਪਲ ਸਹੀ ਨਹੀਂ ਹੁੰਦੇ, ਜਿਸ ਨਾਲ ਬੱਚੇ ਨੂੰ ਦੁੱਧ ਪੀਣ ਸਮੇਂ ਜ਼ੋਰ ਲਗਾਉਣਾ ਪੈਂਦਾ ਹੈ। ਇਸ ਕਾਰਨ ਉਸ ਦਾ ਮੂੰਹ ਅਤੇ ਤਾਲੂ ਪ੍ਰਭਾਵਿਤ ਹੁੰਦਾ ਹੈ ਅਤੇ ਇਸ ਦਾ ਅਸਰ ਦਿਮਾਗ਼ 'ਤੇ ਪੈਂਦਾ ਹੈ।

ਬਾਜ਼ਾਰਾਂ ਵਿਚ ਉਪਲਬੱਧ ਡੱਬਾਬੰਦ ਦੁੱਧ ਪੂਰਨ ਤੌਰ 'ਤੇ ਸ਼ੁੱਧ ਹੋਵੇ ਇਸ ਦੀ ਗਾਰੰਟੀ ਨਹੀਂ ਹੈ। ਇਸ ਲਈ ਬ੍ਰਾਂਡਿਡ ਕੰਪਨੀ ਦਾ ਦੁੱਧ ਹੀ ਕੁਝ ਹੱਦ ਤੱਕ ਬੱਚਿਆਂ ਲਈ ਸਰਬੋਤਮ ਹੋ ਸਕਦਾ ਹੈ।

ਇਸ ਲਈ ਬੱਚਿਆਂ ਦੀ ਸਿਹਤ ਦਾ ਧਿਆਨ ਰੱਖਦੇ ਹੋਏ ਮਾਂ ਨੂੰ ਹੀ ਆਪਣਾ ਦੁੱਧ ਬੱਚੇ ਨੂੰ ਪਿਲਾਉਣਾ ਚਾਹੀਦਾ ਹੈ, ਇਹੀ ਮਾਂ ਦਾ ਫ਼ਰਜ਼ ਹੈ, ਤਾਂ ਕਿ ਬੱਚਾ ਮਾਂ ਦੇ ਪਿਆਰ ਤੋਂ ਵਾਂਝਾ ਨਾ ਰਹੇ।

CAPITAL SERVICES
ਸਾਰੀਆਂ ਸੇਵਾਵਾਂ ਇਕੋ ਥਾਂ
Capital services
*ਇੰਡੀਅਨ ਪਾਸਪੋਰਟ
*ਇੰਡੀਅਨ ਵੀਜਾ, OCI
*ਮੁਖਤਿਆਰਨਾਮਾ
*ਇਮੀਗਰੇਸ਼ਨ ਸਰਵਿਸਜ
*ਸਿਟੀਜਨ, ਗਰੀਨ ਕਾਰਡ
*ਫੈਮਲੀ ਪਟੀਸ਼ਨ



– ਹੋਰ ਸੇਵਾਵਾਂ –
*ਕਾਰ ਟਰਾਂਸਫਰ/ਸਟਿੱਕਰ, *ਇੰਸ਼ੋਰੈਂਸ: ਕਾਰ, ਘਰ ਤੇ ਬਿਜਨਸ
*ਲਾਈਵ ਸਕੈਨ/ਫਿੰਗਰ ਪ੍ਰਿੰਟ, *ਨੋਟਰੀ ਪਬਲਿਕ *ਮੇਲ ਬੌਕਸ
*ਫੈਕਸ, ਕਾਪੀ, ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ।
ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਤਾਂ ਇੰਟਰਨੈਸ਼ਨਲ ਡਰਾਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ।
Call, Banga (916) 427-4321, Fax (916) 258-0441
email: sacramento99@yahoo.com, website: capitalservices.us

# ਕੰਪਿਊਟਰ ਸਾਖਰਤਾ ਹੈ ਸਮੇਂ ਦੀ ਵੱਡੀ ਜ਼ਰੂਰਤ




*ਕੰਪਿਊਟਰ ਸਿੱਖਿਆ ਰਾਹੀਂ ਹੀ ਵਿਦਿਆਰਥੀ ਹੋਰ ਵਿਸ਼ੇ ਵਿਚ ਵੀ ਪਰਪੱਕ ਹੋ ਸਕਦੇ ਹਨ। ਉਦਾਹਰਨ ਦੇ ਤੌਰ 'ਤੇ ਆਨਲਾਈਨ ਲਾਇਬ੍ਰੇਰੀ, ਵਰਚੂਅਲ ਲੈਬ, ਯੂਟਿਊਬ ਚੈਨਲ, ਆਨਲਾਈਨ ਟਿਊਟਰ ਆਦਿ ਜਿਹੀਆਂ ਸੁਵਿਧਾਵਾਂ ਸੂਚਨਾ ਤਕਨੀਕ ਦੀ ਜਾਣਕਾਰੀ ਰੱਖਣ ਵਾਲਾ ਵਿਦਿਆਰਥੀ ਹੀ ਪ੍ਰਾਪਤ ਕਰ ਸਕਦਾ ਹੈ।*

**ਜਗਜੀਤ ਸਿੰਘ ਗਣੇਸ਼ਪੁਰ**

ਕੰਪਿਊਟਰ ਸਾਖਰਤਾ ਦੀ ਮਹੱਤਤਾ ਦਿਨ-ਬ-ਦਿਨ ਵਧ ਰਹੀ ਹੈ ਅਤੇ ਵਿਦਿਆਰਥੀਆਂ ਨੂੰ ਕੰਪਿਊਟਰ ਸਾਖਰ ਬਣਾਉਣਾ ਜ਼ਰੂਰੀ ਹੋ ਗਿਆ ਹੈ। ਇਸ ਲਿਹਾਜ਼ ਨਾਲ ਜੇਕਰ ਅੱਜ ਦੇ ਯੁੱਗ ਨੂੰ 'ਕੰਪਿਊਟਰ ਦਾ ਯੁੱਗ' ਕਹੀਏ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਸਿੱਖਿਆ ਤੋਂ ਲੈ ਕੇ ਸਿਹਤ ਤੱਕ, ਵਪਾਰ ਤੋਂ ਲੈ ਕੇ ਮਨੋਰੰਜਨ ਤੱਕ ਅਤੇ ਆਵਾਜਾਈ ਤੋਂ ਲੈ ਕੇ ਖੋਜ ਵਿਗਿਆਨ ਤੱਕ, ਲਗਪਗ ਹਰ ਖੇਤਰ ਵਿਚ ਕੰਪਿਊਟਰ ਨੇ ਆਪਣੀ ਉਪਯੋਗਤਾ ਸਾਬਿਤ ਕੀਤੀ ਹੈ। ਅੱਜ ਅਸੀਂ ਕੰਪਿਊਟਰ ਤੋਂ ਬਿਨਾਂ ਆਪਣੀ ਤਕਨਾਲੋਜੀ ਦੇ ਵਿਕਾਸ ਦੀ ਕਲਪਨਾ ਵੀ ਨਹੀਂ ਕਰ ਸਕਦੇ।

ਮੌਜੂਦਾ ਸਿੱਖਿਆ ਪ੍ਰਣਾਲੀ ਅਤੇ ਵਿਸ਼ਵੀਕਰਨ ਦੇ ਇਸ ਦੌਰ ਵਿਚ ਕੰਪਿਊਟਰ ਵਿਸ਼ੇ ਦੀ ਮਹੱਤਤਾ ਨੂੰ ਸਮਝਦੇ ਹੋਏ ਹਰ ਸਾਲ ਕੰਪਿਊਟਰ ਸਾਖਰਤਾ ਦਿਵਸ 2 ਦਸੰਬਰ ਨੂੰ ਪੂਰੀ ਦੁਨੀਆ ਵਿਚ ਵੱਡੇ ਪੱਧਰ 'ਤੇ ਮਨਾਇਆ ਜਾਂਦਾ ਹੈ। ਇਸ ਦਿਨ ਦੀ ਸ਼ੁਰੂਆਤ ਭਾਰਤੀ ਕੰਪਿਊਟਰ ਕੰਪਨੀ (ਨਿਟ-ਨੈਸ਼ਨਲ ਇੰਸਟੀਚਿਊਟ ਆਫ ਇਨਫਰਮੇਸ਼ਨ ਟੈਕਨਾਲੋਜੀ) ਵੱਲੋਂ ਸਾਲ 2001 ਵਿਚ ਕੀਤੀ ਗਈ ਸੀ। 'ਨਿਟ' ਦਾ ਇਸ ਦਿਨ ਨੂੰ ਮਨਾਉਣ ਦਾ ਮਕਸਦ ਵੱਧ ਤੋਂ ਵੱਧ ਵਿਦਿਆਰਥੀਆਂ ਨੂੰ ਕੰਪਿਊਟਰ ਸਿੱਖਿਆ ਦੀ ਮਹੱਤਤਾ ਬਾਰੇ ਜਾਗਰੂਕ ਕਰਨਾ ਸੀ। ਕੰਪਿਊਟਰ ਇਕ ਲਾਤੀਨੀ ਸ਼ਬਦ ਹੈ ਜਿਸ ਦਾ ਅਰਥ ਹੈ 'ਹਿਸਾਬ ਲਗਾਉਣਾ', ਗਿਣਨਾ', 'ਸੰਖੇਪ ਵਿਚ ਜੋੜਨਾ' ਜਾਂ 'ਇਕੱਠੇ ਸੋਚਣਾ'। ਵਧੇਰੇ ਸਪਸ਼ਟ ਤੌਰ 'ਤੇ ਕੰਪਿਊਟਰ ਸ਼ਬਦ ਦਾ ਅਰਥ ਹੈ ਇਕ 'ਉਪਕਰਨ ਜੋ ਗਣਨਾ ਕਰਦਾ ਹੈ'। ਇਕ ਕੰਪਿਊਟਰ ਸਿਸਟਮ ਇਕ 'ਪੂਰਾ' ਕੰਪਿਊਟਰ ਹੁੰਦਾ ਹੈ ਜਿਸ ਵਿਚ ਹਾਰਡਵੇਅਰ, ਆਪਰੇਟਿੰਗ ਸਿਸਟਮ (ਮੁੱਖ ਸਾਫਟਵੇਅਰ) ਅਤੇ ਪੈਰੀਫਿਰਲ ਉਪਕਰਨ (ਮਾਊਸ, ਕੀਬੋਰਡ, ਪ੍ਰਿੰਟਰ ਆਦਿ) ਸ਼ਾਮਲ ਹੁੰਦੇ ਹਨ ਜੋ ਕਿ ਸੰਪੂਰਨ ਸੰਚਾਲਨ ਲਈ ਵਰਤੇ ਜਾਂਦੇ ਹਨ। ਚਾਰਲਸ ਬੈਬੇਜ਼' ਜਿਸ ਨੂੰ 'ਕੰਪਿਊਟਰ ਦਾ ਪਿਤਾਮਾ' ਕਿਹਾ ਜਾਂਦਾ ਹੈ, ਨੇ ਸੰਸਾਰ ਦਾ ਪਹਿਲਾ ਮਕੈਨੀਕਲ ਕੰਪਿਊਟਰ 'ਡਿਫਿਰਸ ਇੰਜਨ' ਈਜਾਦ ਕੀਤਾ ਸੀ। ਡਿਫਿਰਸ ਇੰਜਨ ਤੋਂ ਸ਼ੁਰੂ ਹੋਇਆ ਇਹ ਸਫ਼ਰ ਮੌਜੂਦਾ ਸਮੇਂ ਦੇ ਸੁਪਰ ਕੰਪਿਊਟਰ ਤੱਕ ਆ ਪਹੁੰਚਿਆ ਹੈ ਅਤੇ ਭਵਿੱਖ ਵਿਚ ਇਸ ਦੇ ਜਿਹੜੇ ਰੂਪ ਸਾਡੇ ਸਾਹਮਣੇ ਆਉਣਗੇ, ਸ਼ਾਇਦ ਉਹ ਸਾਡੀ ਕਲਪਨਾ ਤੋਂ ਵੀ ਪਰੇ ਹੋਣਗੇ।


ਕੰਪਿਊਟਰ ਸਾਖਰਤਾ ਕੰਪਿਊਟਰ ਨੂੰ ਕੁਸ਼ਲਤਾ ਅਤੇ ਪ੍ਰਭਾਵੀ ਢੰਗ ਨਾਲ ਵਰਤਣ ਦੀ ਯੋਗਤਾ ਜਾਂ ਗਿਆਨ ਹੈ। ਕੰਪਿਊਟਰ ਸਿੱਖਿਆ ਨੂੰ ਦੋ ਮੁੱਖ ਸ਼੍ਰੇਣੀਆਂ ਵਿਚ ਵੰਡਿਆ ਜਾ ਸਕਦਾ ਹੈ : ਬੇਸਿਕ (ਬੁਨਿਆਦੀ) ਕੰਪਿਊਟਰ ਸਿੱਖਿਆ ਅਤੇ ਐਡਵਾਂਸਡ (ਉੱਨਤ) ਕੰਪਿਊਟਰ ਸਿੱਖਿਆ। ਬੇਸਿਕ ਕੰਪਿਊਟਰ ਐਜੂਕੇਸ਼ਨ : ਬੁਨਿਆਦੀ ਕੰਪਿਊਟਰ ਐਜੂਕੇਸ਼ਨ ਕੰਪਿਊਟਰ ਦੇ ਮੁੱਢਲੇ ਗਿਆਨ ਤੱਕ ਸੀਮਤ ਹੈ ਜਿਵੇਂ ਕਿ ਹਾਰਡਵੇਅਰ, ਸਾਫਟਵੇਅਰ, ਆਪਰੇਟਿੰਗ ਸਿਸਟਮ ਅਤੇ ਇੰਟਰਨੈੱਟ ਦੀ ਵਰਤੋਂ। ਆਮ ਵਰਤੋਂ ਵਾਲੇ ਸਾਫਟਵੇਅਰ ਕਿਵੇਂ ਵਰਤਣੇ ਜਿਵੇਂ ਕਿ ਵਰਡ ਪ੍ਰੋਸੈਸਰ, ਸਪ੍ਰੈਡਸ਼ੀਟ ਅਤੇ ਪੇਸ਼ਕਾਰੀ ਸਾਫਟਵੇਅਰ ਆਦਿ। ਕੰਪਿਊਟਰ ਦੀ ਵਰਤੋਂ ਕਰ ਕੇ ਅਸੀਂ ਦਸਤਾਵੇਜ਼ ਬਣਾ/ਸੋਧ ਸਕਦੇ ਹਾਂ, ਈਮੇਲ ਭੇਜ/ਪ੍ਰਾਪਤ ਕਰ ਸਕਦੇ ਹਾਂ, ਇੰਟਰਨੈੱਟ 'ਤੇ ਜਾਣਕਾਰੀ ਬ੍ਰਾਊਜ਼ ਕਰ ਸਕਦੇ ਹਾਂ। ਵਰਤਮਾਨ ਸਮੇਂ ਮਾਊਸ ਦੇ ਇਕ ਕਲਿੱਕ ਨਾਲ ਵਿਦਿਆਰਥੀ ਗਿਆਨ ਰੂਪੀ ਸਮੁੰਦਰ ਵਿਚ ਚੁੱਭੀ ਲਾ ਸਕਦੇ ਹਨ ਜੋ ਕਿ ਪੁਰਾਤਨ ਸਮਿਆਂ ਅੰਦਰ ਸੰਭਵ ਨਹੀਂ ਸੀ। ਕੰਪਿਊਟਰ ਅਤੇ ਇੰਟਰਨੈੱਟ ਨੇ ਜੋ ਗਿਆਨ ਪਸਾਰ ਦੇ ਰਾਹ ਖੋਲ੍ਹੇ ਹਨ, ਉਸ ਨਾਲ ਵਿਦਿਆਰਥੀ ਵਰਗ ਬਹੁਤ ਉਤਸ਼ਾਹਤ ਹੈ। ਓਧਰ ਐਡਵਾਂਸਡ ਕੰਪਿਊਟਰ ਐਜੂਕੇਸ਼ਨ ਕੰਪਿਊਟਰ ਸਾਇੰਸ ਦੇ ਖ਼ਾਸ ਖੇਤਰਾਂ ਜਿਵੇਂ ਕਿ ਪ੍ਰੋਗਰਾਮਿੰਗ, ਨੈੱਟਵਰਕਿੰਗ ਅਤੇ ਸੁਰੱਖਿਆ 'ਤੇ ਕੇਂਦਰਿਤ ਹੈ। ਇਸ ਤੋਂ ਭਾਵ ਹੈ ਸਾਫਟਵੇਅਰ ਐਪਲੀਕੇਸ਼ਨਾਂ ਨੂੰ ਵਿਕਸਤ ਕਰਨਾ, ਕੰਪਿਊਟਰ ਨੈੱਟਵਰਕਾਂ ਨੂੰ ਡਿਜ਼ਾਈਨ ਕਰਨਾ ਅਤੇ ਲਾਗੂ ਕਰਨਾ ਆਦਿ।

ਅੱਜ ਦੇ ਸਮੇਂ ਸ਼ਾਇਦ ਹੀ ਕੋਈ ਅਜਿਹਾ ਪੇਸ਼ਾ ਹੋਵੇਗਾ ਜਿਸ ਵਿਚ ਕੰਪਿਊਟਰ ਦੀ ਵਰਤੋਂ ਨਾ ਹੋ ਰਹੀ ਹੋਵੇ। ਦਾਖ਼ਲਾ, ਪ੍ਰਵੇਸ਼ ਪ੍ਰੀਖਿਆਵਾਂ ਆਨਲਾਈਨ ਹੋ ਰਹੀਆਂ ਹਨ। ਇਸ ਲਈ ਕੰਪਿਊਟਰ ਗਿਆਨ ਤਾਂ ਹਰ ਕਿਸੇ ਲਈ ਲਾਜ਼ਮੀ ਹੁੰਦਾ ਜਾ ਰਿਹਾ ਹੈ। ਵੱਡੀਆਂ-ਵੱਡੀਆਂ ਮਲਟੀਨੈਸ਼ਨਲ ਕੰਪਨੀਆਂ ਵਿਚ ਇਸ ਸਮੇਂ ਸੂਚਨਾ ਤਕਨੀਕ ਨਾਲ ਸਬੰਧਤ ਕੰਪਨੀਆਂ ਦੀ ਸਰਦਾਰੀ ਹੈ। ਕੰਪਿਊਟਰ ਖੇਤਰ ਵਿਚ ਕੰਪਿਊਟਰ ਪ੍ਰੋਗਰਾਮਰ, ਐਪਲੀਕੇਸ਼ਨ ਡਿਵੈਲਪਰ, ਡਾਟਾ ਵਿਸ਼ਲੇਸ਼ਕ, ਏਆਈ (ਆਰਟੀਫੀਸ਼ੀਅਲ ਇੰਟੈਲੀਜੈਂਸ), ਇੰਜੀਨੀਅਰ, ਸਾਈਬਰ ਸੁਰੱਖਿਆ ਵਿਸ਼ਲੇਸ਼ਕ, ਗੇਮ ਡਿਵੈਲਪਰ, ਮਸ਼ੀਨ ਲਰਨਿੰਗ ਇੰਜੀਨੀਅਰ, ਨੈੱਟਵਰਕ ਇੰਜੀਨੀਅਰ, ਵੈੱਬ ਡਿਜ਼ਾਈਨਰ, ਐਪਲੀਕੇਸ਼ਨ ਡਿਜ਼ਾਈਨਰ, ਡਾਟਾ ਪ੍ਰਬੰਧਕ, ਸਾਫਟਵੇਅਰ ਟੈਸਟਰ, ਨੈੱਟਵਰਕ ਪ੍ਰਬੰਧਕ, ਪ੍ਰਾਜੈਕਟ ਮੈਨੇਜਰ, ਹਾਰਡਵੇਅਰ ਇੰਜੀਨੀਅਰ ਆਦਿ ਮਾਹਿਰ ਵਿਅਕਤੀਆਂ ਦੀ ਹਮੇਸ਼ਾ ਭਾਰੀ ਮੰਗ ਬਣੀ ਰਹਿੰਦੀ ਹੈ।

ਪੰਚਾਇਤ ਦੇ ਕੰਮਕਾਰ ਤੋਂ ਲੈ ਕੇ ਉੱਚ ਪੱਧਰੀ ਦਫ਼ਤਰਾਂ ਅਤੇ ਸਰਕਾਰੀ ਯੋਜਨਾਵਾਂ ਨੂੰ ਈ-ਗਵਰਨੈਂਸ ਰਾਹੀਂ ਆਮ ਲੁਕਾਈ ਤੱਕ ਕੰਪਿਊਟਰ ਗਿਆਨ ਰਾਹੀਂ ਹੀ ਪਹੁੰਚਾਇਆ ਜਾ ਸਕਦਾ ਹੈ। ਕੰਪਿਊਟਰ ਸਾਖਰਤਾ ਵਿਸ਼ਵ ਔਸਤ ਜਿਵੇਂ ਕਿ 'ਵਰਲਡ ਇਕਨਾਮਿਕ ਫੋਰਮ' ਦੁਆਰਾ ਨਿਰਧਾਰਤ ਕੀਤਾ ਗਿਆ ਹੈ, ਨੇ ਪਾਇਆ ਕਿ ਸੰਸਾਰ ਦੇ ਮੂਹਰਲੀ ਕਤਾਰ ਦੇ ਦੇਸ਼ਾਂ ਦਾ ਆਰਥਿਕ ਸਹਿਯੋਗ ਅਤੇ ਵਿਕਾਸ ਲਈ ਸੰਗਠਨ ਦੇ ਦੇਸ਼ ਇੰਨੇ ਕੰਪਿਊਟਰ ਸਾਖਰ ਨਹੀਂ ਹਨ ਜਿੰਨਾ ਕਿ ਕੋਈ ਉਮੀਦ ਕਰਦਾ ਹੈ। ਉਨ੍ਹਾਂ 'ਚ ਪੱਚੀ ਫ਼ੀਸਦ ਲੋਕ ਕੰਪਿਊਟਰ ਦੀ ਵਰਤੋਂ ਕਰਨਾ ਨਹੀਂ ਜਾਣਦੇ ਹਨ, ਘੱਟੋ-ਘੱਟ 45 ਫ਼ੀਸਦ ਦੀ ਦਰ ਮਾੜੀ ਹੈ ਅਤੇ ਸਿਰਫ਼ 30 ਪ੍ਰਤੀਸ਼ਤ ਔਸਤਨ ਤੋਂ ਮਜ਼ਬੂਤ ਯੋਗਤਾ ਰੱਖਦੇ ਹਨ। ਉੱਥੇ ਹੀ ਸਾਡੇ ਦੇਸ਼ 'ਚ ਇਕ ਰਿਪੋਰਟ ਅਨੁਸਾਰ 15-29 ਸਾਲ ਦੀ ਉਮਰ ਸਮੂਹ ਵਿਚ ਸਰਵੇਖਣ ਕੀਤੇ ਗਏ 40 ਫ਼ੀਸਦੀ ਤੋਂ ਵੱਧ ਭਾਰਤੀਆਂ ਨੇ ਦੱਸਿਆ ਕਿ ਉਨ੍ਹਾਂ ਨੂੰ ਕੰਪਿਊਟਰ 'ਤੇ ਫਾਈਲਾਂ ਨੂੰ ਸੰਭਾਲਣ ਦਾ ਮੁੱਢਲਾ ਹੁਨਰ ਹੈ। ਹੁਨਰ ਦਾ ਮੁਸ਼ਕਲ ਪੱਧਰ ਵਧਣ ਨਾਲ ਯੋਗਤਾਵਾਂ ਵਿਚ ਗਿਰਾਵਟ ਆਈ। ਇਸ ਸਰਵੇਖਣ ਵਿਚ ਇਹ ਵੀ ਸਾਹਮਣੇ ਆਇਆ ਕਿ ਸਿਰਫ 2.5 ਫ਼ੀਸਦੀ ਤੋਂ ਘੱਟ ਲੋਕਾਂ ਨੇ ਕਿਹਾ ਕਿ ਉਹ ਇਕ ਪ੍ਰੋਗਰਾਮਿੰਗ ਭਾਸ਼ਾ ਦੀ ਵਰਤੋਂ ਕਰ ਸਕਦੇ ਹਨ।

ਸੰਸਾਰੀਕਰਨ ਦੇ ਇਸ ਦੌਰ ਵਿਚ ਸਿੱਖਿਆ ਦੇ ਹਾਣੀ ਬਣਨਾ ਕੰਪਿਊਟਰ ਸਿੱਖਿਆ ਤੋਂ ਬਗੈਰ ਸੰਭਵ ਹੀ ਨਹੀਂ। ਪੰਜਾਬ ਸਰਕਾਰ ਨੇ ਇਸ ਹੀ ਲੋੜ ਨੂੰ ਵਾਜਿਬ ਸਮਝਦਿਆਂ ਸਾਲ 2005 ਵਿਚ ਪੰਜਾਬ ਦੇ ਸਰਕਾਰੀ ਸਕੂਲਾਂ ਅੰਦਰ ਕੰਪਿਊਟਰ ਸਿੱਖਿਆ ਆਰੰਭ ਕਰਵਾਈ ਸੀ ਜਿਸ ਦੀ ਹਰ ਪਾਸਿਓਂ ਸ਼ਲਾਘਾ ਹੋਈ ਸੀ ਪਰ ਸਮਾਂ ਗੁਜ਼ਰਨ ਦੇ ਨਾਲ ਇਸ ਵਿਚ ਹੋਰ ਸੁਧਾਰ ਦੀ ਲੋੜ ਹੈ। ਕੰਪਿਊਟਰ ਮਸ਼ੀਨ ਵਿਚ ਕੋਈ ਵੀ ਨੁਕਸ ਪੈਣ 'ਤੇ ਉਸ ਨੂੰ ਠੀਕ ਕਰਨ ਵਾਲੀਆਂ ਕੰਪਨੀਆਂ ਨਾਲ ਸਰਕਾਰ ਦਾ ਇਕਰਾਰ ਖ਼ਤਮ ਹੋ ਚੁੱਕਾ ਹੈ ਅਤੇ ਸਕੂਲਾਂ ਕੋਲ ਸੀਮਤ ਫੰਡ ਨਾਲ ਇਨ੍ਹਾਂ ਦੀ ਸਾਂਭ-ਸੰਭਾਲ ਕਰਨ ਵਿਚ ਮੁਸ਼ਕਲ ਆ ਰਹੀ ਹੈ। ਕੰਪਿਊਟਰ ਸਿੱਖਿਆ ਕਾਰਨ ਹੀ ਕੋਵਿਡ ਮਹਾਮਾਰੀ ਦੇ ਔਖੇ ਸਮੇਂ ਵਿਚ ਘਰ ਬੈਠੇ ਵਿਦਿਆਰਥੀਆਂ ਨਾਲ ਆਨਲਾਈਨ ਜਮਾਤਾਂ ਲਗਵਾਉਣਾ ਤੇ ਆਨਲਾਈਨ ਟੈਸਟ ਲੈਣਾ ਸੰਭਵ ਹੋਇਆ ਸੀ। ਕੰਪਿਊਟਰ ਸਿੱਖਿਆ ਦੇਣ ਵਾਲੇ ਕੰਪਿਊਟਰ ਅਧਿਆਪਕ ਵੀ ਪਿਛਲੇ ਲੰਬੇ ਸਮੇਂ ਤੋਂ ਆਪਣੀਆਂ ਹੱਕੀ ਮੰਗਾਂ ਲਈ ਸੰਘਰਸ਼ ਕਰਦੇ ਆ ਰਹੇ ਹਨ। ਪਰੰਤੂ ਹਰ ਸਰਕਾਰ ਨੇ ਉਨ੍ਹਾਂ ਲਈ ਲਾਰੇ-ਲੱਪਿਆਂ ਵਾਲੀ ਨੀਤੀ ਹੀ ਅਪਣਾਈ ਹੋਈ ਹੈ। ਮੌਜੂਦਾ ਸਰਕਾਰ ਵੀ ਕੰਪਿਊਟਰ ਅਧਿਆਪਕਾਂ ਦੀਆਂ ਮੰਗਾਂ ਨੂੰ ਨਜ਼ਰਅੰਦਾਜ਼ ਹੀ ਕਰ ਰਹੀ ਹੈ। ਪਿਛਲੇ ਸਾਲ ਦੀਵਾਲੀ 'ਤੇ ਐਲਾਨ ਕੀਤਾ ਤੋਹਫ਼ਾ ਜਿਸ ਵਿਚ ਛੇਵਾਂ ਪੇਅ ਕਮਿਸ਼ਨ ਅਤੇ ਪੰਜਾਬ ਸਿਵਲ ਸਰਵਿਸ ਰੂਲਜ਼ ਲਾਗੂ ਕਰਨਾ ਸ਼ਾਮਲ ਸੀ, ਉਹ ਵੀ ਇਨ੍ਹਾਂ ਨੂੰ ਅੱਜ ਤੱਕ ਨਸੀਬ ਨਹੀਂ ਹੋਇਆ। ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਕੰਪਿਊਟਰ ਅਧਿਆਪਕਾਂ ਦੀਆਂ ਹੱਕੀ ਮੰਗਾਂ ਤੁਰੰਤ ਪ੍ਰਵਾਨ ਕਰੇ ਤਾਂ ਜੋ ਉਹ ਵੀ ਸਵੈਮਾਣ ਨਾਲ ਆਪਣੀਆਂ ਸੇਵਾਵਾਂ ਨਿਭਾ ਸਕਣ।

ਕੰਪਿਊਟਰ ਸਿੱਖਿਆ ਰਾਹੀਂ ਹੀ ਵਿਦਿਆਰਥੀ ਹੋਰ ਵਿਸ਼ੇ ਵਿਚ ਵੀ ਪਰਪੱਕ ਹੋ ਸਕਦੇ ਹਨ। ਉਦਾਹਰਨ ਦੇ ਤੌਰ 'ਤੇ ਆਨਲਾਈਨ ਲਾਇਬ੍ਰੇਰੀ, ਵਰਚੂਅਲ ਲੈਬ, ਯੂਟਿਊਬ ਚੈਨਲ, ਆਨਲਾਈਨ ਟਿਊਟਰ ਆਦਿ ਜਿਹੀਆਂ ਸੁਵਿਧਾਵਾਂ ਸੂਚਨਾ ਤਕਨੀਕ ਦੀ ਜਾਣਕਾਰੀ ਰੱਖਣ ਵਾਲਾ ਵਿਦਿਆਰਥੀ ਹੀ ਪ੍ਰਾਪਤ ਕਰ ਸਕਦਾ ਹੈ। ਸੂਚਨਾ ਤਕਨੀਕ ਦੇ ਖੇਤਰ ਵਿਚ ਨਿਪੁੰਨ ਇੰਜੀਨੀਅਰਾਂ ਦੀ ਮੰਗ ਪੂਰੀ ਦੁਨੀਆ ਵਿਚ ਵਧ ਰਹੀ ਹੈ। ਕੰਪਿਊਟਰ ਕੋਡਿੰਗ ਬੱਚੇ ਦੇ ਦਿਮਾਗ ਦੀ ਹਰ ਇਕਾਈ ਨੂੰ ਪ੍ਰਫੁੱਲਤ ਕਰਨ ਵਿਚ ਮਦਦ ਕਰਦੀ ਹੈ। ਇਹ ਬੱਚਿਆਂ ਨੂੰ ਪ੍ਰੋਗਰਾਮ, ਐਪਲੀਕੇਸ਼ਨ ਵਿਕਸਤ ਕਰਨ, ਰੋਬੋਟਿਕਸ ਅਤੇ ਆਰਟੀਫੀਸ਼ੀਅਲ ਇੰਟੈਲੀਜੈਂਸ ਦੇ ਖੇਤਰ ਵਿਚ ਕੰਮ ਕਰਨ ਦੇ ਮੌਕੇ ਦੇ ਕੇ ਨਵੀਂ ਤਕਨਾਲੋਜੀ ਦੀ ਦੁਨੀਆ ਵਿਚ ਦਾਖ਼ਲ ਹੋਣ ਦੇ ਯੋਗ ਬਣਾਉਂਦੀ ਹੈ। ਕੰਪਿਊਟਰ, ਇੰਟਰਨੈੱਟ ਅਤੇ ਮਸਨੂਈ ਬੁੱਧੀ ਦਾ ਤਿ ?ਰਵੇਣੀ ਗਿਆਨ ਮੌਜੂਦਾ ਯੁੱਗ 'ਚ ਕਾਮਯਾਬੀ ਦੀਆਂ ਬੁਲੰਦੀਆਂ ਛੂਹਣ ਲਈ ਬੇਹੱਦ ਜ਼ਰੂਰੀ ਹੈ।






# ਸੁੰਦਰਤਾ ਦਾ ਪ੍ਰਤੀਕ ਹੈ ਬਿੰਦੀ

*ਔਰਤ ਦੇ ਕੱਦ ਨਾਲ ਵੀ ਬਿੰਦੀ ਦਾ ਡੂੰਘਾ ਸੰਬੰਧ ਹੈ ਉਦਾਹਰਣ ਦੇ ਤੌਰ 'ਤੇ ਲੰਬੇ ਕੱਦ ਵਾਲੀ ਔਰਤ ਨੂੰ ਗੋਲ ਬਿੰਦੀ ਅਤੇ ਛੋਟੇ ਕੱਦ ਦੀ ਔਰਤ ਨੂੰ ਲੰਬੇ ਆਕਾਰ ਦੀ ਬਿੰਦੀ ਸ਼ੋਭਾ ਦਿੰਦੀ ਹੈ ਇਸ ਤਰ੍ਹਾਂ ਮੌਸਮ ਅਨੁਸਾਰ ਵੀ ਬਿੰਦੀ ਦੀ ਚੋਣ ਕਰਨੀ ਠੀਕ ਹੁੰਦੀ ਹੈ ਸਰਦੀਆਂ ਦੇ ਦਿਨਾਂ 'ਚ ਡੂੰਘੇ ਰੰਗ ਦੀ ਬਿੰਦੀ ਲਗਾਉਣੀ ਚਾਹੀਦੀ ਜਦਕਿ ਗਰਮੀਆਂ ਦੇ ਮੌਸਮ 'ਚ ਹਲਕੇ ਰੰਗ ਦੀ ਬਿੰਦੀ ਠੀਕ ਰਹਿੰਦੀ ਹੈ ਜੇਕਰ ਬਿੰਦੀ ਦਾ ਰੰਗ ਕੱਪੜਿਆਂ ਦੇ ਰੰਗ ਨਾਲ ਮਿਲਦਾ-ਜੁਲਦਾ ਹੋਵੇ ਤਾਂ ਚਿਹਰੇ 'ਚ ਗਜ਼ਬ ਦਾ ਨਿਖਾਰ ਆਉਂਦਾ ਹੈ।*



ਭਾਰਤੀ ਨਾਰੀ ਦੇ ਮੱਥੇ 'ਤੇ ਬਿੰਦੀ ਦਾ ਪ੍ਰਤੀਕ ਚਿੰਨ੍ਹ ਕਦੋਂ ਤੋਂ ਉਸਦੀ ਸੁੰਦਰਤਾ ਅਤੇ ਸੁਹਾਗ ਦਾ ਪ੍ਰਤੀਕ ਬਣਿਆ, ਇਹ ਆਪਣੇ ਆਪ 'ਚ ਸ਼ੋਧ ਦਾ ਵਿਸ਼ਾ ਹੈ ਪਰ ਐਨਾ ਤਾਂ ਨਿਸ਼ਚਿਤ ਹੈ ਕਿ ਪ੍ਰਸਾਧਨ ਅਲੰਕਰਨ ਮਨੁੱਖ ਦੀ ਜਨਮਜਾਤ ਪ੍ਰਵਿਰਤੀ ਰਹੀ ਹੈ ਇਹ ਸੱਭਿਅਤਾ ਅਤੇ ਸੰਸਕ੍ਰਿਤੀ ਦੇ ਚਿੰਨ੍ਹ ਵੀ ਮੰਨੇ ਜਾਂਦੇ ਰਹੇ ਹਨ ਇਸੇ ਨਾਲ ਇਨ੍ਹਾਂ ਦਾ ਪ੍ਰਚੱਲਨ ਸੰਸਾਰ 'ਚ ਵਧਦਾ ਚਲਿਆ ਗਿਆ ਜੀਵਨ 'ਚ ਆਨੰਦ ਅਤੇ ਚੰਗੀ ਕਿਸਮਤ ਬਣੀ ਰਹੇ, ਇਹੀ ਅਵਧਾਰਨਾ ਨਾਰੀ ਜੀਵਨ ਦੇ ਕਿਸਮਤ ਦੇ ਪ੍ਰਤੀਕ ਦੇ ਚਿੰਨ੍ਹ ਦੇ ਰੂਪ 'ਚ ਉੱਭਰੀ ਅਤੇ ਬਿੰਦੀ-ਸਿੰਦੂਰ, ਚੂੜੀ, ਮੰਗਲਸੂਤਰ ਉਸਦੇ ਸੁੰਦਰਤਾ ਅਤੇ ਚੰਗੀ ਕਿਸਮਤ ਦੇ ਉਪਕਰਨ ਬਣੇ।

ਸਮੇਂ ਦੇ ਅੰਤਰਾਲ 'ਚ ਬਿੰਦੀ ਨੇ ਕਈ ਰੂਪ ਅਤੇ ਆਕਾਰ ਲਏ ਵੱਖ-ਵੱਖ ਸੂਬਿਆਂ 'ਚ ਇਸਦੇ ਵਿਵਿਧ ਆਕਾਰ ਦੇਖੇ ਜਾ ਸਕਦੇ ਹਨ ਕਿਤੇ ਇਹ ਗੋਲ ਵੱਡੇ ਆਕਾਰ 'ਚ ਮਿਲੇਗੀ, ਕਿਤੇ ਵੱਡੀ ਬਿੰਦੀ ਦੇ ਉੱਪਰ ਇੱਕ ਸਫੈਦ ਅਤੇ ਕਾਲੀ ਬਿੰਦੀ ਦੇਖਣ ਨੂੰ ਮਿਲਦੀ ਹੈ ਕਿਤੇ ਇਹ ਮੱਥੇ ਦੇ ਇੱਕਦਮ ਵਿੱਚੋ-ਵਿੱਚ ਲਗਾਈ ਜਾਂਦੀ ਹੈ ਤਾਂ ਕਿਤੇ ਭੌਂਹਾਂ ਦੇ ਵਿੱਚ ਸੰਦੂਰ ਦੀ ਬਿੰਦੀ।

ਉਂਝ ਤਾਂ ਬਿੰਦੀ ਦਾ ਪ੍ਰਚੱਲਨ ਅੱਜ ਵੀ ਜ਼ੋਰਾਂ 'ਤੇ

**ਸੰਜੇ ਕੁਮਾਰ 'ਸੁਮਨ'**

ਹੈ ਪਰ ਪਹਿਲਾਂ ਤੋਂ ਘੱਟ ਹੋ ਗਿਆ ਹੈ ਸ਼ਾਇਦ ਇਸ ਲਈ ਵੀ ਕਿ ਸਿੰਦੂਰ 'ਚ ਹੁਣ ਪਹਿਲਾਂ ਵਰਗੀ ਸ਼ੁੱਧਤਾ ਨਹੀਂ ਰਹੀ ਅਤੇ ਵਿਗਿਆਨਿਕ ਖੋਜਾਂ ਨੇ ਇਹ ਸਿੱਧ ਕਰ ਦਿੱਤਾ ਕਿ ਖਰਾਬ ਸਿੰਦੂਰ ਨਾਲ ਚਰਮ ਰੋਗ ਹੋ ਜਾਂਦਾ ਹੈ ਪਰ ਸ਼ਿੰਗਾਰ 'ਚ ਵਿਵਿਧਤਾ ਲਿਆਉਣ ਦੀ ਦ੍ਰਿਸ਼ਟੀ ਨਾਲ ਬਿੰਦੀ ਕਈ ਰੂਪਾਂ 'ਚ ਆਈ।



ਇੱਕ ਜ਼ਮਾਨੇ 'ਚ ਕੰਚ ਦੀ ਬਿੰਦੀ ਦਾ ਬਹੁਤ ਪ੍ਰਚੱਲਨ ਸੀ ਜਿਸਨੂੰ ਟਿਕੁਲੀ ਵੀ ਕਿਹਾ ਜਾਂਦਾ ਸੀ ਇਹ ਕੰਚ ਦੀ ਬਿੰਦੀ ਵੀ ਕਈ ਸੁੰਦਰ ਡਿਜ਼ਾਇਨਾਂ ਨਾਲ ਬਣਦੀ ਰਹੀ ਹੈ ਇਨ੍ਹਾਂ ਨੂੰ ਰੋਲ ਨਾਲ ਚਿਪਕਾਇਆ ਜਾਂਦਾ ਸੀ ਫਿਰ ਪਲਾਸਟਿਕ ਦੀਆਂ ਰੰਗ-ਬਿਰੰਗੀਆਂ ਬਿੰਦੀਆਂ ਆਈਆਂ ਹੁਣ ਵੈਲਵੇਟ ਦੀਆਂ ਬਣੀਆਂ ਬਿੰਦੀਆਂ ਦਾ ਚਲਨ ਹੈ ਅੱਜਕੱਲ੍ਹ ਤਾਂ ਵਿਵੀਧ ਡਿਜ਼ਾਇਨਾਂ ਦੀਆਂ ਬਿੰਦੀਆਂ ਉਪਲਬੱਧ ਹਨ ਰੰਗਾਂ ਦਾ ਤਾਂ ਕਹਿਣਾ ਹੀ ਕੀ ਜ਼ਰੂਰ ਨਹੀਂ ਕਿ ਬਿੰਦੀ ਲਾਲ ਰੰਗ ਹੀ ਹੋਵੇ ਉਸਨੂੰ ਹੁਣ ਪਹਿਨਾਵੇ ਨਾਲ ਮੈਚ ਕਰਦਾ ਹੋਇਆ ਵੀ ਹੋਣਾ ਚਾਹੀਦਾ।

ਔਰਤਾਂ ਨੂੰ ਬਿੰਦੀ ਦੀ ਚੋਣ ਹੇਠ ਲਿਖੀਆਂ ਗੱਲਾਂ ਨੂੰ ਧਿਆਨ 'ਚ ਰੱਖਦੇ ਹੋਏ ਕਰਨੀ ਚਾਹੀਦੀ ਚਿਹਰੇ ਦੀ ਬਨਾਵਟ ਦੇ ਅਨੁਸਾਰ ਬਿੰਦੀ ਦੇ ਆਕਾਰ ਦੀ ਚੋਣ ਕਰਨੀ ਚਾਹੀਦੀ ਕਈ ਤਰ੍ਹਾਂ ਦੇ ਆਕਰਸ਼ਕ ਆਕਾਰ ਜਿਵੇਂ ਲੰਬੀ ਰੇਖਾ, ਆੜੀ-ਤਿਰਛੀ ਰੇਖਾ, ਚੰਦ ਆਕਾਰ, ਤ੍ਰਿਕੋਣ, ਵੱਡੀ ਬਿੰਦੀ ਦੇ ਇਰਦ-ਗਿਰਦ ਗੋਲਾਈ 'ਚ ਛੋਟੀਆਂ-ਛੋਟੀਆਂ ਬਿੰਦੀਆਂ ਆਦਿ ਖਾਸ ਲੋਕਪ੍ਰਿਯ ਹਨ ਤੁਹਾਡੇ ਚਿਹਰੇ 'ਤੇ ਕਿਹੋ ਜਿਹੀ ਬਿੰਦੀ ਸੁੰਦਰ ਪ੍ਰਤੀਤ ਹੋਵੇਗੀ, ਇਸਦਾ ਫੈਸਲਾ ਸ਼ੀਸ਼ੇ ਦੇ ਸਾਹਮਣੇ ਬੈਠ ਕੇ ਤੁਸੀਂ ਖੁਦ ਕਰ ਸਕਦੇ ਹੋ। ਛੋਟੇ ਮੱਥੇ 'ਤੇ ਰੇਖਾਕਾਰ ਬਿੰਦੀ ਲਗਾਉਣ ਨਾਲ ਵੱਡਾ ਮੱਥਾ ਲੱਗਦਾ ਹੈ ਇਸੇ ਤਰ੍ਹਾਂ ਚੌੜੇ ਮੱਥੇ 'ਤੇ ਵੱਡੀ ਗੋਲ ਬਿੰਦੀ ਲਗਾਉਣ ਨਾਲ ਮੱਥਾ ਭਰਿਆ-ਭਰਿਆ ਲੱਗਦਾ ਹੈ ਗੋਰੇ ਰੰਗ 'ਤੇ ਲਾਲ ਰੰਗ ਦੀ ਬਿੰਦੀ ਸੁੰਦਰ ਲੱਗਦੀ ਹੈ ਜਦਕਿ ਸਾਂਵਲਾ ਰੰਗ ਹੋਣ 'ਤੇ ਪੀਲੇ ਜਾਂ ਗੁਲਾਬੀ ਰੰਗ ਦੀ ਬਿੰਦੀ ਲਗਾਈ ਜਾ ਸਕਦੀ ਹੈ ਗੇਹੂਆਂ ਰੰਗ ਦੀ ਚਮੜੀ ਹੋਣ 'ਤੇ ਹਲਕੇ ਲਾਲ ਰੰਗ ਦੀ ਬਿੰਦੀ ਖੂਬ ਜੰਮਦੀ ਹੈ ਅੱਖਾਂ ਵੱਡੀਆਂ ਹੋਣ ਤਾਂ ਬਿੰਦੀ ਦਾ ਆਕਾਰ ਵੀ ਵੱਡਾ ਹੋਣਾ ਚਾਹੀਦਾ ਜਦਕਿ ਛੋਟੀਆਂ ਅੱਖਾਂ ਵਾਲੀ ਔਰਤ ਲਈ ਛੋਟੀ ਬਿੰਦੀ ਲਾਭਕਾਰੀ ਰਹਿੰਦੀ ਹੈ। ਔਰਤ ਦੇ ਕੱਦ ਨਾਲ ਵੀ ਬਿੰਦੀ ਦਾ ਡੂੰਘਾ ਸੰਬੰਧ ਹੈ ਉਦਾਹਰਣ ਦੇ ਤੌਰ 'ਤੇ ਲੰਬੇ ਕੱਦ ਵਾਲੀ ਔਰਤ ਨੂੰ ਗੋਲ ਬਿੰਦੀ ਅਤੇ ਛੋਟੇ ਕੱਦ ਦੀ ਔਰਤ ਨੂੰ ਲੰਬੇ ਆਕਾਰ ਦੀ ਬਿੰਦੀ ਸ਼ੋਭਾ ਦਿੰਦੀ ਹੈ ਇਸ ਤਰ੍ਹਾਂ ਮੌਸਮ ਅਨੁਸਾਰ ਵੀ ਬਿੰਦੀ ਦੀ ਚੋਣ ਕਰਨੀ ਠੀਕ ਹੁੰਦੀ ਹੈ ਸਰਦੀਆਂ ਦੇ ਦਿਨਾਂ 'ਚ ਡੂੰਘੇ ਰੰਗ ਦੀ ਬਿੰਦੀ ਲਗਾਉਣੀ ਚਾਹੀਦੀ ਜਦਕਿ ਗਰਮੀਆਂ ਦੇ ਮੌਸਮ 'ਚ ਹਲਕੇ ਰੰਗ ਦੀ ਬਿੰਦੀ ਠੀਕ ਰਹਿੰਦੀ ਹੈ ਜੇਕਰ ਬਿੰਦੀ ਦਾ ਰੰਗ ਕੱਪੜਿਆਂ ਦੇ ਰੰਗ ਨਾਲ ਮਿਲਦਾ-ਜੁਲਦਾ ਹੋਵੇ ਤਾਂ ਚਿਹਰੇ 'ਚ ਗਜ਼ਬ ਦਾ ਨਿਖਾਰ ਆਉਂਦਾ ਹੈ। ਬਾਲਗ ਔਰਤਾਂ ਗਾਢੇ ਰੰਗ ਦੀਆਂ ਬਿੰਦੀਆਂ ਦੀ ਚੋਣ ਕਰਨ ਇਸ ਨਾਲ ਔਰਤਾਂ ਗੰਭੀਰ ਅਤੇ ਕੋਮਲ ਪ੍ਰਤੀਤ ਹੁੰਦੀ ਹੈ ਅਵਸਰ ਚਾਹੇ ਵਿਆਹ ਦਾ ਹੋਵੇ ਜਾਂ ਕਿਸੇ ਤਿਉਹਾਰ ਦਾ ਔਰਤਾਂ ਨੂੰ ਗਹਿਰੇ ਰੰਗ ਦੀਆਂ ਹੀ ਬਿੰਦੀਆਂ ਦੀ ਵਰਤੋਂ ਕਰਨੀ ਚਾਹੀਦੀ ਬਿੰਦੀ ਆਪਣੇ ਸੁੰਦਰ ਆਕਾਰ ਅਤੇ ਮਨਮੋਹਕ ਰੰਗ ਕਾਰਨ ਪ੍ਰਾਚੀਨ ਕਾਲ ਤੋਂ ਅੱਜ ਤੱਕ ਨਾਰੀ ਸੁੰਦਰਤਾ ਵਧਾਉਂਦੀ ਰਹੀ ਹੈ ਆਧੁਨਿਕ ਯੁੱਗ 'ਚ ਬਿੰਦੀ ਦਾ ਮਹੱਤਵ ਹੋਰ ਵੀ ਵਧ ਗਿਆ ਹੈ ਨਾਰੀ ਸ਼ਿੰਗਾਰ ਇਸ ਤੋਂ ਬਿਨਾਂ ਪੂਰਨ ਨਹੀਂ ਮੰਨਿਆ ਜਾਂਦਾ।


R.PAL SINGH TAX PROFESSIONAL
ENROLLED AGENT
BOOKKEEPING ACCOUNTS PAYROLLS
*TAX:- INDIVIDUAL,FAMILY,BUSINESS,TRUCKING
*BOOKKEEPING ACCOUNTS
*PAYROLLS &INCORPORATION
*INSURANCE: LIFE Only-Agent,NOTARY
GET MONEY BACK FAST!
"Authorised IRS E-file Provider"
"Enrolled To Practice Befire The IRS"
CALL:R.PAL SINGH EA- 510 750 3464
EA 00097224,CRTP A44237Realtor#1481514 ,
Life-Only Insurance Agent #0G76896
39159 Paseo Padre Pkwy #103,Fremont,CA 94538
Snghrpal47@gmail.com
Singhtax.com
Open 7 Days
Weekends/Evenings
(Year Round Service)
Resonable Rates
Call for Appointment

CAPITAL SERVICES
INSURANCE | VEHICLE REG. | IMMIGRATION | NOTARY PUBLIC | LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO · HOME · TRUCK · BUSINESS · LIFE · MEDICAL

ਪਾਸਪੋਰਟ / ਵੀਜ਼ਾ
* ੳ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services.

Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Lic.43779

Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Lic. 6000947


Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us


CAPITAL DRUG TESTING
Capital DRUG TESTING
Drug and Alcohol Test
DOT / NON DOT
PRE EMPLOYMENT - RANDOM
POST ACCIDENT - REASONABLE SUSPICION
Services: DOT Random Prog., FMCSA Clearinghouse,
DOT Supervisor Training, SAP Classes Etc.
Lab. Ph:(916) 680-9293
6624 Florin Road
Sacramento CA, 95828
Email: capitaldrugtest@gmail.com
Website: www.capitaldrugtest.com


Uscipp Insurance Services
1050 N Carpenter RD STE C, Modesto, CA 95351

TRUCK INSURANCE
TRUCK TAX
IFTA

Amarjit S Bir
amarjit@uscipp.org
Lic#0I15593CA
Ph: (925)318-1247

## ਬਜ਼ਾਰਾਂ ਤੋਂ ਬਚਾ ਲਵੋ...

ਆਪਣੇ ਇਸ ਦੇਸ਼ ਨੂੰ ਗਦਾਰਾਂ ਤੋਂ ਬਚਾ ਲਵੋ।
ਅਖੌਤੀ ਬਣੇ ਏਨ੍ਹਾਂ ਪਹਿਰੇਦਾਰਾਂ ਤੋਂ ਬਚਾ ਲਵੋ।

ਗੂੰਜਦੀਆਂ ਨਿੱਤ ਚੀਕਾਂ ਬੁੱਢੇ ਮਾਂ ਬਾਪ ਦੀਆਂ,
ਨੌਜਵਾਨ ਪੁੱਤਾਂ ਦੀਆਂ ਮਾਰਾਂ ਤੋਂ ਬਚਾ ਲਵੋ।

ਬਨਣ ਨਾ ਮਜਾਕ ਕਿਤੇ ਇਹ ਸਾਡੀ ਪੱਗ ਦਾ,
ਸਿੱਖ ਬਣੇ ਫਿਲਮੀ ਕਿਰਦਾਰਾਂ ਤੋਂ ਬਚਾ ਲਵੋ।

ਮਜਬੂਰੀ ਵਸ ਇੱਜ਼ਤਾਂ ਨੂੰ ਲਾਉਂਦੀਆਂ ਨੇ ਦਾਅ ਤੇ,
ਵਿਕਦੀਆਂ ਓਹ ਧੀਆਂ ਨੂੰ ਬਜ਼ਾਰਾਂ ਤੋਂ ਬਚਾ ਲਵੋ।

ਹੋ ਰਹੀ ਐ ਲੁੱਟ ਸ਼ਰੇਆਮ ਸਾਡੇ ਵਤਨ ਦੀ,
ਸਾਧੂਆਂ ਦੇ ਭੇਸ ਚ' ਮਕਾਰਾਂ ਤੋਂ ਬਚਾ ਲਵੋ।

ਬਹੀਆਂ ਉੱਤੇ ਲੱਗੀ ਜਾਂਦੇ ਅੰਗੂਠੇ ਅੰਨਦਾਤੇ ਦੇ,
ਵਿਕ ਨਾ ਜਾਏ ਭੋਂਇ ਸ਼ਾਹੂਕਾਰਾਂ ਤੋਂ ਬਚਾ ਲਵੋ।

ਮਜ਼ਬੀ ਜਾਨੂੰਨ ਦੇ ਤੂਫ਼ਾਨ ਪਏ ਨੇ ਸ਼ੂਕਦੇ,
ਇਨਸਾਨੀਅਤ ਨੂੰ ਤ੍ਰਿਸ਼ੂਲ ਤਲਵਾਰਾਂ ਤੋਂ ਬਚਾ ਲਵੋ।

ਇੱਕੋ ਮਾਂ ਦੇ ਜਾਏ 'ਬੁਜਰਕ' ਚਿਰਾਂ ਤੋਂ ਜੋ ਵਿਛੜੇ,
ਹੱਦ ਦੀਆਂ ਕੰਡੇਦਾਰ ਦੀਵਾਰਾਂ ਤੋਂ ਬਚਾ ਲਵੋ।

**ਹਰਮੇਲ ਸਿੰਘ ਧੀਮਾਨ**
94175--97204

## .ਗਜ਼ਲ

ਸਿਤਮ ਕਿਉਂ ਕਰ ਗਵਾਰਾ ਹੋ ਰਿਹਾ ਹੈ,
ਇਧਰ ਕਿੱਦਾਂ ਗੁਜ਼ਾਰਾ ਹੋ ਰਿਹਾ ਹੈ?
ਹਕੂਮਤ ਕਹਿਰ ਢਾਉਂਦੀ ਦਿਸ ਰਹੀ ਏ,
'ਤੇ ਮਾਨਵ ਫਿਰ ਬੇਚਾਰਾ ਹੋ ਰਿਹਾ ਹੈ।

ਹਨੇਰਾ ਤਖ਼ਤ 'ਤੇ ਬੈਠਾ ਹੈ ਭਾਵੇਂ
ਹਨੇਰਾ ਦੇਰ ਤਕ ਰਹਿਣਾ ਨਹੀਂ ਏ,
ਸਵੇਰਾ ਹੋਣ ਵਾਲਾ ਹੈ ਐ ਲੋਕੋ!
ਕਿ ਲਾਲੀ ਦਾ ਪਸਾਰਾ ਹੋ ਰਿਹਾ ਹੈ।

ਅਸੀਂ ਮੰਜ਼ਿਲ 'ਤੇ ਪਹੁੰਚਾਂਗੇ ਕਿਵੇਂ, ਜੇ ?
ਕੋਈ ਪੂਰਬ ਕੋਈ ਪੱਛਮ ਨੂੰ ਤੁਰਿਆ,
ਸਮੇਂ ਦੀ ਮੰਗ ਹੈ ਮਿਲ ਕੇ ਹੀ ਤੁਰੀਏ
ਸਫ਼ਰ ਦਾ ਬੋਝ ਭਾਰਾ ਹੋ ਰਿਹਾ ਹੈ।

ਜਦੋਂ ਰਹਿਬਰ ਹੀ ਵਿਕਦੇ ਵੇਖਦਾਂ ਹਾਂ
ਬਣੇਗਾ ਕੀ ਅਸਾਡਾ ਸੋਚਦਾ ਹਾਂ ,
ਇਧਰ ਕੁਝ 'ਤੇ ਉਧਰ ਕੁਝ ਹੋਰ ਆਖਣ
ਇਹ ਸਾਡੇ ਨਾਲ ਕਾਰਾ ਹੋ ਰਿਹਾ ਹੈ।

ਤੁਸੀਂ ਇਹ ਕਾਫ਼ਲਾ ਤਾਂ ਨਾ ਉਜਾੜੋ
ਕਰੋ ਕੁਝ ਹੋਸ਼ ਕੁਝ ਤਾਂ ਹੁਣ ਵਿਚਾਰੋ,
ਕਿਨਾਰੇ 'ਤੇ ਅਜੇ ਪਹੁੰਚੇ ਨਾ ਆਪਾਂ
ਤਾਂ ਕਿਉਂ ਹੁਣ ਹੀ ਕਿਨਾਰਾ ਹੋ ਰਿਹਾ ਹੈ?

ਇਹ ਹੁੰਦਾ ਤੱਕ ਸੰਤਾਲੀ ਯਾਦ ਆਇਆ
ਕਿ ਵੱਸਦੇ ਘਰ ਉਜਾੜੇ ਜਾ ਰਹੇ ਨੇ,
ਵਰ੍ਹੇ ਪਹਿਲਾਂ ਜੋ ਭਾਣਾ ਵਰਤਿਆ ਸੀ
ਉਹੀ ਮੁੜ ਕੇ ਦੁਬਾਰਾ ਹੋ ਰਿਹਾ ਹੈ।

ਤੁਸੀਂ ਕਹਿੰਦੇ ਹੋ ਮਜ਼ਹਬ ਪਿਆਰ ਵੰਡਣ
ਅਸੀਂ ਮਜ਼ਹਬਾਂ ਦੇ ਨਾਂ 'ਤੇ ਜ਼ੁਲਮ ਵੇਖੇ,
ਕਿਤੇ ਮੰਦਿਰ 'ਤੇ ਮਸਜਿਦ ਦਾ ਹੈ ਰੌਲ ?ਾ
ਕਿਤੇ ਫਿਰ ਘੱਲੂ-ਘਾਰਾ ਹੋ ਰਿਹਾ ਹੈ।

ਕਿਵੇਂ ਪੰਜਾਬ ਦੀ ਧਰਤੀ 'ਤੇ ਅੱਜ-ਕੱਲ੍ਹ
ਪੰਜਾਬੀ ਹੀ ਵਿਸਾਰੀ ਜਾ ਰਹੀ ਏ,
ਸਕੂਲਾਂ ਵਿੱਚ 'ਮੇਰੇ-ਤੇਰੇ' ਦੀ ਥਾਂ ਹੁਣ
'ਹਮਾਰਾ' ਜਾਂ 'ਤੁਮਾਰਾ' ਹੋ ਰਿਹਾ ਹੈ।

ਧੜਾਧੜ ਛਪਦੀਆਂ ਨੇ ਪੁਸਤਕਾਂ ਹੁਣ
ਮਗਰ ਕਿਉਂ ਪਾਠਕਾਂ ਦੀ ਘਾਟ ਰੜਕੇ,
ਅਜੇਹਾ ਹਾਲ ਹਰ ਥਾਂ ਵੇਖ 'ਰਾਣੇ'
ਮੇਰਾ ਦਿਲ ਪਾਰਾ-ਪਾਰਾ ਹੋ ਰਿਹਾ ਹੈ।



**ਜਗਦੀਸ਼ ਰਾਣਾ**
986207849
98726303635

## ਬੈਂਤ

ਜੇ ਮੈਂ ਕਿਸੇ ਦਾ ਦਿਲ ਨਾ ਦੁਖਾਵਾਂ, ਤਾਂ ਮੈਂ ਭਾਗਾਂ ਵਾਲੀ ਹੋਵਾਂ।
ਸੱਤੇ ਖ਼ੈਰਾਂ ਝੋਲੀ ਪਾਵਾਂ, ਤਾਂ ਮੈਂ ਭਾਗਾਂ ਵਾਲੀ ਹੋਵਾਂ।

ਜੌਬ ਕਰਾਂ ਤੇ ਕਿਚਨ ਸਫ਼ਾਈਆਂ, ਬਾਲ ਨਿਆਣੇ ਘਰ ਵੀ ਸਾਂਭਾਂ,
ਦੋਹੀਂ ਵੇਲੇ ਹਸ-ਹਸ ਤਾਅਮ ਪਕਾਵਾਂ, ਤਾਂ ਮੈਂ ਭਾਗਾਂ ਵਾਲੀ ਹੋਵਾਂ।

ਅਣ-ਜਾਣੇ ਕੋਈ ਦਿਲ ਜੇ ਦੁਖਿਆ, ਹੱਥ ਜੋੜ ਕੇ ਮੁਆਫੀ ਮੰਗਾਂ,
ਦਿਲ ਨੂੰ ਦਿਲ ਦੀਆਂ ਹੋਵਨ ਰਾਹਵਾਂ, ਤਾਂ ਮੈਂ ਭਾਗਾਂ ਵਾਲੀ ਹੋਵਾਂ।

ਪੱਕੇ ਰਿਸ਼ਤੇ ਸੁੱਚੇ ਮੋਤੀ, ਕੱਚੇ ਤੰਦਾਂ ਵਿੱਚ ਪਰੋਕੇ,
ਸਭ ਦੀਆਂ ਖ਼ੈਰਾਂ ਚਾਹਵਾਂ, ਤਾਂ ਮੈਂ ਭਾਗਾਂ ਵਾਲੀ ਹੋਵਾਂ।

ਘਰ-ਪਰਿਵਾਰ, ਕਬੀਲੇ ਵਿੱਚ ਵੀ, ਮੈਂ ਇਤਫ਼ਾਕ ਬਣਾਕੇ ਰੱਖਾਂ,
ਜੇਕਰ ਸਾਰੇ ਰੂਪ ਨਿਭਾਵਾਂ, ਤਾਂ ਮੈਂ ਭਾਗਾਂ ਵਾਲੀ ਹੋਵਾਂ।

ਮੁਸੀਬਤ ਵਿੱਚ ਹਿਫ਼ਾਜ਼ਤ ਅਪਣੀ, ਆਪ ਕਰਾਂ ਕਿ ਏਨੀ ਤਕੜੀ ਹੋਵਾਂ,
ਵਕਤ ਪਵੇ ਚੰਡੀ ਬਣ ਜਾਵਾਂ, ਤਾਂ ਮੈਂ ਭਾਗਾਂ ਵਾਲੀ ਹੋਵਾਂ।

ਮੌਲਿਕ ਜੋ ਅਧਿਕਾਰ ਵੀ ਅਪਣੇ, ਚੇਤਨ ਮਨ ਤੋਂ ਵਰਤਾਂ ਜੇਕਰ ,
ਪਾਵਾਂ ਹੁੱਬ ਕੇ ਵੋਟਾਂ ਪਾਵਾਂ, ਤਾਂ ਮੈਂ ਭਾਗਾਂ ਵਾਲੀ ਹੋਵਾਂ।

ਪੇਕੇ ਘਰ ਤੋਂ ਡੋਲੀ ਬਹਿਕੇ, ਆਈ ਨਾਲ ਪਤੀ ਦੇ, ਹੁਣ ਮੈਂ,
ਏਥੋਂ ਹੀ ਅਰਥੀ 'ਤੇ ਜਾਵਾਂ, ਤਾਂ ਮੈਂ ਭਾਗਾਂ ਵਾਲੀ ਹੋਵਾਂ।

ਜਿਹੜਾ ਕਾਦਰ ਕਿਸਮਤ ਲਿਖਦਾ, ਉਹਦੀ ਰਜ਼ਾ 'ਚ ਰਹਿਕੇ ਰਾਜ਼ੀ,
'ਪ੍ਰੀਤ' ਹਮੇਸ਼ਾ ਸ਼ੁਕਰ ਮਨਾਵਾਂ, ਤਾਂ ਮੈਂ ਭਾਗਾਂ ਵਾਲੀ ਹੋਵਾਂ।



**ਪਰਮਪ੍ਰੀਤ**

## ਸ਼ੇਰ-ਏ-ਪੰਜਾਬ

ਮਹਾਂ ਸਿੰਘ ਤੇ ਰਾਜ ਕੌਰ ਦਾ, ਪੁੱਤ ਸੀ ਭਾਗਾਂ ਵਾਲਾ
ਰਣ ਨੂੰ ਜਿੱਤਣ ਵਾਲਾ ਜੰਮਿਆ, ਸ਼ਹਿਰ ਗੁੱਜਰਾਂਵਾਲਾ।

ਦੋ ਨਵੰਬਰ ਸਤਾਰਾਂ ਸੌ ਅੱਸੀ, ਜਨਮ ਰਾਜੇ ਦਾ ਹੋਇਆ
ਲੇਖਾਂ ਵਿੱਚ ਸੀ ਲਿਖਿਆ, ਉਹਦੇ ਹੱਥ 'ਚ ਰਾਜ ਸਮੋਇਆ।

ਸਿੱਖ, ਹਿੰਦੂ ਤੇ ਮੁਸਲਮਾਨਾਂ ਨੂੰ, ਬੰਨ੍ਹਿਆ ਵਿੱਚ ਇੱਕ ਧਾਗੇ
ਅੰਗਰੇਜ਼ਾਂ ਤੇ ਰੋਅਬ ਸੀ ਉਹਦਾ, ਆਉਂਦੇ ਨਾ ਉਹ ਲਾਗੇ।

ਸਿੱਖ-ਮਿਸਲਾਂ ਨੂੰ 'ਕੱਠਿਆਂ ਕੀਤਾ, ਕੀਤੀ ਦੂਰ-ਅੰਦੇਸ਼ੀ
ਉਹਦੀ ਸੈਨਾ ਵਿੱਚ ਫ਼ੌਜੀ ਸਨ, ਦੇਸੀ ਅਤੇ ਵਿਦੇਸ਼ੀ।

ਸਾਫ਼ ਤੇ ਸੱਚੀ-ਸੁੱਚੀ ਹੈਸੀ, ਓਸ ਰਾਜੇ ਦੀ ਨੀਤੀ
ਹਰਿਮੰਦਰ ਦੀ ਨਾਲ ਸੋਨੇ ਦੇ, ਖੁੱਲ੍ਹ ਕੇ ਸੇਵਾ ਕੀਤੀ।

ਸਭ ਧਰਮਾਂ ਦੇ ਸਭ ਲੋਕਾਂ ਦਾ, ਕਰਦਾ ਸੀ ਸਤਿਕਾਰ
ਭਲਾ ਮੰਗੇ ਸਰਬੱਤ ਦਾ, ਕਰਦਾ ਰਹਿੰਦਾ ਪਰਉਪਕਾਰ।

ਚੇਚਕ ਕਾਰਨ ਬਚਪਨ ਵਿੱਚ, ਇੱਕ ਅੱਖ ਤੇ ਹਮਲਾ ਹੋਇਆ
ਮੰਗੀ ਮਾਫ਼ੀ ਗਲ ਪੱਲਾ ਪਾ, ਜਾ ਤਖ਼ਤ ਦੇ ਸਾਹਵੇਂ ਖਲੋਇਆ।

ਅਫ਼ਗਾਨ, ਪਠਾਣ, ਫ਼ਰੰਗੀ ਵਿਰੋਧੀ, ਜਿੱਤੀਆਂ ਸਭ ਮੁਹਿੰਮਾਂ
ਜੋ ਅੜਿਆ ਸੋ ਝੜਿਆ, ਕੀ-ਕੀ ਦੱਸਾਂ ਕਿੰਨਾ-ਕਿੰਨਾ।

ਜੂਨ ਅਠਾਰਾਂ ਸੌ ਉਨਤਾਲੀ, ਦਿਨ ਸਤਾਈਵਾਂ ਆਇਆ
ਚਮਕ ਰਹੇ ਪੰਜਾਬ ਦੇ ਸੂਰਜ, ਉੱਤੇ ਬੱਦਲ ਛਾਇਆ।

ਸਤੀ ਹੋਈਆਂ ਕੁਝ ਰਾਣੀਆਂ, ਉਹਦੀ ਅਰਥੀ ਉੱਤੇ ਆ ਕੇ
ਦਿੱਤਾ ਸਬੂਤ ਪਿਆਰ ਦਾ ਏਦਾਂ, ਆਪਣਾ-ਆਪ ਮਿਟਾ ਕੇ।

ਮਹਾਂਬਲੀ ਤੇ ਪਰਉਪਕਾਰੀ, ਸੀ ਸਾਡਾ ਮਹਾਰਾਜਾ
ਅਟਕ ਵੀ ਰੋਕ ਨਾ ਸਕਿਆ ਉਹਨੂੰ, ਲਾਵੇ ਕੌਣ ਅੰਦਾਜ਼ਾ।



**ਪ੍ਰੋ. ਨਵ ਸੰਗੀਤ ਸਿੰਘ**
9417692015

## ਲਾਲ ਗੱਡੀ

ਗੱਡੀ ਮੇਰੀ ਬੜੀ ਕਮਾਲ
ਰੰਗ ਹੈ ਇਸਦਾ ਲਾਲ ਲਾਲ

ਮੈਨੂੰ ਲੱਗਦੀ ਬੜੀ ਪਿਆਰੀ
ਸਾਰੇ ਜੱਗ ਤੋਂ ਲੱਗੇ ਨਿਆਰੀ

ਦੂਰ ਦੂਰ ਤੱਕ ਹੈ ਲੈ ਜਾਂਦੀ
ਜਿਆਦਾ ਨਾ ਪੈਟਰੌਲ ਇਹ ਖਾਂਦੀ

ਗਲੀ ਹੋਵੇ ਜਾਂ ਟੁੱਟਿਆ ਰੋੜ
ਫਿਰ ਵੀ ਲੈ ਜਾਵੇ ਹਰ ਮੋੜ

ਟਾਇਰ ਨੇ ਇਸਦੇ ਕਾਲੇ ਕਾਲੇ
ਸੜਕਾਂ ਉੱਤੇ ਭੱਜਣ ਬਾਹਲੇ

ਸੀਟਾਂ ਇਸਦੇ ਵਿੱਚ ਨੇ ਚਾਰ
ਝੂਟੇ ਦੇਣ ਲਈ ਰਹੇ ਤਿਆਰ

ਜਮਾਤ ਚੌਥੀ ਨਾਂ ਮੇਹਰ ਕੌਰ
ਕਵਿਤਾ ਉੱਤੇ ਕਰਿਓ ਗ਼ੌਰ

**ਮੇਹਰ ਕੌਰ**
9877654596

## ਕਵਿਤਾ

ਅੱਖਾਂ ਬੰਦ ਤੇ ਬੁੱਲ੍ਹ ਸੀਤੇ ਨੇ ,
ਚੁੱਪ 'ਚ ਬੜਾ ਬਵਾਲ ਹੁੰਦਾ ਏ।

ਉਂਝ ਤੇ ਦਾਮਨ ਭਰਿਆ ਲੱਗਦੈ,
ਜਦ ਉਹ ਮੇਰੇ ਨਾਲ ਹੁੰਦਾ ਏ।

ਅੱਥਰੂ ਕੌੜੇ ਸੌਂਦੀ ਨਹੀਂ ਮੈਂ ,
ਨੀਂਦਰ ਵਿੱਚ ਸਵਾਲ ਹੁੰਦਾ ਏ ।

ਸਭ ਕੁਝ ਸਭਨੂੰ ਸ਼ਾਂਤ ਈ ਦਿਸਦੈ,
ਪਰ ਮੇਰੇ ਅੰਦਰ ਭੂਚਾਲ ਹੁੰਦਾ ਏ।

ਮੈਂ ਕੁਝ ਲਿਖਦੀ ਸੀਨਾ ਪੁੱਟ ਕੇ ,
ਉਹ ਆਂਹਦਾ ਕਮਾਲ ਹੁੰਦਾ ਏ।

ਕਿਸਰਾ ਉੱਠਦੈ ਢਿੱਡੋਂ ਲਾਵਾ,
ਹਾਲ ਵੀ ਪਤੈ ਬੇਹਾਲ ਹੁੰਦਾ ਏ।

ਅੱਖਾਂ ਬੰਦ ਤੇ ਬੁੱਲ੍ਹ ਸੀਤੇ ਨੇ,
ਚੁੱਪ 'ਚ ਬੜਾ ਬਵਾਲ ਹੁੰਦਾ ਏ।



**ਸਿਮਰਨਜੀਤ ਕੌਰ ਸਿਮਰ**

## ਮਹਿੰਗਾਈ ਦਾ ਚੱਕਰ

ਜੇਬ ਵਿੱਚ ਸੀ ਨਾ ਪੈਸਾ ਪਰ ਧੀ ਨੂੰ ਲਾਡ ਲਡਾਉਂਦਾ ਸੀ,
ਹਰ ਸ਼ੌਂਕ ਕਰੇ ਪੂਰਾ ਧੀ ਦਾ ਵੱਸ ਸਦਾ ਇਹੋ ਚਾਹੁੰਦਾ ਸੀ,
ਮੰਗ ਲਈ ਜਦੋਂ ਪਹਿਲੀ ਵਾਰ ਗੁੱਡੀ ਧੀ ਨੇ ਫਿਰ ਪਿਓ ਦਾ ਜ਼ਮੀਰ ਕੀ ਕਰੇ।।
ਵੱਧ ਗਈ ਮਹਿੰਗਾਈ ਤੇ ਦੱਸ ਗਰੀਬ ਕੀ ਕਰੇ।।

ਪੁੱਛਿਆ ਜਦੋਂ ਮੁੱਲ ਗੁੱਡੀ ਦਾ ਉਹ ਨਿਕਲੀ ਇਕ ਹਜ਼ਾਰ ਦੀ,
ਦੁਕਾਨਦਾਰ ਨਾ ਸੀ ਤਿਆਰ ਉਸ ਨੂੰ ਵੇਚਣ ਨੂੰ ਉਧਾਰ ਦੀ,
ਸਥਿਤੀ ਅਜਿਹੀ ਚ ਹੁਣ ਦੱਸ ਉਸਦਾ ਨਸੀਬ ਕੀ ਕਰੇ।।
ਵੱਧ ਗਈ ਮਹਿੰਗਾਈ ਤੇ ਦੱਸ ਗਰੀਬ ਕੀ ਕਰੇ।

ਖਰੀਦਣ ਨੂੰ ਉਹ ਗੁੱਡੀ ਕਰਨ ਲੱਗਾ ਪਿਓ ਮਜ਼ਦੂਰੀ,
ਹੁਣ ਦਿਨ ਰਾਤ ਵੀ ਇੱਕ ਕਰਦਾ, ਕਰਦਾ ਮਿਹਨਤ ਪੂਰੀ,
ਕੁਝ ਮਹੀਨੇ ਬਾਅਦ ਉਸ ਕੋਲ ਹਜ਼ਾਰ ਜਿਹੀ ਰਕਮ ਆ ਜੁੜੀ,
ਲੈਣ ਨੂੰ ਉਹ ਗੁੱਡੀ ਖੁਸ਼ੀ-ਖੁਸ਼ੀ ਪਿਓ ਆਪਣੇ ਨਾਲ ਧੀ ਜਾ ਤੁਰੀ,
ਜਾਂਦੇ-ਜਾਂਦੇ ਕਿਹਾ ਧੀ ਨੂੰ ਪੁੱਤ ਹਰ ਸ਼ੌਕ ਪੂਰਾ ਮਿਹਨਤ ਦੀ ਤਹਿਜ਼ੀਬ ਹੀ ਕਰੇ।
ਵੱਧ ਗਈ ਮਹਿੰਗਾਈ ਤੇ ਦੱਸ ਗਰੀਬ ਕੀ ਕਰੇ।

ਜਿਹੜੀ ਗੁੱਡੀ ਸੀ ਕਦੇ ਹਜ਼ਾਰ ਦੀ, ਅੱਜ ਹੋ ਗਈ ਡੇਢ ਹਜ਼ਾਰ ਦੀ,
ਇੱਥੋਂ ਹੀ ਸ਼ੁਰੂ ਹੋਈ ਪ੍ਰੀਖਿਆ ਪਿਓ ਦੇ ਸੱਚੇ ਪਿਆਰ ਦੀ!
ਮੁੱਲ ਸੁਣ ਕੇ ਪਿਓ ਧੀ ਹੁਣ ਮੁੜ ਹੋ ਗਏ ਦੰਗ,
ਖੁਸ਼ੀ ਨਾਲ ਭਰੇ ਚਿਹਰੇ ਦੇ ਕਿਧਰੇ ਉੱਡ ਗਏ ਰੰਗ,
ਹੁਣ ਕਿੰਝ ਕਰੂਗਾ ਪੂਰੀ ਪਿਓ ਧੀ ਆਪਣੀ ਦੀ ਮੰਗ,
ਮੁੜ ਗਰੀਬੀ ਤੇ ਮਹਿੰਗਾਈ ਚ ਸ਼ੁਰੂ ਹੋ ਗਈ ਜੰਗ,
ਪਾਵੇ ਤੋਹਮਤਾਂ ਰੱਬ ਨੂੰ, ਪੁੱਛੇ ਤੇਰਾ ਇਹ ਜੀਵ ਕੀ ਕਰੇ।
ਵੱਧ ਗਈ ਮਹਿੰਗਾਈ ਤੇ ਦੱਸ ਗਰੀਬ ਕੀ ਕਰੇ।

ਜਿਨ੍ਹੀ ਬਾਰ ਵੀ ਹਾਏ ਉਹ ਪੈਸੇ ਜਮ ?ਹਾ ਕਰ ਜਾਂਦਾ ਸੀ,
ਹਰ ਵਾਰੀ ਹੱਥ ਖਾਲੀ ਤੇ ਅੱਖ ਭਰ ਆਉਂਦਾ ਸੀ।
ਧੀ ਵੱਲ ਦੇਖ ਉਹ ਆਪਣੀ ਮਜਬੂਰੀ ਤੇ ਮਰਦਾ ਰਿਹਾ,
ਗਰੀਬੀ ਹੁੰਦੀ ਹੈ ਕੀ ਇਸਦਾ ਅਹਿਸਾਸ ਕਰਦਾ ਰਿਹਾ!
ਪਰ ਬੇਰੁਜਗਾਰੀ ਦਾ ਮਾਰਿਆ, ਅੰਤ ਉਹ ਬਦਨਸੀਬ ਕੀ ਕਰੇ।।
ਵਧ ਗਈ ਮਹਿੰਗਾਈ ਤੇ ਦੱਸ ਗਰੀਬ ਕੀ ਕਰੇ।।

ਹੁਣ ਖਾ ਲਈ ਸਹੁੰ ਉਸਨੇ ਇਸ ਦਿਵਾਲੀ ਦੇਣੀ ਧੀ ਨੂੰ ਗੁੱਡੀ ਲਿਆ
ਹੱਥ-ਪੱਲੇ ਤੇ ਮਾਰੇ ਬਹੁਤੇ, ਅੰਤ ਗੁੱਡੀ ਲਈ ਚੁਰਾ,
ਗੁੱਡੀ ਦੇਖ ਆਖਰ ਧੀ ਪਈ ਮੁਸਕੁਰਾ
ਇਕ ਲਾਚਾਰ ਪਿਓ ਦਾ ਅੰਤ ਪੂਰਾ ਹੋ ਗਿਆ ਚਾਅ
ਇਸ ਚਾਅ ਅਧੀਨ ਉਸਨੇ ਬੇਸ਼ੱਕ ਕੰਮ ਅਜੀਬ ਹੀ ਕਰੇ।।
ਵੱਧ ਗਈ ਮਹਿੰਗਾਈ ਤੇ ਦੱਸ ਗਰੀਬ ਕੀ ਕਰੇ।।

ਗੁੱਡੀ ਚੁਰਾਉਂਦਾ-ਚੁਰਾਉਂਦਾ ਹੁਣ ਉਹ ਧਨ ਚੁਰਾਉਣ ਲੱਗਾ,
ਹੋਰਾਂ ਦੀ ਮਿਹਨਤ ਦੀ ਕਮਾਈ ਖੁਦ ਲੁਕਾਉਣ ਲੱਗਾ,
ਪਹਿਲਾ ਤਾਂ ਇਕੱਲਾ ਗਰੀਬ ਹੀ ਸੀ, ਹੁਣ ਚੋਰ ਕਹਾਉਣ ਲੱਗਾ,
ਚੋਰੀ ਦੀ ਦੌਲਤ ਹੁਣ ਐਸ਼ਾਂ ਤੇ ਲੁਟਾਉਣ ਲੱਗਾ,
ਉਸਦੀ ਇਸ ਹਾਲਤ ਦੀ ਭਰਪਾਈ ਮਹਿੰਗਾਈ ਦੀ ਨੀਂਵ ਹੀ ਭਰੇ।।
ਵੱਧ ਗਈ ਮਹਿੰਗਾਈ ਤੇ ਦੱਸ ਗਰੀਬ ਕੀ ਕਰੇ।।

ਜਿਸ ਧੀ ਲਈ ਸਭ ਕੀਤਾ,
ਅੰਤ ਹੋ ਗਈ ਉਹ ਧੀ ਬਿਮਾਰ
ਪੈਸਾ ਦੌਲਤ ਜੋ ਸੀ ਚੋਰੀ ਦਾ,ਸਭ ਦਿੱਤਾ ਉਸ ਤੇ ਵਾਰ,
ਉਹ ਪੈਸਾ ਵੀ ਧੀ ਦੀ ਜਾਨ ਬਚਾ ਨਾ ਸਕਿਆ;
ਮੈਨੂੰ ਸਮਝ ਨਾ ਆਵੇ ਅਜਿਹਾ ਧਨ ਉਸਦੇ ਕਰੀਬ ਕੀ ਕਰੇ।।
ਵੱਧ ਗਈ ਮਹਿੰਗਾਈ ਤੇ ਦੱਸ ਗਰੀਬ ਕੀ ਕਰੇ।।
ਇਹ 'ਮਹਿੰਗਾਈ ਦਾ ਚੱਕਰ' ਹਾਂ ਕੀ ਹੀ ਕਰ ਗਿਆ,
ਜਿਸ ਵਿੱਚ ਇੱਕ ਗਰੀਬ ਦੇ ਅੰਦਰ ਦਾ ਈਮਾਨ ਹੀ ਮਾਰ ਗਿਆ,
ਪਰ ਚੁੱਪ ਚਾਪ ਖਲੋਤਾ ਦੇਖ ਰਿਹਾ 'ਚਿਰਾਗ' ਬਦਨਸੀਬ ਕੀ ਕਰੇ।।
ਵੱਧ ਗਈ ਮਹਿੰਗਾਈ ਤੇ ਦੱਸ ਗਰੀਬ ਕੀ ਕਰੇ।।



**ਚਿਰਾਗ ਸਿੰਗਲਾ**
**ਜਮਾਤ ਬਾਰ੍ਹਵੀਂ**

## ਮੁੱਦਾ

ਮੁੱਦੇ ਦੇ ਵਿੱਚ ਮੁੱਦਾ ਵਾੜੀ ਫਿਰਦੇ ਹਾਂ
ਅਸੀਂ ਤਾਂ ਐਵੇਂ ਆਪਾਂ ਸਾੜੀ ਫਿਰਦੇ ਹਾਂ!!

ਮਸਲਾ ਤਾਂ ਸੀ ਓਹਦੇ ਦਿਲ ਨੂੰ ਜਿੱਤਣ ਦਾ
ਅਸੀਂ ਤਾਂ ਆਪਣਾ ਦਿਲ ਹੀ ਹਾਰੀ ਫਿਰਦੇ ਹਾਂ!!

ਓਹਦੇ ਘਰ ਨੂੰ ਮਹਿਲਾਂ ਵਾਂਗ ਸਜਾਵਣ ਲਈ
ਅਸੀਂ ਤਾਂ ਆਪਣਾ ਆਪ ਓਜਾੜੀ ਫਿਰਦੇ ਹਾਂ!!


ਓਹ ਤਾਂ ਸਾਨੂੰ ਨਜਰ ਉਠਾ ਕੇ ਤੱਕਦਾ ਈ ਨਹੀਂ
ਅਸੀਂ ਫੇਰ ਵੀ ਉਸਤੋਂ ਆਪਾਂ ਵਾਰੀ ਫਿਰਦੇ ਹਾਂ!!

ਅੱਕਾ ਤੋਂ ਵੱਧ ਓਹਦੇ ਬੋਲ ਕੁਸੈਲੇ ਨੇ
ਅਸਾਂ ਤਾਂ ਇਸ਼ਕ ਦੀ ਚਾਹਣੀ ਕਾੜੀ ਫਿਰਦੇ ਹਾਂ!!

ਓਹਦੇ ਪੱਥਰ ਵਰਗੇ ਸੀਨੇ ਤੇ ਕੋਈ ਅਸਰ ਨਹੀਂ
ਅਸੀਂ ਹੰਜੂਆਂ ਦੇ ਨਾਲ ਚਿਹਰਾ ਖਾਰੀ ਫਿਰਦੇ ਹਾਂ!!

ਇੱਕ ਦਿਨ ਆਉਣਗੇ ਸਾਡੇ ਓਹ ਜਨਾਜੇ ਤੇ
ਚਲ ਇਹੀ ਸੋਚ ਕੇ ਆਂਦਰ ਠਾਰੀ ਫਿਰਦੇ ਹਾਂ!!

ਮੁੱਦੇ ਦੇ ਵਿੱਚ ਮੁੱਦਾ ਵਾੜੀ ਫਿਰਦੇ ਹਾਂ
ਅਸੀਂ ਤਾਂ ਐਵੇਂ ਆਪਾਂ ਸਾੜੀ ਫਿਰਦੇ ਹਾਂ!!



**ਸਰਬਜੀਤ ਕੌਰ ਹਾਜੀਪੁਰ**
**ਸ਼ਾਹਕੋਟ**

ਭੇਡਾਂ ਦੀ ਉਨ ਲਾਹੁਣ ਵਾਲੇ ਅਯਾਲੀ ਦੀ ਕਵਿਤਾ !

## ਅਯਾਲੀ

ਲਾਲਾ ਧਨੀਂ ਰਾਮ ਚਾਤ੍ਰਿਕ ਜੀ
'ਅਸ਼ਕੇ ਤਿਰੇ ਅਯਾਲੀ ਬਾਬਾ !
ਧੰਨ ਤੂੰ ਧੰਨ ਤੇਰਾ ਦਾਬਾ।
ਭੇਡਾਂ ਤੇਰੀਆਂ ਚਰਨ ਹਜ਼ਾਰਾਂ,
ਬੁਢੀਆਂ, ਨਢੀਆਂ ਤੇ ਮੁਟਿਆਰਾਂ ।
ਕੋਈ ਚਿੱਟੀ ਤੇ ਕੋਈ ਕਾਲੀ,
ਕੋਈ ਘੋਨੀ ਕੋਈ ਵਾਲਾਂ ਵਾਲੀ ।
ਤਾੜ ਤੇਰੀ ਹੈ ਸਭ ਦੇ ਉੱਤੇ,
ਘੇਰੀ ਰਖਦੇ ਤੇਰੇ ਕੁੱਤੇ ।
ਆ ਗਈ ਕਿਧਰੋਂ ਰੱਬ ਸਬੱਬੀ,
ਕਾਬੂ ਤੇਰੇ ਰੰਗ ਦੀ ਡੱਬੀ।
ਸਭ ਨੂੰ ਠੱਪੇ ਲਾਈ ਜਾਵੇਂ
ਅਪਣਾ ਰੰਗ ਚੜ੍ਹਾਈ ਜਾਵੇਂ।
ਲਗ ਗਈ ਤੇਰੀ ਜਿਹਨੂੰ ਨਿਸ਼ਾਨੀ,
ਹੋ ਨਹੀਂ ਸਕਦੀ ਫੇਰ ਬਿਗਾਨੀ ।
ਇਧਰ ਉਧਰ ਜੇ ਹੋ ਭੀ ਜਾਵੇ,
ਬਿੱਲਾ ਤੇਰਾ ਤੁਰਤ ਫੜਾਵੇ ।
ਜਾਦੂ ਤੇਰੀ ਲੰਮੀ ਛੜ ਦਾ,
ਦੂਰੋਂ ਪਿਆ ਸੰਭਾਲਾਂ ਕਰਦਾ।
ਸੁਣਨ ਜਦੋਂ ਸ਼ਿਸ਼ਕਾਰ ਤੇਰਾ,
ਜੋੜ ਜੋੜ ਸਿਰ ਘੱਤਣ ਘੇਰਾ।
ਨਾ ਕੋਈ ਹਿੱਲੇ, ਨਾ ਕੋਈ ਬੋਲੇ,
ਨਾ ਕੋਈ ਨੱਸਣ ਦਾ ਰਾਹ ਟੋਲੇ।
ਜੋ ਕੁਝ ਕਹੇਂ, ਕਮਾਈ ਜਾਵਣ,
ਜੋ ਕੁਝ ਦੇਵੇਂ, ਖਾਈ ਜਾਵਣ,
ਵਧਦਾ ਜਾਏ ਇੱਜੜ ਤੇਰਾ,
ਵਾੜਾ ਹੁੰਦਾ ਜਾਏ ਚੁੜੇਰਾ।
ਸਮਾਂ ਵੇਖ ਤੂੰ ਕੈਂਚੀ ਵਾਹੇਂ,
ਫੜ ਫੜ ਉੱਨ ਸਭਸ ਦੀ ਲਾਹੇਂ।
ਪਈਆਂ ਪਾਉਣ ਚੀਕ ਚਿਹਾੜਾ,
ਤੂੰ ਝਾੜੀ ਜਾ ਅਪਨਾ ਝਾੜਾ।
ਏਹੋ ਹੀ ਰੁਜ਼ਗਾਰ ਹੈ ਤੇਰਾ,
ਉੱਨ ਦੀ ਖ਼ਾਤਰ ਪਿਆਰ ਹੈ ਤੇਰਾ!



(ਪੇਸ਼ਕਸ਼-ਤਰਲੋਚਨ ਸਿੰਘ ਦੁਪਾਲ ਪੁਰ)
001-408-915-1268

## ਲਾਲ ਪਰੀ

ਭਾਵੇਂ ਖ਼ੁਸ਼ੀ ਜਾਂ ਹੋਵੇ ਗਮ
ਮੈ ਹਰ ਇਕ ਦੇ ਆਵਾਂ ਕੰਮ
ਖ਼ੁਸ਼ੀਆਂ ਦੇ ਨਾਲ ਖ਼ੁਸ਼ੀ ਮਨਾਉਦੀ
ਹਰ ਇਕ ਦਾ ਮੈਂ ਦੁੱਖ ਵੰਡਾਉਦੀ
ਸਭ ਚੀਜ਼ਾਂ ਤੋ ਮੈਂ ਹਾਂ ਖਰੀ
ਲੋਕੀਂ ਆਖਣ ਲਾਲ ਪਰੀ

ਕਈ ਲੋਕ ਪਸੰਦ ਨਹੀਂ ਕਰਦੇ
ਮੈਥੋਂ ਰਹਿੰਦੇ ਪਲ ਪਲ ਡਰਦੇ
ਹੱਥ ਲਾਉਣਾ ਤਾਂ ਦੂਰ ਦੀ ਗੱਲ
ਉਹ ਤੱਕਦੇ ਵੀ ਨਹੀਂ ਮੇਰੇ ਵੱਲ
ਮੈਂ ਕਈ ਗੁਣਾਂ ਦੇ ਨਾਲ ਭਰੀ
ਲੋਕੀਂ ਆਖਣ ਲਾਲ ਪਰੀ

ਬਿਨ ਮੇਰੇ ਰਹਿ ਨਹੀਂ ਸਕਦੇ
ਦਲ ਦਲ ਦੇ ਵਿੱਚ ਜਾਂਦੇ ਧਸਦੇ
ਕਈਆ ਦੇ ਬੰਦ ਕਰਵਾਏ ਕਿੱਤੇ
ਬੜੇ ਉਜਾੜੇ ਰਹਿਣ ਨਹੀਂ ਦਿੱਤੇ
ਕਈਆ ਤੋਂ ਨਾਂ ਗਈ ਜਰੀ
ਲੋਕੀਂ ਆਖਣ ਲਾਲ ਪਰੀ

ਮੈਂ ਝੱਟ ਪੁਵਾੜੇ ਪਾ ਦਿਨੀਂ ਆ
ਆਪਸ ਵਿੱਚ ਲੜਾ ਦਿੰਨੀ ਆ
ਮੂਹੋਂ ਸੱਚ ਬੁਲਵਾ ਦਿੰਨੀ ਆ
ਕਈ ਬੰਦੇ ਮਰਵਾ ਦਿੰਨੀ ਆ
ਇਕ ਵੀ ਨਹੀਂ ਚੱਲਣ ਦਿੱਦੀ
ਜਦ ਮੈਂ ਹੋਜਾ ਆਣ ਖੜ੍ਹੀ
ਲੋਕੀਂ ਆਖਣ ਲਾਲ ਪਰੀ

ਮੇਰੀ ਨਹੀਂ ਕੋਈ ਇੱਥੇ ਰੀਝ
ਨਾ ਹੀ ਤੱਕਦਾ ਇਹ ਗੁਰਮੀਤ
ਮਾੜੇ ਕੰਮਾਂ ਵਿੱਚ ਨਹੀਂ ਪੈਣਾ
ਮੇਰਾ ਤਾਂ ਬੱਸ ਏਹੀ ਕਹਿਣਾ
ਵੜਣ ਦਿਉਂ ਨਾ ਤੁਸੀਂ ਘਰੀ
ਰੁਲਣ ਦਿਉ ਇਹ ਲਾਲ ਪਰੀ

ਗੁਰਮੀਤ ਡੁਮਾਣਾ

## ਇੱਕ ਕਹਾਣੀ

ਕੰਮ ਜਿਨਾ ਦੇ ਸੂਤ ਨੇ ਮਿਤਰੋ
ਗੱਲਾਂ ਸੁੱਝਣ ਸਵਾਈਆਂ

ਕਹਿਣ ਕਾਣੀਆਂ ਅੰਨੀਆਂ ਨੂੰ
ਸਾਡੇ ਨੱਚਣ ਕਿਉ ਨਹੀ ਆਈਆਂ

ਪੰਜਾਹ ਸਾਲਾਂ ਦੇ ਦਹੇਜੂ ਦੀਆਂ
ਤਿਜੀ ਵਾਰ ਘੋੜੀਆਂ ਗਾਈਆਂ

ਮੂਹ ਵਿੱਚ ਚੁੰਨੀਆ ਪੱਲੇ ਲੈ ਕੇ
ਨੱਚਣ ਚਾਚੀਆਂ ਤਾਈਆਂ

ਦਾਜ ਵਾਜੋਂ ਇੱਕ ਬਾਂਝ ਕੁਲਿਹਣੀ
ਪਹਿਲੀਆਂ ਦੋ ਨਠਾਈਆਂ

ਭੀਖੂ ਸਿਆਂ ਦੇ ਦਹੇਜੂ ਪੁੱਤ ਦੀਆਂ
ਸਾਰੇ ਪਿੰਡ ਨੇ ਜਲੇਬੀਆਂ ਖਾਈਆਂ

ਭਾਂਵੇ ਤਿੰਨ ਬੱਚਿਆਂ ਦਾ ਬਾਪੂ ਸੀ
ਹਰ ਪਾਸਿਓਂ ਆਈਆਂ ਵਧਾਈਆਂ

ਦੋਗਲੇ ਸਾਡੇ ਸਮਾਜ ਦੀਆਂ
ਸਾਨੂੰ ਰੀਤਾਂ ਸਮਝ ਨਾ ਆਈਆਂ

ਘਰ ਵੀਹ ਸਾਲਾਂ ਦੀ ਧੀ ਵਿਧਵਾ
ਉਤੇ ਚਿਟੀਆਂ ਚੁਨੀਆਂ ਪਾਈਆਂ

ਕੁੜੀ ਦਾ ਦੂਜਾ ਵਿਆਹ ਨਾਂ ਕਰਿਓ
ਪਿੰਡ ਸਾਰਾ ਦਵੇ ਦਹਾਈਆਂ

ਇੱਕ ਪੁੱਤਰ ਸਹਾਰੇ ਜੀ ਲਵੇਗੀ
ਬੇਬੇ ਨੂੰ ਕਹਿਤਾ ਭਾਈਆਂ

ਜਾਲਿਮ ਅਨਪੜ ਸਮਾਜ ਨੇ
ਕੁਰੀਤੀਆਂ ਵੇਖ ਬਣਾਈਆਂ

ਅਵਲਾਂ ਵਿਧਵਾ ਬਦਕਾਰ ਸ਼ਬਦ
ਰੱਖੇ ਨੇ ਮਰਦ ਕਸਾਈਆਂ

ਪੜੇ ਲਿਖੇ ਡਾਕਟਰ ਵੀ ਜ਼ਾਲਿਮ
ਢਿੱਡ ਵਿੱਚ ਮਾਰ ਮੁਕਾਈਆਂ

ਡੁਬਦੀਆਂ ਸੜਦੀਆਂ ਲੁਟਦੀਆਂ
ਧੀਆਂ ਕਿਸਨੇ ਕਦੋਂ ਬਚਾਈਆਂ

ਅੱਜ ਵੀ ਮੁਜਰਾ ਹੁੰਦਾ ਸਟੇਜ ਤੇ
ਮਜਬੂਰੀਆਂ ਨੱਚਣ ਆਈਆਂ

ਭੰਗੜੇ ਲਈ ਦੋ ਮੁੰਡੇ ਬਹੁਤ ਨੇ
ਕੁੜੀਆਂ ਅੱਠ ਗਣਾਈਆਂ

ਮੇਰਾ ਅਨਪੜ੍ਹ ਦੇਸ ਨਾ ਸੁਧਰੇਗਾ
ਝੂਠੇ ਰੱਬ ਲਈ ਹੋਣ ਲੜਾਈਆਂ

ਬਿੰਦਰਾ ਤੇਰੀਆਂ ਦੋ ਸਤਰਾਂ ਦੀਆਂ
ਕੌਣ ਕਰੂ ਸੁਣਵਾਂਈਆਂ



ਬਿੰਦਰ ਸਾਹਿਤ ਕਨੇਡਾ

## ਲੋਕ ਤੱਥ

ਗਾਵੇ ਗੰਦ ਉੱਤੇ ਜੋ ਸਟੇਜ ਚੜਕੇ
ਵਿਰਸੇ ਨੂੰ ਰੋਲਦੈ ਨਗੇਜ਼ ਕਰਕੇ
ਚੰਗਾ ਜੀਹਦਾ ਕਦੇ ਕਿਰਦਾਰ ਨੀਂ ਹੁੰਦਾ
ਹੁੰਦਾ ਓਹ ਮਲੰਗ ਕਲਾਕਾਰ ਨੀਂ ਹੁੰਦਾ

ਬਣੀ ਨਾਹੀਂ ਜੇ ਨਾ ਕਹੇ ਭੀੜ ਗੱਲ ਜੀ
ਘੁਲਣ ਤੋਂ ਪਹਿਲਾਂ ਡਿੱਗ ਜਾਵੇ ਮੱਲ ਜੀ
ਝੰਡੀ ਦਾ ਦੂਜਾ ਵੀ ਹੱਕਦਾਰ ਨੀਂ ਹੁੰਦਾ
ਲੰਗੋਟ ਦਾ ਓ ਮੱਲ ਵਫਾਦਾਰ ਨੀਂ ਹੁੰਦਾ

ਦੋ ਪੈਗ ਲਾਕੇ ਪਿੰਡ ਮਾਰੇ ਬੜ੍ਹਕਾਂ
ਨਿੱਕਿਆਂ ਜਵਾਕਾਂ ਨਾਲ ਕੱਢੇ ਰੜਕਾਂ
ਏਹੋ ਜੇ ਦਾ ਬੇੜਾ ਕਦੇ ਪਾਰ ਨੀਂ ਹੁੰਦਾ
ਜਿਹਤੋਂ ਬੋਲ ਕਿਸੇ ਦਾ ਸਹਾਰ ਨੀਂ ਹੁੰਦਾ

ਗੱਲਾਂ ਦਾ ਕੜਾਹ ਐਵੇਂ ਫਿਰੇ ਵੰਡਦਾ
ਭੇਦ ਖੁੱਲ੍ਹ ਜਾਵੇ ਧੰਨਿਆਂ ਪਖੰਡ ਦਾ
ਹੁੰਦਾ ਐ ਪਖੰਡੀ ਅਵਤਾਰ ਨੀਂ ਹੁੰਦਾ
ਅਸਲ ਫ਼ਕੀਰ ਦਾਗਦਾਰ ਨੀਂ ਹੁੰਦਾ

ਧੰਨਾ ਧਾਲੀਵਾਲ

## ਟੱਪੇ

ਦਾਣੇ ਭੱਠੀ ਵਾਲੀ ਭੁੰਨ ਰਹੀ,
ਵਧਦੀ ਮਹਿੰਗਾਈ ਤੋਂ ਤੰਗ ਆ ਕੇ
ਖ਼ੁਦਕੁਸ਼ੀਆਂ ਕਰ ਗਏ ਕਈ।
ਕੋਈ ਘੁੰਮੇ ਦਿਨੇ ਸ਼ਰਾਬ ਪੀ ਕੇ,
ਉਦ ?ਹੇ ਬੱਚਿਆਂ ਤੇ ਪਤਨੀ ਨੇ
ਕੀ ਲੈਣਾ ਜੱਗ ਵਿੱਚ ਜੀ ਕੇ।
ਮੇਜ਼ ਤੇ ਕਿਤਾਬ ਪਈ,
ਦੁਨੀਆਂ ਹੈ ਸਭ ਰੰਗ ਦੀ
ਇੱਥੇ ਹੱਸਦੇ ਕਈ,ਰੋਂਦੇ ਕਈ।
ਗਲ਼ ਮਾਲਾ ਪਾਈ ਸਾਧੂ ਨੇ,
ਸਭ ਦੇ ਇੱਕ, ਦੋ ਬੱਚੇ ਨੇ
ਕਿਸੇ ਕੋਲ ਨਾ ਵਾਧੂ ਨੇ।
ਬਾਲਟੀ ਭਰੀ ਹੋਈ ਪਾਣੀ ਦੀ,
ਜ਼ਿੰਦਗੀ ਚੱਜ ਨਾਲ ਜਿਉਣ ਲਈ
ਲੋੜ ਹੈ ਬੰਦੇ ਨੂੰ ਹਾਣੀ ਦੀ।
ਸ਼ੀਸ਼ੀ ਡਿਗੀ ਹੋਈ ਇਤਰ ਦੀ,
ਉੱਥੇ ਲੋਕਾਂ ਦੇ ਕੰਮ ਕੀ ਹੋਣੇ,
ਜਿੱਥੇ ਕੁਰਸੀ ਖਾਲੀ ਅਫਸਰ ਦੀ।
ਪੰਘੂੜੇ ਵਿੱਚ ਬਾਲ ਖੇਡੇ,
ਸ਼ਾਲਾ! ਇਹ ਵੱਡਾ ਹੋ ਕੇ
ਮਾਂ-ਬਾਪ ਦੇ ਨਾ ਮਾਰੇ ਠੇਡੇ।
ਦੂਰ ਦੀਵਾ ਬਲ ਰਿਹਾ,
'ਮਾਨ' ਤੇਰੇ ਟੱਪਿਆਂ ਤੋਂ
ਇੱਕ ਨਵਾਂ ਸੁਨੇਹਾ ਮਿਲ ਰਿਹਾ।



ਮਹਿੰਦਰ ਸਿੰਘ ਮਾਨ
9915803554

## ਬੂਟਿਆਂ ਜਿਹੇ ਮਾਪੇ

ਬੂਟਿਆਂ ਜਿਹੇ ਮਾਪੇ ਜੇ ਘਰੋਂ ਪੁੱਟੇ ਜਾਣਗੇ,
ਫੁੱਲ, ਫ਼ਲ਼, ਪੱਤੀਆਂ ਸਾਰੇ ਮੁਰਝਾਉਣਗੇ ।

ਲੱਭਣੀ ਨਹੀਂ ਹੈ ਫਿਰ ਠੰਢੜੀ ਛਾਂ ਮਾਂ ਦੀ ,
ਯਾਦ ਕਰ ਅੱਖੀਆਂ 'ਚ ਘਸੁੰਨ ਦੇ ਕੇ ਰੋਣਗੇ।

ਫਿਰ ਪਛਤਾਇਆਂ ਨਹੀਂ ਪੈਣਾ ਕੁੱਝ ਹੱਥ-ਪੱਲੇ,
ਨਿੰਮੋਝੂਣੇ ਬੈਠ ਸਾਰੇ ਅੱਖੀਆਂ ਪਏ ਖੋਹਣਗੇ।

ਲੇਖਾ ਦੇਣਾ ਪੈਣਾ ਹੈ ਵਿੱਚ ਸੱਚੀ ਦਰਗਾਹ ,
ਜੂਨਾਂ ਭੁਗਤਾਉਂਦੇ ਇੰਝ ਹਾਰ ਹੰਭ ਜਾਣਗੇ।

ਜੇ ਲੱਭਿਆ ਨਾ ਹੱਲ ਕੋਈ ਇਸੇ ਜਨਮ 'ਚ,
ਬੰਦਿਆ ਜੱਗ ਵਿਚੋਂ ਤੇਰੇ ਫੱਟੇ ਚੁੱਕੇ ਜਾਣਗੇ।

ਤੇ ਮੱਲਦਾ ਰਹਿ ਜਾਏਂਗਾ ਖਾਲੀ ਹੱਥ ਫਿਰ,
ਸਾਂਭ ਲੈ ਮੌਕਾ ਨਹੀਂ ਤਾਂ ਪਿੱਛੋਂ ਧੱਕੇ ਪੈਣਗੇ।

ਸੇਵਾ ਸਿੰਘ 'ਨੂਰਪੁਰੀ '

## ਪੰਜਾਬੀ ਸ਼ੇਰ

ਮੈਂ ਜੰਮਿਆ ਧਰਤ ਪੰਜਾਬ ਤੇ
ਮੇਰਾ ਪੰਜਾਬੀ ਨਾਲ ਪਿਆਰ
ਮੈ ਰਹਿੰਦਾ ਸਾਰੇ ਸੰਸਾਰ ਵਿੱਚ
ਮੇਰਾ ਹਰ ਥਾਂ ਹੋਵੇ ਸਤਿਕਾਰ

ਮੇਰਾ ਪਹਿਰਾਵਾ ਸੱਭ ਤੋਂ ਵੱਖਰਾ
ਮੇਰੇ ਸਿਰ ਤੇ ਸੋਹਣੀ ਫੱਬੇ ਦਸਤਾਰ
ਮੇਰੇ ਸਿਰ ਤੇ ਹੱਥ ਦਸ ਗੁਰੂਆਂ ਦਾ
ਮੇਰਾ ਸਭ ਤੋਂ ਉਚਾ ਹੈ ਕਿਰਦਾਰ

ਮੇਰੀ ਪੰਜਾਬਣ ਦੇ ਕਿਆ ਕਹਿਣੇ
ਸਭ ਤੋਂ ਸੋਹਣੀ ਸੁਨੱਖੀ ਮੁਟਿਆਰ
ਪਾਉਂਦੀ ਪੰਜਾਬੀ ਸੂਟ ਰੰਗ ਬਰੰਗੇ
ਗਹਿਣੇ ਪਾਵੇ ਰੂਪ ਨੂੰ ਸ਼ਿੰਗਾਰ

ਮੇਰਾ ਖਾਣਾ ਪੰਜਾਬੀ ਆਪਣਾ
ਬਹੁਤ ਹੁੰਦਾ ਨਹੀਂ ਮਸਾਲੇਦਾਰ
ਮੇਰਾ ਦੁੱਧ ਅਨਾਜ ਸਭ ਆਪਣਾ
ਮੈਂ ਤਾਂ ਹੀ ਅਖਵਾਵਾਂ ਸਰਦਾਰ



ਗੁਰਚਰਨ ਸਿੰਘ ਧੰਜੂ

## ਠੰਡ ਤੇ ਬੱਚੇ

ਸੁਣੋਂ ਬੱਚਿਓ ਤੁਸੀਂ ਗੱਲ
ਸਿਆਣੀ,
ਥੋੜ੍ਹੇ ਦਿਨਾਂ ਤਾਂਈ ਠੰਡ ਹੈ
ਆ ਜਾਣੀ।
ਕਿਵੇਂ ਹੈ ਇਸ ਤੋਂ ਬਚ ਕੇ
ਰਹਿਣਾ,
ਇਹ ਕੁਝ ਥੋਨੂੰ ਸਿੱਖਣਾ
ਪੈਣਾ।
ਕੋਟੀ, ਬੂਟ ਜੁਰਾਬਾਂ
ਪਾਇਓ,
ਸਿਰ ਤੋਂ ਕਦੇ ਨਾ ਕੱਪੜਾ
ਲਾਹਿਓ,
ਤਾਜ਼ਾ ਤਾਜ਼ਾ ਤੁਸੀਂ ਭੋਜਨ
ਖਾਣਾ,
ਗਰਮ ਪਾਣੀ ਦੇ ਨਾਲ
ਨਹਾਣਾ।
ਦਾਦੀ ਦੀ ਬੁੱਕਲ ਵਿੱਚ
ਬਹਿਣਾ,
ਵੱਡਿਆਂ ਦਾ ਮਨ ਲੈਣਾ
ਕਹਿਣਾ।
ਸ਼ੇਖ਼ ਚਿੱਲੀ ਦੀਆਂ ਸੁਣਿਓ
ਬਾਤਾਂ,
ਠੰਡ ਚ' ਹੁੰਦੀਆਂ ਲੰਮੀਆਂ
ਰਾਤਾਂ।
ਸਿਆਲ ਦੀ ਰੁੱਤ ਏਦਾਂ
ਲੰਘਾਇਓ,
ਠੰਡ ਤੋਂ, ਪੱਤੋ, ਤੁਸੀਂ ਬਚ
ਜਾਇਓ।

ਹਰਪ੍ਰੀਤ ਪੱਤੋ
94658-21417

## ਬੁਰੇ ਹਲਾਤ

ਦੇਖੀ ਨਾ ਭਾਰਤ ਵਿੱਚ ਕਮੀ ਕੋਈ,
ਮੰਦਰ, ਮਸਜਿਦ ਤੇ ਭਗਵਾਨ ਦੀ।
ਵੱਖ ਵੱਖ ਜਾਤਾਂ ਤੇ ਧਰਮ ਦੇਖੇ,
ਘਾਟ ਹਰ ਵੇਲੇ ਦਿਸੇ ਇਨਸਾਨ ਦੀ।

ਬਹੁਤ ਗਰੀਬੀ ਰੇਖਾ ਤੋਂ ਥੱਲੇ ਜਿਉਂਦੇ,
ਛੱਤ ਜਿਨ੍ਹਾਂ ਦੇ ਸਿਰ ਤੇ ਨਾ ਮਕਾਨ ਦੀ।
ਲੋੜਵੰਦਾਂ ਨੂੰ ਇਲਾਜ ਨਾ ਜੁੜੇ,
ਉਸਾਰੀ ਹੁੰਦੀ ਧਰਮ ਅਸਥਾਨ ਦੀ।

ਲੋਕਾਂ ਕੋਲੋਂ ਬੜਾ ਕੁੱਝ ਖੁੱਸ ਗਿਆ,
ਸਿਫਤ ਕਰਦੇ ਰਹੇ ਆਪਣੀ ਆਨ ਦੀ।
ਦੁੱਖ ਨਾ ਸੁਣੇ ਕੋਈ ਕਿਸੇ ਦਾ,
ਪ੍ਰਵਾਹ ਨਾ ਕਰੇ ਹੋਰਾਂ ਦੀ ਜਾਨ ਦੀ।

ਦਫ਼ਤਰਾਂ ਵਿੱਚ ਕੰਮ ਦੇਰੀ ਨਾਲ ਹੋਵੇ,
ਬਾਬੂ ਕੋਸ਼ਿਸ਼ ਕਰਦੇ ਨੇ ਟਰਕਾਣ ਦੀ।
ਮੱਦਦ ਕਰਕੇ ਨਾ ਕੋਈ ਨਾਲ ਰਲਾਵੇ,
ਕੋਸ਼ਿਸ਼ ਕਰਦੇ ਦੂਜੇ ਨੂੰ ਢਾਣ ਦੀ।

ਪਵਨ ਪਾਣੀ ਵੀ ਗੰਧਲੇ ਕਰਤੇ,
ਕਸਰ ਛੱਡੀ ਨਾ ਪ੍ਰਦੂਸ਼ਣ ਫੈਲਾਣ ਦੀ।
ਸਪਰੇਆਂ ਫਸਲਾਂ ਖਰਾਬ ਕੀਤੀਆਂ,
ਝੋਨੇ ਕਸਰ ਛੱਡੀ ਨਾ ਪਾਣੀ ਮੁਕਾਣ ਦੀ।

ਅਧਿਆਪਕਾਂ ਦੀ ਘਾਟ ਸਕੂਲਾਂ ਵਿੱਚ,
ਫਿਕਰ ਨਾ ਕਿਸੇ ਨੂੰ ਬੱਚੇ ਪੜ੍ਹਾਣ ਦੀ।
ਜਿਕਰ ਅਕਲ ਦਾ ਵਿਰਲਾ ਕਰਦਾ,
ਉਂਝ ਗੱਲ ਕਰਦੇ ਰਹਿਣ ਧਿਆਨ ਦੀ।

ਗਾਇਕਾਂ ਦੇ ਲੋਕੀਂ ਫੈਨ ਹੋ ਗਏ,
ਕਦਰ ਨਾ ਸਰਹੱਦੀਂ ਬੈਠੇ ਜਵਾਨ ਦੀ।
ਪੜ੍ਹੇ ਤੇ ਅਨਪੜ੍ਹ ਸਾਧਾਂ ਦੇ ਪੈਰੀਂ ਪੈਂਦੇ,
ਖੋਜ ਵਰਤਣ ਭਾਵੇਂ ਵਿਗਿਆਨ ਦੀ।

ਭੁੱਖਮਰੀ ਪੈ ਗਈ ਦੇਸ਼ ਵਿੱਚ,
ਮਾਣ ਕਰਦੇ ਰਹੇ ਆਪਣੀ ਸ਼ਾਨ ਦੀ।
ਚੰਗੇ ਕੰਮ ਦੀ ਕਦਰ ਨਾ ਇਥੇ,
ਜੈ ਜੈ ਕਾਰ ਮੁੱਲ ਮਿਲੇ ਸਨਮਾਨ ਦੀ।

ਤਰਕਸ਼ੀਲ ਹੈਰਾਨ ਹੋ ਦੇਖੇ,
ਹੁੰਦੀ ਝੂਠੀ ਸਿਫਤ ਬੇਈਮਾਨ ਦੀ।
ਅਵਤਾਰ ਉੱਠ ਕੇ ਕਰ ਲੈ ਫਿਕਰ,
ਖੁਰਦਪੁਰੀਏ ਦੇ ਭਾਰਤ ਦੇਸ਼ ਮਹਾਨ ਦੀ।

-ਅਵਤਾਰ ਤਰਕਸ਼ੀਲ ਨਿਊਜ਼ੀਲੈਂਡ
006421392147

## ਗੂੰਗਿਆਂ ਨੂੰ ਬੋਲਣ

ਗਿਆਰਾਂ ਅਪ੍ਰੈਲ ਅਠਾਰਾਂ ਸੋਅ ਸਤਾਈ,
ਯੁੱਗ ਪੁਰਸ਼ ਇੱਕ ਰਹਿਬਰ ਆਇਆ।
ਮਹਾਂਨਾਇਕ ਜੋਤੀ ਰਾਓ ਫੂਲੇ,
ਦੱਬੇ ਕੁਚਲਿਆਂ ਦਾ ਹਮ ਸਾਇਆ।
ਇਨਕਲਾਬ ਛੱਬੀ ਸੋਅ ਸਾਲਾ,
ਦਾ ਪਰਚਮ ਲਹਿਰਾ ਗਿਆ ਏ।
ਜੋ ਸਦੀਆਂ ਤੱਕ ਨਾਂ ਬੋਲ ਸਕੇ,
ਗੂੰਗਿਆਂ ਨੂੰ ਬੋਲਣ ਲਾ ਗਿਆ ਏ।....

ਦਾਦੇ ਲਿਆ ਗਿਆਨ ਜਦ ਵਿਦਿਆ ਦਾ,
ਥਾਂ, ਥਾਂ ਸੀ ਖੋਲ੍ਹ ਸਕੂਲ ਦਿੱਤੇ।
ਬੁੱਕ ਭਰ, ਭਰ ਵੰਡੀ ਸੀ ਫਿਰ ਵਿਦਿਆ,
ਮਨੂੰਵਾਦ ਦੇ ਤੋੜ ਅਸੂਲ ਦਿੱਤੇ।
ਵਿਦਿਆ ਬਿਨਾਂ ਮੱਤ, ਮੱਤ ਬਿਨਾਂ ਗੱਤ,
ਉੱਠੋ ਜਾਗੋ ਇਹ ਵਿਗਲ ਵਜ਼ਾ ਗਿਆ ਏ।
ਗੂੰਗਿਆਂ ਨੂੰ ਬੋਲਣ.....

ਫਿਰ ਚੋਟ ਨਗਾਰੇ ਦਾਦਾ ਸਾਹਿਬ ਲਾਈ,
ਮਨੂਵਾਦੀਆਂ ਵਿੱਚ ਹਾਹਾਕਾਰ ਮੱਚ ਗਈ।
ਉੱਚੀ ਸੋਚ ਤੇ ਸੱਚੇ ਸੰਕਲਪ ਅੱਗੇ,
ਸੌੜੀ ਸੋਚ ਜ਼ਮੀਨ ਦੇ ਵਿੱਚ ਧਸ ਗਈ।
ਠੱਗ, ਚੋਰ ਬਦਮਾਸ਼ਾਂ ਦੀ ਖੋਪਰੀ ਵਿੱਚ,
ਕਿੱਲ ਟੋਪੀ ਵਾਲੇ ਲਾ ਗਿਆ ਏ।
ਗੂੰਗਿਆਂ ਨੂੰ ਬੋਲਣ.....

ਦਾਦਾ ਸਾਹਿਬ ਦੀ ਸੋਚ ਮਹਾਂਨ ਜਿਸ ਨੇ,
ਮਨੂੰਵਾਦ ਦਾ ਕਿਲ੍ਹਾ ਹਿਲਾ ਦਿੱਤਾ।
ਜਾਵਰ ਜ਼ੁਲਮੀ ਜ਼ਾਤ ਹੰਕਾਰੀਆਂ ਨੂੰ,
ਬੰਦੇ ਦੇ ਪੁੱਤ ਬਣਾ ਦਿੱਤਾ।
ਡੂੰਘੀਆਂ ਨੀਆਂ ਮਨੂੰ ਨੇ ਜੋ ਰੱਖੀਆਂ,
ਮਹਿਲਾ ਦੇ ਖੰਡਰ ਬਣਾ ਗਿਆ ਏ।
ਗੂੰਗਿਆਂ ਨੂੰ ਬੋਲਣ.....

ਇਨਕਲਾਬ ਭਾਰਤ ਵਿੱਚ ਆਊ ਕਿੱਦਾਂ,
ਗੁਲਾਮ ਗਿਰੀ ਚ ਦਰਜ਼ ਕਰਾ ਗਿਆ ਏ।
ਤੱਪੜ ਮਨੂਵਾਦ ਦੇ ਰੋਲਣੇਂ ਕਿੰਝ,
ਗੱਲ ਨੁਕਤਿਆਂ ਵਿੱਚ ਸਮਝਾ ਗਿਆ ਏ।
ਕਿੱਦਾਂ ਸੰਘਰਸ਼ ਲੜਨਾਂ ਤੇ ਕਿੱਦਾਂ ਹੱਕ ਲੈਣੇਂ,
ਘਰ,ਘਰ ਵਿੱਚ ਸ਼ੋਰ ਮਚਾ ਗਿਆ ਏ।
ਗੂੰਗਿਆਂ ਨੂੰ ਬੋਲਣ......

ਯੋਧੇ ਮਾਨ ਸਨਮਾਨ ਆਜ਼ਾਦੀ ਦੇ,
ਸੰਘਰਸ਼ ਨੂੰ ਐਸਾ ਰੰਗ ਦਿੱਤਾ।
ਇਸ ਲਾਵੇ ਚੋਂ ਪੈਦਾ ਇੱਕ ਸ਼ੇਰ ਹੋਇਆ,
ਜਿਨੇ ਮਨੂੰ ਨੂੰ ਉਲਟਾ ਟੰਗ ਦਿੱਤਾ।
ਬਾਬਾ ਸਾਹਿਬ ਅੰਬੇਡਕਰ ਨਾਮ ਜਿਸਦਾ,
ਗੁਰੂ ਫੂਲੇ ਦੇ ਬੋਲ ਪੁਗਾ ਗਿਆ ਏ।
ਗੂੰਗਿਆਂ ਨੂੰ ਬੋਲਣ......

ਦਾਦਾ ਸਾਹਿਬ ਜੋਤੀ ਰਾਓ ਫੂਲੇ,
ਵਰਗਾ ਕੋਈ ਮਹਾਂਨ ਨਈਂ ਹੋਣਾਂ।
ਆਏ ਨੇ ਕਈ ਆਉਂਣਗੇ ਰਹਿਬਰ,
ਪਰ ਐਸਾ ਵਿੱਚ ਜਹਾਂਨ ਨਈਂ ਹੋਣਾਂ।
ਪੱਛਮ ਤੋਂ ਚੜ੍ਹਦੇ ਸੂਰਜ ਨੂੰ,
ਪੂਰਵ ਤੋਂ ਚੜ੍ਹਨਾਂ ਲਾ ਗਿਆ ਏ।
ਗੂੰਗਿਆਂ ਨੂੰ ਬੋਲਣ....

ਜਿੰਨ੍ਹਾਂ ਨੇ ਸਰਵੰਸ ਵਾਰ ਕੇ,
ਦਿੱਤਾ ਸਾਨੂੰ ਨਵਾਂ ਸਵੇਰਾ।
ਪੁਰਖਿਆਂ ਦੇ ਦੁੱਖ ਦਰਦ ਦਾ ਸਾਥੀ,
ਦੱਸੋ ਮਿੱਤਰੋ ਕਿਹੜਾ,
ਕਿਹੜਾ।
ਹਰਦਾਸਪੁਰੀ ਚਲੋ ਫਰਜ਼ ਨਿਭਾਈਏ,
ਦਾਦਾ ਸਾਹਿਬ ਰਸਤਾ ਸਮਝਾ ਗਿਆ ਏ।
ਜੋ ਸਦੀਆਂ ਤੱਕ ਨਾਂ ਬੋਲ ਸਕੇ,
ਗੂੰਗਿਆਂ ਨੂੰ ਬੋਲਣ ਲਾ ਗਿਆ ਏ।

ਮਲਕੀਤ ਹਰਦਾਸਪੁਰੀ
0306947249768



Dosanjh Family AUTO GROUP

Cadillac CHEVROLET INFINITI KIA NISSAN BUICK GMC

CHRYSLER Jeep DODGE RAM TOYOTA Ford ACURA

DUBLIN CHEVOLET

DUBLIN CADILLAC

DUBLIN BUICK GMC

DUBLIN KIA

DUBLIN NISSAN

DUBLIN INFINITI

FREMONT CHEVROLET

FREMONT CADILLAC

FREMONT BUICK GMC

STEVENS CREEK CHEVROLET

STEVENS CREEK CADILLAC

SEASIDE CHRYSLER DODGE JEEP RAM

SEASIDE CADILLAC

SEASIDE VOLKSWAGEN

CONCORD CHEVROLET

ACURA OF CONCORD

CONCORD NISSAN

LIVERMORE TOYOTA

FREMONT FORD